# ਸਿਰਜਣਾ

ਜਨਵਰੀ-ਮਾਰਚ 2019 (ਅੰਕ 191)

**January- March 2019**

**ਸੰਪਾਦਕ: ਰਘਬੀਰ ਸਿੰਘ**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਨਿੱਜੀ ਲਾਇਬ੍ਰੇਰੀ ਵਿੱਚੋਂ।

# ਇਜਾਜ਼ਤ
# Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign: [signature]

ਪਤਾ –Address:
1728, ਸੈਕਟਰ 43-ਬੀ, 1728, Sector 43-B,
ਚੰਡੀਗੜ੍ਹ - 160022 Chandigarh - 160022
India

ਤਾਰੀਕ –Date: 25-10-2014

# ਸਿਰਜਣਾ



ਜਨਵਰੀ-ਮਾਰਚ 2019 **191** 50 ਰੁਪਏ

# ਸਿਰਜਣਾ

**191**

**ਜਨਵਰੀ-ਮਾਰਚ 2019**



**ਸੰਪਾਦਕ : ਰਘਬੀਰ ਸਿੰਘ**
**Editor : Raghbir Singh**

**1728, ਸੈਕਟਰ 43-ਬੀ,**
**ਚੰਡੀਗੜ੍ਹ-160 043**
**ਫੋਨ : +91-172-2601693**

***SIRJANA***
*1728, Sector 43-B,*
*Chandigarh-160 043*
*INDIA*
*Phone : +91-172-2601693*
*E-mail :*
*raghbirssirjana@yahoo.com*



**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**


## ਇਸ ਅੰਕ ਵਿਚ


ਸੰਪਾਦਕੀ/ਸੁਲੱਖਣੀ ਘੜੀ: ਪੰਜਾਬਾਂ ਦੀ ਧਾਹ ਗਲਵੱਕੜੀ/1
ਦੇਵ/ਨਵੀਆਂ ਕਵਿਤਾਵਾਂ/3
ਜੋਗੇ ਭੰਗਲ/ਕਹਾਣੀ/ਜੋਗਾ ਡੋਲ ਕੇ ਵੀ ਡੋਲਿਆ ਨਾ/7
ਪਰਮਜੀਤ ਢੀਂਗਰਾ/ਕਹਾਣੀ/ਸ਼ੇਖ਼ਾਂ ਦੀ ਬਿੱਲੀ/17
ਅਲੀ ਉਸਮਾਨ ਬਾਜਵਾ/ਕਹਾਣੀ/ਪਹਿਲੀ ਰੋਟੀ/27
ਬਲਦੇਵ ਸਿੰਘ ਸੜਕਨਾਮਾ/ਯਾਦਾਂ/ਢਾਹਾਂ ਪੁਰਸਕਾਰ ਅਤੇ ਮੇ ਕੈਨੇਡਾ ਫੇਰੀ/32
ਗੁਰਚਰਨ ਰਾਮਪੁਰੀ/ਯਾਦਾਂ/ਮੇਰੀ ਪਹਿਲੀ ਪੁਸਤਕ 'ਕਣਕਾਂ ਦੀ ਖ਼ੁਸ਼ਬੋ'/39
ਬਲਜੀਤ ਬਾਸੀ/ਲੇਖ/ਰੁੱਤ ਨਾਂ ਬਦਲਣ ਦੀ ਆਈ/45
ਜੋਗਿੰਦਰ ਸਿੰਘ ਕੈਰੋਂ/ਲੇਖ/ਪੰਜਾਬੀ ਸਾਹਿਤ ਆਲੋਚਨਾ/48
ਬਲਜਿੰਦਰ ਨਸਰਾਲੀ/ਲੇਖ/ਆਉਣ ਵਾਲੀ ਕਲ੍ਹ ਦਾ ਵੇਰਵਾ-ਹੋਮੋ ਡਿਊਸ/55
ਸਤਿੰਦਰਪਾਲ ਸਿੰਘ ਬਾਵਾ/ਲੇਖ/ਗੁਰਦਿਆਲ ਸਿੰਘ ਦੇ ਸਿਰਜਣਾਤਮਕ ਸਰੋਕਾਰ/65
ਅਵਤਾਰ ਸਿੰਘ ਬਿਲਿੰਗ/ਰੀਵਿਊ ਲੇਖ/ਬਿਨ ਮਾਂਗੇ ਮੋਤੀ ਮਿਲੇ/73
ਹਰਿੰਦਰ ਸਿੰਘ/ਰੀਵਿਊ/ਬੰਜਰ ਧਰਤੀ/81
ਜੇ.ਬੀ. ਸੇਖੋਂ/ਰੀਵਿਊ/ਕਿਆਮਤ/83/ਬਾਕੀ ਸਭ ਝੂਠ ਹੈ/85
ਚੰਦਰ ਮੋਹਨ/ਰੀਵਿਊ/ਚੜ੍ਹਦੇ ਸੂਰਜ ਦੀ ਲਾਲੀ/88/ਸੰਦਲੀ ਚੁਗਾਠ/90
ਹਰਿੰਦਰ ਸਿੰਘ/ਰੀਵਿਊ/ਪਤੰਦਰ/93
ਪੁਸਤਕ ਸੂਚੀ/95



**ਟਾਈਟਲ ਚਿੱਤਰ : ਦੇਵ**

**ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ**
**ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 40 ਪੌਂਡ, 50 ਡਾਲਰ, ਪੰਜ ਸਾਲ : 80 ਪੌਂਡ, 100 ਡਾਲ**




# ਸੁਲੱਖਣੀ ਘੜੀ: ਪੰਜਾਬਾਂ ਦੀ ਧਾਹ ਗਲਵੱਕੜੀ

ਸੱਤ ਦਹਾਕਿਆਂ ਬਾਅਦ ਦੋਵੇਂ ਪੰਜਾਬ ਧਾਹ ਗਲਵੱਕੜੀ ਪਾ ਰਹੇ ਹਨ। ਇਸ ਦਾ ਸਬੱਬ ਅਗਲੇ ਵਰ੍ਹੇ ਬਾਬੇ ਨਾਨਕ ਦਾ ਆ ਰਿਹਾ 550ਵਾਂ ਆਗਮਨ ਦਿਵਸ ਬਣਿਆ ਹੈ।

ਜਦੋਂ ਮੁਲਕ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ 'ਆਜ਼ਾਦੀ' ਮਿਲੀ ਸੀ ਤਾਂ ਸਭ ਤੋਂ ਵੱਧ ਨੁਕਸਾਨ ਪੰਜਾਬ ਦਾ ਹੋਇਆ ਸੀ। ਧਰਮ ਦੇ ਆਧਾਰ 'ਤੇ ਮੁਲਕ ਦੀ ਵੰਡ ਅਸਲ ਵਿਚ ਪੰਜਾਬ ਤੇ ਬੰਗਾਲ ਦੀ ਵੰਡ ਸੀ। ਉਸ ਵਕਤ ਪੰਜਾਬ ਨੇ ਜੋ ਦਰਦ ਹੰਢਾਇਆ, ਉਹ ਕਿੱਸੇ-ਕਹਾਣੀਆਂ ਬਣ ਕੇ ਅੱਜ ਵੀ ਪੰਜਾਬੀਆਂ ਲਈ ਰਿਸਦਾ ਜ਼ਖ਼ਮ ਹੈ। ਜ਼ਖ਼ਮੀ ਹੋਈਆਂ ਇਹ ਪੀੜ੍ਹੀਆਂ ਇਕ-ਇਕ ਕਰਕੇ ਅਗਾਂਹ ਲੰਘ ਗਈਆਂ ਹਨ ਅਤੇ ਇਸ ਦੌਰਾਨ ਵੰਡ ਦੀ ਕਹਾਣੀ ਦੋ ਮੁਲਕਾਂ ਦੀ ਦੁਸ਼ਮਣੀ ਵਿਚ ਵੀ ਵਟਦੀ ਗਈ। ਇਨ੍ਹਾਂ ਉਤਰਾਵਾਂ-ਚੜ੍ਹਾਵਾਂ ਦੌਰਾਨ ਮੁਲਕ ਪੱਧਰ ਉੱਤੇ ਗੱਲ ਜੰਗ ਤਕ ਵੀ ਪੁੱਜਦੀ ਰਹੀ ਅਤੇ ਦੂਜੇ ਬੰਨੇ, ਮੁਲਖੱਈਏ ਦੇ ਪੱਧਰ 'ਤੇ ਧਾਹ ਗਲਵੱਕੜੀ ਪਾਉਣ ਦੀ ਤਾਂਘ ਸਦਾ ਮਘਦੀ ਰਹੀ। ਇਨ੍ਹਾਂ ਹੀ ਭਾਵਨਾਵਾਂ ਵਿਚੋਂ ਪੰਜਾਬਾਂ ਦੇ ਇਕ ਹੋ ਜਾਣ ਦੇ ਹੋਕਰੇ ਵੀ ਸੁਣਦੇ ਰਹੇ ਹਾਲਾਂਕਿ ਹਕੀਕਤ ਇਹ ਹੈ ਕਿ ਦੋਵੇਂ ਪੰਜਾਬ ਅੱਜ ਦੋ ਮੁਲਕਾਂ ਦੇ ਵੱਖ-ਵੱਖ ਹਿੱਸੇ ਹਨ। ਇਨ੍ਹਾਂ ਦੀਆਂ ਇਤਿਹਾਸਕ, ਸਭਿਆਚਾਰਕ, ਧਾਰਮਿਕ, ਸਮਾਜਕ, ਆਰਥਿਕ ਸਾਂਝਾਂ ਦੇ ਬਾਵਜੂਦ ਅੱਜ ਇਹ ਵੱਖਰੀਆਂ ਪਛਾਣਾਂ ਹਨ। ਕੀ ਇਸ ਹਕੀਕਤ ਤੋਂ ਮੂੰਹ ਮੋੜਿਆ ਜਾ ਸਕਦਾ ਹੈ?

ਦਰਅਸਲ, ਦੋਹਾਂ ਪੰਜਾਬਾਂ ਦੇ ਇਸ ਮੇਲ-ਮਿਲਾਪ ਦਾ ਵੱਡਾ ਵਿਰੋਧਾਭਾਸ ਹੁਕਮਰਾਨਾਂ ਦੀ ਸੌੜੀ ਸਿਆਸਤ ਅਤੇ ਅਵਾਮ ਦੀਆਂ ਤਾਂਘਾਂ ਵਿਚਕਾਰ ਹੈ।

ਵੰਡ ਨੇ ਪੰਜਾਬ ਦੀ ਭੂਗੋਲਿਕ ਵੰਡ ਤਾਂ ਕੀਤੀ ਹੀ, ਉਸ ਵਕਤ ਭਾਸ਼ਾ ਵੀ ਵੰਡੀ ਗਈ। ਇਸ ਧਰਮ ਆਧਾਰਿਤ ਵੰਡ ਨੇ ਭਾਸ਼ਾਵਾਂ ਵਿਚ ਵੀ ਲਕੀਰ ਵਾਹ ਦਿੱਤੀ ਜੋ ਹੁਕਮਰਾਨਾਂ ਦੇ ਸੂਤ ਬੈਠਦੀ ਸੀ। ਉਸ ਵਕਤ ਉਰਦੂ ਮੁਸਲਮਾਨਾਂ ਅਤੇ ਪੰਜਾਬੀ ਸਿੱਖਾਂ ਨਾਲ ਜੁੜ ਗਈ। ਚੜ੍ਹਦੇ ਪੰਜਾਬ ਵਿਚ ਵਕਤ ਬੀਤਣ ਨਾਲ ਜਿਵੇਂ-ਜਿਵੇਂ ਪੰਜਾਬ ਦੀ ਹੋਰ ਭੂਗੋਲਿਕ ਵੰਡ ਹੋਈ, ਭਾਸ਼ਾ ਵਾਲੀ ਲੀਕ ਵੀ ਹੋਰ ਗੂੜ੍ਹੀ ਹੁੰਦੀ ਗਈ। ਐਤਕੀਂ ਇਹ ਵੰਡ ਪੰਜਾਬੀ ਤੇ ਹਿੰਦੀ ਵਿਚਕਾਰ ਸੀ ਤੇ ਬਿਨਾਂ ਸ਼ੱਕ, ਇਸ ਵਿਚ ਧਰਮ ਆਧਾਰਿਤ ਸਿਆਸਤ ਦਾ ਦਖ਼ਲ ਸੀ।

ਧਰਮ ਵਾਲੀਆਂ ਇਨ੍ਹਾਂ ਵੰਡੀਆਂ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਬਹੁਤ ਨੁਕਸਾਨ ਕੀਤਾ ਹੈ। 1951 ਵਿਚ ਪੰਜਾਬੀ ਨੂੰ ਮਾਂ ਬੋਲੀ ਵਜੋਂ ਦੁਤਕਾਰਨ ਵਾਲਿਆਂ ਨੇ ਆਪਣੀ ਉਸ ਗ਼ਲਤੀ ਦਾ ਅਹਿਸਾਸ ਕੀਤਾ ਤਾਂ ਹੈ ਪਰ ਧਰਮ ਦੇ ਅਵੈੜੇ ਦਖ਼ਲ ਕਾਰਨ ਇਹ ਅੱਜ ਦੀ ਪੂਰੀ ਹਕੀਕਤ ਨਹੀਂ। ਇਸੇ ਕਰਕੇ ਇਸ ਰਾਹੇ ਪੈਣ ਨਾਲ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਸਿੱਖ ਮੂਲਵਾਦ ਵਾਲੇ ਰਾਹ ਤੋਂ ਮੋੜਨ ਵਿਚ ਮਦਦ ਮਿਲ ਸਕਦੀ ਹੈ। ਪੰਜਾਬ ਸਰਕਾਰ ਨੇ ਸਰਕਾਰੀ ਸਕੂਲਾਂ ਵਿਚ ਪਹਿਲੀ ਜਮਾਤ ਤੋਂ ਅੰਗਰੇਜ਼ੀ ਪੜ੍ਹਾਉਣ ਵਾਲਾ ਫ਼ੈਸਲਾ ਤਾਂ ਕੀਤਾ ਹੀ ਹੋਇਆ ਹੈ, ਹੁਣ ਪ੍ਰਾਈਵੇਟ ਸਕੂਲਾਂ ਵਿਚ ਪਹਿਲੀ ਜਮਾਤ ਤੋਂ ਪੰਜਾਬੀ ਪੜ੍ਹਾਉਣ ਦਾ ਮੁੱਦਾ ਅੱਗੇ ਆਉਣਾ ਚਾਹੀਦਾ ਹੈ। ਇਹ ਬੇਹੱਦ ਔਖਾ ਕਾਰਜ ਹੈ ਪਰ ਅਸੰਭਵ ਨਹੀਂ। ਇਸ ਮੁੱਦੇ ਨੂੰ ਅਗਾਂਹ ਤੋਰਨ ਲਈ ਹਮਾਇਤੀ ਧਿਰਾਂ ਦੀ ਬਾਕਾਇਦਾ ਨਿਸ਼ਾਨਦੇਹੀ ਕਰਨੀ ਪਵੇਗੀ ਅਤੇ ਇਹ ਵੀ ਸੱਚ ਹੈ ਕਿ ਇਹ ਕਾਰਜ ਪੰਜਾਬੀ ਲੇਖਕਾਂ ਤੋਂ ਇਲਾਵਾ ਕਿਸੇ ਹੋਰ ਦੇ ਹਿੱਸੇ ਨਹੀਂ ਆਉਣਾ। ਇਸ ਸੂਰਤ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਲੇਖਕਾਂ ਦੀਆਂ ਹੋਰ ਜਥੇਬੰਦੀਆਂ/ਸੰਸਥਾਵਾਂ ਕੀ ਭੂਮਿਕਾ ਨਿਭਾ ਸਕਦੀਆਂ ਹਨ,

ਸਿਰ ਜੋੜ ਕੇ ਵਿਚਾਰਨ ਵਾਲਾ ਮਸਲਾ ਹੈ। ਇਸੇ ਤਰ੍ਹਾਂ ਲਹਿੰਦੇ ਪੰਜਾਬ ਵਿਚ ਪੰਜਾਬੀ ਪੜ੍ਹਨ-ਪੜ੍ਹਾਉਣ-ਬੋਲਣ ਦਾ ਮਸਲਾ ਹੈ। ਉੱਥੇ ਵੀ ਇਹ ਮੂਲਵਾਦ ਦੇ ਟਾਕਰੇ ਲਈ ਅਹਿਮ ਹਥਿਆਰ ਬਣ ਸਕਦਾ ਹੈ। ਉਂਝ, ਇਹ ਸਾਰੇ ਮਸਲੇ ਮੁੱਖ ਰੂਪ ਵਿਚ ਸਰਕਾਰਾਂ ਦੇ ਕਰਨ ਵਾਲੇ ਹਨ ਤੇ ਸਰਕਾਰਾਂ ਚਲਾ ਰਹੇ ਸਿਆਸਤਦਾਨਾਂ ਦੇ ਏਜੰਡੇ ਉੱਤੇ ਇਹ ਕਦੇ ਵੀ ਨਹੀਂ ਆਉਣੇ। ਇਸੇ ਲਈ ਪੰਜਾਬ ਦੀ ਸਾਂਝ ਬਾਰੇ ਸੋਚਣ ਵਾਲਿਆਂ ਲਈ ਇਨ੍ਹਾਂ ਮਸਲਿਆਂ ਦਾ ਭਾਰ ਦੋਹਰਾ-ਤੀਹਰਾ ਹੈ। ਇਨ੍ਹਾਂ ਨੂੰ ਅਮਲੀ ਜਾਮਾ ਕਦੋਂ ਪਹਿਨਾਇਆ ਜਾ ਸਕੇਗਾ, ਇਸ ਬਾਰੇ ਕੁਝ ਵੀ ਕਹਿਣਾ ਫ਼ਿਲਹਾਲ ਸੌਖਾ ਨਹੀਂ ਪਰ ਇਹ ਰਾਹ ਦੋਹਾਂ ਪੰਜਾਬਾਂ ਦੀ ਖ਼ੁਸ਼ਹਾਲੀ ਦਾ ਰਾਹ ਖੋਲ੍ਹ ਸਕਦਾ ਹੈ। ਅਰਥ ਸ਼ਾਸਤਰੀਆਂ ਦਾ ਦਾਈਆ ਹੈ ਕਿ ਇਹ ਸਾਂਝ ਅਗਾਂਹ ਜਦੋਂ ਆਰਥਿਕ ਸਾਂਝ, ਭਾਵ ਦੋਹਾਂ ਪੰਜਾਬਾਂ ਵਿਚਕਾਰ ਵਪਾਰ-ਕਾਰੋਬਾਰ ਵਾਲੇ ਪਾਸੇ ਵਧੇਗੀ, ਉਦੋਂ ਹੀ ਸਾਂਝ ਦਾ ਕੋਈ ਅਰਥ ਬਣ ਸਕੇਗਾ।

ਹੁਣ ਰਤਾ ਖ਼ਦਸ਼ਿਆਂ ਬਾਰੇ ਚਰਚਾ ਵੀ ਕਰ ਲਈਏ। ਕਰਤਾਰਪੁਰ ਲਾਂਘਾ ਮੁਕੰਮਲ ਹੋਣ ਨੂੰ ਅਜੇ ਸਾਲ ਪਿਆ ਹੈ। ਇਸ ਦੌਰਾਨ ਹਿੰਦੋਸਤਾਨ ਅੰਦਰ ਲੋਕ ਸਭਾ ਚੋਣਾਂ ਹੋਣੀਆਂ ਹਨ। ਇਸ ਵਕਤ ਕੇਂਦਰੀ ਸੱਤਾ ਉੱਤੇ ਬਿਰਾਜਮਾਨ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਆਰ.ਐੱਸ.ਐੱਸ. ਦਾ ਸਿਆਸੀ ਪ੍ਰਵਚਨ, ਪਾਕਿਸਤਾਨ ਦੇ ਜ਼ਿਕਰ ਤੋਂ ਬਗ਼ੈਰ ਮੁਕੰਮਲ ਨਹੀਂ ਹੁੰਦਾ। ਪਿਛਲੇ ਸਾਢੇ ਚਹੁੰ ਵਰ੍ਹਿਆਂ ਦੇ ਰਾਜਭਾਗ ਦੌਰਾਨ ਧਰਮ ਆਧਾਰਿਤ ਸਿਆਸਤ ਨੇ ਮੁਲਕ ਅੰਦਰ ਜੋ ਮਾਹੌਲ ਸਿਰਜਿਆ ਹੈ, ਉਹ ਸਾਂਝਾਂ ਪੀਡੀਆਂ ਕਰਨ ਵਾਲਾ ਨਹੀਂ, ਬਲਕਿ ਸਾਂਝਾਂ ਉੱਤੇ ਆਰੇ ਚਲਾਉਣ ਵਾਲਾ ਹੈ। ਕੱਟੜਪੰਥੀ ਸਿਆਸਤ ਦਾ ਸਾਰਾ ਦਾਰੋਮਦਾਰ ਵੋਟਾਂ ਦੇ ਧਰੁਵੀਕਰਨ ਦਾ ਹੈ। ਇਸੇ ਕਰਕੇ ਵੱਡਾ ਸਵਾਲ ਇਹੀ ਹੈ ਕਿ ਹਿੰਦੋਸਤਾਨ ਦੀ ਵੋਟ-ਸਿਆਸਤ ਕਰਤਾਰਪੁਰ ਲਾਂਘੇ ਦਾ ਉਲੰਘਣ ਤਾਂ ਨਹੀਂ ਬਣ ਜਾਵੇਗੀ?

ਬਿਨਾਂ ਸ਼ੱਕ ਇਹ ਲਾਂਘਾ ਖੋਲ੍ਹਣ ਦੀ ਪਹਿਲਕਦਮੀ ਪਾਕਿਸਤਾਨ ਨੇ ਕੀਤੀ ਹੈ। ਇਹ ਦਰਅਸਲ ਉਸ ਦੀ ਸਿਆਸੀ ਲੋੜ ਵੀ ਹੈ। ਹਿੰਦੋਸਤਾਨੀ ਹੁਕਮਰਾਨਾਂ ਨੇ ਪਾਕਿਸਤਾਨੀ ਹੁਕਮਰਾਨਾਂ ਨਾਲ ਕਿਸੇ ਵੀ ਕਿਸਮ ਦੀ ਗੱਲਬਾਤ ਤੋਂ ਪਾਸਾ ਵੱਟਿਆ ਹੋਇਆ ਹੈ। ਉਧਰ, ਪਾਕਿਸਤਾਨ ਦੀ ਨਵੀਂ ਸਰਕਾਰ ਉੱਤੇ ਫ਼ੌਜ ਅਤੇ ਕੱਟੜਪੰਥੀਆਂ ਦੀ ਜਕੜ ਦੇ ਕਿੱਸੇ ਅਕਸਰ ਨਸ਼ਰ ਹੁੰਦੇ ਰਹਿੰਦੇ ਹਨ। ਪਾਕਿਸਤਾਨੀ ਵਜ਼ੀਰ-ਏ-ਆਜ਼ਮ ਇਮਰਾਨ ਖ਼ਾਨ ਕੱਟੜਪੰਥੀਆਂ ਦੇ ਦਬਾਅ ਕਾਰਨ ਅਹਿਮਦੀਆ ਫ਼ਿਰਕੇ ਨਾਲ ਸੰਬੰਧਤ ਅਰਥ ਸ਼ਾਸਤਰੀ ਪ੍ਰੋਫ਼ੈਸਰ ਆਤਿਫ਼ ਮੀਆਂ ਨੂੰ ਆਰਥਿਕ ਸਲਾਹਕਾਰ ਕੌਂਸਲ ਵਿਚੋਂ ਕੱਢ ਚੁੱਕੇ ਹਨ। ਇਸੇ ਦਬਾਅ ਤਹਿਤ ਈਸਾਈ ਔਰਤ ਆਸੀਆ ਦੇ ਕੁਫ਼ਰ ਵਾਲੇ ਮਾਮਲੇ ਤੋਂ ਵੀ ਉਹ ਆਪਣੇ ਐਲਾਨ ਤੋਂ ਦੋ ਕਦਮ ਪਿਛਾਂਹ ਹਟੇ ਹਨ। ਇਸ ਦੇ ਨਾਲ ਹੀ ਦਹਿਸ਼ਤਪਸੰਦੀ ਦਾ ਭਾਂਡਾ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈ.ਐੱਸ.ਆਈ. ਸਿਰ ਭੰਨਣਾ ਹਿੰਦੋਸਤਾਨੀ ਹੁਕਮਰਾਨਾਂ ਨੂੰ ਬਹੁਤ ਵਾਰਾ ਖਾਂਦਾ ਹੈ। ਜ਼ਾਹਿਰ ਹੈ ਕਿ ਦੋਹਾਂ ਮੁਲਕਾਂ ਵਿਚਕਾਰ ਅਜਿਹੀ ਸੌੜੀ ਅਤੇ ਹੋਛੀ ਸਿਆਸਤ ਦੌਰਾਨ ਸਾਂਝ ਵਾਲਾ ਲਾਂਘਾ ਬਣਨਾ ਸੱਚਮੁੱਚ ਖਾਲਾ ਜੀ ਦਾ ਵਾੜਾ ਨਹੀਂ।

ਇਕ ਸੱਚ ਇਹ ਵੀ ਹੈ ਕਿ ਅਜਿਹੇ ਮਾਮਲਿਆਂ ਵਿਚ ਕਦੀ ਅਵਾਮ ਦੀ ਨਹੀਂ ਪੁੱਛੀ ਜਾਂਦੀ। ਸੰਤਾਲੀ ਵਾਲੀ ਵੰਡ ਵੇਲੇ ਵੀ ਇਹੀ ਭਾਣਾ ਵਾਪਰਿਆ ਸੀ ਅਤੇ ਸੱਤ ਦਹਾਕਿਆਂ ਤੋਂ ਇਹੀ ਸਿਲਸਿਲਾ ਚੱਲ ਰਿਹਾ ਹੈ। ਚਾਹ ਕੇ ਵੀ ਪੰਜਾਬੀ ਅਵਾਮ ਦੀ ਗਲਵੱਕੜੀ ਨਹੀਂ ਪੈ ਰਹੀ। ਹੁਣ ਵੀ ਸਾਂਝਾਂ ਦੇ ਇਨ੍ਹਾਂ ਫ਼ੈਸਲਿਆਂ ਦੀ ਡੋਰ ਦੋਹਾਂ ਮੁਲਕਾਂ ਦੇ ਹੁਕਮਰਾਨਾਂ ਦੇ ਹੱਥ ਹੀ ਹੈ। ਆਸ ਕੀਤੀ ਜਾਣੀ ਚਾਹੀਦੀ ਹੈ ਕਿ ਸਾਂਝ ਦੀ ਇਹ ਤਾਂਘ ਤੋੜ ਤੱਕ ਨਿਭੇ ਅਤੇ ਦੋਹਾਂ ਪੰਜਾਬਾਂ ਦੀ ਧਾਹ ਗਲਵੱਕੜੀ ਪਵੇ। 000



# ਦੇਵ ਦੀਆਂ ਨਵੀਆਂ ਕਵਿਤਾਵਾਂ

**ਮੇਰੇ ਆਪਣੇ** -- ਸੰਦੀਪ: ਹਰਜਿੰਦਰ: ਮ੍ਰਿਤੁੰਜਯ ਲਈ

ਤੁਰਨ ਹੀ ਲੱਗੇ ਹੋ
ਤਾਂ...ਮੇਰਾ ਨਾਂ ਚੇਤਿਆਂ 'ਚੋਂ
ਸਦਾ ਸਦਾ ਲਈ ਭੁਲਾ
ਮਿਟਾ ਦੇਣਾ

ਆਪਣੇ ਆਪਣੇ ਅੱਖਰਾਂ ਦੇ ਸੰਸਾਰ
ਆਕਾਰ ਸਿਰਜਣੇ
ਕਲਪਣਾ ਦੇ ਕਾਫਲਿਆਂ ਨਾਲ
ਤੁਰਦੇ ਰਹਿਣਾ
ਸ਼ਬਦ ਗੁਆ ਕੇ
ਮੀਸਣੇ ਅਰਥਾਂ ਦੇ ਕੈਦੀ ਨਾ ਬਣਨਾ
ਸ਼ਬਦ ਗੂੰਜ ਏ ਚੁੱਪ ਵੱਲ ਦੀ
ਅੱਖਰਾਂ ਨੂੰ ਆਪਣੀ 'ਜ਼ਿਦ' ਦੇ ਝੰਡੇ ਵੀ ਬਣਾਉਣਾ
ਤੁਸੀਂ ਕਿਹਾ ਸੀ
ਤੁਰ ਰਹੇ ਹਾਂ
ਤੇਰੇ ਪੈਰਾਂ 'ਚ ਆਪਣੇ ਪੈਰ ਸਜਾ ਕੇ
ਲੰਬਾ ਸਫਰ ਕਰਨੈ
ਤੇਰੇ ਲਈ
ਜਿਵੇਂ ਤੂੰ ਕਰਦਾ ਰਿਹੈਂ
ਸਾਡੇ ਲਈ।

**ਸ਼ਬਦ ਦਿਸ਼ਾਂਤ**

ਛੋਟੀ ਜਿਹੀ ਦੁਨੀਆਂ 'ਚ
ਆ ਕੇ ਵਸ ਗਿਆ
ਸਰਦਲ ਛੱਡੀ
ਸ਼ਬਦ ਦੇ ਮਗਰ ਮਗਰ....ਲਈ
ਭਟਕਿਆ ਉਲਝਿਆ ਤੁਰਿਆ
ਚੁੱਪ ਚੁਪੀਤਾ
ਚੁੱਪ ਦਾ ਕਾਇਦਾ ਲਿਖਣ ਲੱਗਾ
ਉੜੇ ਆੜੇ ਦਾ ਆੜੀ ਬਣਨ ਲਈ
ਧੁਨੀ ਆਈ ਗੂੰਜਦੀ ਓ.....ਅ.....ੲ
ਤੇ ਮੈਂ ਮਲੂਕ ਜਿਹੇ ਅੱਖਰਾਂ ਦੀ ਧੂਣੀ ਕੋਲ ਜਾ ਬੈਠਾ
ਸਿਹਾਰੀਆਂ ਬਿਹਾਰੀਆਂ ਅਧਕਾਂ ਦੇ

ਰਮਜ਼ਾਂ ਰਹੱਸ ਸਿੱਖਣ ਲਈ
ਮੋਢਿਆਂ 'ਤੇ ਰੱਖ ਪਿੱਤਰਾਂ ਦੇ ਚੇਤੇ
ਵਿਸਰੇ ਨੂੰ ਯਾਦ ਕਰਨ ਲੱਗਾ....
ਤੇਰੀ ਸਾਨੂੰ ਕੁਝ ਸਮਝ ਨਹੀਂ ਆਉਂਦੀ....
ਚਿੰਤਾ ਨਾ ਕਰੋ
ਆਉਣ ਵਾਲੀਆਂ ਨਾਜ਼ਕ ਸੂਝਾਂ
ਸੁਪਨੇ ਸਭ ਸਮਝਾ ਦੇਣਗੀਆਂ
ਸ਼ਬਦ ਦਿਸ਼ਾਂਤ ਤਕ
ਸਨਾਤਨਤਾ ਦੀ ਬੋਦੀ ਕੁੰਜ ਉਤਾਰ
ਨਵ ਬੋਲ ਨਜ਼ਰ ਨੂੰ ਅਰਪਣਗੇ
ਸੂਰਜੀ ਦਸਤਕਾਂ ਨਾਲ।

## ਅੰਗੂਠਾ

ਅੰਗੂਠੇ ਤੋਂ ਮਨਫੀ
ਨਾ ਕਲਮ ਫੜੀ ਜਾਵੇ
ਨਾ ਹੀ ਦਾਤੀ
ਅੰਗੂਠਾ
ਵੱਡੇ ਵੱਡੇ ਨਾਢੂਖਾਹਾਂ ਨੂੰ
ਠੁੱਠ ਦਿਖਾ ਦਿੰਦਾ
ਅੰਗੂਠੇ ਤੋਂ ਸੱਖਣੀਆਂ
ਉਂਗਲਾਂ ਤਰਸਦੀਆਂ
ਰੀਂ ਰੀਂ ਵਿਚਾਰੀਆਂ
ਅੰਗੂਠੇ ਨਾਲ ਰਲ਼ ਮਿਲ਼ ਕੇ
ਚੱਲਦੀ ਏ ਹੱਥਾਂ ਦੀ ਪੰਚਾਇਤ

ਅੰਗੂਠਾ ਹਥੇਲੀ ਦਾ ਹਾਥੀ ਦਰਵਾਜ਼ਾ
ਇਕਲਵਿਆ ਦਾ
ਅਮਿਟਣਾ ਦਸਖਤ।

00

ਦਿਲ ਦੇ ਨਾਲ ਗੱਲ ਕਰਨੀ ਏ
ਦਿਲ ਤੇ ਚਿੱਤ ਨੇ
ਪ੍ਰਸ਼ਨਾਂ ਦੇ ਨੇਜ਼ੇ ਬੀਜ ਦਿੱਤੇ ਨੇ
ਮੇਰੇ ਮੱਥੇ ਦੇ ਇਰਦ ਗਿਰਦ
ਅੱਕ ਗਿਆਂ ਫੋਕੀਆਂ ਚਤਰਾਈਆਂ ਤੋਂ।

00

ਕਿਸੇ ਪੁੱਛਿਆ
ਕੀ ਕਿਤੇ ਸਵਰਗ ਹੈ
ਹਾਂ ਓਥੇ ਜਿੱਥੇ
ਸੁਪਨੇ ਸੱਚ.....ਸੱਚ ਸੁਪਨਾ ਹੋ ਜਾਂਦੈ।



00

ਬਹੁਤ ਕੁਝ ਸਿਖਿਆ ਜਾ ਸਕਦੈ
ਤੱਕਣਾ ਨਹੀਂ
ਉਹ ਖੁਦ ਨੇ ਸਿੱਖਣਾ ਹੁੰਦੈ
ਅੱਖਾਂ ਤੋਂ
ਆਪਣੇ ਆਪ
ਕਿੰਨੀ ਦੂਰ ਨਿਕਲ ਆਇਆ
ਸਿੱਖੇ ਸਿਖਾਏ ਦੀ ਕੈਦ ਤੋਂ
ਅੱਖ ਵਾਰ ਵਾਰ ਝਮਕਦੀ
ਸਿਖ-ਤੱਕਣੀ ਦੀ
ਪਉਣ।

00

ਕਾਲ਼ੇ ਤੇ ਚਿੱਟੇ
ਦੇ ਵਿਚਕਾਰ ਸਲੇਟੀ ਤਰਦਾ
ਗਾਚਨੀ ਹੋ ਰਿਹੈ
ਕੀ ਚਿੱਟਾ ਕੋਈ ਰੰਗ ਏ
ਹੋਂਦ ਮਿਟਾ ਆਪਣੀ
ਹਰ ਰੰਗ ਦੇ ਅੰਗ ਸੰਗ ਹੋ ਜਾਂਦੈ
......ਪਰ
ਕਦੇ ਵੀ ਆਪਣੇ ਚਿੱਟਪੁਣੇ ਨੂੰ ਨਹੀਂ ਵਿਸਾਰਦਾ
ਕਾਲ਼ੇ ਹਾਂ ਅਸੀਂ
ਹਰ ਰੰਗ ਦੀ ਪ੍ਰਕਾਸ਼ੀ ਪ੍ਰਾਰਥਨਾ।

00

ਝਿਲਮਿਲ ਝਿਲਮਿਲ ਕਰਦੇ
ਪਿਆਰੇ ਤਾਰਿਓ
ਜਦੋਂ ਮੈਂ ਟੁੱਟੀ ਬੋਦੀ ਵਾਲਾ ਤਾਰਾ ਹੋ ਜਾਵਾਂ
ਮੇਰੀ ਰਾਖ
ਅੱਖਰਾਂ ਅੰਦਰ
ਕਲਪਨਾ ਅੰਦਰ
ਉਡਾ ਦੇਣਾ
ਆਪਣੇ ਸੁਪਨਿਆਂ ਲਈ
ਮੈਨੂੰ ਮੋਹ ਤੋਂ ਮੁਕਤ ਕਰ ਦੇਣਾ।

00

ਸਫਰ ਯਾਤਰਾਵਾਂ
ਬਹੁਤ ਹੋ ਗਈਆਂ
ਖਾਮੋਸ਼ੀ ਨਾਲ ਤੁਰਨਾ ਸਿਖਣਾ
ਅਜੇ ਬਾਕੀ ਏ
ਮੇਰੇ ਲਈ
ਬਦਲਦੇ ਸਿਰਨਾਵਿਆਂ 'ਚ ਜੀਅ ਕੇ
ਵੇਖ ਲਿਐ।

00

ਹਕੀਮਾਂ ਦਾ
ਪਿੰਜਰਾ
ਪਰਿੰਦਾ ਫਿਰ ਵੀ ਬਿਮਾਰ ਏ।

00

ਦੂਰ ਦੇ ਇਰਾਦੇ ਸੀ
ਨਾਲ ਨਾਲ 'ਰਹਿਣ' ਦੇ
ਏਨਾ ਨੇੜੇ ਨੇੜੇ ਹੋਣ ਦੇ ਬਾਵਜੂਦ ਵੀ
ਅਸੀਂ ਘਰ ਅੰਦਰ ਹੀ
ਉਜੜ ਭਟਕ ਗਏ
ਕੈਦੀ ਹੋ ਗਏ।

00

ਇਕੱਲ ਨੂੰ
ਕੰਨਾਂ ਦੀ ਲੋੜ ਨਹੀਂ ਹੁੰਦੀ
ਸ਼ੋਰ ਨੂੰ ਹੁੰਦੀ ਏ ਭੀੜ ਦੀ
ਰੌਲ਼ੇ ਰੱਪੇ ਦੀ
ਕੰਨਾਂ ਦੀ ਜੀਭਾਂ ਦੀ
ਅਫਵਾਹਾਂ ਦੀ।

00

ਕਿੰਨੀ ਜਸ਼ਨਾਂ ਰੰਗੀ
ਸਤਰੰਗੀ ਦੁਨੀਆ
ਕਿਉਂ ਏ ਜੀਅ ਏਨਾ
ਇਕੱਲਾ
ਸੁਣ ਰਹੀਆਂ ਨੇ ਸੁਰਾਂ ਮੈਨੂੰ
ਕੰਨਾਂ ਨੂੰ ਪਲੋਸ ਰਿਹਾਂ
ਚੁੱਪ ਦੇ ਪਾਣੀਆਂ ਨਾਲ।

00

ਤੁਹਾਡੇ ਪੈਰ
.....ਤੇ
ਮੇਰਾ ਦਰ
ਜੀਅ ਆਇਆਂ ਨੂੰ ਕਦੋਂ ਦੀ ਉਡੀਕਦੀ ਏ
ਦਸਤਕਾਂ ਦੀ ਉਤਸੁਕਤਾ।

00

ਕੌਮੇ ਮੇਰੇ ਅੱਖਰਾਂ ਦੁਆਲ਼ੇ
ਖੇਸੀ ਦੀ ਬੁੱਕਲ਼ ਮਾਰ
ਸ਼ਬਦ ਨੂੰ ਉਡਾਈ ਰੱਖਦੇ ਨੇ
ਤਰ੍ਹਾਂ ਤਰ੍ਹਾਂ ਦੇ ਅਰਥਾਂ ਨਾਲ
ਅੱਖਾਂ ਲਈ ਉਂਗਲ਼ਾਂ ਲਈ।

**(Schulhausgasse 12, CH 3113 Rubigen, *SWITZERLAND*)**

***ਪੰਜਾਬੀ ਵਿਚ ਸ੍ਰੇਸ਼ਟ ਰਚਨਾ ਲਈ ਇਸ ਵਰ੍ਹੇ ਦਾ ਸਾਹਿਤ ਅਕਾਦਮੀ ਇਨਾਮ ਮੋਹਨਜੀਤ ਨੂੰ ਉਸਦੀ ਕਾਵਿ ਪੁਸਤਕ 'ਕੋਣੇ ਦਾ ਸੂਰਜ' ਉੱਤੇ ਮਿਲਿਆ ਹੈ। ਮੋਹਨਜੀਤ ਪੰਜਾਬੀ ਦਾ ਅਜ਼ੀਮ ਸ਼ਾਇਰ ਹੈ, ਜਿਸਦੀ ਦੇਣ ਨੂੰ ਬਹੁਤ ਦੇਰ ਨਾਲ ਸਵੀਕਾਰ ਕੀਤਾ ਗਿਆ ਹੈ। ਤਦ ਵੀ ਸਾਹਿਤ ਅਕਾਦਮੀ ਨੂੰ ਸੁਚੱਜੀ ਚੋਣ ਅਤੇ ਮੋਹਨਜੀਤ ਨੂੰ ਉਸਦੀ ਪ੍ਰਾਪਤੀ ਉੱਤੇ ਮੁਬਾਰਕਾਂ।***



## ਜੋਗਾ ਡੋਲ ਕੇ ਵੀ ਡੋਲਿਆ ਨਾ: ਕਹਾਣੀ: ਜੋਗੇ ਭੰਗਲ

"ਭਈਆਂ ਦੇ ਅੱਜ ਕਲ ਸੱਪ ਬੜੇ ਲੜਦੇ ਆ। ਇਹ ਸਹੁਰੇ ਪਤਾ ਨਈਂ ਉਹਨਾਂ ਦੀਆਂ ਖੁੱਡਾਂ 'ਚ ਹੱਥ ਪਾ ਕੇ ਬੈਠੇ ਰਹਿੰਦੇ ਆ!"

ਫੌਜੀ ਗੱਜਣ ਸਿੰਘ ਨੂੰ ਲੱਗਿਆ ਜਿਵੇਂ ਬੰਤਾ ਸਿੰਘ ਨੇ ਉਹਨੂੰ ਸੁਣਾ ਕੇ ਕਿਹਾ ਹੋਵੇ। ਕਿਉਂਕਿ ਪਿਛਲੇ ਸਾਲ ਉਹਦੇ ਭਈਏ ਦੇ ਵੀ ਪਾਣੀ ਲਾਉਂਦਿਆਂ ਸੱਪ ਨੇ ਫੂਕ ਮਾਰੀ ਸੀ। ਫਿਰ ਮਗਰੋਂ ਕਮਾਦ ਬੰਨ੍ਹਦਿਆਂ ਦੱਦਈਆਂ ਨੇ ਮੂੰਹ ਸੁਜਾ ਕੇ ਸਿਰ-ਮੂੰਹ ਇਕ ਕਰ ਦਿੱਤਾ ਸੀ। "ਲਾਲਾ ਜੀ! ਜਿਹਨਾਂ ਕਮਾਦੀਆਂ ਬੰਨ੍ਹਣੀਆਂ, ਦਵਾਈਆਂ ਛਿੜਕਣੀਆਂ, ਉਹਨਾਂ ਦੇ ਬੜਾ ਕੁਛ ਲੜਦਾ। ਜਿਹਨਾਂ ਨੇ ਕੂਲਰਾਂ, ਏਸੀਆਂ ਅੱਗੇ ਪੱਖੇ ਛੱਡ ਕੇ ਪਏ ਰਹਿਣਾ, ਉਹਨਾਂ ਦੇ ਠੰਡੇ ਥੈਂ ਕੀ ਲੜਨਾ"। ਫੌਜੀ ਨੇ ਐਸੀ ਬੋਲਤੀ ਬੰਦ ਕੀਤੀ ਕਿ ਬੰਤਾ ਸਿੰਘ ਕੰਨ ਝਾੜਦਾ, ਬੜਾ ਸੋਹਣਾ 'ਹੀ-ਹੀ' ਕਰਦਾ, ਭਾਰੀ ਦੇਹ ਨੂੰ ਘਸੀਟਦਾ ਤੁਰ ਗਿਆ। ਫੌਜੀ ਉਹਨੂੰ ਤੁਰਦਿਆਂ ਦੇਖ ਕੇ ਹੱਸੇ, ਨਾਲੇ ਉਹਦੇ ਉੱਤੇ ਤਰਸ ਵੀ ਆਵੇ। ਚੁੱਕਿਉ ਜੱਟ ਬਣਨ ਦੇ। ਢਿੱਡ ਚੱਕ ਨਈਂ ਹੁੰਦਾ।... ਕਦੇ ਜੱਟ ਦਾ ਜਿਸਮ ਹੁੰਦਾ ਸੀ ਸਰੀਏ ਜਿਹਾ ਨਿੱਗਰ ਅਤੇ ਛਮਕ ਜਿਹੀ ਹੁੰਦੀ ਸੀ ਜੱਟੀ। ਉਦੋਂ ਜੇ ਕਿਤੇ ਜੱਟ ਦਾ ਢਿੱਡ ਨਿਕਲ ਆਣਾ ਤਾਂ ਕਹਿਣਾ ਕਿ ਇਹ ਜੱਟ ਦਾ ਪੁੱਤ ਨਈਂ ਹੋ ਸਕਦਾ। ਅੱਜ ਤੁਸੀਂ ਕਿਹਨੂੰ ਕਿਹਨੂੰ ਕਪੁੱਤ ਕਹੋਗੇ?...ਇਹਨਾਂ ਦੇ ਘੋਨ-ਮੋਨ ਮੁੰਡੇ ਦੇਖ ਲਉ। ਪਸ਼ੂ ਚਾਰਨ ਦੀ ਬਜਾਏ ਕੁੱਤੇ ਚਾਰਦੇ ਫਿਰਦੇ। ਪੱਟਾਂ ਦੇ ਪਟਾਕਿਆਂ ਦੀ ਜਗ੍ਹਾ ਮੋਟਰਸੈਕਲਾਂ 'ਤੇ ਜ਼ਰਦਾ ਲਾਈ ਬੈਠੇ, ਨਸ਼ੇ ਦੀ ਲੋਰ 'ਚ ਪਟਾਕੇ ਵਜਾਂਦੇ ਫਿਰਦੇ।...ਔਹ ਦੇਖੋ, ਚੌੜੇ ਟਾਇਰਾਂ ਵਾਲੀ ਜੀਪ ਦੇ ਅਜੀਬ ਜਿਹੇ ਹੌਰਨ ਵਜਾਉਂਦੇ, ਧੂੜਾਂ ਪੁੱਟਦੇ; ਇਹ ਪਾਟੀਆਂ ਜ਼ੀਨਾਂ, ਪੁੱਠੀਆਂ ਟੋਪੀਆਂ ਪਹਿਨੀਂ ਕੋਈ ਸਿੱਧਾ ਕੰਮ ਕਰਨ ਤਾਂ ਚੱਲੇ ਨਹੀਂ ਹੁਣੇ। ਨਾ ਇਹਨਾਂ ਨੂੰ ਸ਼ਰਮ ਨਾ ਹਿਆ। ਇਹਨਾਂ ਦੇ ਭਈਏ ਦੇ ਅਜੇ ਕਲ੍ਹ ਸੱਪ ਲੜਿਆ; ਹਸਪਤਾਲ ਜ਼ਿੰਦਗੀ-ਮੌਤ ਨਾਲ ਲੜ ਰਿਹਾ। ਇਹ ਕੰਜਰ ਆਪਣੀਆਂ ਲੰਡੀਆਂ ਜੀਪਾਂ ਤੇ ਲੁੱਚੇ ਜਿਹੇ ਗੀਤ 'ਤੇ ਲੁੱਡੀਆਂ ਪਾਉਂਦੇ ਜ਼ਸ਼ਨ ਮਨਾਉਣ 'ਚ ਮਸਤ ਨੇ।

ਪਰ ਫੌਜੀ ਗੱਜਣ ਸਿੰਘ ਦੇ ਘਰ ਇਕ ਹੋਰ ਹੀ ਭਾਣਾ ਵਰਤ ਗਿਆ। ਉਹਦੇ ਚਿੱਤ ਨਾ ਚੇਤੇ। ਉਹਨੇ ਕਦੇ ਸੁਪਨੇ 'ਚ ਵੀ ਨਈਂ ਸੀ ਸੋਚਿਆ। ਦਸੰਬਰ ਦੀ ਠੰਢੀ ਰਾਤ ਦਾ ਪਿਛਲਾ ਪਹਿਰ ਸੀ ਜਦੋਂ ਗੱਜਣ ਸਿੰਘ ਦੇ ਪੇਟ 'ਚ ਅਚਾਨਕ ਦਰਦ ਦੀ ਇਕ ਚੀਸ ਜਿਹੀ ਉੱਠੀ। ਉਹ ਪੇਟ ਫੜ ਕੇ ਮਸਾਂ ਕੁੱਬਾ ਜਿਹਾ ਹੋਇਆ ਬੈੱਡ ਤੋਂ ਹੇਠਾਂ ਉਤਰਿਆ। ਅੰਨ੍ਹਿਆਂ ਵਾਂਗ ਹੱਥ-ਪੈਰ ਮਾਰਦਿਆਂ ਉਹਨੇ ਮਸਾਂ ਲਾਈਟ ਜਗਾਈ। ਫਿਰ ਪਰੇ ਦੂਸਰੇ ਕਮਰੇ ਕੋਲ਼ ਜਾ ਕੇ ਆਪਣੀ ਕੁੜੀ ਦੇ ਕਮਰੇ ਦੀ ਬੈੱਲ ਵਜਾਈ। ਵਾਰ-ਵਾਰ ਵਜਾਉਣ 'ਤੇ ਵੀ ਨਾ ਹੂੰ ਨਾ ਹਾਂ। 'ਇਹ ਪਤਾ ਨਈਂ ਕਿਹੜੇ ਘੋੜੇ ਵੇਚ ਕੇ ਸੁੱਤੀ ਪਈ ਏ!' ਉਹਨੇ ਸੋਚਿਆ। ਦੂਜੇ ਪਾਸੇ ਉਹਦੀ ਦਰਦ ਨਾਲ ਜਾਨ ਨਿਕਲ ਰਹੀ ਸੀ। ਫਿਰ ਉਹ ਡਿਗਦਾ-ਢਹਿੰਦਾ ਰਸੋਈ ਵੱਲ ਨੂੰ ਮੁੜਿਆ। ਕਿੰਨੇ ਸਾਰੇ ਨਿਕ-ਸੁਕ ਵਿਚੋਂ ਮਸਾਂ ਅਜਵਾਇਨ ਦੀ ਸ਼ੀਸ਼ੀ ਹੱਥ ਲੱਗੀ। ਉਹਨੇ ਆਪਣੇ ਕੰਬਦੇ ਜਿਹੇ ਹੱਥਾਂ ਨਾਲ ਮਸਾਂ ਚੁਟਕੀ ਮੂੰਹ 'ਚ ਪਾਈ। ਤਿੰਨ-ਚਾਰ ਘੁੱਟ ਪਾਣੀ ਦੇ ਭਰੇ। ਫਿਰ ਉਹ ਉੱਥੇ ਹੀ ਥੋੜ੍ਹਾ ਚਿਰ ਆਰਾਮ ਕੁਰਸੀ 'ਤੇ ਬੈਠਿਆ। ਹੌਲ਼ੀ ਹੌਲ਼ੀ ਥੋੜ੍ਹਾ ਦਰਦ ਘਟਿਆ। 'ਕੁੜੀ ਬੋਲੀ ਕਿਉਂ ਨਈਂ?...ਇਹ ਤਾਂ ਮਾੜੇ ਜਿਹੇ ਖੜਾਕ 'ਤੇ ਖੁੰਬ ਵਾਂਗ ਉਠ ਖਲੋਂਦੀ ਸੀ', ਸੋਚਾਂ ਜਿਹੀਆਂ 'ਚ ਘਿਰੇ ਨੇ ਬਰਾਂਡੇ ਬਾਹਰ ਦੀਆਂ ਲਾਇਟਾਂ ਜਗਾਈਆਂ ਪਰ ਕੁਝ ਪਤਾ ਨਾ ਲੱਗਾ। ਉਹਦੇ ਤਾਂ ਜਿਵੇਂ ਤੌਰ-ਭੌਰ ਜਿਹੇ ਚੁੱਕੇ ਗਏ। ਘੁੱਪ ਹਨੇਰੇ'ਚ ਉਹ ਹੋਰ ਕਿੱਥੇ ਟੱਕਰਾਂ ਮਾਰੇ। ਆਖਿਰ ਉਹਦੇ ਮਨ 'ਚ ਖਿਆਲ ਆਇਆ ਕਿ ਬਲਰਾਮ ਉਰਫ਼ ਛੋਟੂ ਨੂੰ ਹਵੇਲੀਉਂ ਉਠਾ ਕੇ ਕੋਈ ਔਹੜ-ਪੌਹੜ ਕਰੇ। ਕੋਲ਼ੇ ਫਰਲਾਂਗ ਕੁ 'ਤੇ ਹਵੇਲੀ ਸੀ। ਪਰ ਜਾਣ ਤੋਂ ਪਹਿਲਾਂ ਉਹਨੇ ਮੁੜ ਕੁੜੀ ਵਾਲੇ ਕਮਰੇ ਦਾ ਬੂਹਾ ਜ਼ੋਰ-ਜ਼ੋਰ ਨਾਲ ਖੜਕਾ ਕੇ ਵੇਖਿਆ। 'ਉਹ! ਕੁੰਡਾ ਤਾਂ ਬਾਹਰੋਂ ਵੱਜਾ ਹੋਇਆ। ਹੈਂ!

ਉਹਨੇ ਰਜ਼ਾਈ ਉਲਟਾ ਕੇ ਪਰ੍ਹਾਂ ਮਾਰੀ। ਕੋਈ ਹੋਵੇ ਤਾਂ ਉੱਠੇ। ਸੁੰਨ ਕਰਦੀ ਠੰਡ 'ਚ ਫੌਜੀ ਦੇ ਪਸੀਨੇ ਛੁੱਟ ਗਏ। ਬੈਟਰੀ ਹੱਥ 'ਚ ਫੜੀ, ਕੰਬਲ਼ ਦਾ ਝੁੰਬ ਜਿਹਾ ਮਾਰ ਕੇ ਉਹ ਡਗਮਗਾਉਂਦੇ ਕਦਮੀਂ ਹਵੇਲੀ ਵੱਲ ਨੂੰ ਤੁਰ ਪਿਆ।

ਹਵੇਲੀ 'ਚ ਜਾ ਕੇ ਉਹਨੇ ਬੈਟਰੀ ਆਲ਼ੇ-ਦੁਆਲ਼ੇ ਘੁੰਮਾਈ। ਪਸ਼ੂ ਤ੍ਰਭਕ ਕੇ ਹਿੱਲੇ; ਫਿਰ ਫੌਜੀ ਨੂੰ ਪਛਾਣਦਿਆਂ ਮੁੜ ਆਰਾਮ ਨਾਲ ਬੈਠ ਗਏ। ਇਕ ਮੋਰ 'ਘੈਂਕੋਂ-ਘੈਂਕੋਂ ਕਰਦਾ ਉਡ ਕੇ ਦੂਰ ਟਾਹਲੀ ਉੱਤੇ ਜਾ ਬੈਠਾ। ਅਚਾਨਕ ਦਰਵਾਜ਼ੇ ਦੀ ਝੀਥ 'ਚੋਂ ਉਹਨੂੰ ਰੌਸ਼ਨੀ ਦੀ ਇਕ ਲਕੀਰ ਜਿਹੀ ਦਿਸੀ। ਜਦ ਉਹਨੇ ਕੋਲ਼ ਜਾ ਕੇ ਉਹਦੇ ਵਿਚੋਂ ਝਾਕਿਆ, ਉਹ ਤਾਂ ਦੇਖ ਕੇ ਜਿਵੇਂ ਪੱਥਰ ਬਣ ਗਿਆ। ਉਸ ਤੋਂ ਆਪਣੇ-ਆਪ ਬਾਂਹ 'ਤੇ ਚੂੰਢੀ ਵੱਢੀ ਗਈ। 'ਮੈਂ ਜਿਉਂਦਾ ਹਾਂ, ਮਰ ਕਿਉਂ ਨਈਂ ਗਿਆ! ਜ਼ਮੀਨ ਨੇ ਮੈਨੂੰ ਵੇਲ੍ਹ ਕਿਉਂ ਨਾ ਦਿੱਤਾ?...ਕਾਸ਼ ਇਹ ਦੇਖਣ ਤੋਂ ਪਹਿਲਾਂ ਮੈਨੂੰ ਅਟੈਕ ਹੋ ਜਾਂਦਾ।' ਮਿੰਟ ਭਰ ਲਈ ਵੀ ਖੜ੍ਹਨਾ ਉਹਨੂੰ ਮੁਸ਼ਕਲ ਲੱਗਾ। ਹੌਸਲਾ ਜਿਹਾ ਕਰਕੇ ਉਹਨੇ ਆਪਣੇ-ਆਪ ਨੂੰ ਸੰਭਾਲ਼ਿਆ। 'ਉਏ ਭਈਆ! ਤੇਰੀ ਇੰਨੀ ਜੁਰਅਤ! ਤੈਨੂੰ ਅਸੀਂ ਆਪਣੇ ਨਿਆਣਿਆਂ ਵਾਂਗ ਪਾਲ਼ਿਆ, ਪੜ੍ਹਾਇਆ ਪਰ ਤੂੰ ਜਿਸ ਥਾਲੀ ਵਿਚ ਖਾਧਾ, ਉਸੇ 'ਚ ਛੇਕ ਕੀਤਾ। ਅੱਜ ਕੰਜਰ ਦਿਆ! ਮੇਰੀ ਪਤਨੀ ਹੁੰਦੀ, ਅੱਖੀਂ ਇਹ ਸਭ ਦੇਖ ਲੈਂਦੀ; ਹਉਕਾ ਲੈਂਦਿਆਂ ਪ੍ਰਾਣ ਤਿਆਗ ਦਿੰਦੀ। ਤੇਰਾ ਉਹਨੇ ਗੰਦ ਧੋਤਾ, ਨਲ਼ੀਆਂ ਪੂੰਝੀਆਂ।...ਤੇਰਾ 'ਭੈਣ-ਭੈਣ' ਕਹਿੰਦਿਆਂ ਮੂੰਹ ਸੁੱਕਦਾ ਸੀ। ਅੱਜ ਤੂੰ ਉਸੇ ਭੈਣ ਨਾਲ...!' ਭਾਵੁਕ ਹੋਏ ਦੀਆਂ ਉਹਦੀਆਂ ਅੱਖਾਂ ਭਰ ਆਈਆਂ। ਘਰ ਨੂੰ ਤੁਰਿਆ ਜਾਂਦਾ ਉਹ ਹਾਰਿਆਂ ਵਾਂਗ ਜ਼ਮੀਨ 'ਤੇ ਬਹਿ ਗਿਆ। ਕਿੰਨਾ ਚਿਰ ਪਾਗ਼ਲਾਂ ਵਾਂਗ ਧਾਹਾਂ ਮਾਰ-ਮਾਰ ਰੋਇਆ। ਆਪਣੇ-ਆਪ ਨਾਲ ਖਿਝਦਾ-ਖ਼ਪਦਾ ਉਹ ਕਾਹਲ਼ਾ ਹੋ ਗਿਆ।

ਘਰ ਪਹੁੰਚਿਆ ਤਾਂ ਉਹਦੇ ਡੌਲ਼ੇ ਫ਼ਰਕ ਰਹੇ ਸਨ। ਅੱਖਾਂ ਚੜ੍ਹੀਆਂ ਹੋਈਆਂ ਸਨ। ਉਹਨੂੰ ਲੱਗਿਆ ਜਿਵੇਂ ਉਹ ਜੰਗ ਦੇ ਮੈਦਾਨ ਵਿਚ ਆ ਖੜ੍ਹਿਆ ਹੋਵੇ। ਪੇਟੀ ਵਿਚੋਂ ਬੰਦੂਕ ਕੱਢ ਕੇ ਸਾਫ਼ ਕੀਤੀ। ਰੌਂਦ ਭਰੇ। ਫਿਰ ਕਾਹਲ਼ੀ ਨਾਲ ਰੰਮ ਦੀ ਬੋਤਲ ਕੱਢਦਿਆਂ ਐਸਾ ਝਟਕਾ ਵੱਜਾ ਕਿ ਬੋਤਲ ਛੁੱਟ ਕੇ ਫਰਸ਼ ਉੱਤੇ ਠਾਹ ਕਰਦੀ ਜਾ ਡਿੱਗੀ। ਉਹਦੀਆਂ ਕੀਚਰਾਂ ਦੂਰ-ਦੂਰ ਜਾ ਖਿੰਡੀਆਂ। ਟੁੱਟੀ ਬੋਤਲ ਨੇ ਜਿਵੇਂ ਫੌਜੀ ਦੀ ਸੋਚ ਦੀ ਕੋਈ ਲੜੀ ਤੋੜ ਦਿੱਤੀ। ਉਹਦਾ ਉਬਾਲ਼ੇ ਖਾਂਦਾ ਖ਼ੂਨ ਠੰਡਾ ਪੈਣ ਲੱਗਾ। ਜਿਵੇਂ ਉਹਦੇ ਆਪਣੇ ਹੀ ਕਿਸੇ ਅੰਦਰਲੇ ਨੇ ਉਹਦੇ ਹੱਥ ਆਣ ਫੜੇ। 'ਹੁਣ ਤੂੰ ਉਹਦੇ ਲਹੂ ਨਾਲ ਹੱਥ ਰੰਗੇਂਗਾ, ਜਿਹਨੂੰ ਆਪਣੇ ਖ਼ੂਨ ਨਾਲ ਸਿੰਜਿਆ! ਦੁੱਧ-ਮੱਖਣਾਂ ਨਾਲ ਪਾਲ਼ ਕੇ ਜਿਹਨੂੰ ਭਲਵਾਨ ਬਣਾਇਆ।' ਕਦੇ ਫੌਜੀ ਦੇ ਮਨ 'ਚ ਆਵੇ ਕਿ ਕਿਸੇ ਚੋਰੀ ਦੇ ਕੇਸ 'ਚ ਇਹਨੂੰ ਅੰਦਰ ਕਰਾ ਦਏ। ਕੋਈ ਨਾ ਕੋਈ ਸਜ਼ਾ ਤਾਂ ਇਹਨੂੰ ਮਿਲੇ। ਫਿਰ ਦੂਜੇ ਪਲ ਮਨ 'ਚ ਆਉਂਦਾ ਕਿ ਜੇ ਪੁਲਸ ਨੇ ਇਹਦੇ ਕੋਲ਼ੋਂ ਅਸਲੀਅਤ ਬਕਾ ਲਈ ਤਾਂ...। ਜਾਂ ਇਹਨੂੰ ਡਰਾ ਕੇ ਭਜਾ ਦਿਆਂ।...ਪਰ ਜੇ ਕੁੜੀ ਵੀ ਇਹਦੇ ਨਾਲ ਹੀ ਭੱਜ ਗਈ, ਫੇਰ...। ਹੋਰ ਫੇ ਮੈਂ ਇਹਦਾ ਵਿਆਹ ਕਰ ਦਿਆਂ?...ਕਿੰਝ ਕਰ ਦਿਆਂ ਇਹਦੇ ਨਾਲ ਵਿਆਹ। ਲੋਕ ਕੀ ਕਹਿਣਗੇ ਕਿ ਭਈਏ ਨਾਲ...। ਨਾਲੇ ਕਹਿਣਗੇ ਕਿ ਫੌਜੀਆ ਤੂੰ ਤਾਂ ਕਹਿੰਦਾ ਸੀ ਕਿ ਇਹ ਮੇਰਾ ਮੁੰਡਾ, ਫੇ ਭੈਣ ਨਾਲ ਕਿਵੇਂ...। ਅਜੀਬੋ-ਗਰੀਬ ਜਿਹੀਆਂ ਸੋਚਾਂ ਨੇ ਫੌਜੀ ਨੂੰ ਭੰਬਲਭੂਸੇ ਵਿਚ ਪਾ ਦਿੱਤਾ। ਉਹਨੂੰ ਕਿੰਨਾ ਚਾਅ ਸੀ ਕਿ ਬਿੱਲੋ ਨੂੰ ਬਾਹਰ ਭੇਜੇਗਾ। ਓਹੋ! ਕੀ ਕੀਤਾ ਕੁੜੀ ਨੇ। ਦਿਲ ਦੀਆਂ ਦਿਲ ਵਿਚ ਰਹਿ ਗਈਆਂ। ਰਹਿੰਦੀ-ਖੂੰਹਦੀ ਕਸਰ ਭਈਏ ਨੇ ਕੱਢ ਦਿੱਤੀ ਸੀ। ਪਤਾ ਨਈਂ ਉਹਦੇ ਮੂੰਹੋਂ ਭਈਆ ਸ਼ਬਦ ਵਾਰ ਵਾਰ ਕਿਉਂ ਨਿਕਲੀ ਜਾ ਰਿਹਾ। ਨਈਂ ਤਾਂ ਜੇ ਕੋਈ ਦੂਸਰਾ ਵੀ ਉਹਨੂੰ ਭਈਆ ਕਹਿ ਦਿੰਦਾ ਤਾਂ ਫੌਜੀ ਉਹਦੇ ਗਲ਼ ਪੈ ਜਾਂਦਾ।

ਉਹਨੂੰ ਯਾਦ ਆਇਆ ਜਦੋਂ ਉਹ ਨਿੱਕੜੂ, ਮਰੂ ਜਿਹਾ, ਆਪਣੇ ਬਾਪ ਨਾਲ ਇੱਥੇ ਆਇਆ ਸੀ। ਫੌਜੀ ਦੀ ਘਰਵਾਲੀ ਨੂੰ ਘਰ ਦੇ ਨਿੱਕੇ-ਮੋਟੇ ਕੰਮ ਲਈ ਕਿਸੇ ਛੋਟੂ ਜਿਹੇ ਦੀ ਜ਼ਰੂਰਤ ਸੀ। ਗੋਡਿਆਂ ਦੀ ਤਕਲੀਫ਼ ਕਰਕੇ ਉਹਨੂੰ ਬੈਠੀ ਨੂੰ ਕੋਈ ਸਮਾਨ ਬਗ਼ੈਰਾ ਫੜਾਉਣ ਲਈ ਸਹਾਰਾ ਚਾਹੀਦਾ ਸੀ। ਇਹ ਮਸਾਂ ਉਦੋਂ ਚਾਰ ਸਾਲ ਦਾ ਸੀ। ਫੌਜੀ ਦੀ ਪਤਨੀ ਨੇ ਸੋਚਿਆ ਚਲ



ਰੌਣਕੇ ਸਹੀ। ਬਿੱਲੋ ਨੂੰ ਖੇਡਣ ਲਈ ਭਰਾ ਮਿਲ ਜਊ। ਉਹ ਪਿਛਲੇ ਸਾਲ ਹੀ ਇਕ ਸੈਨਿਕ ਸਕੂਲ 'ਚ ਦਾਖਲ ਕਰਵਾਈ ਸੀ। ਛੋਟੂ ਦਾ ਬਾਪ ਗੁਆਂਢ ਵਿਚ ਇਕ ਜ਼ਿਮੀਂਦਾਰ ਨਾਲ ਖੇਤੀ ਦੇ ਕੰਮ 'ਚ ਜੁਟ ਗਿਆ। ਘਰਵਾਲੀ ਦੇ ਜ਼ਿਆਦਾ ਕਹਿਣ 'ਤੇ ਫੌਜੀ ਨੇ ਮੁੰਡੇ ਨੂੰ ਆਪਣੇ ਕੋਲ਼ ਰੱਖ ਲਿਆ। ਮੁੰਡਾ ਦਿਨੇ ਫੌਜੀ ਦੀ ਘਰਵਾਲੀ ਨਾਲ ਮਾੜਾ-ਮੋਟਾ ਹੱਥ ਵਟਾ ਛੱਡਦਾ ਅਤੇ ਰਾਤ ਨੂੰ ਆਪਣੇ ਬਾਪ ਨਾਲ ਜਾ ਸੌਂਦਾ। ਪਹਿਲਾਂ-ਪਹਿਲ ਤਾਂ ਦੋਵਾਂ ਨੂੰ ਇਕ-ਦੂਜੇ ਦੀ ਬੋਲੀ ਹੀ ਸਮਝ ਨਾ ਆਉਂਦੀ। ਪਰ ਉਸ ਭੋਲ਼ੇ ਜਿਹੇ ਮੁੰਡੇ ਨੇ ਤੋਤਲੀ, ਖਿਚੜੀ ਜਿਹੀ ਬੋਲ਼ੀ ਬੋਲਦਿਆਂ ਫੌਜੀ ਅਤੇ ਉਹਦੀ ਪਤਨੀ ਦਾ ਮਨ ਮੋਹ ਲਿਆ। ਘਰਦਿਆਂ ਨੇ ਤਾਂ ਪਿਆਰ ਨਾਲ ਉਹਦਾ ਨਾਂ ਬਲਰਾਮ ਰੱਖਿਆ ਸੀ ਪਰ ਫੌਜਣ ਨੇ ਛੋਟੂ-ਛੋਟੂ ਦਾ ਰਾਗ ਅਲਾਪਦਿਆਂ ਉਹਦਾ ਨਾਂ ਛੋਟੂ ਹੀ ਪਕਾ ਦਿੱਤਾ। ਫੌਜੀ ਤੋਂ ਬਾਅਦ ਉਹ ਆਲ਼ੇ-ਦੁਆਲ਼ੇ ਹਰ ਇਕ ਦੀ ਜ਼ੁਬਾਨ ਉੱਤੇ 'ਛੋਟੂ' ਨਾਂ ਹੀ ਨੱਚਣ ਲੱਗ ਪਿਆ।

"ਅਰੇ ਛੋਟੂ! ਯੇਹ ਮੰਜੀ ਕਾਂਧ ਕੇ ਸਾਥ ਮੇਂ ਖੜ੍ਹੀ ਕਰ ਦੋ।...ਦਾਣੋਂ ਕੋ ਪੀਪੇ ਮੇਂ ਪਾ ਦੋ। ਹਵੇਲੀ ਜਾ ਕਰ ਮਾਝ ਕੋ ਪਾਨੀ ਪਿਲਾ ਆਉ।" ਫੌਜੀ ਦੀ ਘਰਵਾਲੀ ਆਪਣੇ ਚਿੱਤੋਂ ਉਹਦੇ ਨਾਲ ਹਿੰਦੀ 'ਚ ਗੱਲ ਕਰਦੀ।

ਛੋਟੂ ਉਹਨੂੰ ਮਾਂ ਜੀ ਕਹਿੰਦਾ ਸੀ। "ਮੈਂ ਬੱਚੋਂ ਕੇ ਸਾਥ ਮੇਂ ਅਬ ਖੇਲ ਸਕਤੀ ਹੂੰ?........ਅਬ ਮੈਂ ਬਾਪਾ ਕੇ ਪਾਸ ਚਲੀ ਜਾਊਂ?"

ਫੌਜੀ ਦੋਵਾਂ ਨੂੰ ਬੋਲਦਿਆਂ ਸੁਣ ਕੇ ਹੱਸ ਛੱਡਦਾ। ਫੌਜੀ ਤਾਂ ਛੋਟੂ ਨਾਲ ਠੇਠ ਹਿੰਦੀ 'ਚ ਵੀ ਗੱਲ ਕਰ ਲੈਂਦਾ ਕਿਉਂਕਿ ਉਹਨੇ ਤਾਂ ਨੌਕਰੀ ਦੌਰਾਨ ਘਾਟ-ਘਾਟ ਦਾ ਪਾਣੀ ਪੀਤਾ ਹੋਇਆ ਸੀ। ਮੀਆਂ-ਬੀਵੀ ਦੋਹਾਂ ਦਾ ਛੋਟੂ ਦੇ ਆਸਰੇ ਵਧੀਆ ਚਿੱਤ ਲੱਗਾ ਹੋਇਆ ਸੀ। ਨਾ ਉਹ ਸ਼ਰਾਰਤੀ ਸੀ, ਨਾ ਲੜਾਕਾ ਅਤੇ ਨਾ ਹੀ ਜ਼ਿਦੀਆ ਸੀ। ਦੋ ਕੁ ਸਾਲ ਬਾਅਦ ਫੌਜੀ ਨੇ ਉਹਨੂੰ ਪਿੰਡ ਦੇ ਪ੍ਰਾਇਮਰੀ ਸਕੂਲ 'ਚ ਦਾਖਲ ਕਰਵਾ ਦਿੱਤਾ। ਉਹਦੇ ਨਾਲ ਪ੍ਰਵਾਸੀਆਂ ਦੇ ਹੋਰ ਕਿੰਨੇ ਨਿਆਣੇ ਸਨ। ਹੋਰ ਕੁਝ ਬਾਲਮੀਕੀਆਂ ਦੇ ਜਾਂ ਫਿਰ ਬਹੁਤ ਹੀ ਰਿਹਾਂ-ਖ਼ੁਹਾਂ ਦੇ ਸਨ। ਜ਼ਿਮੀਂਦਾਰਾਂ ਦੇ ਸਿਰਫ਼ ਦੋ ਬੱਚੇ ਸਨ। ਤਿੰਨ ਆਦਿਧਰਮੀਆਂ ਦੇ ਸਨ। ਬੜਿਆਂ ਦੀ ਰੀਸੋ-ਰੀਸੀ ਅਮ੍ਰਾਤੜਾਂ ਨੇ ਵੀ ਪਬਲਿਕ ਸਕੂਲਾਂ ਵਿਚ ਪਾ ਕੇ ਆਪਣੀ ਜਾਨ ਨੂੰ ਫ਼ਾਹਾ ਪਾਇਆ ਹੋਇਆ ਸੀ। ਆਪਣੇ ਵਰਗੇ ਨਿਆਣਿਆਂ 'ਚ ਛੋਟੂ ਦਾ ਸਕੂਲ 'ਚ ਜਾਂਦਿਆਂ ਹੀ ਚਿੱਤ ਲੱਗ ਗਿਆ। ਉਹ ਤਾਂ ਭੱਜ-ਭੱਜ ਸਕੂਲ ਨੂੰ ਜਾਂਦਾ। ਘਰ ਆਪਣੀ ਮਾਂ ਜੀ ਨਾਲ ਕੰਮ ਕਰਵਾਉਂਦਾ। ਉਹ ਹੇਕਾਂ ਲਾ ਲਾ ਆਪਣਾ ਪਾਠ ਦੁਹਰਾਉਂਦਾ ਰਹਿੰਦਾ। ਫੌਜਣ ਸਿੰਘਣੀ ਸਜੀ ਹੋਣ ਕਾਰਣ ਉਹਨੂੰ ਗੁਰਬਾਣੀ ਦੀਆਂ ਤੁਕਾਂ ਰਟਾ ਕੇ ਸੁਣਦੀ ਰਹਿੰਦੀ। ਫੌਜੀ ਵੀ ਸੀ ਤਾਂ ਸਰਦਾਰ ਪਰ ਦਾਹੜੀ ਕੱਟ ਕੇ ਰੱਖਦਾ। ਉਂਝ ਗੁਰੂ ਘਰ ਦਾ ਪੱਕਾ ਪ੍ਰੇਮੀ ਸੀ ਪਰ ਦਾਰੂ ਦਾ ਸ਼ੌਕੀਨ ਸੀ। ਉਹ ਦੋਵੇਂ ਹੱਸ-ਹੱਸ ਛੋਟੂ ਨੂੰ ਪੜ੍ਹਨ ਲਈ ਹੱਲਾਸ਼ੇਰੀ ਦਿੰਦੇ ਰਹਿੰਦੇ। ਉਹਨਾਂ ਦੀ ਆਪਣੀ ਇਕੋ-ਇਕ ਕੁੜੀ ਸੀ ਬਲਬੀਰ ਕੌਰ ਉਰਫ਼ ਬਿੱਲੋ। ਰੰਗ ਗੋਰਾ ਸੀ ਪਰ ਗੋਰਾ-ਨਿਸ਼ੋਹ ਵੀ ਨਈਂ। ਅੱਖਾਂ ਬਿੱਲੀਆਂ ਸਨ ਪਰ ਬਿੱਲੀ ਦੀਆਂ ਅੱਖਾਂ ਜਿਹੀਆਂ ਵੀ ਨਹੀਂ। ਕੁੰਡਲ਼ ਕਾਲ਼ੇ ਵਾਲ਼ ਸਨ ਉਹਦੇ। ਦੇਖਣ ਨੂੰ ਸ਼ਰਾਰਤਣ ਜਿਹੀ ਲਗਦੀ ਸੀ ਪਰ ਨਈਂ; ਜ਼ਿੱਦਣ ਜ਼ਰੂਰ ਸੀ। ਹਫ਼ਤੇ ਬਾਅਦ ਉਹ ਘਰ ਆਉਂਦੀ। ਉਹਨੂੰ ਲਿਆਉਣ-ਛੱਡਣ ਦਾ ਕੰਮ ਫੌਜੀ ਦਾ ਸੀ। ਪਹਿਲਾਂ-ਪਹਿਲ ਤਾਂ ਉਹ ਛੋਟੂ ਨੂੰ ਦੇਖ ਕੇ ਬੜੇ ਨੱਕ-ਬੁਲ੍ਹ ਚੁੱਕਦੀ ਸੀ। ਹੌਲ਼ੀ-ਹੌਲ਼ੀ ਉਹਦੇ ਨਾਲ ਉਹਦੀ ਐਸੀ ਦਾਲ਼ ਗਲ਼ੀ ਕਿ ਰੱਖੜੀ 'ਤੇ ਉਸ ਤੋਂ ਰਾਖੀ ਵੀ ਬੰਨ੍ਹਾਉਣ ਲੱਗ ਪਈ ਸੀ।

ਸਾਲ ਕੁ ਬਾਅਦ ਹੀ ਛੋਟੂ ਦੇ ਮੂੰਹੋਂ ਠੇਠ ਪੰਜਾਬੀ ਸੁਣ ਕੇ ਕੋਈ ਕਹਿ ਨਹੀਂ ਸੀ ਸਕਦਾ ਕਿ ਇਹ ਕਿਸੇ ਪ੍ਰਵਾਸੀ ਦਾ ਬੱਚਾ ਏ। ਪੜ੍ਹਾਈ 'ਚ ਉਹ ਮੋਹਰੀ ਨਿਆਣਿਆਂ 'ਚ ਸੀ। ਉਹਦੇ ਹਾਣ ਦੇ ਪਬਲਿਕ ਸਕੂਲਾਂ ਦੇ ਜ਼ਿਆਦਾਤਰ ਨਿਆਣੇ, ਸਮੇਤ ਬਿੱਲੋ; ਪੰਜਾਬੀ,ਹਿੰਦੀ,ਅੰਗਰੇਜੀ ਦੀ ਖਿਚੜੀ ਜਿਹੀ ਪਕਾਉਂਦੇ। ਕਸੂਰ ਬੱਚਿਆ ਦਾ ਨਹੀਂ ਸੀ। ਕਸੂਰਵਾਰ ਮਾਪੇ ਜਾਂ ਸਕੂਲ ਸਨ ਜਿੱਥੇ ਉਹ ਪੜ੍ਹਦੇ ਸਨ। ਬਿੱਲੋ ਕਈ ਵਾਰ ਛੋਟੂ ਕੋਲ਼ੋਂ ਪੰਜਾਬੀ ਸਿੱਖਦੀ। ਆਪ ਉਹਨੂੰ ਅੰਗਰੇਜ਼ੀ ਸਿਖਾਉਂਦੀ। ਬਿੱਲੋ ਅਤੇ ਛੋਟੂ ਥੋੜ੍ਹੇ ਵੱਡੇ ਹੋਏ ਤਾਂ ਚਿੜੀ-ਛਿੱਕਾ, ਦੌੜਾਂ ਅਤੇ ਕਬੱਡੀਆਂ ਪਾਉਣ

ਲੱਗੇ। ਪਹਿਲਾਂ-ਪਹਿਲਾਂ ਤਾਂ ਬਿੱਲੋ ਨੇ ਉਹਦੀ ਪੇਸ਼ ਨਾ ਜਾਣ ਦਿੱਤੀ ਪਰ ਹੌਲੀ ਹੌਲੀ ਛੋਟੂ ਬਿੱਲੋ 'ਤੇ ਹਾਵੀ ਹੋ ਗਿਆ। ਹੁੰਦਾ ਕਿਉਂ ਨਾ, ਜਦ ਆਪਣਾ ਮੁੰਡਾ ਸਮਝ ਕੇ ਦੁੱਧ-ਮੱਖਣਾਂ ਨਾਲ ਪਾਲ਼ਿਆ ਸੀ। ਫੌਜੀ ਦੀ ਦੇਖ-ਰੇਖ 'ਚ ਉਹ ਐਸਾ ਚਮਕਿਆ ਕਿ ਕੀ ਸਕੂਲ, ਕੀ ਪਿੰਡ, ਸਭ ਹਾਣੀਆਂ ਨੂੰ ਮੋਰ੍ਹੇ ਭਜਾਉਣ ਲੱਗ ਪਿਆ। ਉਹ ਪੰਜਵੀ ਜਮਾਤ ਵਿਚ ਸੀ ਜਦੋਂ ਉਹਦੇ ਸਿਰ 'ਤੇ ਕਬੱਡੀ ਟੀਮ ਨੇ ਬਲਾਕ ਵਿਚੋਂ ਪਹਿਲੀ ਪੁਜ਼ੀਸ਼ਨ ਹਾਸਲ ਕਰ ਲਈ। ਇੰਨਾ ਛੋਹਲਾ ਸੀ ਕਿ ਸਰੀਰ ਨੂੰ ਹੱਥ ਨਈਂ ਸੀ ਪੈਣ ਦਿੰਦਾ। ਪਰ ਜਦੋਂ ਉਹ ਵਿਰੋਧੀ ਨੂੰ ਹੱਥ ਪਾਉਂਦਾ, ਬੰਨ੍ਹ ਕੇ ਰੱਖ ਲੈਂਦਾ।

ਜਦ ਉਹ ਅੱਗੇ ਹਾਈ ਸਕੂਲ 'ਚ ਗਿਆ ਅਤੇ ਸਾਹਮਣਾ ਬੜਿਆਂ ਜੋੜਾਂ ਨਾਲ ਹੋਇਆ ਤਾਂ ਆਲੇ-ਦੁਆਲੇ ਦੂਰ ਤਕ 'ਛੋਟੂ-ਛੋਟੂ' ਹੋਣ ਲੱਗ ਪਈ। ਉਹ ਗਰਾਊਂਡ ਵਿਚ ਕਦੇ ਟਿਕ ਕੇ ਨਹੀਂ ਸੀ ਖੜ੍ਹਦਾ। ਸਰੀਰ ਨੂੰ ਹਿਲਾਉਂਦਾ ਰਹਿੰਦਾ। ਜਿਹੜੇ ਉਹਦੀ ਕਬੱਡੀ ਦੇਖਦੇ, ਅਸ਼-ਅਸ਼ ਕਰ ਉਠਦੇ। ਨੋਟ ਵਾਰਨੋਂ ਨਾ ਥੱਕਦੇ। ਜਦੋਂ ਬਾਹਰ ਕਿਤੇ ਤਕੜੀ ਟੀਮ ਨਾਲ ਮੈਚ ਪੈਂਦਾ, ਫੌਜੀ ਕੰਮ ਛੱਡ ਕੇ ਖ਼ੁਦ ਉਹਦੀ ਕਬੱਡੀ ਦੇਖਣ ਅਤੇ ਹੌਸਲਾ ਦੇਣ ਪਹੁੰਚਦਾ। ਲੋਕਾਂ ਕੋਲੋਂ ਉਹਦੀ ਤਾਰੀਫ਼ ਸੁਣ ਕੇ ਫੌਜੀ ਦੀ ਛਾਤੀ ਚੌੜੀ ਹੋ ਜਾਂਦੀ।

ਇਕ ਵਾਰ ਪਿੰਡ ਦੇ ਮੁੰਡੇ ਛੋਟੂ ਨੂੰ ਦੂਰ ਕਿਸੇ ਹੋਰ ਜ਼ਿਲ੍ਹੇ ਵਿਚ ਕਬੱਡੀ ਖੇਡਣ ਲੈ ਗਏ। ਉਦੋਂ ਫੌਜੀ ਕਿਤੇ ਨਾਲ ਨਹੀਂ ਸੀ। ਵਿਰੋਧੀ ਟੀਮ ਨੇ ਆਪਣੀ ਪਿੰਡ ਦੀ ਟੀਮ ਵਿਚ ਹੋਰ ਬਾਹਰੋਂ ਤਕੜੇ ਖਿਡਾਰੀ ਪਾਏ ਹੋਏ ਸਨ। ਮੈਚ ਦੇ ਸ਼ੁਰੂ 'ਚ ਉਹਨਾਂ ਦੋ ਕੁ ਨੰਬਰ ਲੈਣ ਦਿੱਤੇ। ਫਿਰ ਤਾਂ ਉਹ ਸਿੱਧੇ ਛੋਟੂ ਦੁਆਲ਼ੇ ਹੋ ਗਏ, ਜਿਵੇਂ ਉਹ ਖਿੜਦੀ ਕਲੀ ਨੂੰ ਇੱਥੇ ਹੀ ਮਧੋਲ਼ ਦੇਣਾ ਚਾਹੁੰਦੇ ਸਨ। ਧੌਲ਼ਾਂ, ਕੈਂਚੀਆਂ, ਠਿੱਬੀਆਂ, ਫਾਊਲ ਮਾਰ ਮਾਰ ਛੋਟੂ ਨੂੰ ਹਾਲੋਂ ਬੇਹਾਲ ਕਰ ਦਿੱਤਾ। ਇਹ ਉਹਨਾਂ ਦੇ ਆਪਣੇ ਹੀ ਪਿੰਡ ਦੇ ਕੁਝ ਬੰਦਿਆਂ ਦੀ ਸ਼ਰਾਰਤ ਸੀ ਜੋ ਪ੍ਰਦੇਸੀ ਹੋਣ ਕਰਕੇ ਖ਼ਾਰ ਖਾਂਦੇ ਸਨ। ਉਹ ਫੌਜੀ ਅਤੇ ਛੋਟੂ ਨੂੰ ਜ਼ਰਾ ਰੋਲ਼ ਕੇ ਨੀਵਾਂ ਦਿਖਾਉਣਾ ਚਾਹੁੰਦੇ ਸਨ। ਬਾਕੀ ਟੀਮ ਦਾ ਕੋਈ ਵੀ ਖਿਡਾਰੀ ਇੰਨਾ ਹੌਸਲਾ ਨਾ ਕਰ ਸਕਿਆ ਕਿ ਛੋਟੂ ਦੇ ਬਰਾਬਰ ਖੜ੍ਹ ਸਕੇ। ਉਂਝ ਉਹ ਡਰਾਕਲ ਨਈਂ ਸੀ ਪਰ ਲੜਾਕੂ ਵੀ ਨਹੀਂ ਸੀ। ਸਮਝਦਾਰ ਸੀ। ਉਹਨੂੰ ਪਤਾ ਸੀ ਕਿ ਭੂਸਰੀ ਭੀੜ ਨਾਲ ਮੱਥਾ ਡਾਹੁਣਾ ਮੂਰਖ਼ਤਾ ਏ।

ਫੌਜੀ ਨੇ ਜਦ ਉਹਦੀਆਂ ਸੱਟਾਂ, ਜ਼ਖ਼ਮ ਦੇਖੇ, ਉਹਨੇ ਤਾਂ ਲੋਹਾ-ਲਾਖਾ ਹੁੰਦਿਆਂ ਬੰਦੂਕ ਚੁੱਕ ਲਈ। ਕਹੇ ਕਿ ਮੇਰੇ ਨਾਲ ਚੱਲ ਕੇ ਦੱਸ ਉਹ ਬੰਦੇ, ਮੈਂ ਤਾਂ ਉਹਨਾਂ ਨੂੰ ਛੱਡਣਾ ਨਹੀਂ। ਛੋਟੂ ਕਹੇ ਡੈਡੀ ਸਬਰ ਰੱਖੋ। ਕਿਸੇ ਆਪਣੇ ਨੇ ਇਹ ਗੰਦੀ ਚਾਲ ਚੱਲੀ ਏ। ਆਪਾਂ ਗੰਦਿਆਂ ਨਾਲ ਗੰਦੀ ਖੇਡ ਨਈਂ ਖੇਡਣੀ। ਸ਼ਾਂਤ ਹੋ ਜਾਉ। ਇਹ ਸੱਟਾਂ, ਜ਼ਖ਼ਮ ਮੈਨੂੰ ਖੇਡਣੋਂ ਨਹੀਂ ਰੋਕ ਸਕਦੇ। ਅਸੀਂ ਮੁੜ ਤਿਆਰੀ ਕਰਾਂਗੇ ਅਤੇ ਤੁਹਾਡੀ ਅਗਵਾਈ 'ਚ ਉੱਥੇ ਜਿੱਤ ਦਾ ਬਿਗਲ ਵਜਾ ਕੇ ਆਵਾਂਗੇ। ਭਾਵੁਕ ਹੋਏ ਫੌਜੀ ਦੇ ਹੱਥੋਂ ਬੰਦੂਕ ਡਿੱਗ ਪਈ ਅਤੇ ਛੋਟੂ ਦੀ ਸਮਝਦਾਰੀ ਅੱਗੇ ਝੁਕਦਿਆਂ ਉਹਨੂੰ ਕਲਾਵੇ 'ਚ ਲੈ ਲਿਆ। ਕਈ ਦਿਨ ਮੀਆਂ-ਬੀਵੀ ਉਹਦੇ ਮਲ੍ਹਮ-ਪੱਟੀਆਂ ਕਰਦੇ ਰਹੇ। ਇਸ ਤੋਂ ਬਾਅਦ ਫੌਜੀ ਹਮੇਸ਼ਾ ਉਹਦੇ ਨਾਲ ਹੁੰਦਾ ਅਤੇ ਹਰ ਥਾਂ ਜਿੱਤ ਦਾ ਝੰਡਾ ਗੱਡ ਕੇ ਆਉਂਦੇ।

ਇਕ ਵਾਰ ਪਿੰਡ 'ਚ ਗੁੱਗਾ ਨੌਵੀਂ ਦੀ ਛਿੰਝ। ਦੋ-ਦੋ, ਤਿੰਨ-ਤਿੰਨ ਕੁਸ਼ਤੀਆਂ ਇਕੱਠੀਆਂ ਪਿੜ 'ਚ ਹੁੰਦੀਆਂ ਰਹੀਆਂ। ਭਲਵਾਨ ਢਾਹੁੰਦੇ ਰਹੇ, ਢਹਿੰਦੇ ਰਹੇ। ਜਦੋਂ ਘੋਲ਼ਾਂ ਦਾ ਜ਼ੋਰ ਲੱਗ ਹਟਿਆ ਤਾਂ ਓਹੀ ਮੋਟੂ ਦੀਸ਼ਾ ਭਲਵਾਨ ਅੱਜ ਫੇਰ ਅਖਾੜੇ 'ਚ ਲੰਗੋਟਾ ਕਸਦਾ ਥਾਪੀਆਂ ਮਾਰਦਾ ਨਾ ਹਟੇ। ਪਿਛਲੇ ਤਿੰਨਾਂ ਸਾਲਾਂ ਤੋਂ ਉਹ ਬਿਨਾਂ ਘੁਲ਼ਿਆਂ, ਥਾਪੀਆਂ ਮਾਰਦਾ, ਪਿੜ 'ਚ ਗੇੜੀਆਂ ਕੱਢ ਕੇ ਪਟਕਾ ਲੈ ਜਾਂਦਾ। ਉਹਦੇ ਨਾਲ ਦੋ ਹੱਥ ਕਰਨ ਦੀ ਕਿਸੇ 'ਚ ਹਿੰਮਤ ਨਾ ਹੁੰਦੀ। ਫੌਜੀ ਨੇ ਅੰਦਰੋ-ਅੰਦਰੀਂ ਮਨ ਵਿਚ ਪਤਾ ਨਹੀਂ ਕੀ ਧਾਰੀ ਹੋਈ ਸੀ। ਐਤਕੀਂ ਅਜੇ ਉਹਨੇ ਇਕੋ ਪਟਕਾ- ਗੇੜੀ ਪੂਰੀ ਕੀਤੀ ਸੀ ਜਦੋਂ ਛੋਟੂ ਨੇ ਅਖਾੜੇ 'ਚ ਦਾਖ਼ਲ ਹੁੰਦਿਆਂ ਥਾਪੀ ਮਾਰ ਕੇ ਸਭ ਨੂੰ ਅਚੰਭਤ ਕਰ ਦਿੱਤਾ, ਅਤੇ ਨਾਲ ਹੀ 'ਬੋਲੇ ਸੋ ਨਿਹਾਲ,ਸਤਿ ਸ੍ਰੀ ਅਕਾਲ' ਦਾ ਜੈਕਾਰਾ ਛੱਡ ਦਿੱਤਾ। ਨਾਲੇ ਥਾਪੀਆਂ ਮਾਰਦਿਆਂ ਅਤੇ ਉੱਤੋਂ ਦੋ-ਤਿੰਨ ਬਾਜ਼ੀਆਂ ਪਾ ਕੇ ਸਭ ਦਾ ਧਿਆਨ



ਆਪਣੀ ਵੱਲ ਖਿੱਚ ਲਿਆ। ਦੀਸ਼ੇ ਦਾ ਦੂਸਰਾ ਗੇੜਾ ਦੇਣ ਦੀ ਹਿੰਮਤ ਨਾ ਪਈ ਜਿਵੇਂ ਕਿਸੇ ਨੇ ਉਹਦਾ ਜੇਤੂ ਰਥ ਆ ਰੋਕਿਆ ਹੋਵੇ। ਫੌਜੀ ਨੇ ਕਿਸੇ ਨੂੰ ਖ਼ਬਰ ਤਕ ਨਾ ਹੋਣ ਦਿੱਤੀ। ਅੰਦਰੋ-ਅੰਦਰੀ ਪਤਾ ਨਈਂ ਕਿੱਥੋਂ ਛੋਟੂ ਨੂੰ ਭਲਵਾਨੀ ਦਾਅ-ਪੇਚ ਸਿਖਾਉਂਦਾ ਰਿਹਾ। ਕਈ ਮਹੀਨੇ ਗੁਪਤੋ-ਗੁਪਤੀ ਤੜਕੇ ਹੀ ਭੋਲੇ ਭਲਵਾਨ ਦੀ ਸ਼ਾਗਿਰਦੀ ਕਰਨ ਭੇਜਦਾ ਰਿਹਾ। ਅੱਧਾ ਭਲਵਾਨ ਤਾਂ ਉਹ ਪਹਿਲੋਂ ਸੀ। ਅੱਧਾ ਰਹਿੰਦਾ ਭੋਲੇ ਨੇ ਚੰਡ ਦਿੱਤਾ। ਮੋਟੂ ਨੇ ਆਪਣੇ ਕਿਸੇ ਚੇਲੇ ਰਾਹੀਂ ਛੋਟੂ ਨੂੰ ਪੈਰੋਂ ਕੱਢਣ ਲਈ ਸੁਨੇਹਾ ਭੇਜਿਆ ਕਿ ਜੇ ਮੇਰੇ ਕੋਲੋਂ ਗੁੱਸੇ 'ਚ ਕਿਤੇ ਸੱਟ-ਚੋਟ ਖਾ ਬੈਠਾ ਤਾਂ ਸਾਰੀ ਉਮਰ ਉਠਣ ਜੋਗਾ ਨਾ ਰਹੂ। ਇਹ ਕੋਈ ਕਬੱਡੀਆਂ-ਛਬੱਡੀਆਂ ਨਈਂ; ਸਾਨ੍ਹਾਂ ਦੇ ਭੇੜ ਆ। ਅਸੀਂ ਅਖਾੜਿਆਂ ਦੇ ਭਲਵਾਨ ਹੁੰਨੇ ਆਂ। ਫੇਰ ਕਹੇਗਾ ਕਿ ਪਹਿਲਾਂ ਦੱਸਿਆ ਨਈਂ। ਅੱਗੇ ਸੁਨੇਹਾ ਫੌਜੀ ਤਕ ਵੀ ਪਹੁੰਚ ਗਿਆ। ਫੌਜੀ ਨੇ ਬੜਾ ਬਣਾ-ਸੰਵਾਰ ਕੇ ਜਵਾਬ ਭੇਜਿਆ ਕਿ ਆਪਣੇ ਲਈ ਹੁਣੇ ਤੋਂ ਹਕੀਮ ਦਾ ਪ੍ਰਬੰਧ ਕਰ ਲਏ। ਜੇ ਦੇਰੀ ਹੋਣ ਨਾਲ ਕੋਈ ਉਨੀ-ਇੱਕੀ ਹੋ ਗਈ ਤਾਂ ਖ਼ੁਦ ਜ਼ੁੰਮੇਵਾਰ ਹੋਵੇਗਾ। ਕੁਝ ਚਿਰ ਲਈ ਫੇਰ ਚੁੱਪ-ਚਾਂ ਛਾ ਗਈ। ਅਤੇ ਢੋਲ ਦੇ ਡੱਗੇ 'ਤੇ ਦੀਸ਼ਾ ਮੋਟੂ ਫੇਰ ਪਟਕਾ ਲਹਿਰਾ ਕੇ ਚੈਲਿੰਜ ਕਰਨ ਲੱਗਾ। ਉਹਦਾ ਡੀਲ-ਡੌਲ, ਕੱਦ-ਕਾਠ ਵਾਕਈ ਛੋਟੂ ਤੋਂ ਅੱਕਰਾ ਸੀ। ਫੇਰ ਉਮਰ, ਤਜਰਬੇ 'ਚ ਵੀ ਉਹਦਾ ਹੱਥ ਉਪਰ ਸੀ। ਪਰ ਦੂਜੇ ਪਾਸੇ ਉਂਝ ਤਾਂ ਛੋਟੂ ਦਾ ਵੀ ਫੌਲਾਦੀ ਜਿਸਮ ਸੀ। ਲੋਹੜੇ ਦੀ ਉਹਦੇ 'ਚ ਤੇਜ਼ੀ ਸੀ। ਹਾਂ, ਦੇਖਣ ਨੂੰ ਉਹ ਜ਼ਰੂਰ ਉਹਤੋਂ ਕੁਝ ਹਲਕਾ ਮਹਿਸੂਸ ਹੋ ਰਿਹਾ ਸੀ। ਦੀਸ਼ਾ ਚਾਮ੍ਹਲਿਆ ਲਲਕਾਰੇ 'ਤੇ ਲਲਕਾਰੇ ਮਾਰੀ ਜਾ ਰਿਹਾ ਸੀ। ਉਹਦੀਆਂ ਹਰਕਤਾਂ ਦੇਖ ਕੇ ਫੌਜੀ ਦਾ ਖ਼ੂਨ ਖੌਲ ਰਿਹਾ ਸੀ। ਫੌਜੀ ਨੇ ਛੋਟੂ ਨੂੰ ਕਲਾਵੇ 'ਚ ਲੈ ਕੇ ਅਖਾੜੇ ਦੀ ਗੇੜੀ ਦਿੱਤੀ ਅਤੇ ਫਿਰ ਛੋਟੂ ਨੂੰ ਥਾਪੀ ਦੇ ਕੇ ਕਹਿੰਦਾ ਕਿ ਲੈ ਹੁਣ ਮਾਰ ਦੇ ਥਾਪੀ। ਛੋਟੂ ਸ਼ੇਰ ਬਣ ਗਿਆ ਅਤੇ ਉਹਨੇ ਉਪਰੋਂ-ਥਲੀਂ ਇਕੱਠੀਆਂ ਕਈ ਥਾਪੀਆਂ ਮਾਰ ਦਿੱਤੀਆਂ। ਉਧਰ ਲੋਕਾਂ ਤੋਂ ਜੋਸ਼, ਹੱਲਾਸ਼ੇਰੀ ਸਾਂਭੀ ਨਹੀਂ ਸੀ ਜਾ ਰਹੀ।

ਦੋਵੇਂ ਭਲਵਾਨ ਅੜੋ-ਤੜੀ ਸਾਹਮਣੇ ਆ ਖੜ੍ਹੇ। ਦੋਵਾਂ ਰੈਫ਼ਰੀਆਂ ਨੇ ਉਹਨਾਂ ਨੂੰ ਸਮਝਾ ਕੇ ਠੰਢਾ ਕੀਤਾ ਅਤੇ ਇਸ਼ਾਰੇ ਨਾਲ ਲੋਕਾਂ ਨੂੰ ਪਿੜ ਤੋਂ ਬਾਹਰ ਰਹਿਣ ਦੀ ਅਪੀਲ ਕੀਤੀ। ਘੋਲ਼ ਸ਼ੁਰੂ ਹੋਣ ਤੋਂ ਪਹਿਲਾਂ ਹੀ ਲੋਕਾਂ ਨੇ ਨੋਟ ਲਹਿਰਾਉਣੇ ਸ਼ੁਰੂ ਕਰ ਦਿੱਤੇ।

ਇੰਨੇ ਨੂੰ ਪਿੰਡ ਦਾ ਹੀ ਇਕ ਕੁਮੈਂਟੇਟਰ ਆਪਣੇ ਟਰੈਕਟਰ 'ਤੇ ਚੜ੍ਹਿਆ ਹੀ ਜੋਸ਼ 'ਚ ਆਇਆ ਕੁਮੈਂਟਰੀ ਕਰਨ ਲੱਗਾ- "ਲਉ ਜੀ ਹੋਣ ਲੱਗੇ ਨੇ ਸਾਨ੍ਹਾਂ ਦੇ ਭੇੜ। ਮਾਲਵੇ ਦਾ ਮੰਨਿਆ-ਪ੍ਰਵੰਨਿਆਂ ਦੀਸ਼ਾ ਪਹਿਲਵਾਨ। ਹੱਡਾਂ-ਪੈਰਾਂ ਦਾ ਖੁੱਲ੍ਹਾ, ਛਾਤੀ ਚੌੜੀ, ਭਾਰਾ ਪਰ ਫੁਰਤੀ ਸਿਰੇ ਦੀ। ਸਾਹਮਣੇ ਵਾਲਾ ਭਲਵਾਨ ਅੱਧਾ ਕੁ ਤਾਂ ਉਹਨੂੰ ਦੇਖ ਕੇ ਢਹਿ ਜਾਂਦਾ। ਤਿੰਨ ਸਾਲ ਦਾ ਸ਼ੇਰ ਦਾ ਰਿਕਾਰਡ ਬੋਲਦਾ ਕਿ ਇੱਥੋਂ ਲਗਾਤਾਰ ਬਿਨਾਂ ਸਰੀਰ ਨੂੰ ਮਿੱਟੀ ਲੁਵਾਇਆਂ ਅਖਾੜੇ 'ਚ ਗੇੜੀ ਦੇ ਕੇ ਰੋਅਬ ਨਾਲ ਪਟਕਾ ਲਿਜਾਂਦਾ ਰਿਹਾ। ਕਿਸੇ ਮਾਈ ਦੇ ਲਾਲ ਦੀ ਹਿੰਮਤ ਨਈਂ ਹੋਈ ਜਿਹੜਾ ਸਾਹਮਣੇ ਆ ਕੇ ਥਾਪੀ ਮਾਰ ਜਏ। ਪਰ ਭਲਵਾਨ ਦੇ ਚਿੱਤ-ਚੇਤੇ ਵੀ ਨਈਂ ਸੀ ਕਿ ਉਹਨੂੰ ਰੋਕਣ ਵਾਲਾ ਵੀ ਜੰਮ ਪਊ। ਉਹ ਵੀ ਪਲੀਏ, ਯੂ.ਪੀ. ਤੋਂ ਆਊ। ਕੌਣ ਜਾਣਦਾ ਸੀ ਕਿ ਦੁੱਧ-ਮੱਖਣ ਪੰਜਾਬ ਦਾ ਖਾ ਕੇ, ਅਸ਼ੀਰਵਾਦ ਫੌਜੀ ਗੱਜਣ ਸਿੰਘ ਦਾ ਲੈ ਕੇ, ਆਪਣੇ ਪੱਟਾਂ ਦੇ ਜ਼ੋਰ 'ਤੇ ਚੁਣੌਤੀ ਮਲਵਈ ਜੱਟ ਨੂੰ ਦਿਊ। ਕੌਣ ਕਹਿੰਦਾ ਇਹ ਭਈਆ। ਪੰਜਾਬੀ ਨੌਜਵਾਨਾਂ ਲਈ ਜਿਹੜਾ ਵੰਗਾਰ ਬਣਿਆਂ ਏ। ਮਾਂ ਦਾ ਬਲਰਾਮ, ਪੰਜਾਬੀਆਂ ਦਾ ਛੋਟੂ, ਬੜਿਆਂ-ਬੜਿਆਂ ਦੀਆਂ ਢੂੰਹਾਂ ਢਾਹੁੰਦਾ, ਥਾਪੀਆਂ ਮਾਰਦਾ ਆ ਖੜ੍ਹਿਆ, ਦੀਸ਼ੇ ਨੂੰ ਲਲਕਾਰਦਾ; ਬਰਾਬਰ ਹੱਥ ਪਟਕੇ ਨੂੰ ਪਾ ਲਿਆ। ਲੋਹੇ ਜਿਹਾ ਜਿਸਮ, ਚਿੱਤੇ ਜਿਹੀ ਫੁਰਤੀ। ਨਾ ਲੰਮਾ ਨਾ ਮਧਰਾ; ਮੀਢ੍ਹੀਆਂ ਜਿਉਂ ਗੁੰਦਿਆ ਸਰੀਰ। ਅੱਜ ਹੱਥ ਫਨੀਅਰ ਨੂੰ ਪਾ ਲਿਆ।...ਲਉ ਜੀ ,ਢੋਲੀ ਨੇ ਘੋਲ਼ ਸ਼ੁਰੂ ਕਰਾਉਣ ਦਾ ਡੱਗਾ ਲਾਇਆ। ਦੋਵਾਂ ਭਲਵਾਨਾਂ ਦੇ ਬਰਾਬਰ ਪੱਟ ਖੜਕੇ।...ਭੇੜ ਹਿੰਦ-ਪੰਜਾਬ ਦਾ ਹੋਣ ਲੱਗਾ। ਚੁੱਕਦੇ ਢੋਲ ਵਾਲਿਆ! ਜਨਤਾ ਖ਼ੁਸ਼ੀ 'ਚ ਕੂਕਾਂ ਮਾਰਦੀ ਏ। ਕੌਣ ਜਿੱਤਦਾ ਤੇ ਕਿਹੜੀ ਧਿਰ ਹਾਰਦੀ ਏ।...ਬਰਾਬਰ ਦੀ ਟੱਕਰ, ਊਣਾ ਕੋਈ ਨਾ ਜਾਪਦਾ। ਆਪਣੀ-ਆਪਣੀ ਤੱਕੜੀ ਨਾਲ ਹਰ ਕੋਈ ਲਗਦਾ ਹਾਰ-ਜਿੱਤ ਨੂੰ ਜਿਉਂ ਨਾਪਦਾ।

ਲਉ ਜੀ ਘੋਲ ਸ਼ੁਰੂ ਹੋ ਗਿਆ। ਦੀਸ਼ੇ ਨੇ ਆਪਣੇ ਪੈਰਾਂ ਦੀ ਤਾਕਤ ਦਿਖਾਉਂਦਿਆਂ ਮਿੱਟੀ ਦੂਰ-ਦੂਰ ਤਕ ਉਲਾਰੀ ਹੈ। ਇਕ ਕਰਾਰੀ ਜਿਹੀ ਧੌਲ ਛੋਟੂ ਦੇ ਪਈ ਹੈ। ਛੋਟੂ ਡਿਗਦਾ-ਡਿਗਦਾ ਮਸੀਂ ਸੰਭਲਿਆ। ਰੈਫ਼ਰੀ ਨੇ ਸੀਟੀ ਵਜਾ ਕੇ ਹੱਥ ਦੇ ਇਸ਼ਾਰੇ ਨਾਲ ਦੀਸ਼ੇ ਨੂੰ ਵਰਜਿਆ ਹੈ।

"ਉਏ! ਇਹਨੂੰ ਭਈਆ ਨਾ ਜਾਣੀ। ਫੌਜੀ ਦਾ ਸ਼ੇਰ ਏ; ਪਾੜ ਕੇ ਸੁੱਟ ਦਊ।" ਫੌਜੀ ਅਖਾੜੇ 'ਚ ਵੜਦਾ ਗੁੱਸੇ 'ਚ ਲਲਕਾਰਿਆ। ਦੋ ਜਣਿਆਂ ਨੇ ਪਤਿਆ ਕੇ ਫੌਜੀ ਨੂੰ ਮਸਾਂ ਬਾਹਰ ਨੂੰ ਲਿਆਂਦਾ। ਦੋਵਾਂ ਭਲਵਾਨਾਂ ਦੇ ਦਾਅ-ਪੇਚ ਜਾਰੀ ਸਨ। ਦੀਸ਼ਾ ਹਾਵੀ ਹੁੰਦਾ ਦਿਸ ਰਿਹਾ ਸੀ। ਡੱਗੇ ਦੀ ਤਾਲ 'ਤੇ ਲੋਕੀਂ ਬਾਹਰ ਭੰਗੜੇ ਪਾਉਂਦੇ ਹੂਅ-ਹਾਅ-ਕੂਕਾਂ ਮਾਰ ਰਹੇ। ਦੀਸ਼ੇ ਨੇ ਛੋਟੂ ਨੂੰ ਫੁਰਤੀ ਨਾਲ ਆਪਣੇ ਵੱਲ ਖਿੱਚਦਿਆਂ ਉਤਾਂਹ ਚੁੱਕ ਲਿਆ। ਐਂ ਲੱਗ ਰਿਹਾ ਸੀ ਕਿ ਹੁਣ ਛੋਟੂ ਨੂੰ ਜ਼ਮੀਨ 'ਤੇ ਪਟਕਿਆ ਕਿ ਪਟਕਿਆ। ਇਕ ਵਾਰ ਤਾਂ ਦੇਖਣ ਵਾਲਿਆਂ ਨੇ ਸਾਹ ਰੋਕ ਲਏ। ਫੌਜੀ ਨੂੰ ਲੱਗਿਆ ਕਿ ਹੁਣ ਇਹ ਛੋਟੂ ਪੁੱਠਾ ਹੋਇਆ ਕਿ ਹੋਇਆ। ਛੋਟੂ ਦੀ ਕਮਾਲ ਦੇਖੋ। ਪਤਾ ਨਈਂ ਕਿਵੇਂ ਤੇ ਕਦ ਉਹਨੇ ਦੀਸ਼ੇ ਦੀਆਂ ਲੱਤਾਂ 'ਚ ਆਪਣੀਆਂ ਲੱਤਾਂ ਅੜਾ ਦਿੱਤੀਆਂ। ਦੀਸ਼ੇ ਦੇ ਪੈਰ ਚੁੱਕੇ ਗਏ ਅਤੇ ਉਹ ਆਪਣੇ ਹੀ ਭਾਰ ਜ਼ਮੀਨ 'ਤੇ ਪਟਾਕ ਕਰਕੇ ਪਿੱਠ ਭਾਰ ਆ ਡਿੱਗਿਆ। ਛੋਟੂ ਉਹਦੇ ਉਪਰ ਪਿਆ ਲਲਕਾਰੇ ਮਾਰ ਰਿਹਾ ਸੀ। ਰੈਫ਼ਰੀ ਨੇ ਛੋਟੂ ਦੀ ਬਾਂਹ ਖੜ੍ਹੀ ਕਰ ਕੇ ਉਹਨੂ ਜੇਤੂ ਐਲਾਨ ਦਿੱਤਾ। ਚਾਰੇ ਪਾਸੇ ਕੂਕਾਂ ਨਾਲ ਨੋਟ ਉਲਰਨ ਲੱਗੇ। ਚਾਰ ਜਣੇ ਛੋਟੂ ਨੂੰ ਉਤਾਂਹ ਚੁੱਕ ਕੇ, ਪਟਕਾ ਹੱਥ 'ਚ ਫੜਾਈ, ਢੋਲ ਦੀ ਟਾਪ 'ਤੇ ਗੇੜਾ ਦੇਣ ਲੱਗੇ। ਛੋਟੂ ਉੱਤੇ ਨੋਟਾਂ ਦਾ ਮੀਂਹ ਵਰ੍ਹਨ ਲੱਗਾ। ਫੌਜੀ ਅਤੇ ਦੋ ਹੋਰ ਜਣਿਆਂ ਨੇ ਮਸਾਂ ਉਡਦੇ ਨੋਟਾਂ ਨੂੰ ਸਾਂਭਿਆ। ਮੋਢਿਆਂ 'ਤੇ ਝੂਲਦਾ ਛੋਟੂ ਅੱਜ ਕਿੰਨਾ ਉੱਚਾ ਹੋ ਗਿਆ ਸੀ। ਦੀਸ਼ੇ ਪਹਿਲਵਾਨ ਦਾ ਕਿਸੇ ਨੂੰ ਖਿਸਕਦੇ ਦਾ ਵੀ ਪਤਾ ਨਾ ਲੱਗਾ। ਫੌਜੀ ਦਾ ਧਰਤੀ ਪੈਰ ਨਹੀਂ ਸੀ ਲੱਗ ਰਿਹਾ। ਖੁਸ਼ੀ 'ਚ ਭਾਵੁਕ ਹੋਏ ਦੀਆਂ ਉਹਦੀਆਂ ਅੱਖਾਂ ਛਲਕ ਪਈਆਂ। ਉਹਨੇ ਦੌੜ ਕੇ ਛੋਟੂ ਨੂੰ ਗਲ ਲਾ ਲਿਆ। ਛੋਟੂ ਨੇ ਜੋਸ਼ ਵਿਚ ਫੌਜੀ ਨੂੰ ਉਤਾਂਹ ਚੁੱਕ ਦਿੱਤਾ। ਫਿਰ ਆਪਣਾ ਜਿੱਤਿਆ ਪਟਕਾ ਫੌਜੀ ਦੇ ਸਿਰ 'ਤੇ ਸਜਾ ਦਿੱਤਾ। ਫੌਜੀ ਬਾਗ਼ੋ-ਬਾਗ਼ ਹੋ ਗਿਆ। ਢੋਲ ਦੇ ਡੱਗੇ 'ਤੇ ਉਹ ਦੋਵੇਂ ਜੱਫ਼ੀਆਂ ਪਾ ਕੇ ਨੱਚਦੇ ਲੋਕਾਂ ਦੇ ਹੜ੍ਹ 'ਚ ਗੁਆਚੇ ਘਰ ਵੱਲ ਨੂੰ ਜਾ ਰਹੇ ਸਨ। ਹੁਣ ਉਹ ਛੋਟੂ ਤੋਂ ਛੋਟੂ ਭਲਵਾਨ ਬਣ ਗਿਆ ਸੀ।

ਉਸ ਤੋਂ ਬਾਅਦ ਤਾਂ ਚੱਲ ਸੋ ਚੱਲ। ਆਖ਼ਿਰ ਭਲਵਾਨੀ ਨੇ ਉਹਦੀ ਕਬੱਡੀ ਛੁਡਾ ਦਿੱਤੀ। ਪੂਰੇ ਇਲਾਕੇ 'ਚ ਛੋਟੂ-ਛੋਟੂ ਹੋਣ ਲੱਗੀ। ਬਾਹਰਲੇ ਲੋਕਾਂ ਦੇ ਮੂੰਹ 'ਤੇ ਪਿੰਡ ਦਾ ਨਾਂ ਹੀ 'ਛੋਟੂ ਭਲਵਾਨ' ਚੜ੍ਹ ਗਿਆ। ਇਕ ਵਾਰ ਭਲਵਾਨੀ ਉਹਤੋਂ ਉਦੋਂ ਛੁੱਟ ਗਈ ਜਦੋਂ ਉਹ ਪਾਕਿਸਤਾਨ ਘੁਲਣ ਗਿਆ ਮੋਢਾ ਹਿਲਾ ਬੈਠਾ।

ਫੌਜੀ ਦੀ ਕੁੜੀ ਬੀ.ਏ. ਦੇ ਆਖਿਰੀ ਸਾਲ ਵਿਚ ਸੀ ਜਦੋਂ ਉਹਦੀ ਬਾਹਰਲੇ ਮੁੰਡੇ ਨਾਲ ਮੰਗਣੀ ਤਹਿ ਹੋਈ। ਮੁੰਡੇ ਨੇ ਆਪ ਆ ਕੇ ਗੱਲ ਫਾਈਨਲ ਕਰਨੀ ਸੀ। ਉਂਝ ਫੌਜੀ ਵੱਲੋਂ ਤਾਂ ਹਾਂ ਹੀ ਸੀ। ਇਕ ਵਾਰ ਨਾਂਹ-ਨੁਕਰ ਹੋ ਜਾਣ ਕਾਰਣ ਫੌਜੀ ਉਹਦੇ ਵਿਆਹ ਲਈ ਕਾਹਲਾ ਸੀ।

ਇਕ ਦਿਨ ਫੌਜੀ ਸਵੇਰੇ-ਸਵੇਰੇ ਸੈਰ ਤੋਂ ਮੁੜਿਆ ਤਾਂ ਵਿਚੋਲੇ ਦਾ ਫ਼ੋਨ ਖੜਕ ਪਿਆ। ਉਹ ਕਹਿੰਦਾ ਕਿ ਮੁੰਡਾ ਬਾਹਰੋਂ ਆ ਗਿਆ ਏ ਅਤੇ ਕੁੜੀ ਨਾਲ ਬਹਿ ਕੇ ਦੋ ਘੜੀਆਂ ਗੱਲਬਾਤ ਕਰਨਾ ਚਾਹੁੰਦਾ। ਫੌਜੀ ਮੋਹਰਿਉਂ ਕਹਿੰਦਾ ਕਿ ਘਰੇ ਆ ਜਏ ਮੁੰਡਾ। ਅਲੱਗ ਕਮਰੇ 'ਚ ਬਹਿ ਕੇ ਕਰ ਲੈਣ ਗੱਲਬਾਤ; ਮੈਨੂੰ ਕੋਈ ਇਤਰਾਜ਼ ਨਈਂ। ਪਰ ਵਿਚੋਲਾ ਕਹੇ ਕਿ ਮੁੰਡਾ ਬਾਹਰਲਾ ਬਾੱਰਨ ਏ। ਉਹ ਬਾਹਰ ਕਿਤੇ ਵੱਖ ਬਹਿ ਕੇ ਕੁੜੀ ਨਾਲ ਆਪਣੇ ਵਿਚਾਰ ਸਾਂਝੇ ਕਰਨਾ ਚਾਹੁੰਦਾ। ਅਖੇ ਫਸੀ ਨੂੰ ਫਟਕਣ ਕੀ। ਖ਼ੈਰ ਫੌਜੀ ਨੂੰ ਨਾ ਚਾਹੁੰਦਿਆਂ ਹੋਇਆਂ ਵੀ 'ਹਾਂ' ਕਰਨੀ ਪਈ। ਕਰਦਿਆਂ-ਕਰਾਉਂਦਿਆਂ ਆਖਿਰ ਮਿਲਣੀ ਤਹਿ ਹੋ ਗਈ। ਦੂਜੀ ਸਮੱਸਿਆ ਇਹ ਸੀ ਕਿ ਫੌਜਣ ਸਾਥ ਛੱਡ ਕੇ ਦੂਜੇ ਜਹਾਨ ਤੁਰ ਗਈ ਸੀ। ਬੱਸ ਸੁੱਤੀ ਪਈ ਰਹਿ ਗਈ। ਕੁੜੀ ਨਾਲ ਭੇਜਣ ਲਈ ਹੋਰ ਜ਼ਨਾਨੀ ਘਰ 'ਚ ਕੋਈ ਨਈਂ ਸੀ। ਆਪ ਜਾਣਾ ਉਹਨੂੰ ਚੰਗਾ ਜਿਹਾ ਨਾ ਲੱਗਾ। ਸੋਚ-ਸੂਚ ਕੇ ਉਹਨੇ ਬਿੱਲੋ ਨੂੰ ਛੋਟੂ ਨਾਲ ਭੇਜਣ ਦਾ ਮਨ ਬਣਾ ਲਿਆ। ਉਹਨੇ ਸੋਚਿਆ ਕਿ ਭੇਜਣ ਵਿਚ ਹਰਜ



ਵੀ ਕੀ ਏ; ਅੱਗੇ ਵੀ ਤਾਂ ਉਹਦੇ ਨਾਲ ਆਉਂਦੀ-ਜਾਂਦੀ ਏ। ਉਸ ਤੋਂ ਵੱਧ ਵਿਸ਼ਵਾਸ ਰਿਸ਼ਤੇਦਾਰ 'ਤੇ ਛੱਡਿਆ, ਉਹਨੂੰ ਆਪਣੇ-ਆਪ ਉੱਤੇ ਵੀ ਨਈਂ ਸੀ। ਨਾਲੇ ਔਝੀ-ਸੌਝੀ ਮੌਕੇ ਉਸ ਤੋਂ ਤਕੜਾ ਬਾਡੀਗਾਰਡ ਕਿਹੜਾ ਹੋ ਸਕਦਾ ਸੀ। ਕੁੜੀ ਤਾਂ ਮਨੋਂ-ਮਨੀਂ ਪਹਿਲਾਂ ਹੀ ਉਹਦੇ ਨਾਲ ਜਾਣਾ ਚਾਹੁੰਦੀ ਸੀ। ਬਿੱਲੋ ਨੂੰ ਆਪਣੇ ਨਾਲ ਤੁਰਿਆ ਜਾਂਦਾ ਉਹ ਸੋਹਣਾ ਲਗਦਾ ਸੀ।

ਮਿਥੇ ਸਮੇਂ ਅਤੇ ਸਥਾਨ ਮੁਤਾਬਕ ਛੋਟੂ ਗੱਡੀ 'ਚ ਬਿੱਲੋ ਨੂੰ ਨਾਲ ਲੈ ਕੇ ਟਿਕਾਣੇ 'ਤੇ ਪਹੁੰਚ ਗਿਆ। ਨਹਿਰ ਕੰਢੇ ਇਕ ਰਿਸੋਰਟ ਸੀ। ਨਾਲ ਇਕ ਖ਼ੂਬਸੂਰਤ ਖੁੱਲ੍ਹਾ-ਡੁੱਲ੍ਹਾ ਪਾਰਕ ਸੀ। ਅਜੀਬ ਜਿਹੇ ਹੁਲੀਏ ਵਾਲੇ ਮੰਗੇਤਰ ਨਾਲ ਉਸੇ ਤਰ੍ਹਾਂ ਦੇ ਦੋ ਹੋਰ ਨਮੂਨੇ ਸਨ। ਉਹਨਾਂ ਨੇ ਬਾਹਾਂ, ਗਰਦਨ ਉੱਤੇ ਟੈਟੂ ਖ਼ੁਦਵਾਏ ਹੋਏ। ਫੁਟਬਾਲ ਜਿਹੇ ਘੋਨ-ਮੋਨ ਸਿਰਾਂ ਵਾਲੇ, ਫਿਲਮੀ ਸਟਾਈਲ 'ਚ ਤੁਰਦੇ; ਸਿਰ ਦੇ ਪਿੱਛੇ ਜਿਹੇ ਨੂੰ ਚਸ਼ਮੇ ਟੰਗੇ ਹੋਏ। 'ਹੈਲੋ-ਹਾਏ' ਤੋਂ ਬਾਅਦ ਮੰਗੇਤਰ ਬਿੱਲੋ ਨੂੰ ਇਸ਼ਾਰੇ ਨਾਲ ਪਰੇ ਨੂੰ ਪਾਰਕ ਦੇ ਖੂੰਜੇ 'ਚ ਲੈ ਗਿਆ। ਅਤੇ ਮੰਗੇਤਰ ਦੇ ਸਾਥੀਆਂ ਨੇ ਛੋਟੂ ਨੂੰ ਨਹਿਰ ਦੀ ਪਟੜੀ-ਪਟੜੀ ਨਾਲ ਤੋਰ ਲਿਆ। ਜਿਵੇਂ ਪਹਿਲਾਂ ਹੀ ਉਹਦੇ ਬਾਰੇ ਕਿਸੇ ਨੇ ਦੱਸ ਦਿੱਤਾ ਸੀ। ਉਹ ਗੱਲੀਂ-ਗੱਲੀਂ ਉਹਨੂੰ ਨੀਵਾਂ ਦਿਖਾ ਕੇ ਵਿਅੰਗ ਜਿਹੇ ਕਸਣ ਲੱਗੇ।

"ਭਈਆ ਜੀ! ਕੌਨ ਸੇ ਪਰਦੇਸ ਕੇ ਵਾਸੀ ਹੈਗਾ?" ਇਕ ਨੇ ਵਿਅੰਗਾਤਮਕ ਜਿਹੀ ਹਿੰਦੀ ਬੋਲ ਕੇ ਉਹਨੂੰ ਭਈਆ ਹੋਣ ਦਾ ਅਹਿਸਾਸ ਕਰਵਾਇਆ।

"ਸਰ! ਦੇਸ਼ ਮੇਰਾ ਭਾਰਤ, ਰਾਜ ਮੇਰਾ ਯੂ.ਪੀ.; ਮੈਂ ਨਾ ਪਰਦੇਸੀ। ਬੰਦਾ ਮੈਂ ਪੂਰੇ ਦਾ ਪੂਰਾ ਦੇਸੀ। ਸਾਗ 'ਚ ਮੱਖਣ ਪਾ ਕੇ ਖਾਈਦਾ, ਅਖਾੜੇ 'ਚ ਭਲਵਾਨੀ ਲਈ ਜਾਈਦਾ।" ਛੋਟੂ ਨੇ ਬੇਝਿਜਕ ਹੁੰਦਿਆਂ ਉਹਨਾਂ ਦੀ ਹਿੰਦੀ ਦੀ ਫੂਕ ਕੱਢਦਿਆਂ, ਜਵਾਬ ਠੇਠ ਪੰਜਾਬੀ ਵਿਚ ਦੇ ਕੇ ਆਪਣੇ ਹੀ ਢੰਗ ਨਾਲ ਸ਼ਰਮਿੰਦੇ ਜਿਹੇ ਕਰ ਦਿੱਤਾ।

"ਓ.ਕੇ,ਓ.ਕੇ! ਸ਼ੇਰ ਦੀ ਖੱਲ ਪਾ ਕੇ...।"

"ਛੱਡੋ ਫਰੈਂਡ! ਇਹ ਬਰੱਦਰ ਏ ਆਪਣਾ।" ਦੂਸਰੇ ਸਾਥੀ ਨੇ ਆਪਣੇ ਸਾਥੀ ਨੂੰ ਰੋਕਦਿਆਂ ਛੋਟੂ ਨੂੰ ਥਪਥਪਾਇਆ। ਫਿਰ ਉਹ ਬੜੇ ਸੋਹਣੇ ਲਾਈਨ 'ਤੇ ਆ ਕੇ ਗੱਲ ਕਰਨ ਲੱਗ ਪਏ।

ਛੋਟੂ ਉਹਨਾਂ ਨਾਲ ਪਟੜੀ 'ਤੇ ਤੁਰਦਾ-ਤੁਰਦਾ ਰੁਕ ਗਿਆ। ਉਹਦੀ ਤੀਸਰੀ ਅੱਖ ਪਿਛਲੀ ਵੀ ਬਿੜਕ ਲੈ ਰਹੀ ਸੀ। ਉਹ ਬਿੱਲੋ ਤੋਂ ਜ਼ਿਆਦਾ ਦੂਰ ਵੀ ਨਹੀਂ ਸੀ ਜਾਣਾ ਚਾਹੁੰਦਾ। ਜੇ ਉਹਨੂੰ ਫੌਜੀ ਨੇ ਨਾਲ ਤੋਰਿਆ ਸੀ ਤਾਂ ਉਹ ਵੀ ਬਿੱਲੋ ਦਾ ਬਾਡੀਗਾਰਡ ਬਣ ਕੇ ਫੌਜੀਆਂ ਵਾਂਗ ਪਹਿਰਾ ਦੇਣਾ ਚਾਹੁੰਦਾ ਸੀ।

"ਪਹਿਲਵਾਨ ਜੀ! ਕਮ ਆੱਨ। ਉਹਨਾਂ ਨੂੰ ਕਰਨ ਦਿਉ ਦਿਲ-ਲਗੀਆਂ। ਸਭ ਚਲਦਾ ਅੱਜ ਕਲ। ਬਾਹਰ ਤਾਂ ਮੈਰਿਜ ਤੋਂ ਪਹਿਲਾਂ ਸੈਕਸ ਕਰਨਾ ਵੀ ਜਾਇਜ਼ ਮੰਨਿਆ ਜਾਂਦਾ। ਕਿਉਂਕਿ ਇਕ-ਦੂਜੇ ਨੂੰ ਸਮਝਣ, ਪਰਖਣ ਲਈ ਇਹ ਸਭ ਜ਼ਰੂਰੀ ਏ।" ਦੂਜੇ ਸਾਥੀ ਨੇ ਛੋਟੂ ਦੀ ਮੱਠੀ ਪੈਂਦੀ ਚਾਲ ਨੂੰ ਦੇਖ ਕੇ ਉਹਨੂੰ ਸਮਝਾਉਣਾ ਚਾਹਿਆ ਸੀ।

ਓਹੀ ਗੱਲ ਹੋਈ। "ਛੋਟੂ!" ਬਿੱਲੋ ਦੀ ਦਿਲ-ਚੀਰਵੀਂ ਜਿਹੀ ਆਵਾਜ਼ ਨੇ ਛੋਟੂ ਦੇ ਕੰਨ ਖੜ੍ਹੇ ਕਰ ਦਿੱਤੇ ਅਤੇ ਉਹਦਾ ਮੂੰਹ ਇਕਦਮ ਪਾਰਕ ਵੱਲ ਨੂੰ ਘੁੰਮ ਗਿਆ। ਛੋਟੂ ਨੂੰ ਦਾਲ ਵਿਚ ਕੁਝ ਕਾਲ਼ਾ ਜਾਪਿਆ। ਮੰਗੇਤਰ ਦੇ ਨਾਲ ਦੇ ਦੋਵੇਂ ਵੀ ਚੁਕੰਨੇ ਹੋ ਕੇ ਆਪਣੇ ਡੌਲਿਆਂ 'ਤੇ ਹੱਥ ਫੇਰਨ ਲੱਗੇ। ਦੋਵਾਂ ਨੇ ਅੱਗੇ-ਪਿੱਛੇ ਹੁੰਦਿਆਂ ਛੋਟੂ ਨੂੰ ਰੋਕਣਾ ਚਾਹਿਆ। ਪਰ ਉਹਨਾਂ 'ਚ ਇੰਨਾ ਦਮ-ਖ਼ਮ ਕਿੱਥੇ ਸੀ ਕਿ ਉਹ ਚੜ੍ਹੇ ਦਰਿਆ ਨੂੰ ਰੋਕ ਲੈਂਦੇ। ਛੋਟੂ ਨੇ ਇਕ ਨੂੰ ਧੱਕਾ ਅਤੇ ਦੂਜੇ ਨੂੰ ਧੱਫ਼ਾ ਮਾਰ ਕੇ ਪਰ੍ਹਾਂ ਵਗਾਹ ਮਾਰਿਆ। ਗਲੋਟਣੀਆਂ ਖਾ ਕੇ ਡਿੱਗੇ ਉਹ ਕਿੰਨਾ ਚਿਰ ਉਠ ਨਾ ਸਕੇ। ਛੋਟੂ ਨੇ ਦੋ ਛਾਲ਼ਾਂ ਮਾਰੀਆਂ ਅਤੇ ਮੰਗੇਤਰ ਸਾਹਮਣੇ ਛਾਤੀ ਚੌੜੀ ਕਰਕੇ ਆ ਖੜ੍ਹਾ ਹੋਇਆ। ਉਹਦੇ ਫਰਕਦੇ ਡੌਲ਼ਿਆਂ ਨੇ ਮੰਗੇਤਰ ਨੂੰ ਕੰਬਣ ਲਾ ਦਿੱਤਾ। ਲੋਹੇ ਵਰਗੇ ਹੱਥਾਂ ਦਾ ਜੌਹਰ ਦੇਖਣ ਤੋਂ ਪਹਿਲਾਂ ਹੀ ਉਹ ਹੱਥ ਜੋੜ ਕੇ ਖਿਸਕਦਾ ਬਣਿਆ। ਬਿੱਲੋ ਨੇ ਉਹਦੀ ਬਾਂਹ ਫੜ ਕੇ ਰੋਕ ਦਿੱਤਾ।

ਮੰਗੇਤਰ ਦੇ ਬਾਡੀਗਾਰਡਾਂ ਦਾ ਖਿਸਕਦਿਆਂ ਦਾ ਪਤਾ ਵੀ ਨਾ ਲੱਗਾ। ਬਿੱਲੋ ਛੋਟੂ ਦੇ ਮੋਢੇ 'ਤੇ ਸਿਰ ਰੱਖ ਕੇ ਹਟਕੋਰੇ ਭਰਨ ਲੱਗੀ। ਛੋਟੂ ਨੇ ਸੂਰਮੇ ਭਰਾ ਦਾ ਰੋਲ ਅਦਾ ਕਰਨ ਉਪਰੰਤ ਉਹਦੇ ਮੂੰਹ 'ਤੇ ਆਏ ਕੁੰਡਲ ਵਾਲਾਂ ਨੂੰ ਸੰਵਾਰ ਕੇ ਉਤਾਂਹ ਕੀਤਾ।

"ਤੈਨੂੰ ਕੁਛ ਕਿਹਾ...?" ਛੋਟੂ ਨੂੰ ਜਿਵੇਂ ਕੁਝ ਗ਼ਲਤ ਹੋਇਆ ਲੱਗਿਆ ਸੀ।

"ਬੇਵਕੂਫ਼ ਜਿਹਾ, ਨੌਨਸੈਂਸ! ਵੱਡਾ ਬੌਰਨੀ ਦਾ ਚੁੱਕਿਆ। ਮੈਨੂੰ ਅੰਦਰ ਕਮਰੇ 'ਚ ਨੂੰ ਖਿੱਚੇ। ਅਖੇ ਇੰਝ ਕਰ ਕੇ ਅਸੀਂ ਡੀਪਲੀ ਇਕ ਦੂਜੇ ਨੂੰ ਅੰਡਰਸਟੈਂਡ ਕਰ ਸਕਾਂਗੇ।" ਬਿੱਲੋ ਦੇ ਭਾਵੁਕ ਹੋਈ ਦੇ ਬੇਝਿਜਕ ਹੀ ਮੂੰਹੋਂ ਨਿਕਲ ਗਿਆ।

ਫੌਜੀ ਨੂੰ ਪਤਾ ਲੱਗਾ ਤਾਂ ਉਹ ਤਾਂ ਅੱਗ 'ਤੇ ਲਿਟੇ। ਛੋਟੂ ਨੂੰ ਭੱਜ-ਭੱਜ ਪਵੇ ਕਿ ਤੂੰ ਉਹਨੂੰ ਕੰਜਰ ਦੇ ਨੂੰ ਚੁੱਕ ਲਿਆਉਣਾ ਸੀ ਇੱਥੇ; ਸਾਲੇ ਦੇ ਡੱਕਰੇ ਕਰਕੇ ਧੁੱਪੇ ਸੁੱਕਣੇ ਪਾਉਂਦੇ। ਉਸੇ ਵੇਲੇ ਉਹਨੇ ਫ਼ੋਨ ਕਰਕੇ ਵਿਚੋਲੇ ਨੂੰ ਗਾਲ੍ਹਾਂ ਕੱਢੀਆਂ। ਨਾਲੇ ਵਰਜ ਦਿੱਤਾ ਕਿ ਖ਼ਬਰਦਾਰ ਜੇ ਇਸ ਗੱਲ ਦੀ ਭਿਣਕ ਵੀ ਨਿਕਲੀ। ਇਸ ਤਰ੍ਹਾਂ ਫੌਜੀ ਨੇ ਰਿਸ਼ਤੇਦਾਰਾਂ ਅਤੇ ਲੋਕਾਂ 'ਚ ਕਿਸੇ ਦੇ ਡੇਰੇ ਖਬਰ ਨਾ ਹੋਣ ਦਿੱਤੀ।

ਇਸ ਘਟਨਾ ਤੋਂ ਬਾਅਦ ਹੋਰ ਹੀ ਅਣਹੋਣੀ ਹੋ ਗਈ ਪਰ ਇਸ ਦੀ ਸੂਹ ਤਕ ਕਿਸੇ ਨੂੰ ਨਾ ਲੱਗੀ। ਬਿੱਲੋ ਨੂੰ ਅਚਾਨਕ ਪਤਾ ਨਈਂ ਕੀ ਹੋ ਗਿਆ। ਇਸ ਨਿਗ੍ਹਾ ਨਾਲ ਤਾਂ ਉਹਨੇ ਛੋਟੂ ਨੂੰ ਕਦੀ ਨਹੀਂ ਸੀ ਤੱਕਿਆ। ਉਹ ਤਾਂ ਜਿਵੇਂ ਬਾਂਵਰੀ ਹੋ ਗਈ। ਜਦੋਂ ਉਹ ਫੌਜੀ ਦੀ ਗ਼ੈਰਹਾਜ਼ਰੀ 'ਚ ਸਾਹਮਣੇ ਹੁੰਦਾ ਤਾਂ ਉਹ ਤਾਂ ਉਹਦੇ ਵੱਲ ਤੱਕਦੀ ਅੱਖ ਤਕ ਨਾ ਝਪਕਦੀ ਜਿਹੜੀ ਪਹਿਲਾਂ ਕਦੇ ਉਹਦੇ ਵੱਲ ਅੱਖ ਚੁੱਕ ਕੇ ਨਹੀਂ ਸੀ ਵੇਖਦੀ। ਛੋਟੂ ਤੋਂ ਬਿਨਾਂ ਹੋਰ ਕੁਝ ਉਹਨੂੰ ਦਿਸਣੋਂ ਹਟ ਗਿਆ। ਫੌਜੀ ਦੀਆਂ ਕੋਸ਼ਿਸ਼ਾਂ ਸਦਕਾ ਉਹਨੂੰ ਬਾਹਰਲੇ ਦੋ ਰਿਸ਼ਤੇ ਆਏ ਪਰ ਸਿਰੇ ਨਾ ਚੜ੍ਹੇ। ਫੌਜੀ ਵੀ ਬੱਸ ਅਮਰੀਕਾ,ਕਨੇਡਾ,ਆਸਟਰੇਲੀਆ ਤੋਂ ਉਰੇ ਖੜ੍ਹਦਾ ਨਈਂ ਸੀ। ਇਕ ਹੋਰ ਬਾਹਰਲੇ ਮੁੰਡੇ ਵਾਲੇ ਫੌਜੀ ਮਗਰ ਗੇੜੇ ਕੱਢ ਰਹੇ ਸਨ ਪਰ ਦੂਜੇ ਪਾਸੇ ਬਿੱਲੋ ਦਾ ਮਨ ਬਾਹਰ ਤੋਂ ਖੱਟਾ ਪੈ ਗਿਆ ਸੀ। ਉਹਨੇ ਆਖਿਰ ਆਪਣੇ ਮਨੋਂ-ਮਨ ਇਹ ਨਤੀਜਾ ਕੱਢ ਲਿਆ ਕਿ ਛੋਟੂ ਤੋਂ ਬੜਾ, ਵਧੀਆ ਕੋਈ ਨਈਂ। ਉਂਝ ਮੈਂ ਕਿਹੜਾ ਉਹਦੀ ਭੈਣ ਆਂ। ਉਹਨੇ ਤਾਂ ਛੋਟੂ ਦੇ ਪਿੱਛੇ ਘੁੰਮ-ਘੁੰਮ ਕੇ ਉਹਦੀ ਭੂਤਨੀ ਘੁੰਮਾ ਦਿੱਤੀ। ਉਧਰ ਛੋਟੂ ਦੇ ਸਮਝ ਕੁਝ ਨਾ ਆਵੇ ਕਿ ਉਹ ਕਰੇ ਤਾਂ ਕਰੇ ਕੀ। ਉਹਨੇ ਬਿੱਲੋ ਦੀਆਂ ਮਿੰਨਤਾਂ ਕੀਤੀਆਂ, ਹੱਥ ਜੋੜੇ ਕਿ ਮੈਨੂੰ ਐਡੇ ਬੜੇ ਇਮਤਿਹਾਨ ਵਿਚ ਨਾ ਪਾ। ਫੌਜੀ ਦੇ ਮੋਹ-ਭਿੱਜੇ ਬੋਲ ਅੱਜ ਵੀ ਉਹਦੇ ਕੰਨਾਂ 'ਚ ਗੂੰਜਦੇ ਸਨ, "ਅੱਜ ਤੋਂ ਇਹ ਤੇਰੀ ਭੈਣ ਏ। ਇਸ ਬੰਨ੍ਹਾਈ ਰੱਖੜੀ ਦੀ ਲਾਜ ਰੱਖੀਂ।" ਫੌਜੀ ਵੱਲੋਂ ਦਿੱਤੀ ਕਸਮ ਨੂੰ ਛੋਟੂ ਧੁਰ ਤਕ ਨਿਭਾਉਣਾ ਚਾਹੁੰਦਾ ਸੀ। ਨਾਲੇ ਜਿਹਨੇ ਉਹਨੂੰ ਬੱਚਿਆਂ ਤੋਂ ਵੱਧ ਪਿਆਰ ਦਿੱਤਾ। ਖੇਤ,ਟਰੈਕਟਰ,ਗੱਡੀਆਂ ਹਵਾਲੇ ਕਰੀ ਰੱਖੀਆਂ। ਪਿਉ ਤਾਂ ਛੱਡ ਕੇ ਦੂਰ ਕਿਸੇ ਹੋਰ ਸ਼ਹਿਰ ਚਲਾ ਗਿਆ। ਹੋਇਆ ਕਿਤੇ ਤਿੰਨੀਂ-ਚੌਂਹ ਸਾਲੀਂ ਗੇੜਾ ਮਾਰ ਲਿਆ। ਆਖ਼ਿਰ ਛੋਟੂ ਦਾ ਮੋਹ ਇਸ ਘਰ ਵਿਚ ਐਸਾ ਪਿਆ ਕਿ ਉਹਨੇ ਪਿੱਛੇ ਮੁੜ ਕੇ ਨਾ ਵੇਖਿਆ। ਅਸਲ ਮਾਂ-ਪਿਉ ਤਾਂ ਸਿਰਫ਼ ਕਾਗ਼ਜ਼ਾਂ ਵਿਚ ਰਹਿ ਗਏ ਸਨ। ਇਸ ਪਿੰਡ ਦੀ ਮਿੱਟੀ ਉਹਦੀ ਰਗ-ਰਗ ਵਿਚ ਘੁਲ਼ ਗਈ ਸੀ। ਫੌਜੀ ਨੂੰ ਉਹ ਦਿਲੋਂ ਆਪਣਾ ਪਿਉ ਅਤੇ ਬਿੱਲੋ ਨੂੰ ਸਕੀ ਭੈਣ ਬਣਾ ਚੁੱਕਾ ਸੀ। ਹੁਣ ਉਹ ਕਿਵੇਂ ਉਹਨੂੰ ਸਹੁਰਾ ਅਤੇ ਬਿੱਲੋ ਨੂੰ ਆਪਣੀ ਪਤਨੀ ਬਣਾ ਲੈਂਦਾ। ਉਹ ਚੱਕੀ ਦੇ ਦੋ ਪੁੜਾਂ ਵਿਚਕਾਰ ਫਸ ਗਿਆ ਸੀ। ਜੇ ਇਕ ਪਾਸੇ ਅੜਬ ਫੌਜੀ ਸੀ ਤਾਂ ਦੂਜੇ ਪਾਸੇ ਉਸੇ ਦੀ ਕਾਪੀ ਉਹਦੀ ਧੀ ਸੀ। ਉਹਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਕਰੇ ਤਾਂ ਕੀ ਕਰੇ। ਇਕ ਵਾਰ ਤਾਂ ਉਹਦਾ ਜੀਅ ਕੀਤਾ ਕਿ ਸਭ ਕੁਝ ਨੂੰ ਛੱਡ ਕੇ ਭੱਜ ਜਾਵੇ ਪਰ ਦੂਜੇ ਪਲ ਉਹਨੂੰ ਇੰਝ ਚੋਰਾਂ ਵਾਂਗ ਭੱਜਣਾ ਵੀ ਗੱਦਾਰੀ ਜਾਪਿਆ।

ਉਹ ਪ੍ਰੇਸ਼ਾਨੀ 'ਚ ਬੜੀਆਂ ਉਧੇੜ-ਬੁਣਾਂ ਵਿਚ ਪਿਆ ਹੋਇਆ ਸੀ। ਕੁਦਰਤੀ ਜਦ ਨੂੰ ਵਿਸਾਖੀ ਆ ਗਈ। ਪਤਾ ਨਈਂ ਉਹਨੇ ਮਨ ਹੀ ਮਨ ਕੀ ਸੋਚਿਆ। ਇਹ ਤਾਂ ਉਦੋਂ



ਪਤਾ ਲੱਗਾ ਜਦੋਂ ਉਹ ਵਿਸਾਖੀ ਤੋਂ ਦੂਜੇ ਦਿਨ ਅੰਮ੍ਰਿਤ ਛਕ ਕੇ ਸਿੰਘ ਸਜਿਆ ਪਿੰਡ ਆ ਵੜਿਆ। ਪਹਿਲਾਂ ਤਾਂ ਫੌਜੀ ਦੇਖ ਕੇ ਬੜਾ ਹੈਰਾਨ। 'ਹੈਂ! ਨਾ ਕਿਸੇ ਨੂੰ ਦੱਸਿਆ ਨਾ ਪੁੱਛਿਆ। ਇਹਨੂੰ ਇਹ ਝੱਲ ਕਿੱਥੋਂ ਚੜ੍ਹ ਗਿਆ। ਫੇਰ ਉਹਨੂੰ ਜਿਵੇਂ ਮਾਣ ਜਿਹਾ ਮਹਿਸੂਸ ਹੋਇਆ। ਉਹਨੇ ਉਹਨੂੰ ਥਾਪੀ ਦਿੱਤੀ ਅਤੇ ਗਲ਼ ਨਾਲ ਲਾ ਲਿਆ। ਉਹਨੇ ਮਨੋਂ-ਮਨੀਂ ਮਹਿਸੂਸ ਕੀਤਾ ਕਿ ਹੁਣ ਆਪਣੇ ਪਿੰਡ ਪੱਕਾ ਸਿੱਖ ਪਿੰਡ ਦਾ ਪਾਠੀ ਏ ਜਾਂ ਹੁਣ ਇਹ ਆਪਣਾ ਛੋਟੂ। ਪਰ ਮੈਨੂੰ ਹੁਣ ਇਹ ਡਰ ਲਗਦਾ ਕਿ ਇਹ ਸਹੁਰਾ ਕਿਤੇ ਭਲਵਾਨੀ ਛੱਡ ਕੇ ਪਾਠੀ ਨਾ ਬਣ ਜਾਏ।

"ਅੱਛਾ! ਜੇ ਹੁਣ ਗੁਰੂ ਦੇ ਲੜ ਲੱਗ ਈ ਗਿਆਂ ਤਾਂ ਪਿੱਛੇ ਮੁੜ ਕੇ ਨਈਂ ਦੇਖਣਾ। ਕਿਤੇ ਕੋਈ ਫੌਜੀ ਵੱਲ ਨੂੰ ਉਂਗਲ਼ ਕਰ ਕੇ ਮਿਹਣਾ ਨਾ ਮਾਰ ਜਏ।" ਛੋਟੂ ਨੇ ਫੌਜੀ ਦੇ ਪੈਰੀਂ ਹੱਥ ਲਾਇਆ ਤਾਂ ਉਹਨੇ ਭਾਵੁਕ ਹੋਏ ਨੇ ਉਹਨੂੰ ਗਲ਼ ਨਾਲ ਲਾ ਲਿਆ।

ਬਿੱਲੋ ਕਿਹੜਾ ਦੁੱਧ ਚੁੰਘਦੀ ਬੱਚੀ ਸੀ। ਉਹ ਵਿਚਲੀ ਕਹਾਣੀ ਸਮਝ ਗਈ ਕਿ ਇਹਨੇ ਅੰਮ੍ਰਿਤ ਕਿਉਂ ਛਕਿਆ। ਇਹ ਜਿਹੜੀ ਉੱਥੇ ਗੁਰੂ ਸਾਹਮਣੇ ਕਸਮ ਖਾ ਕੇ ਆਇਆ, ਉਹਨੂੰ ਮੈਂ ਦੇਖੂੰ। ਇਕ ਦਿਨ ਫੌਜੀ ਘਰ ਨਹੀਂ ਸੀ। ਛੋਟੂ ਹੱਥ ਜੋੜੀ ਸਾਹਮਣੇ ਖੜ੍ਹਾ ਸੀ। ਸੀਸ ਨਿਵਿਆ ਹੋਇਆ ਸੀ। ਤਰਲੇ, ਵਾਸਤੇ ਪਾ ਰਿਹਾ ਸੀ ਕਿ ਉਹ ਇਹ ਅੱਕ ਨਈਂ ਚੱਬ ਸਕਦਾ। ਫੌਜੀ ਵੱਲੋਂ ਖਿੱਚੀ ਲਛਮਣ ਰੇਖਾ ਨੂੰ ਲੰਘ ਨਈਂ ਸਕਦਾ। ਨਾਲ ਮਨ ਹੀ ਮਨ ਵਾਹਿਗੁਰੂ ਨੂੰ ਧਿਆ ਰਿਹਾ ਸੀ ਕਿ ਉਹਨੂੰ ਸ਼ਕਤੀ ਦੇ, ਉਹ ਇਸ ਇਮਤਿਹਾਨ ਵਿਚੋਂ ਪਾਸ ਹੋ ਸਕੇ।

"ਹੂੰ! ਜੇ ਮੈਂ ਇਹ ਲਛਮਣ ਰੇਖਾ ਲੰਘੀ ਏ ਤਾਂ ਤੂੰ ਵੀ ਲੰਘੇਂਗਾ।" ਉਹਦਾ ਫੌਜੀ ਖ਼ੂਨ ਵੀ ਆਖਿਰ ਖੌਲ ਪਿਆ। ਉਹ ਰਸੋਈ ਵਿਚ ਗਈ।...ਬਾਹਰ ਆਈ ਤਾਂ ਚੰਡੀ ਦਾ ਰੂਪ ਧਾਰਿਆ ਹੋਇਆ। ਹੱਥ 'ਚ ਫੜਿਆ ਛੁਰਾ ਗਰਦਨ 'ਤੇ ਫਿਰਨ ਨੂੰ ਤਿਆਰ ਬਰ ਤਿਆਰ ਸੀ। ਛੋਟੂ ਦਾ ਜਿਸਮ ਦੇਖ ਕੇ ਤ੍ਰੇਲੀਉ-ਤ੍ਰੇਲੀ। ਗੁਰੂ ਸਾਹਮਣੇ ਖਾਧੀਆਂ ਕਸਮਾਂ ਬਿੱਲੋ ਦੇ ਚੰਡੀ ਰੂਪ ਸਾਹਮਣੇ ਢੇਰੀ ਹੋ ਗਈਆਂ। ਉਹਦੇ ਵੱਲੋਂ ਸੁੱਟਿਆ ਆਖਿਰੀ ਪੱਤਾ ਬਾਜ਼ੀ ਪਲਟ ਗਿਆ। ਛੋਟੂ ਡੋਲ ਗਿਆ। ਉਹਨੂੰ ਪਤਾ ਸੀ ਕਿ ਇਹਨੇ ਆਪਣੀ ਗਰਦਨ 'ਤੇ ਵਾਰ ਕਰਨ ਨੂੰ ਢਿੱਲ ਨਹੀਂ ਕਰਨੀ। ਉਹਦੇ ਕੋਲ਼ ਪਿਘਲਣ ਤੋਂ ਬਿਨਾਂ ਹੋਰ ਕੋਈ ਰਸਤਾ ਨਹੀਂ ਸੀ। ਛੋਟੂ ਨੂੰ ਲਛਮਣ ਰੇਖਾ ਦਿਸਣੋਂ ਹਟ ਗਈ। ਉਹਦਾ ਜੀਅ ਕੀਤਾ ਕਿ ਕਸਮ ਤੋੜਨ ਤੋਂ ਪਹਿਲਾਂ ਗੁਰੂ ਤੋਂ ਮਾਫ਼ੀ ਮੰਗ ਕੇ ਕਿਰਪਾਨ ਲਾਹ ਦੇਵੇ। ਪਰ ਉਹਦੇ ਆਪਣੇ ਹੀ ਅੰਦਰ ਦੀ ਕਿਸੇ ਆਵਾਜ਼ ਨੇ ਉਹਨੂੰ ਰੋਕ ਦਿੱਤਾ, 'ਜੋ ਹੁਣ ਕਰਨ ਜਾ ਰਿਹਾਂ ਏਂ,ਧੁਰ ਤਕ ਜਾਈਂ; ਪਿੱਛੇ ਨਾ ਹਟੀਂ।' ਛੋਟੂ ਦੀਆਂ ਫੌਲਾਦੀ ਬਾਹਾਂ ਢਲਣ ਲੱਗੀਆਂ। ਫੌਜੀ ਦੀ ਬੰਦੂਕ ਉਹਦੇ ਲਈ ਖਿਡੌਣਾ ਬਣ ਗਈ। ਉਹਨੇ ਬਿੱਲੋ ਦੀ ਛੁਰੇ ਵਾਲੀ ਬਾਂਹ ਫੜ ਲਈ। ਬਿੱਲੋ ਦੇ ਚਿਹਰੇ 'ਤੇ ਮੁਸਕਾਨ ਫੈਲ ਗਈ ਅਤੇ ਛੋਟੂ ਦੇ ਗਲ਼ ਲੱਗ ਕੇ ਉਹਨੂੰ ਘੁੱਟ ਲਿਆ। ਹੁਣ ਛੋਟੂ ਬਿੱਲਬਤੌਰੀ ਦੀ ਮਹਿਕ ਅੰਦਰ ਮਦਹੋਸ਼ ਹੋ ਗਿਆ।

ਬੇਸ਼ੱਕ ਛੋਟੂ ਬਿੱਲੋ ਦਾ ਹੋ ਗਿਆ ਸੀ, ਫੇਰ ਵੀ ਉਹਨੂੰ ਚੈਨ ਨਈਂ ਸੀ। ਉਹ ਸੋਚਦਾ ਕਿ ਜਦ ਫੌਜੀ ਨੂੰ ਪਤਾ ਲੱਗੂ,ਉਹ ਖ਼ੁਦ ਨੂੰ ਗੋਲ਼ੀ ਮਾਰ ਲਊ ਜਾਂ ਸਾਡੇ ਦੋਵਾਂ ਦੇ ਮਾਰੂ। ਹੋ ਸਕਦੈ ਕਿ ਸਾਡੇ ਮਾਰ ਕੇ ਬਾਅਦ 'ਚ ਆਪਣੇ ਮਾਰ ਲਏ। ਕਦੇ ਉਹਦੀ ਜ਼ਮੀਰ ਉਹਨੂੰ ਹਲੂਣਨ ਲਗਦੀ, 'ਜਿਸ ਥਾਲੀ ਵਿਚ ਖਾਧਾ, ਉਸੇ 'ਚ ਛੇਕ! ...ਪਰ ਹੋਰ ਮੈਂ ਕੀ ਕਰਦਾ?...ਜੇ ਨਾ ਕਰਦਾ ਤਾਂ ਹੋਰ ਭਾਣਾ ਵਰਤ ਜਾਣਾ ਸੀ। ਮੇਰੇ ਸਿਰ ਚੜ੍ਹ ਕੇ ਕੋਈ ਆਪਣੀ ਜਾਨ ਦੇ ਦਿੰਦਾ, ਫੇਰ ਮੇਰੇ ਜੀਣ ਦਾ ਕੀ ਹੱਜ ਰਹਿ ਜਾਂਦਾ?' ਸੁਭਾਵਕ ਹੀ ਉਹਦਾ ਹਉਕਾ ਨਿਕਲ ਗਿਆ। 'ਜੇ ਗੁਰੂ ਦਾ ਜੋਗਾ ਡੋਲ ਸਕਦਾ ਤਾਂ ਮੈਂ ਕਿਹੜੇ ਬਾਗ਼ ਦੀ ਮੂਲ਼ੀ ਆਂ। ਜੇ ਪਾਰਬਤੀ ਸ਼ਿਵ ਦੀ ਭਗਤੀ ਭੰਗ ਕਰ ਸਕਦੀ ਏ ਤਾਂ ਮੈਂ ਕਿੰਨਾ ਕੁ ਪੱਥਰ ਹੋ ਸਕਦਾ ਹਾਂ।...ਹੇ ਪਰਮ ਪਿਤਾ! ਮੈਨੂੰ ਮਾਫ਼ ਕਰਨਾ ਪਰ ਮੇਰੇ ਮਨ 'ਚ ਕੋਈ ਖੋਟ ਨਈਂ। ਫੌਜੀ ਦੀ

ਬੁੱਧੀ ਨੂੰ ਸਹੀ ਰਸਤੇ ਪਾਉਣਾ। ਮੈਂ ਅਗਨੀ ਪਰੀਖਿਆ 'ਚ ਫਸ ਗਿਆ ਹਾਂ। ਮੈਨੂੰ ਇਸ ਚੱਕਰਵਿਊ 'ਚੋਂ ਕੱਢ।

———

ਫੌਜੀ ਨੇ ਆਪਣੇ ਮਨ 'ਚ ਘੜੀ ਸਕੀਮ ਅਨੁਸਾਰ ਇਕ ਦਿਨ ਸਾਰੇ ਪਿੰਡ ਵਿਚ ਲੱਡੂ ਵੰਡਵਾ ਦਿੱਤੇ ਕਿ ਬਿੱਲੋ ਬਦੇਸ਼ ਚਲੀ ਗਈ ਏ ਅਤੇ ਉਧਰੇ ਵਿਆਹ ਕਰਨਾ ਤਹਿ ਹੋਇਆ ਹੈ। ਲੋਕਾਂ ਨੂੰ ਸੁਣ ਕੇ ਇਕਦਮ ਅਚੰਭਾ ਜਿਹਾ ਲੱਗਾ। ਫੇਰ ਉਹਨੇ ਦਸਾਂ ਕੁ ਦਿਨਾਂ ਬਾਅਦ ਟਰੈਕਟਰ ਅਤੇ ਹੋਰ ਖੇਤੀ ਦੀ ਮਸ਼ੀਨਰੀ ਵੇਚਣੀ ਸ਼ੁਰੂ ਕਰ ਦਿੱਤੀ। ਅਖੇ ਹੁਣ ਖੇਤੀ ਕਿਹਦੇ ਲਈ ਕਰਨੀ ਏ। ਉਧਰ ਛੋਟੂ ਵੀ ਵਾਪਸ ਆਪਣੇ ਪਿੰਡ ਜਾਣਾ ਚਾਹੁੰਦਾ। ਉਹਨੇ ਆਪਣੀਆਂ ਦੋ ਜਵਾਨ ਹੋਈਆਂ ਭੈਣਾਂ ਵਿਆਹੁਣੀਆਂ। ਛੋਟੂ ਅੰਦਰੋਂ ਦੁਖੀ ਹੁੰਦਾ ਹੋਇਆ ਵੀ ਖੁਸ਼ੀ-ਖੁਸ਼ੀ ਲੋਕਾਂ ਨੂੰ ਗਲ਼ ਲੱਗ ਕੇ ਮਿਲਦਾ ਰਿਹਾ। ਪਰ ਲੋਕਾਂ ਨੂੰ ਇਹ ਸਭ ਹਜ਼ਮ ਨਹੀਂ ਸੀ ਹੋ ਰਿਹਾ। ਉਹ ਉਹਨੂੰ ਆਪਣੇ ਨਾਲੋਂ ਜੁਦਾ ਨਈਂ ਸੀ ਦੇਖਣਾ ਚਾਹੁੰਦੇ। ਉਹਨਾਂ 'ਚ ਤਾਂ ਉਹਦੇ ਲਈ ਇੰਨਾ ਮੋਹ ਸੀ ਕਿ ਉਹ ਉਹਨੂੰ ਇਸ ਵਾਰ ਪਿੰਡ ਦਾ ਸਰਪੰਚ ਬਣਾਉਣਾ ਲੋਚਦੇ ਸਨ। ਉਧਰ ਉਦਾਸੀ ਜਿਹੀ ਵਿਚ ਗੁਆਚਿਆ ਫੌਜੀ ਕਹੇ ਕਿ ਹੁਣ ਉਹਨੇ ਇਹਨਾਂ ਖਲਜਗਣਾਂ ਤੋਂ ਕੀ ਲੈਣਾ। ਦੋ ਰੋਟੀਆਂ ਖਾਣੀਆਂ, ਕਿਤੇ ਵੀ ਬਹਿ ਕੇ ਖਾ ਲਾਂਗੇ। 'ਕੱਲੇ ਬੰਦੇ ਦਾ ਕੀ ਹੁੰਦਾ। ਨਾਲੇ ਪਰੇ ਨੂੰ ਮੂੰਹ ਕਰਕੇ ਅੱਖਾਂ ਪੂੰਝਣ ਲੱਗ ਪੈਂਦਾ।

ਇਕ ਦਿਨ ਫੌਜੀ ਆਪਣੀ ਰੁਟੀਨ ਤੋਂ ਥੋੜ੍ਹਾ ਪਹਿਲਾਂ ਉੱਠਿਆ। ਸਭ ਲਈ ਅੱਜ ਚਾਹ ਉਹਨੇ ਖ਼ੁਦ ਬਣਾਈ। ਆਮ ਵਾਂਗ ਉਠ ਕੇ ਕੁੜੀ ਰਸੋਈ ਵਿਚ ਗਈ। ਫੌਜੀ ਨੇ ਪਹਿਲਾਂ ਹੀ ਚਾਹ ਤਿੰਨ ਕੱਪਾਂ 'ਚ ਪਾ ਕੇ ਮੇਜ਼ ਉੱਤੇ ਰੱਖੀ ਹੋਈ ਸੀ। ਇੰਨੇ ਨੂੰ ਛੋਟੂ ਵੀ ਆ ਹਾਜ਼ਰ ਹੋਇਆ। ਫੌਜੀ ਨੇ ਇਸ਼ਾਰੇ ਨਾਲ ਆਪਣੇ ਬਰਾਬਰ ਕੁਰਸੀਆਂ 'ਤੇ ਬਿਠਾਇਆ। ਮਨੋਂ-ਮਨੀਂ ਵਿਚਲੀ ਕਹਾਣੀ ਉਹ ਸਮਝ ਚੁੱਕੇ ਸਨ। ਫੌਜੀ ਖ਼ੁਦ ਹੀ ਅੱਧੀ ਰਾਤ ਦੇ ਲਾਗੇ-ਛਾਗੇ ਬਿੱਲੋ ਨੂੰ ਉਹਦੀ ਮਾਸੀ ਕੋਲੋਂ ਲੈ ਕੇ ਆਇਆ ਸੀ, ਜੋ ਕੁਝ ਦਿਨ ਪਹਿਲਾਂ ਘੜੀ ਸਕੀਮ ਅਨੁਸਾਰ ਉੱਥੇ ਛੱਡ ਆਇਆ ਸੀ। ਅੱਜ ਕਿਸੇ ਦੀਆਂ ਕਿਸੇ ਨਾਲ ਨਜ਼ਰਾਂ ਨਹੀਂ ਸੀ ਮਿਲ ਰਹੀਆਂ। ਚਾਹ ਖਤਮ ਹੋਈ ਤਾਂ ਫੌਜੀ ਚੁਪਕੇ ਜਿਹੇ ਉਠ ਕੇ ਅੰਦਰ ਗਿਆ। ਵਾਪਸ ਆਇਆ ਤਾਂ ਉਹਦੇ ਹੱਥਾਂ 'ਚ ਦੋ ਹਾਰ ਸਨ। ਇਕ-ਇਕ ਹਾਰ ਉਹਨਾਂ ਨੂੰ ਫੜਾ ਦਿੱਤਾ ਅਤੇ ਚੁੱਪ-ਚੁਪੀਤਿਆਂ ਹੀ ਇਕ-ਦੂਜੇ ਦੇ ਗਲ਼ 'ਚ ਪਾਉਣ ਦਾ ਇਸ਼ਾਰਾ ਦਿੱਤਾ। ਛੋਟੂ ਅਤੇ ਬਿੱਲੋ ਨੇ ਜਕਦਿਆਂ-ਜਕਦਿਆਂ ਹਾਰ ਇਕ-ਦੂਜੇ ਦੇ ਗਲ਼ ਵਿਚ ਪਾ ਦਿੱਤੇ। ਸਾਰੇ ਉਵੇਂ ਹੀ ਚੁੱਪ ਸਨ। ਕਿਸੇ ਨੇ ਵੀ ਆਪਣੇ ਮੂੰਹੋਂ ਇਕ ਸ਼ਬਦ ਤਕ ਨਾ ਕੱਢਿਆ। ਉਂਝ ਓਪਰੀ-ਓਪਰੀ ਜਿਹੀ ਨਜ਼ਰੇ ਫੌਜੀ ਨੇ ਮਹਿਸੂਸ ਕੀਤਾ। ਜੋੜੀ ਉਹਨੂੰ ਜਚ ਰਹੀ ਸੀ। ਛੋਟੂ ਦੀ ਹਲਕੀ-ਹਲਕੀ ਜਿਹੀ ਦਾਹੜੀ-ਮੁੱਛਾਂ, ਪਟਕਾ ਸੋਹਣੇ ਲਗਦੇ ਸਨ। ਸ਼ਰਮ ਦੀ ਮਾਰੀ ਲਾਲ-ਸੂਹੀ ਜਿਹੀ ਹੋਈ ਬਿੱਲੋ ਤੋਂ ਮੂੰਹ ਉਤਾਂਹ ਨਈਂ ਸੀ ਉਠ ਰਿਹਾ। ਛੋਟੂ ਦੀ ਗਰਦਨ ਵੀ ਲਿਫ਼ੀ ਹੋਈ ਸੀ। ਫੌਜੀ ਨਾਲ ਅੱਖਾਂ ਮਿਲਾਉਣੀਆਂ ਉਹਦੇ ਲਈ ਪਹਾੜ ਚੜ੍ਹਨ ਜਿਹਾ ਸੀ।

ਆਪਣੇ ਦਿਲ ਉੱਤੇ ਪੱਥਰ ਰੱਖ ਕੇ, ਉਸੇ ਰਾਤੇ ਫੌਜੀ ਨੇ ਭਰੇ ਮਨ ਨਾਲ ਛੋਟੂ ਅਤੇ ਬਿੱਲੋ ਨੂੰ ਲੁਧਿਆਣੇ ਰੇਲਵੇ ਸਟੇਸ਼ਨ 'ਤੇ ਯੂ.ਪੀ. ਵਾਲੀ ਟਰੇਨ ਚਾੜ੍ਹ ਦਿੱਤਾ। ਉਹਨੇ ਫੌਜੀ-ਹੱਠ ਦਿਖਾਉਂਦਿਆਂ ਗੱਡੀ ਤੁਰਨ ਦਾ ਵੀ ਇੰਤਜ਼ਾਰ ਨਾ ਕੀਤਾ। ਕਾਹਲੀ ਨਾਲ ਜੀਪ ਘੁੰਮਾਈ ਅਤੇ ਇਕਦਮ ਰੇਸ ਚੁੱਕ ਦਿੱਤੀ। ਪਰ ਜਦ ਉਹ ਇਕੱਲਾ ਹੀ ਪਿੰਡ ਦੀ ਜੂਹ 'ਚ ਵੜਿਆ ਤਾਂ ਉਹਦੀ ਧਾਅ ਨਿਕਲ ਗਈ। ਸਾਂ-ਸਾਂ ਕਰਦੀ ਰਾਤ 'ਚ ਬੀਂਡਿਆਂ ਦੀ ਬੀਂ-ਬੀਂ ਜਿਵੇਂ ਛੋਟੂ ਨੂੰ ਆਵਾਜ਼ਾਂ ਮਾਰ ਰਹੀ ਸੀ। ਫੌਜੀ ਨੇ ਜਦ ਵਿਹੜੇ 'ਚ ਜੀਪ ਖੜ੍ਹੀ ਕੀਤੀ ਤਾਂ ਹੰਝੂਆਂ ਨਾਲ ਉਹਦੀ ਕਮੀਜ਼ ਭਿੱਜੀ ਪਈ ਸੀ।

ਛੋਟੂ ਚਲਾ ਗਿਆ ਸੀ। ਆਪਣੇ ਨਾਂ 'ਤੇ ਵੱਜਦਾ ਪਿੰਡ 'ਛੋਟੂ ਭਲਵਾਨ' ਵਿਲਕਦਾ ਛੱਡ ਗਿਆ। ਪਿੰਡ ਦੀ ਜਿਵੇਂ ਰੂਹ ਨਿਕਲ ਗਈ ਸੀ।000

***(ਭੰਗਲ ਕਲਾਂ, ਨਵਾਂ ਸ਼ਹਿਰ-144514; ਫੋਨ: 94659-52938***
***ਈਮੇਲ: bhangalys@gmail.com)***



## ਸ਼ੇਖਾਂ ਦੀ ਬਿੱਲੀ: ਕਹਾਣੀ: ਪਰਮਜੀਤ ਢੀਂਗਰਾ

ਉਹਨੂੰ ਚੰਗੀ ਤਰ੍ਹਾਂ ਯਾਦ ਸੀ ਕਿ ਉਹਨੇ ਨੈਣਾ ਦਾ ਕਤਲ ਨਹੀਂ ਕੀਤਾ। ਉਹ ਭਲਾ ਨੈਣਾ ਨੂੰ ਕਿਉਂ ਮਾਰੇਗਾ। ਉਹਦੇ 'ਤੇ ਬੁਰੀ ਨਜ਼ਰ ਰੱਖਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਉਹ ਰਿਸ਼ਤੇ ਵਿਚ ਉਹਦੀ ਭਰਜਾਈ ਲਗਦੀ ਸੀ। ਉਂਝ ਉਹ ਸੋਹਣੀ ਸੁਨੱਖੀ ਤੇ ਮੂੰਹ ਮੱਥੇ ਲਗਦੀ ਸੀ। ਉਹਨੇ ਇਧਰੋਂ ਓਧਰੋਂ ਸੁਣਿਆ ਸੀ ਕਿ ਉਹ ਮੇਲਿਆਂ 'ਤੇ ਜਾਂਦੀ ਹੈ ਤੇ ਆਉਂਦੀ ਹੋਈ ਪੈਸਿਆਂ ਨਾਲ ਬਟੂਆ ਭਰ ਲਿਆਂਦੀ ਹੈ। ਉਹਨੇ ਬਾਰ ਬਾਰ ਦਿਮਾਗ 'ਤੇ ਜ਼ੋਰ ਪਾ ਕੇ ਉਸ ਸਮੇਂ ਦੀਆਂ ਅੰਗਲੀਆਂ ਸੰਗਲੀਆਂ ਨੂੰ ਜੋੜਨ ਦਾ ਹੀਲਾ ਕੀਤਾ ਸੀ ਪਰ ਉਹ ਫਿਰ ਉਲਝ ਜਾਂਦੀਆਂ। ਉਹਨੂੰ ਲਗਦਾ ਜਿਵੇਂ ਕੋਈ ਗਰਾਰੀ ਘਸ ਕੇ ਦਿਮਾਗ਼ ਦੀ ਸੋਚ ਵਿਚ ਫਸ ਗਈ ਹੋਵੇ।

ਬੱਤੀ ਬੁਝ ਗਈ ਸੀ। ਹਨੇਰਾ ਜਿਵੇਂ ਉਸ ਪਲ ਨੂੰ ਲੁਕੋ ਗਿਆ ਸੀ। ਹਨੇਰੇ ਵਿਚ ਟੋਹ ਕੇ ਹੀ ਉਹਨੇ ਦੇਖਿਆ ਸੀ ਕਿ ਸਟੋਰ ਦੇ ਫਰਸ਼ 'ਤੇ ਮਿਠਾਈਆਂ ਵਿਚਕਾਰ ਅੱਧ ਨੰਗੀ ਨੈਣਾ ਦਾ ਜਿਸਮ ਹੌਲ਼ੀ ਹੌਲ਼ੀ ਠੰਢਾ ਹੋ ਰਿਹਾ ਸੀ। ਬੱਤੀ ਦੇ ਆਉਂਦਿਆਂ ਉਹ ਭਮੱਤਰ ਗਿਆ ਸੀ। ਉਹਦੇ ਹੱਥ ਲਹੂ ਨਾਲ ਲਿਬੜੀ ਨੈਣਾ ਦੀ ਗਰਦਨ 'ਤੇ ਸਨ। ਪਰ ਉਹਨੇ ਨਾ ਤਾਂ ਨੈਣਾ ਦਾ ਗਲਾ ਘੋਟਿਐ ਸੀ ਨਾ ਚਾਕੂ ਮਾਰਿਐ। ਫਿਰ ਨੈਣਾ ਦਾ ਕਾਤਲ ਕੌਣ ਹੈ? ਇਹ ਭੇਤ ਵਾਲੀ ਗੱਲ ਸੀ।

ਬਨਾਰਸੀ ਸ਼ਾਹ ਦੇ ਪੋਤੇ ਦਾ ਵਿਆਹ ਸੀ। ਸ਼ਹਿਰ ਦੇ ਖਾਂਦੇ ਪੀਂਦੇ ਅਮੀਰਾਂ ਵਿਚ ਉਹਦੀ ਗਿਣਤੀ ਹੁੰਦੀ ਸੀ। ਸੁਰੈਣਾ ਭਾਵੇਂ ਸਾਰਾ ਦਿਨ ਹੱਥ ਰੇਹੜੀ 'ਤੇ ਖੰਡ, ਮੈਦੇ ਦੀਆਂ ਬੋਰੀਆਂ ਢੋਂਦਾ ਸੀ ਪਰ ਰਾਤ ਨੂੰ ਜੇ ਕਿਸੇ ਅਮੀਰ ਘਰੇ ਵਿਆਹ ਹੋਵੇ ਤਾਂ ਉਹ ਵੀ ਚਾਰ ਛਿੱਲੜ ਮਿਲਣ ਦੀ ਆਸ ਨਾਲ ਚਲੇ ਜਾਂਦਾ ਸੀ। ਉਹ ਉੱਚੀ ਅਵਾਜ਼ ਵਿਚ ਵੇਲ ਕਰਾਉਣ ਦੀ ਦੁਹਾਈ ਦੇਂਦਾ ਤਰਲੇ ਲੈਂਦਾ - ਸ਼ਾਹ ਜੀ ਤੇਰੀਆਂ ਜੋੜੀਆਂ ਸਲਾਮਤ ਰਹਿਣ... ਘਰ ਭਰੇ ਰਹਿਣ... ਕੋਠੀਆਂ 'ਚੋਂ ਦਾਣਾ ਫੱਕਾ ਨਾ ਮੁੱਕੇ... ਕਰ ਦੇ ਕੋਈ ਮੇਹਰ ਦਾਤਿਆ...'

-ਵੇ ਮਹਿਲਾਂ ਵਾਲਿਆ ਸ਼ਾਹਾ... ਦੇ ਕੁਝ ਭੋਰਾ ਗਰੀਬਾਂ ਨੂੰ... ਭੁੱਖੇ ਢਿੱਡ ਤੈਨੂੰ 'ਸੀਸਾਂ ਦੇਂਦੇ ਨੇ... ਅਸਾਂ ਰੋਟੀ ਖਾਣੀ ਏ ਕੋਈ ਮਹਿਲ ਨੀ ਚੁੱਕ ਖੜਨੇ... ਖੋਲ੍ਹ ਦੇ ਗੁੱਥੀ ਦਾ ਮੂੰਹ... ਰੱਬ ਤੈਨੂੰ ਰਾਜੀ ਰਖੇ ਬਹੁਤਾ ਦੇਵੇ - ਵੇ ਕਰਮਾਂ ਵਾਲਿਆ...' ਉਹਦੇ ਨਾਲ ਹੀ ਸ਼ਿਬੋ, ਨੈਣਾ, ਕਾਲੀ, ਸਾਹਿਬੋ, ਕੀੜੀ ਤੇ ਉਨ੍ਹਾਂ ਦੇ ਡੇਰੇ ਦੇ ਹੋਰ ਕਈ ਮਰਦ ਔਰਤਾਂ ਮੰਗਣ ਆ ਜਾਂਦੇ।

ਸੁਰੈਣੇ ਨੂੰ ਯਾਦ ਸੀ ਉਹਨੇ ਮੰਡੀਓਂ ਆਉਂਦਿਆਂ ਹੀ ਘਰ ਦੀ ਕੱਢੀ ਵਿਚ ਪਾਣੀ ਮਿਲਾ ਕੇ ਦੋ ਹਾੜੇ ਖਿੱਚੇ ਸਨ ਤਾਂ ਉਹਦੇ ਕੰਨਾਂ ਵਿਚ ਸੂੰ ਸੂੰ ਹੋਣ ਲੱਗੀ ਸੀ। ਉਹਦੇ ਅੰਦਰ ਜਿਵੇਂ ਕੋਲਿਆਂ ਵਾਲੀ ਭੱਠੀ ਵਿਚ ਅੰਗਿਆਰ ਮਘਣ ਲੱਗੇ ਸਨ। ਉਹਨੇ ਤਲੀ 'ਤੇ ਲੂਣ ਦੀ ਚੁਟਕੀ ਰੱਖ ਕੇ ਫੱਕਾ ਮਾਰਿਆ ਸੀ। ਕਰੜ ਬਰੜੀ ਦਾੜ੍ਹੀ ਨੂੰ ਉਹਨੇ ਅੱਟਣ ਪਏ ਹੱਥਾਂ ਨਾਲ ਪਲੋਸਿਆ ਸੀ। ਡੇਕ 'ਤੇ ਚੜ੍ਹ ਰਹੀ ਬੱਕਰੀ ਨੂੰ ਉਹਨੇ ਸ਼ਿਸ਼ਕਾਰਿਆ ਸੀ - ਹੇ.. ਖਾਂ.. ਹੇ ਖਾਂ.. ਕੀ ਕਰਦੀ ਏ ਗੰਦੀ ਔਲਾਦ... ਹਟ ਤੇਰੇ ਕੀ...

ਉਹਦਾ ਮਨ ਤਾਂ ਸੀ ਕਿ ਇਕ ਅੱਧ ਹਾੜਾ ਹੋਰ ਮਾਰੇ ਤਾਂ ਜੋ ਦੁਖਦੇ ਸਰੀਰ ਨੂੰ ਤਰਾਰਾ ਜਿਹਾ ਆ ਜਾਵੇ। ਪਰ ਦੋ ਹਾੜਿਆਂ ਨਾਲ ਹੀ ਉਹਦੀ ਤਬੀਅਤ ਹਰੀ ਹੋ ਗਈ ਸੀ। ਗੁਰੂ ਕੇ ਖੂਹ ਵਾਲੇ ਲੰਙੇ ਜਸਵੰਤ ਮਿਸਤਰੀ ਨੇ ਉਹਨੂੰ ਇਹ ਘਰ ਦੀ ਕੱਢੀ ਦਿੱਤੀ ਸੀ। ਮਿਸਤਰੀ ਨੇ ਸਿਫਤ ਕਰਦਿਆਂ ਕਿਹਾ ਸੀ - ਸੁਰੈਣਿਆ ਦੋ ਤਿੰਨ ਹਾੜਿਆਂ 'ਚ ਤੂੰ ਸ਼ੇਰ 'ਤੇ ਚੜ੍ਹਿਆ ਮਹਿਸੂਸ ਕਰੇਂਗਾ। ਰਾਤ ਭਾਵੇਂ ਜਿੰਨੀਆਂ ਮਰਜ਼ੀ ਘੋੜੀਆਂ ਦੀ ਸਵਾਰੀ ਕਰੀਂ ਕੇਰਾਂ ਤੂੰ ਸ਼ੇਰ ਹੀ ਬਣਿਆ ਰਹੇਂਗਾ।

ਪਹਿਲੇ ਤੋੜ ਦੀ ਨੂੰ ਹੋਰ ਕਸ਼ੀਦ ਕਰ ਕੇ ਇਹ ਸੌਗਾਤ ਬਣਾਈ ਏ ਕੇਰਾਂ ਦਿਓਤਿਆਂ ਦੇ ਪੀਣ ਲਈ। ਪਰ ਇਕ ਗੱਲ ਦਾ ਖਿਆਲ ਰੱਖੀਂ, ਕਿਤੇ ਭਰਜਾਈ ਦੇ ਬਖੀਏ ਨਾ 'ਦੇੜ੍ਹ ਦੇਈ।'

ਤੇ ਉਹ ਲੱਤ ਲੰਙਾਉਂਦਾ,ਮੁਸਕੜੀਏ ਹੱਸਦਾ ਹੱਟੀ ਅੰਦਰ ਵੜ ਗਿਆ ਸੀ। ਅਕਸਰ ਲਾਹਣ ਪੀ ਕੇ ਤੇ ਬਿੱਲਾ ਖਾ ਕੇ ਉਹ ਸ਼ਿਬੋ ਨੂੰ ਤੰਗ ਕਰਦਾ। ਉਦੋਂ ਉਹ ਸ਼ਿਵ ਬਣ ਜਾਂਦਾ। ਸ਼ਿਬੋ ਅਕਸਰ ਉਲਾਂਭਾ ਦੇਂਦੀ - ਮੈਥੋਂ ਨੀ ਤੇਰਾ ਤਾਂਡਵ ਜਰਿਆ ਜਾਂਦਾ। ਬਿੱਲੇ ਦੀ ਚਰਬੀ ਘੱਟ ਖਾਇਆ ਕਰ। ਨਾਲੇ ਜਿਹੜੀ ਲਾਹਣ ਪੀ ਕੇ ਤੂੰ ਬੜ੍ਹਕਾਂ ਮਾਰਦੈਂ ਇਹ ਤੇਰੇ ਹੱਡ ਖੋਰ ਦਏਗੀ। ਕਾਮਾ ਬਣ ਕਾਮਾ।'

ਪਰ ਉਹਦੀ ਵਾਸ਼ਨਾ ਅੱਗੇ ਸ਼ਿਬੋ ਹਾਰ ਜਾਂਦੀ, ਮੋਮ ਬਣ ਜਾਂਦੀ ਤੇ ਫਿਰ ਉਹ ਉਹਨੂੰ ਜਿੰਨਾ ਚੂੰਡ ਸਕਦਾ ਸੀ ਚੂੰਡਦਾ। ਉਨ੍ਹਾਂ ਦੇ ਡੇਰੇ ਵਿਚ ਸਾਰੇ ਮਰਦ ਇਹੋ ਕੁਝ ਕਰਦੇ, ਉਹਨੂੰ ਯਾਦ ਹੈ ਜਦੋਂ ਉਹਨੇ ਵਿਆਹ ਵਿਚ ਛਤਰੇ ਵੱਢੇ ਸੀ ਤਾਂ ਕਈ ਦਿਨ ਰਾਤਾਂ ਨੂੰ ਕੋਠੜੀਆਂ ਵਿਚੋਂ ਅਵਾਜ਼ਾਂ ਗੂੰਜਦੀਆਂ ਰਹੀਆਂ। ਲਾਹਣ ਦੀ ਸੜਿਆਂਦ ਹਵਾ ਵਿਚ ਘੁਲਦੀ, ਫਿਰ ਸਭ ਕੁਝ ਸ਼ਾਂਤ ਹੋ ਜਾਂਦਾ।

ਜਸਵੰਤ ਮਿਸਤਰੀ ਉਹਦਾ ਬਚਪਨ ਦਾ ਆੜੀ ਸੀ। ਪੋਲੀਓ ਕਰਕੇ ਉਹਦੀ ਇਕ ਲੱਤ ਮਾਰੀ ਗਈ ਸੀ। ਉਹ ਸੁਰੈਣੇ ਨੂੰ ਅਕਸਰ ਗੰਦੇ ਮਜ਼ਾਕ ਕਰਦਾ ਕਦੇ ਕਦੇ ਇਸ਼ਾਰੇ ਕਰਦਾ। ਉਨ੍ਹਾਂ ਵਿਚ ਹਾਸਾ ਠੱਠਾ ਚਲਦਾ ਰਹਿੰਦਾ। ਜਸਵੰਤ ਦੀ ਕਹੀ ਗੱਲ ਉਹਦੇ ਦਿਮਾਗ਼ ਦੀ ਫਿਰਕੀ ਵਿਚ ਫਸ ਜ਼ਰੂਰ ਗਈ ਸੀ ਪਰ ਸ਼ਾਹਾਂ ਦੇ ਘਰ ਜਾ ਕੇ ਸਵਾਦੀ ਖਾਣਿਆਂ ਦੀ ਖ਼ੁਸ਼ਬੋ ਵਿਚ ਉਹ ਸਾਰਾ ਕੁਝ ਭੁੱਲ ਗਿਆ ਸੀ। ਸਾਰੇ ਦਿਨ 'ਚ ਉਹਨੇ ਮੰਡਿਆਂ ਵਰਗੀਆ ਤਿੰਨ ਰੋਟੀਆਂ ਮੰਡੀਓਂ ਛੋਲੇ ਲੈ ਕੇ ਖਾਧੀਆਂ ਸਨ। ਪਰ ਹੁਣ ਅੱਗ ਢਿੱਡ ਵਿਚ ਖੋਰੂ ਪਾ ਰਹੀ ਸੀ ਤੇ ਖਾਣ ਲਈ ਕੁਝ ਮੰਗ ਰਹੀ ਸੀ। ਸ਼ਿਬੋ ਨੇ ਵੀ ਸ਼ਾਹਾਂ ਦੇ ਗੁਣ ਗਾਂਦਿਆਂ ਉਚੀ ਆਵਾਜ਼ ਵਿਚ ਕਿਹਾ - ਵੇ ਮਹਿਲਾਂ ਵਾਲਿਆ ਰਾਜਿਆ ਕਰ ਦੇ ਵੇ ਗਰੀਬਾਂ ਨੂੰ ਕੁਝ ਦਾਨ... ਤੇਰੇ ਪੁੱਤ ਪੋਤਰੇ ਜੀਂਦੇ ਰਹਿਣ... ਜਵਾਨੀਆਂ ਮਾਣਨ... ਤੇਰੀਆਂ ਵੇਲਾਂ ਵਧਣ... ਸਾਡੀ ਗਰੀਬਾਂ ਦੀ ਝੋਲ਼ੀ ਭਰ ਦੇ... ਜੀਂਦੀਆਂ ਰਹਿਣ ਤੇਰੀਆਂ ਸ਼ਾਹਣੀਆਂ... ਦੇ ਦੇ ਵੇ ਕਰਮਾਂ ਵਾਲਿਆ, ਕੁਝ ਨਹੀਂ ਘਟਦਾ... ਤੇਰੇ ਖ਼ਜ਼ਾਨੇ ਭਰੇ ਰਹਿਣ... ਤੇਰੀਆਂ ਹੱਟੀਆਂ ਭਰੀਆਂ ਰਹਿਣ... ਕੁਝ ਖੰਡ ਰੋਟੀ ਹੀ ਦੇ ਦੇ... ਤੇਰੇ ਲਾੜੇ ਦੇ ਸਿਹਰੇ ਸਜੇ ਰਹਿਣ...'

ਉਹ ਹਟਦੀ ਤਾਂ ਕੋਈ ਹੋਰ ਸ਼ਾਹਾਂ ਨੂੰ ਅਸੀਸਾਂ ਦੇਣ ਲਗਦੀ। ਵਿਆਹ ਵਾਲਾ ਘਰ ਹੋਣ ਕਰਕੇ ਹਵੇਲੀ ਪਰਾਹੁਣਿਆਂ ਨਾਲ ਲੱਦੀ ਪਈ ਸੀ। ਕੋਈ ਆ ਰਿਹਾ ਸੀ ਕੋਈ ਜਾ ਰਿਹਾ ਸੀ। ਹਰ ਆਂਦੇ ਜਾਂਦੇ ਕੋਲ਼ ਉਹ ਫਰਿਆਦ ਕਰਦੇ। ਵਿਆਹਾਂ ਵਿਚ ਮੰਗਣਾ ਉਨ੍ਹਾਂ ਦਾ ਪਿਤਾ ਪੁਰਖੀ ਪੇਸ਼ਾ ਸੀ। ਸ਼ਾਹ ਦਾ ਮੁਨੀਮ ਹਰੀ ਰਾਮ ਇਕ ਵਾਰ ਉਨ੍ਹਾਂ ਨੂੰ ਦਬਕਾ ਮਾਰ ਗਿਆ ਸੀ - ਓਏ ਇਥੇ ਕਾਹਨੂੰ ਸਾਰਾ ਡੇਰਾ 'ਕੱਠਾ ਕੀਤੈ, ਵਗ ਜੋ ਸਾਰੇ, ਕਿੱਦਾਂ ਬੈਠੇ ਨੇ ਚੌਂਕੜੀਆਂ ਮਾਰ ਕੇ ਜਿਵੇਂ ਸ਼ਾਹ ਨੂੰ ਕਰਜੇ ਦਿੱਤੇ ਹੁੰਦੇ ਨੇ। ਜਾਓ ਕੱਲ੍ਹ ਨੂੰ ਆਇਓ।'

-ਵੇ ਸ਼ਾਹਾ ਕਾਹਨੂੰ ਔਖਾ ਹੁਨੈ, ਅਸਾਂ ਕਿਹੜਾ ਧਾਡੇ ਮਹਿਲ ਲੈ ਜਾਣੇ ਨੇ, ਭੁੱਖੇ ਢਿੱਡ ਨੇ, ਦੇ ਦੇ ਕੁਝ ਖਾਣ ਨੂੰ। ਏਡੇ ਲੰਗਰਾਂ 'ਚ ਕਾਹਦਾ ਘਾਟੈ।'

-ਨਾ ਲੰਗਰ, ਸ਼ਾਹਾਂ ਨੇ ਧਾਡੇ ਲਈ ਰਿੰਨ੍ਹੇ ਨੇ। ਜਿਹੜੇ ਉਨ੍ਹਾਂ ਦੇ ਜਾਂਞੀ ਮਾਂਞੀ ਆਏ ਨੇ ਉਨ੍ਹਾਂ ਲਈ ਬਣਿਐ ਸਭ ਕੁਝ ਜਾਓ ਐਵੇਂ ਕਾਵਾਂ ਰੌਲ਼ੀ ਪਾਈ ਏ।'

-ਵੇ ਵੱਡਿਆ! ਕਾਹਨੂੰ ਦੁਰਕਾਰਨੈ, ਅਸਾਂ ਵੀ ਇੱਥੋਂ ਈ ਮੰਗ ਪਿੰਨ ਕੇ ਲਜਾਣੈ, ਸਾਡੀਆਂ ਕਿਹੜਾ ਚੱਕੀਆਂ ਚਲਦੀਆਂ ਨੇ। ਤੇਰੇ ਤਾਂ ਕੋਹਲੂ ਚਲਦੇ ਨੇ।'

ਮੁਨੀਮ ਬਿਨਾ ਕੁਝ ਕਹਿਆਂ ਅੰਦਰ ਚਲਿਆ ਗਿਆ। ਏਨੇ ਨੂੰ ਉਨ੍ਹਾਂ ਦਾ ਡਰਾਇਵਰ ਕਾਲ਼ਾ ਮੁਰਲੀ ਆ ਗਿਆ। ਉਹਦੀ ਭੈੜੀ ਨਜ਼ਰ ਪਤਾ ਨਹੀਂ ਕਿਉਂ ਨੈਣਾ 'ਤੇ ਟਿਕੀ ਹੋਈ ਸੀ। ਉਹਦੀਆਂ ਅੱਖਾਂ ਵਿਚ ਜਿਵੇਂ ਗਰਮ ਗਰਮ ਅੱਗ ਧੁਖ ਰਹੀ ਸੀ। ਹਵਸ ਉਹਦੀਆਂ ਅੱਖਾਂ ਵਿਚੋਂ ਬਾਹਰ ਡੁਲ੍ਹ ਰਹੀ ਸੀ। ਉਹ ਨੈਣਾ 'ਤੇ ਨਿਗ੍ਹਾ ਟਿਕਾਈ ਉਹਨੂੰ ਘੂਰ ਰਿਹਾ ਸੀ।



-ਹਾਂ ਬੋਲੋ ਕੀਹਨੂੰ ਕੀਹ ਕੀਹ ਚਾਹੀਦੈ।' ਉਹਨੇ ਸਾਰਿਆਂ ਨੂੰ ਪੁੱਛਿਆ।

ਸਾਰੇ ਮੰਗਤੇ ਇਕ ਦਮ ਹਰਕਤ ਵਿਚ ਆ ਗਏ। ਉਹ ਡੋਲੂ, ਗਿਲਾਸ, ਕੌਲੀਆਂ, ਥਾਲ਼ੀਆਂ ਚੁੱਕ ਕੇ ਖੜ੍ਹੇ ਹੋ ਗਏ। ਕਾਲ਼ੀ ਦੀ ਦੁੱਧ ਪੀਂਦੀ ਕੁੜੀ ਫਰਸ਼ 'ਤੇ ਡਿਗ ਕੇ ਰੋਣ ਲੱਗੀ।

-ਉਹ ਮੈਂ ਤਾਂ ਅਜੇ ਪੁੱਛਿਆ ਈ ਏ। ਤੁਸੀਂ ਤਾਂ ਬਾਰਡਰ 'ਤੇ ਜਾਣ ਵਾਲਿਆਂ ਵਾਂਗ ਤਿਆਰੀ ਕਸ ਲਈ ਏ। ਵਾਰੀ ਵਾਰੀ ਆਓ, ਪਿਛਲੇ ਪਾਸੇ ਰਸੋਈ ਏ ਉੱਥੋਂ ਤੁਹਾਨੂੰ ਅੰਨ ਪਾਣੀ ਮਿਲੇਗਾ। ਤੇ ਮਿਲਣ ਤੋਂ ਬਾਅਦ ਤਿੱਤਰ ਹੁੰਦੇ ਜਾਓ, ਕੋਈ ਏਥੇ ਖੜ੍ਹਾ ਨਾ ਦਿਸੇ।

ਉਹ ਬਹਾਨੇ ਨਾਲ ਪਹਿਲਾਂ ਸ਼ਿਬੋ ਤੇ ਕਾਲ਼ੀ ਨੂੰ ਲੈ ਗਿਆ ਤੇ ਉੱਥੋਂ ਪੂੜੀਆਂ ਤੇ ਸਬਜ਼ੀ ਦੇ ਕੇ ਤੋਰ ਦਿੱਤਾ। ਫਿਰ ਉਹ ਚਰਨੇ ਤੇ ਸਾਹਿਬੋ ਨੂੰ ਲੈ ਗਿਆ। ਉਨ੍ਹਾਂ ਦੇ ਡੋਲੂ ਭਰ ਕੇ ਉਨ੍ਹਾਂ ਨੂੰ ਤਿੱਤਰ ਕਰ ਦਿੱਤਾ। ਫਿਰ ਉਹ ਨੈਣਾ ਤੇ ਕੀੜੀ ਨੂੰ ਲੈ ਗਿਆ। ਕੀੜੀ ਨੂੰ ਸਮਾਨ ਦੇ ਕੇ ਉਹ ਨੈਣਾ ਨੂੰ ਮਿਠਾਈ ਦੇਣ ਦੇ ਬਹਾਨੇ ਸਟੋਰ ਵਿਚ ਲੈ ਗਿਆ। ਕੁਝ ਦੇਰ ਬਾਅਦ ਮੁਨੀਮ ਸੁਰੈਣੇ ਨੂੰ ਵੀ ਸਟੋਰ ਵਿਚ ਲੈ ਗਿਆ। ਉਸੇ ਪਲ ਬੱਤੀ ਗੁਲ ਹੋ ਗਈ ਸੀ। ਸਮਾਂ ਜਿਵੇਂ ਰੁਕ ਗਿਆ ਸੀ।

ਬਚਪਨ ਵਿਚ ਸੁਰੈਣਾ ਬੜਾ ਅੱਥਰਾ ਹੁੰਦਾ ਸੀ। ਉਹਦੇ ਪਿਓ ਨੇ ਉਹਨੂੰ ਮਸੀਤ ਵਾਲੇ ਸਰਕਾਰੀ ਸਕੂਲ ਵਿਚ ਦਾਖਲ ਕਰਾਇਆ ਸੀ ਪਰ ਉਹ ਪੜ੍ਹਦਾ ਘੱਟ ਤੇ ਇਲਤਾਂ ਜ਼ਿਆਦਾ ਕਰਦਾ। ਗੰਦੇ ਨਾਲ਼ੇ ਕੋਲੋਂ ਚੂਹਾ ਫੜ ਲਿਆਉਂਦਾ ਤੇ ਫਿਰ ਉਹਦੀ ਪੂਛ ਧਾਗੇ ਨਾਲ ਬੰਨ੍ਹ ਕੇ ਕਦੇ ਉਹਨੂੰ ਢਿੱਲਾ ਛੱਡਦਾ, ਕਦੇ ਖਿੱਚਣ ਲੱਗ ਜਾਂਦਾ। ਇੰਝ ਕਰਦਿਆਂ ਹੀ ਉਹ ਇਕ ਦਿਨ ਨਿਓਲ਼ਾ ਮਾਰ ਲਿਆਇਆ। ਕਦੇ ਕਦੇ ਉਹ ਦੁਪਹਿਰ ਵੇਲ਼ੇ ਗੁਰਦਵਾਰੇ ਜਾਂਦਾ ਤੇ ਅੰਬਾਂ ਦੇ ਰੁੱਖਾਂ ਨਾਲ ਲਟਕਦੇ ਚੀਕਦੇ ਹੋਏ ਚਮਗਾਦੜ ਲਾਹ ਲਿਅਉਂਦਾ। ਚਮਗਾਦੜ ਖੰਭ 'ਕੱਠੇ ਕਰਕੇ ਚੀਕਦਾ ਉਹਦੇ ਹੱਥ 'ਤੇ ਚੰਬੜ ਜਾਂਦਾ। ਇੰਝ ਕਰਦਾ ਉਹ ਆਪਣੇ ਸਾਥੀਆਂ ਨੂੰ ਡਰਾਉਂਦਾ। ਸਾਰੇ ਉਹਦੇ ਕੋਲੋਂ ਡਰਦੇ। ਕਦੇ ਕਦੇ ਉਹ ਸਟੇਸ਼ਨ 'ਤੇ ਚਲਾ ਜਾਂਦਾ। ਉੱਥੇ ਲੱਗੀਆਂ ਬੋਰੀਆਂ ਦੀਆਂ ਧਾਂਕਾਂ ਵਿਚ ਉਂਗਲਾਂ ਮਾਰ ਮਾਰ ਮੋਰੀਆਂ ਕਰ ਦੇਂਦਾ ਤੇ ਵਗਦੀ ਕਣਕ ਜਾਂ ਚੌਲਾਂ ਨੂੰ ਕੱਚਿਆਂ ਚਬਾ ਕੇ ਖਾ ਜਾਂਦਾ। ਕਦੇ ਲਾਈਨਾਂ ਤੋਂ ਫਿਸ਼ ਪਲੇਟਾਂ ਉਖਾੜ ਕੇ ਸੁੱਟ ਦੇਂਦਾ, ਫਿਰ ਆਪ ਜਾ ਕੇ ਬੇਲਦਾਰ ਨੂੰ ਦਸ ਦੇਂਦਾ ਕਿ ਫਿਸ਼ ਪਲੇਟਾਂ ਉਖੜੀਆਂ ਪਈਆਂ ਹਨ। ਉਹਦੇ ਕੋਲ ਖੜ੍ਹੋ ਕੇ ਉਨ੍ਹਾਂ ਨੂੰ ਫਿਟ ਕਰਾਂਦਾ। ਸਿਰੇ ਦਾ ਅਵਾਰਾਗਰਦ ਉਹ ਕਿਤੇ ਟਿਕ ਕੇ ਨਾ ਬਹਿੰਦਾ। ਸ਼ਾਮ ਪਏ ਘਰ ਆਉਂਦਾ ਤਾਂ ਉਹਦੀ ਮਾਂ ਸੱਤੋ ਰੱਜ ਕੇ ਕਲੇਸ਼ ਕਰਦੀ - ਵੇ ਰੁੜ੍ਹ ਜਾਣਿਆ, ਕਲ਼ੈਣਿਆ ਆ ਗਿਐਂ ਚੂਹਿਆਂ ਦੀਆਂ ਮਾਰਾਂ ਤੋਂ ਵਿਹਲਾ ਹੋ ਕੇ... ਤੈਨੂੰ ਜਮ ਪੈਣ ਔਤਰਿਆ... ਨਾ ਤੂੰ ਪੜ੍ਹਦੈ ਨਾ ਕੱਖ ਭੰਨ ਕੇ ਦੋਹਰਾ ਕਰਦੈਂ, ਪਤੈ ਨ੍ਹੀਂ ਕਿਹੜੇ ਮਾੜੇ ਦਿਨ ਜੰਮਿਐਂ ਕੁੱਤਿਆ... ਤੇਰਾ ਪਿਓ ਸਾਰਾ ਦਿਨ ਬੋਰੀਆਂ ਨਾਲ ਦੋਹਰਾ ਹੋਇਐ ਰਹਿੰਦੈ ਤੇ ਤੂੰ ਲਾਟ ਸਾਬ੍ਹ ਬਣਿਆ ਸਾਰਾ ਦਿਨ ਗਿਰਦੌਰਾਂ ਵਾਂਗ ਫਿਰਦੈਂ...।'

ਪਰ ਉਹ ਅੱਗੋਂ ਕੋਈ ਜੁਆਬ ਨਾ ਦੇਂਦਾ। ਜੇ ਮਾਂ ਡੰਡਾ ਲੈ ਕੇ ਪੈ ਜਾਂਦੀ ਤਾਂ ਦੋ ਚਾਰ ਡੰਡੇ ਵੀ ਖਾ ਲੈਂਦਾ। ਛਿੱਤਰ ਵੀ ਖਾ ਲੈਂਦਾ, ਉਹ ਏਨਾ ਹੀ ਕਹਿੰਦਾ -ਜਦ ਰੋਟੀਆਂ ਲੱਥ ਜਾਣ ਤਾਂ ਬੀਬੀ ਦੱਸ ਦੇਈਂ ਬੜੀ ਭੁੱਖ ਲੱਗੀ ਏ।'

-ਹੁਣ ਭੁਖ ਲੱਗੀ ਏ ਇਸ ਔਤਰੇ ਨੂੰ... ਸਾਰਾ ਦਿਨ ਖੇਹ ਖਾਣ ਤੋਂ ਵਿਹਲ ਨੀ... ਪਤਾ ਨੀ ਕਿੱਥੇ ਕਿੱਥੇ ਘੀਸੀਆਂ ਕਰਕੇ ਔਂਦੈ... ਹੁਣ ਏਸ ਧਗੜੇ ਨੂੰ ਰੋਟੀਆਂ ਚਾਹੀਦੀਆਂ ਨੇ... ਦੇਨੀ ਆਂ ਮੈਂ ਤੈਨੂੰ ਘਿਓ ਵਿਚ ਲਬੇੜ ਕੇ ਪਰੌਂਠੇ... ਨਿੱਜ ਜੰਮਦੀ ਮੈਂ ਇਹੋ ਜਿਹੇ ਔਤਰੇ ਕਲ਼ੈਣੇ ਨੂੰ...' ਤੇ ਉਹ ਲੋਹੀ ਲਾਖੀ ਹੋਈ ਕਲਪਦੀ ਰਹਿੰਦੀ।

ਉਹਦਾ ਪਿਓ ਬਖਸ਼ੀ ਝੰਡਾ ਵੱਖ ਕਲਪਦਾ। ਉਹ ਸਦਾ ਕੁੜਤਾ ਲਾਹ ਕੇ ਉਹਨੂੰ ਹਵਾ ਵਿਚ ਉਡਾਈ ਰਖਦਾ। ਉਹਦੇ ਸਾਥੀਆਂ ਨੇ ਉਹਦਾ ਨਾਂ ਹੀ ਬਖਸ਼ੀ ਝੰਡਾ ਰੱਖ ਦਿੱਤਾ। ਜਿਸ ਦਿਨ ਸਪੈਸ਼ਲ ਲੱਗੀ ਹੁੰਦੀ ਉਹਨੂੰ ਸਿਰ ਖੁਰਕਣ ਦੀ ਵਿਹਲ ਨਾ ਹੁੰਦੀ। ਸਪੈਸ਼ਲ 'ਤੇ ਬਣਦੇ ਪੈਸਿਆਂ

ਨਾਲ ਉਹਦਾ ਤੋਰੀ ਫੁਲਕਾ ਚਲਦਾ। ਅੱਗੋਂ ਪਿੱਛੋਂ ਉਹ ਮੰਡੀ ਵਿਚ ਲਦਾਈ, ਛੜਾਈ ਦਾ ਕੰਮ ਕਰਦਾ। ਉਹਨੇ ਸੁਰੈਣੇ ਨੂੰ ਕਿਹਾ ਸੀ ਜੇ ਪੜ੍ਹਨਾ ਨਹੀਂ ਤਾਂ ਹਲਵਾਈ ਦੀ ਦੁਕਾਨ 'ਤੇ ਲੱਗ ਜਾ। ਉਹਨੇ ਬੀਰੇ ਹਲਵਾਈ ਨਾਲ ਗੱਲ ਵੀ ਕਰ ਲਈ ਸੀ। ਪਰ ਸੁਰੈਣਾ ਟਿਕ ਕੇ ਬਹਿ ਹੀ ਨਹੀਂ ਸੀ ਸਕਦਾ। ਦੋ ਚਾਰ ਦਿਨ ਬੀਰੇ ਦੀ ਦੁਕਾਨ 'ਤੇ ਗਿਆ ਤੇ ਫਿਰ ਤੂੰ ਕੌਣ ਤੇ ਮੈਂ ਕੌਣ।

ਇਕ ਦਿਨ ਉਹ ਬੀੜ ਵਿਚੋਂ ਬਿੱਲਾ ਮਾਰ ਲਿਆਇਆ ਸੀ। ਪੱਕਾ ਜੰਗਲੀ ਬਿੱਲਾ। ਬੜੀ ਮੁਸ਼ਕਲ ਨਾਲ ਉਹਨੇ ਉਹਨੂੰ ਵਿਸਾਹ ਦੇ ਕੇ ਮਾਰਿਆ ਸੀ। ਉਹਦੇ ਪੈਰਾਂ ਵਿਚ ਚੀਨੀ ਡੋਰ ਅਜਿਹੀ ਫਸਾਈ ਕਿ ਬਿੱਲਾ ਪੂਰਾ ਜ਼ੋਰ ਲਾਉਣ 'ਤੇ ਵੀ ਨਾ ਡੋਰ ਛੁਡਾ ਸਕਿਆ ਨਾ ਭੱਜ ਸਕਿਆ। ਸੁਰੈਣਾ ਬੜਾ ਖ਼ੁਸ਼ ਸੀ। ਬਿੱਲਾ ਦੇਖ ਕੇ ਇਕ ਵਾਰ ਤਾਂ ਬਖਸ਼ੀ ਝੰਡੇ ਦੀਆਂ ਵੀ ਵਾਛਾਂ ਖਿੜ ਗਈਆਂ ਸਨ। ਕਈ ਦਿਨ ਉਨ੍ਹਾਂ ਬਿੱਲਾ ਰਿੰਨ੍ਹ ਰਿੰਨ੍ਹ ਖਾਧਾ। ਉਹਦੀ ਚਰਬੀ ਵੱਖ ਕਰ ਕੇ ਰੱਖ ਲਈ। ਖੱਲ ਨੂੰ ਸੁਰੈਣਾ ਮੁੜ ਦੂਰ ਬੀੜ ਵਿਚ ਸੁੱਟ ਆਇਆ ਸੀ। ਹੁਣ ਕਿਤੇ ਵੀ ਉਹਨੂੰ ਬਿੱਲਾ ਨਜ਼ਰ ਆਉਂਦਾ ਤਾਂ ਉਹਦੇ ਹੱਥਾਂ 'ਤੇ ਖੁਰਕ ਹੋਣ ਲੱਗ ਜਾਂਦੀ।

ਇਕ ਦਿਨ ਉਹਦੇ ਚਾਚੇ ਦੇ ਮੁੰਡੇ ਨੇ ਉਹਨੂੰ ਕਿਹਾ ਸੀ ਤੂੰ ਬਿੱਲੇ ਮਾਰਨ ਜੋਗਾ ਹੀ ਰਹਿ ਜਾਏਂਗਾ ਜੇ ਕੋਈ ਹੋਰ ਕੰਮ ਧੰਦਾ ਨਾ ਕੀਤਾ ਤਾਂ...

-ਕੰਮ ਧੰਦੇ 'ਚ ਮੇਰਾ ਮਨ ਨੀ ਲਗਦਾ ਮੇਰੇ ਪੈਰਾਂ 'ਚ ਚੱਕਰ ਏ'

-ਪਰ ਇਸ ਚੱਕਰ ਨੂੰ ਗੇੜਾ ਦੇ ਦੇ, ਨਾਲੇ ਤੇਰਾ ਕੰਮ ਸਰਜੂ ਨਾਲ ਚਾਰ ਪੈਹੇ ਕਮਾ ਲਏਂਗਾ।'

-ਪਰ ਗੇੜਾ ਦੇਵਾਂ ਕੀਹਨੂੰ, ਤੂੰ ਦੱਸ ਕਿਵੇਂ ਦੇਨਾ ਏਂ ਗੇੜਾ।'

-ਬਸ ਆਪਾਂ ਸ਼ਾਮ ਨੂੰ ਪੌਣੇ ਪੰਜ ਵਜੇ ਵਾਲੀ ਰੇਲ ਗੱਡੀ 'ਚ ਪੱਟੀ ਜਾਈਦੈ। ਜੇ ਗੇੜਾ ਮਿਲ ਗਿਆ ਤਾਂ ਬਾਰਡਰ ਤਕ ਜਾ ਆਈਦੈ। ਇਕੋ ਗੇੜੇ ਨਾਲ ਰੌਣਕਾਂ ਲੱਗ ਜਾਂਦੀਆਂ ਨੇ। ਗੱਲ ਕਰ ਤੈਨੂੰ ਵੀ ਗੇੜਾ ਗੂੜ੍ਹਾ ਦਵਾ ਦੇਨੇ ਆਂ। ਰਵੀ ਭਾਅ ਜੀ ਉਰਫ ਰਵੀ ਢਿੱਲੋਂ 'ਲਾਕੇ ਦਾ ਸਰਦਾਰ ਐ ਉਹੀ ਗੇੜੇ ਲਵਾਂਦੈ।'

-ਚਲ ਕਿਸੇ ਦਿਨ ਯਾਰ ਮੈਨੂੰ ਵੀ ਗੇੜਾ ਲਵਾ ਦੇ'

ਸੁੱਖਾ ਤਾੜੀ ਉਨ੍ਹਾਂ ਦਿਨਾਂ ਵਿਚ ਨਸ਼ੇ ਸਰਹੱਦ ਤਕ ਛੱਡ ਕੇ ਆਉਂਦਾ ਸੀ। ਇਹ ਕੰਮ ਬੜੇ ਹੌਂਸਲੇ ਤੇ ਜਬ੍ਹੇ ਵਾਲਾ ਸੀ। ਬਾਰਡਰ ਸਿਕਿਓਰਟੀ ਵਾਲੇ ਤੇ ਰੇਂਜਰ ਦੋਹਾਂ 'ਚੋਂ ਕੋਈ ਵੀ ਪਹਿਲ ਕਰ ਕੇ ਗੋਲ਼ੀ ਮਾਰ ਸਕਦਾ ਸੀ। ਇਸ ਲਈ ਬੜੇ ਹੌਂਸਲੇ ਨਾਲ ਕਈ ਵਾਰ ਠੰਢੀਆਂ ਰਾਤਾਂ ਵਿਚ ਪਾਣੀ ਨਾਲ ਭਰੇ ਖਾਲ਼ ਵਿਚ ਲੇਟ ਕੇ ਸਾਰੀ ਸਾਰੀ ਰਾਤ ਉਡੀਕ ਕਰਨੀ ਪੈਂਦੀ ਸੀ। ਜਿਵੇਂ ਓਧਰ ਤਾੜੀ ਵਜਦੀ ਤਾਂ ਚਾਰੇ ਪਾਸਿਓਂ ਚੁਕੰਨੇ ਹੋ ਕੇ ਬੰਡਲ ਬਾਰਡਰ ਲਾਈਨ ਤੋਂ ਪਾਰ ਸੁੱਟ ਕੇ ਭੱਜਣਾ ਹੁੰਦਾ ਸੀ ਤੇ ਫਿਰ ਬੰਡਲ ਦੀ ਸੇਧ ਵਿਚ ਦੂਰ ਖਲੋ ਕੇ ਤਾੜੀ ਦਾ ਜੁਆਬ ਤਾੜੀ ਮਾਰ ਕੇ ਦੇਣਾ ਹੁੰਦਾ ਸੀ। ਏਸੇ ਕਰਕੇ ਸੁੱਖੇ ਦਾ ਨਾਂ ਸੁੱਖਾ ਤਾੜੀ ਪੈ ਗਿਆ ਸੀ।

ਪਹਿਲਾਂ ਤਾਂ ਸੱਤੋ ਨੂੰ ਪਤਾ ਨਹੀਂ ਸੀ ਕਿ ਉਹ ਕਿਹੜੇ ਚੰਦ ਚਾੜ੍ਹ ਰਿਹੈ ਪਰ ਜਦੋਂ ਪਤਾ ਲੱਗਾ ਤਾਂ ਉਹਨੇ ਖਬਰਦਾਰ ਕਰਦਿਆਂ ਕਿਹਾ ਸੀ - ਕਿਸੇ ਦਿਨ ਤੇਰੀ ਲਾਸ਼ ਨੂੰ ਕੁੱਤਿਆਂ ਨੇ ਨੀ ਖਾਣਾ ਗਦਾਰਾ। ਸ਼ਿੰਦੋ ਦੇ ਪੁੱਤ ਨਾਲ ਜਿਹੜੀ ਹੋਈ ਸੀ ਉਹ ਤੇਰੇ ਨਾਲ ਹੋਣੀ ਐ। ਸ਼ਿੰਦੋ ਨੇ ਤਾਂ ਇੱਥੋਂ ਤਕ ਕਹਿਤਾ ਸੀ ਕਿ ਉਹ ਤਾਂ ਉਹਦਾ ਪੁੱਤ ਈ ਨਹੀਂ। ਤੂੰ ਗੋਲੀ ਖਾ ਕੇ ਮਰਜੇਂਗਾ ਕਲੰਕ ਸਾਡੇ ਮੱਥੇ ਲੱਗ ਜੂ। ਭੈੜਿਆ ਵਾਸਤਾ ਈ ਮਾਂ ਸ਼ੇਰਾਂ ਵਾਲੀ ਦਾ, ਭੈੜਿਆਂ ਕੰਮਾਂ ਤੋਂ ਬਾਜ ਆ ਜਾ। ਸਖੀ ਸਰਵਰ ਦੇ ਜਾ ਕੇ ਭੁੱਲ ਬਖਸ਼ਾ ਲੈ।'

ਪਰ ਉਹ ਕਿੱਥੇ ਟਲਣ ਵਾਲਾ ਸੀ। ਜਦੋਂ ਉਹਨੂੰ ਗੇੜਾ ਮਿਲ ਜਾਂਦਾ ਉਹ ਪੂਰੀ ਹੁਸ਼ਿਆਰੀ ਨਾਲ ਖੇਪ ਪਹੁੰਚਾ ਆਉਂਦਾ। ਇਕ ਅੱਧ ਵਾਰ ਬਾਰਡਰ ਸਿਕਿਓਰਟੀ ਵਾਲਿਆਂ ਦੇ ਲਲਕਾਰੇ ਨਾਲ ਉਹ ਡਰ ਵੀ ਗਿਆ ਸੀ। ਝਿੜੀ ਦੇ ਓਹਲੇ ਲੰਮਾ ਪਿਆ ਹੋਣ ਕਰਕੇ ਉਹਦਾ ਬਚਾਅ ਹੋ ਗਿਆ



ਸੀ। ਇਕ ਵਾਰ ਉਹਨੂੰ ਸਪੈਸ਼ਲ ਗੇੜਾ ਦੇ ਕੇ ਗੁਰਦਾਸਪੁਰ ਵੱਲ ਘੱਲ ਦਿੱਤਾ ਗਿਆ। ਪੱਟੀ, ਖੇਮਕਰਨ ਵੱਲ ਸਖਤੀ ਵਧ ਗਈ ਸੀ। ਉਹ ਦਰਿਆ ਰਾਵੀ ਦੇ ਖੋਭੇ ਵਿਚ ਮਰਦਾ ਮਰਦਾ ਬਚਿਆ ਸੀ। ਇਕ ਵਾਰ ਤਾਂ ਉਹਦਾ ਸਾਹ ਗੁੰਮ ਹੋ ਗਿਆ ਪਰ ਅਚਾਨਕ ਉਹਦਾ ਪੈਰ ਖੋਭੇ ਵਿਚ ਪਏ ਪੱਥਰ 'ਤੇ ਟਿਕ ਗਿਆ। ਭਾਵੇਂ ਇਸ ਗੇੜੇ ਦੇ ਰਵੀ ਢਿੱਲੋਂ ਨੇ ਉਹਨੂੰ ਵਧੇਰੇ ਪੈਸੇ ਦਿੱਤੇ ਸਨ ਪਰ ਉਹਨੂੰ ਪੈਸਿਆਂ ਦਾ ਸੁਆਦ ਨਹੀਂ ਸੀ ਆਇਆ। ਉਹਨੇ ਫੈਸਲਾ ਕਰ ਲਿਆ ਕਿ ਅੱਗੇ ਤੋਂ ਉਹ ਬਾਹਰ ਦੇ ਗੇੜੇ 'ਤੇ ਨਹੀਂ ਜਾਏਗਾ।

ਪੰਜਾਬ ਵਿਚ ਹਾਲਾਤ ਵਿਗੜਨ ਲੱਗ ਪਏ ਸਨ। ਕਸਬੇ ਦੇ ਨੂਰਦੀ ਬਜ਼ਾਰ ਵਿਚ ਇਕ ਮੋੜ 'ਤੇ ਸਬਜ਼ੀ ਵੇਚਦੇ ਮੁਨਸ਼ੀ ਰਾਮ ਨੂੰ ਹੱਟੀ 'ਤੇ ਬੈਠੇ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਮੁਨਸ਼ੀ ਦਾ ਕੋਈ ਕਸੂਰ ਨਹੀਂ ਸੀ। ਕਸੂਰ ਸੀ ਤਾਂ ਸਿਰਫ ਇਹ ਕਿ ਉਹ ਸਿਰੋਂ ਮੋਨਾ ਸੀ। ਉਹਦਾ ਪਿਓ ਪਾਕਿਸਤਾਨੋਂ ਉਜੜ ਕੇ ਆਇਆ ਸੀ। ਪਰ ਇੱਥੇ ਪੈਰ ਨਾ ਲੱਗਣ ਕਰਕੇ ਰੁਲਦਾ ਖੁਲਦਾ ਏਧਰ ਆ ਕੇ ਮੌਤ ਦੇ ਮੂੰਹ ਜਾ ਪਿਆ। ਉਹਦਾ ਦਾਦਾ ਵੰਡ ਵੇਲ਼ੇ ਪਾਕਿਸਤਾਨ ਵਿਚ ਮਾਰਿਆ ਗਿਆ ਸੀ। ਮੁਨਸ਼ੀ ਸਬਜ਼ੀ ਵੇਚ ਕੇ ਘਰ ਦਾ ਤੋਰਾ ਚਲਾ ਰਿਹਾ ਸੀ। ਪਿਓ ਤੋਂ ਬਾਅਦ ਮਾਂ ਤੇ ਨਿੱਕੇ ਭੈਣ ਭਰਾਵਾਂ ਦਾ ਬੋਝ ਉਹਦੇ ਸਿਰ ਸੀ ਪਰ ਹੁਣ ਹਰੀਆਂ ਸਬਜ਼ੀਆਂ 'ਤੇ ਉਹਦੇ ਲਹੂ ਦੇ ਛਿੱਟੇ ਪਏ ਸਨ। ਸਵੇਰੇ ਸਾਰਾ ਸ਼ਹਿਰ ਤ੍ਰਾਹ ਤ੍ਰਾਹ ਕਰ ਰਿਹਾ ਸੀ। ਕਈ ਵਾਰ ਤੜਕੇ ਸੁਰੈਣਾ ਪਿਓ ਦੇ ਕਹਿਣ 'ਤੇ ਮੰਡੀਓਂ ਸਬਜ਼ੀ ਦੀ ਰੇਹੜੀ ਲੱਦ ਕੇ ਮੁਨਸ਼ੀ ਦੀ ਦੁਕਾਨ 'ਤੇ ਛੱਡ ਕੇ ਆਇਆ ਸੀ।

ਅੱਜ ਕੱਲ੍ਹ ਉਹਨੂੰ ਰੋਜ਼ ਰਾਤ ਨੂੰ ਸੁਪਨੇ ਵਿਚ ਫਿਰ ਬਿੱਲੀ ਨਜ਼ਰ ਆਉਣ ਲੱਗ ਪਈ ਸੀ। ਇਹ ਸ਼ੇਖਾਂ ਦੀ ਬਿੱਲੀ ਸੀ। ਉਹਦਾ ਪਿਓ ਦੱਸਦਾ ਹੁੰਦਾ ਸੀ ਕਿ ਡੇਰੇ ਤੋਂ ਥੋੜ੍ਹੀ ਵਿੱਥ 'ਤੇ ਸ਼ੇਖਾਂ ਦੀ ਹਵੇਲੀ ਹੁੰਦੀ ਸੀ। ਵੰਡ ਵੇਲ਼ੇ ਸ਼ੇਖਾਂ ਦਾ ਸਾਰਾ ਟੱਬਰ ਵੱਢਿਆ ਗਿਆ, ਸਿਰਫ ਇਹ ਬਿੱਲੀ ਬਚੀ ਸੀ ਜਿਹੜੀ ਕਈ ਦਿਨ ਉਨ੍ਹਾਂ ਦੀ ਲੁੱਟੀ ਹਵੇਲੀ ਵਿਚ ਵਿਰਲਾਪ ਕਰਦੀ ਰਹੀ। ਉਹਦੇ ਵਿਰਲਾਪ ਨੂੰ ਲੋਕ ਬਦਸ਼ਗਨਾ ਮੰਨਦੇ। ਕਈ ਸਾਲ ਉਹ ਬਿੱਲੀ ਹਵੇਲੀ ਦੇ ਸਿਖਰ 'ਤੇ ਜਾ ਕੇ ਰਾਤ ਨੂੰ ਵਿਰਲਾਪ ਕਰਦੀ ਤਾਂ ਲੋਕ ਡਰ ਜਾਂਦੇ। ਸੱਤੋ ਵੀ ਸਭ ਨੂੰ 'ਕੱਠਿਆਂ ਕਰਕੇ ਅੰਦਰ ਵਾੜ ਦੇਂਦੀ। ਪਰ ਸੁਰੈਣੇ ਦੇ ਕੰਨਾਂ ਵਿਚ ਜਿਵੇਂ ਬਿੱਲੀ ਦੀ ਆਵਾਜ਼ ਬਰਫ ਵਾਂਗ ਜੰਮ ਗਈ ਸੀ, ਜੋ ਕਦੇ ਪਿਘਲ ਜਾਂਦੀ ਕਦੇ ਫਿਰ ਜੰਮ ਜਾਂਦੀ। ਫਿਰ ਇਕ ਦਿਨ ਬਿੱਲੀ ਗ਼ਾਇਬ ਹੋ ਗਈ। ਲੋਕ ਰਾਤਾਂ ਨੂੰ ਉਠ ਉਠ ਕੇ ਹਵੇਲੀ ਵੱਲ ਦੇਖਦੇ, ਪਰ ਨਾ ਕਿਤੇ ਬਿੱਲੀ ਸੀ ਨਾ ਬਿੱਲੀ ਦੀ ਅਵਾਜ਼।

ਸੁਰੈਣਾ ਜਿੱਥੇ ਬਿੱਲੀ ਦੇਖਦਾ ਉਹਨੂੰ ਉਹ ਸ਼ੇਖਾਂ ਦੀ ਬਿੱਲੀ ਜਾਪਦੀ। ਜਿਸ ਦਿਨ ਉਹਨੇ ਦੋ ਹਾੜੇ ਮਾਰੇ ਹੁੰਦੇ ਉਸ ਦਿਨ ਉਹਨੂੰ ਬਿੱਲੀ ਦਾ ਸੁਪਨਾ ਜ਼ਰੂਰ ਆਉਂਦਾ। ਕਦੀ ਕਦੀ ਉਹਨੂੰ ਉਹ ਬਿੱਲੀ ਸੁਨਹਿਰੀ ਲਗਦੀ ਜਿਵੇਂ ਸੋਨੇ ਵਿਚ ਮੜ੍ਹੀ ਹੋਵੇ। ਉਹ ਹੱਥ ਲਾਉਣ ਦੀ ਕੋਸ਼ਿਸ਼ ਕਰਦਾ ਤਾਂ ਉਹ ਕੋਹਾਂ ਦੂਰ ਨਜ਼ਰ ਆਉਂਦੀ। ਇਕ ਦਿਨ ਉਹਨੂੰ ਲੱਗਿਆ ਜਿਵੇਂ ਬਿੱਲੀ ਸ਼ਨੀਲ ਦੀ ਬਣ ਗਈ ਹੋਵੇ ਕੂਲੀ ਕੂਲੀ ਨਰਮ ਨਰਮ। ਪਰ ਜਿਵੇਂ ਹੀ ਉਹਨੇ ਛੋਹਣ ਦੀ ਕੋਸ਼ਿਸ਼ ਕੀਤੀ ਉਹ ਅਲੋਪ ਹੋ ਗਈ। ਕਦੇ ਕਦੇ ਉਹਨੂੰ ਭੈਅ ਵੀ ਆਉਂਦਾ ਕਿ ਬਿੱਲੀ ਦਾ ਸੁਪਨਾ ਮਾੜਾ ਹੁੰਦੈ।

ਇਕ ਵਾਰ ਉਹ ਗੁਰਦਾਸਪੁਰ ਵੱਲ ਗੇੜਾ ਦੇਣ ਗਿਆ ਸੀ। ਓਥੇ ਇਕ ਵਾਕਫ ਦੇ ਘਰੇ ਉਹਦੀ ਠਾਹਰ ਸੀ। ਓਧਰੋਂ ਤਾੜੀ ਵੱਜਣ 'ਤੇ ਖੇਪ ਦੇਣੀ ਸੀ ਪਰ ਸਖਤੀ ਵਧਣ ਕਰਕੇ ਡਰ ਵਧ ਗਿਆ ਸੀ। ਤਾੜੀ ਦੀ ਪਛਾਣ ਵੀ ਹੋ ਗਈ ਸੀ। ਇਸ ਲਈ ਤਾੜੀ ਵੇਲੇ ਵਧੇਰੇ ਸਾਵਧਾਨੀ ਤੇ ਹੁਸ਼ਿਆਰੀ ਦੀ ਲੋੜ ਸੀ। ਉਸ ਰਾਤ ਉਹਦੀ ਅੱਖ ਲੱਗੀ ਤਾਂ ਉਹਨੂੰ ਫਿਰ ਬਿੱਲੀ ਦਾ ਸੁਪਨਾ ਆਇਆ। ਲਹੂ ਲੁਹਾਨ ਬਿੱਲੀ ਬੜਾ ਭਿਆਨਕ ਰੁਦਨ ਕਰ ਰਹੀ ਸੀ।

ਦਰਿਆ ਵਾਲੇ ਪਾਸੇ ਜਿੱਥੇ ਸੰਘਣੇ ਰੁੱਖਾਂ ਦਾ ਝੁਰਮਟ ਸੀ ਓਧਰ ਬੇੜੀ ਲਿਜਾ ਕੇ ਖੇਪ ਨੂੰ ਗੇੜਾ ਦੇਣਾ ਸੀ। ਪਰ ਅੱਜ ਉਹ ਅੰਤਾਂ ਦਾ ਡਰਿਆ ਹੋਇਆ ਸੀ। ਉਹਨੂੰ ਲੱਗਿਆ ਜਿਵੇਂ ਬਿੱਲੀ ਮੌਤ

ਬਣ ਕੇ ਉਹਨੂੰ ਹੁਸ਼ਿਆਰ ਕਰ ਗਈ ਹੋਵੇ। ਉਹੀ ਗੱਲ ਹੋਈ। ਖੇਪ ਨੂੰ ਅਜੇ ਗੇੜਾ ਦਿੱਤਾ ਹੀ ਸੀ ਜਦੋਂ ਇਕ ਗੋਲ਼ੀ ਉਹਦੇ ਕੰਨ ਕੋਲ਼ੋਂ ਨਿਕਲ ਗਈ। ਦੂਜੀ ਗੋਲ਼ੀ ਉਹਦੀ ਸੱਜੀ ਕੂਹਣੀ ਨੂੰ ਛਿੱਲ ਕੇ ਜ਼ਖਮੀ ਕਰ ਗਈ ਸੀ। ਉਹ ਮਸਾਂ ਦਰਿਆ ਵਿਚੋਂ ਪਾਰ ਲੱਗਿਆ ਸੀ। ਕਈ ਦਿਨ ਉਹ ਮੰਜੇ 'ਤੇ ਪਿਆ ਡਰਦਾ ਰਿਹਾ। ਉਹਨੂੰ ਲਗਦਾ ਜਿਵੇਂ ਮਰੀ ਬਿੱਲੀ ਮੰਜੇ 'ਤੇ ਉਹਦੇ ਨਾਲ ਪਈ ਹੋਵੇ।'

ਕਾਲ਼ੀ ਹਨੇਰੀ ਪੰਜਾਬ ਵਿਚ ਤੇਜ਼ ਹੋ ਗਈ ਸੀ। ਸੁਰੈਣੇ ਦੇ ਗੇੜੇ ਵੀ ਬੰਦ ਹੋ ਗਏ। ਸਰਦ ਰੁੱਤ ਉਤਰ ਆਈ ਸੀ। ਸੱਤੋ ਘਰਾਂ ਵਿਚ ਜਾ ਕੇ ਪੀਹਣ ਸਾਫ ਕਰਦੀ, ਰਜਾਈਆਂ, ਤਲ਼ਾਈਆਂ ਨਗੰਦ ਆਉਂਦੀ,ਵਿਆਹ ਸ਼ਾਦੀਆਂ 'ਤੇ ਕੰਮ ਧੰਦਾ ਕਰ ਲੈਂਦੀ, ਟੈਂਟਾਂ ਵਾਲਿਆਂ ਕੋਲ ਧੋਣ ਸੁਕਾਉਣ ਦਾ ਕੰਮ ਕਰ ਆਉਂਦੀ,ਪਰ ਗੁਜ਼ਾਰਾ ਕਿੱਥੇ ਹੁੰਦਾ ਸੀ। ਮਹਿੰਗਾਈ ਜ਼ੋਰਾਂ 'ਤੇ ਸੀ। ਕਈ ਵਾਰ ਟੈਂਟ ਵਾਲਾ ਬਾਊ ਉਹਨੂੰ ਦੇਖਦਿਆਂ ਦੂਰੋਂ ਹੀ ਕਹਿ ਦੇਂਦਾ - ਮਾਸੀ ਹੈ ਨੀ ਮਾਲ, ਕੰਮ ਹੀ ਢਿੱਲਾ ਚਲ ਰਿਹੈ।' ਤੇ ਉਹ ਉਂਝ ਹੀ ਵਾਪਸ ਮੁੜ ਪੈਂਦੀ, ਕਿਸੇ ਹੋਰ ਕੰਮ ਦੀ ਤਲਾਸ਼ 'ਚ।

ਬਖਸ਼ੀ ਝੰਡਾ ਬੋਰੀਆਂ ਪਿੱਠ 'ਤੇ ਲੱਦ ਕੇ ਸਪੇਸ਼ਲ ਲਈ ਲਦਾਈ ਕਰ ਰਿਹਾ ਸੀ ਕਿ ਡੱਬੇ ਦੀ ਤਾਕੀ ਵਿਚ ਚੜ੍ਹਣ ਵੇਲੇ ਉਹਦਾ ਪੈਰ ਅੜ ਗਿਆ। ਬੋਰੀ ਉਹਦੇ 'ਤੇ ਢਹਿ ਪਈ ਤੇ ਆਪ ਉਹ ਥੱਲੇ ਲਾਈਨਾਂ 'ਤੇ ਡਿਗ ਪਿਆ। ਉਹਦੀ ਰੀੜ੍ਹ ਕੜੱਕ ਕਰ ਗਈ। ਹੇਠਲੇ ਤਿੰਨ ਮਣਕੇ ਅੰਦਰ ਵੱਲ ਧੱਸ ਗਏ। ਪਿਛਲੇ ਛਿਆਂ ਮਹੀਨਿਆਂ ਤੋਂ ਉਹ ਮੰਜੇ ਨਾਲ ਜੁੜਿਆ ਪਿਆ ਸੀ। ਇਲਾਜ ਜੋਗੇ ਪੈਸੇ ਨਹੀਂ ਸਨ। ਸੱਤੋ ਸਖੀ ਸਰਵਰ ਦੇ ਸੁਖ ਸੁਖ ਆਈ ਸੀ। ਝਿੜੀ ਵਾਲੇ ਬਾਬੇ ਕੋਲ਼ੋਂ ਤਵੀਤ ਕਰਾ ਲਿਆਈ ਸੀ। ਕਦੇ ਉਹਦੇ ਕੋਲ਼ੋਂ ਜੜ੍ਹੀ ਬੂਟੀ ਲੈ ਆਉਂਦੀ ਪਰ ਬਖਸ਼ੀ ਝੰਡੇ ਦੀ ਹਾਲਤ ਦਿਨੋਂ ਦਿਨ ਵਿਗੜਦੀ ਜਾ ਰਹੀ ਸੀ। ਇਕੋ ਥਾਂ ਪਏ ਰਹਿਣ ਕਰਕੇ ਉਹਦੀ ਪਿੱਠ 'ਤੇ ਫੋੜੇ ਹੋ ਗਏ ਤੇ ਅੰਤ ਉਨ੍ਹਾਂ ਵਿਚ ਕੀੜੇ ਪੈ ਗਏ। ਇਕ ਰਾਤ ਉਹ ਉੱਚੀ ਉੱਚੀ ਕੁਰਲਾਂਦਾ ਰਿਹਾ। ਉਸ ਰਾਤ ਵੀ ਸੁਰੈਣੇ ਨੂੰ ਸੁਪਨੇ ਵਿਚ ਸ਼ੇਖਾਂ ਦੇ ਬਨੇਰੇ 'ਤੇ ਬਿੱਲੀ ਵਿਰਲਾਪ ਕਰਦੀ ਨਜ਼ਰ ਆਈ। ਇਸ ਵਾਰ ਉਹਨੇ ਦੂਰੋਂ ਉਹਨੂੰ ਸ਼ਿਸ਼ਕਾਰਿਆ ਪਰ ਓਥੇ ਕੋਈ ਵੀ ਨਹੀਂ ਸੀ। ਨਾ ਬਿੱਲੀ ਨਾ ਬਿੱਲੀ ਦਾ ਵਿਰਲਾਪ। ਤੜਕੇ ਦਿਨ ਦੇ ਚੜ੍ਹਾਅ ਤੋਂ ਪਹਿਲਾਂ ਹੀ ਬਖਸ਼ੀ ਝੰਡਾ ਸ਼ਾਂਤ ਹੋ ਗਿਆ ਸੀ। ਮੰਜੇ 'ਤੇ ਪਈ ਉਹਦੀ ਦੇਹ ਆਕੜ ਗਈ ਸੀ।

ਪੰਜਾਬ ਵਿਚ ਆਏ ਦਿਨ ਕਰਫਿਊ ਲੱਗਣ ਲੱਗ ਪਏ ਸਨ। ਚਾਰੇ ਪਾਸੇ ਸੁੰਨਸਾਨ ਹੋ ਜਾਂਦੀ। ਅਫਵਾਹਾਂ ਦੇ ਪਰ ਨਿਕਲ ਆਉਂਦੇ।ਸੁਰੈਣੇ ਨੇ ਵੀ ਦਾਹੜੀ ਵਧਾ ਲਈ ਸੀ ਤੇ ਸਿਰ 'ਤੇ ਉਹ ਕੇਸਰੀ ਪਟਕਾ ਬੰਨ੍ਹਣ ਲੱਗ ਪਿਆ ਸੀ। ਪਿਓ ਦੀ ਮੌਤ ਤੋਂ ਬਾਅਦ ਉਹਨੇ ਠੇਲ੍ਹਾ ਵਾਹੁਣਾ ਸ਼ੁਰੂ ਕਰ ਦਿੱਤਾ ਸੀ। ਉਹ ਮੰਡੀਓਂ ਖੰਡ ਦੀਆਂ ਬੋਰੀਆਂ, ਚਾਹ ਦੀਆਂ ਪੇਟੀਆਂ, ਦਾਲ਼ਾਂ ਦੇ ਬੋਰੇ ਸਾਰਾ ਦਿਨ ਢੋਂਦਾ ਰਹਿੰਦਾ। ਸਰਹੱਦੀ ਕਸਬਾ ਹੋਣ ਕਰਕੇ ਪਤਾ ਹੀ ਨਾ ਹੁੰਦਾ ਕਿ ਕਦੋਂ ਕਰਫਿਊ ਲੱਗ ਜਾਵੇ। ਸਾਰਾ ਕੁਝ ਕਈ ਦਿਨ ਠੱਪ ਹੋ ਜਾਂਦਾ। ਨਾ ਉਹਦਾ ਕੋਈ ਗੇੜਾ ਲਗਦਾ ਨਾ ਚੁਲ੍ਹਾ ਤਪਦਾ।

ਉਹਦੀ ਵਹੁਟੀ ਸ਼ਿਬੋ ਵੱਖ ਕਲਪਦੀ। ਉਹਦਾ ਆਪਣਾ ਟੱਬਰ ਵੱਡਾ ਹੋ ਰਿਹਾ ਸੀ। ਹੁਣ ਰਾਤਾਂ ਨੂੰ ਵਿਆਹ ਬੰਦ ਹੋ ਗਏ ਸਨ। ਦਿਨੇ ਵੀ ਖਾੜਕੂਆਂ ਦੇ ਹੁਕਮ ਕਰਕੇ ਪੰਜ ਸੱਤ ਬੰਦਿਆਂ ਨਾਲ ਵਿਆਹ ਹੋਣ ਲੱਗੇ। ਹਰ ਖ਼ੁਸ਼ੀ ਗ਼ਮੀ 'ਤੇ 'ਕੱਠ ਬੰਦ ਹੋ ਗਏ। ਉਨ੍ਹਾਂ ਦੇ ਡੇਰੇ ਨੂੰ ਜਿਹੜੀ ਬਚੀ ਖੁਚੀ ਜੂਠ ਨਸੀਬ ਹੁੰਦੀ ਸੀ ਉਹਨੂੰ ਵੀ ਜੰਦਰੇ ਮਾਰ ਦਿੱਤੇ ਗਏ ਸਨ।

ਇਕ ਵਾਰ ਫਿਰ ਪੰਜਾਬ ਸੜਦੀ ਬਲ਼ਦੀ ਅੱਗ ਵਿਚ ਘਿਰ ਗਿਆ ਸੀ। ਇਸ ਵਿਚ ਕਿੰਨਾ ਕੁਝ ਸੜ ਕੇ ਸਵਾਹ ਹੋ ਗਿਆ ਸੀ, ਇਸਦਾ ਅੰਦਾਜ਼ਾ ਨਹੀਂ। ਸੁਰੈਣਾ ਜੇਲ੍ਹ ਦੀ ਕੋਠੜੀ ਵਿਚ ਬੈਠਾ ਉਨ੍ਹਾਂ ਦਿਨਾਂ ਦੀਆਂ ਅੰਗਲੀਆਂ ਸੰਗਲੀਆਂ ਜੋੜ ਰਿਹਾ ਸੀ।

ਇਕ ਦਿਨ ਤੜਕੇ ਮੂੰਹ ਹਨੇਰੇ ਸੁੱਖਾ ਤਾੜੀ ਉਹਦੇ ਕੋਲ ਆਇਆ ਸੀ। ਉਹ ਪਛਾਣਿਆ ਨਹੀਂ ਸੀ ਜਾ ਰਿਹਾ। ਵਧੀ ਹੋਈ ਖਾਲਸਾਈ ਦਾੜ੍ਹੀ, ਸਿਰ 'ਤੇ ਕੇਸਰੀ ਦਸਤਾਰ 'ਤੇ ਲੱਗਿਆ



ਖੰਡਾ, ਗਲ਼ ਵਿਚ ਨੀਲਾ ਚੋਲ਼ਾ, ਜਾਕੇਟ ਵਿਚ ਬੜੇ ਸਲੀਕੇ ਨਾਲ ਲੁਕੋਈ ਏ.ਕੇ. ਸੰਤਾਲੀ। ਜੇਬ ਵਿਚ ਪਿਸਟਲ, ਹੱਥ ਵਿਚ ਤੀਰ, ਪਹਿਲੀ ਨਜ਼ਰੇ ਤਾਂ ਉਹ ਡਰ ਗਿਆ। ਉਹਨੂੰ ਲੱਗਿਆ ਜਿਵੇਂ ਬਾਬੇ ਆ ਗਏ ਹੋਣ।

-ਸੁਣਾ ਸੁਰੈਣਿਆ ਕੀ ਹਾਲੇ ਬਾਲੇ ਨੇ।'

ਸੁਰੈਣੇ ਦੇ ਤਾਂ ਹਲ਼ਕ ਵਿਚ ਅਵਾਜ਼ ਅਟਕ ਗਈ ਸੀ। ਉਹਨੇ ਅਵਾਜ਼ ਤੋਂ ਸੁੱਖੇ ਨੂੰ ਪਛਾਣਿਆ ਸੀ।

-ਪਛਾਣਿਆ ਨੀ ਲਗਦਾ ਮੈਂ ਆਂ ਸੁੱਖਾ ਸਿੰਘ ਖਾਲਸਾ ਭਿਖੀਵਿੰਡੀਆ, ਦੇਖ ਲੈ ਮੇਰੇ ਕਰਤੱਵ, ਹੁਣ ਮੈਂ ਵੱਡੇ ਵੱਡੇ ਗੇੜੇ ਲੈ ਕੇ ਆਉਣਾ'

-ਨਾ ਅਜੇ ਵੀ ਗੇੜੇ ਲਗਦੇ ਨੇ'

-ਤੇ ਹੋਰ ਨਹੀਂ। ਹੁਣ ਗੇੜੇ ਵੱਡੀਆਂ ਮਾਰਾਂ ਵਾਲੇ ਹੋ ਗਏ ਨੇ, ਵੱਡੇ ਵੱਡੇ ਹਥਿਆਰ, ਗੋਲ਼ੇ ਤੇ ਕਿਸੇ ਦਿਨ ਦਾਅ ਲੱਗ ਗਿਆ ਤਾਂ ਟੈਂਕਾਂ ਦੇ ਗੇੜੇ ਵੀ ਲੱਗਣਗੇ। ਪਹਿਲਾਂ ਤਾਂ ਆਪਾਂ ਐਂਵੇਂ ਮੁਨਿਆਰੀ ਵਾਲਿਆਂ ਵਾਂਗ ਛਣਕਣਿਆਂ ਦੇ ਛੋਟੇ ਛੋਟੇ ਗੇੜੇ ਲਾਂਦੇ ਸਾਂ। ਹੁਣ ਤਾਂ ਵੱਡੇ ਗੇੜਿਆਂ ਦਾ ਸੁਆਦ ਆ ਜਾਂਦੈ। ਸਭ ਆਪਣੇ ਰਵੀ ਭਾਅ ਜੀ ਦੀ ਕਿਰਪਾ ਐ।'

-ਅੱਛਾ!' ਸੁਰੈਣੇ ਨੇ ਹੈਰਾਨ ਹੁੰਦਿਆਂ ਕਿਹਾ - ਪਰ ਮੈਂ ਤਾਂ ਹੁਣ ਰੇਹੜੇ ਦੇ ਗੇੜੇ ਲਾਉਣਾ। ਚੱਕਰ ਤਾਂ ਅਜੇ ਵੀ ਐ ਪੈਰ ਵਿਚ। ਪਰ ਲਗਦਾ ਮੰਡੀ ਤੋਂ ਬਜ਼ਾਰ ਤਕ ਦਾ ਈ ਐ।'

-ਤੂੰ ਗੱਲ ਕਰ, ਤੈਨੂੰ ਵੀ ਵੱਡਾ ਗੇੜਾ ਦੁਆ ਦੇਨੇ ਆਂ।'

-ਨਹੀਂ ਯਾਰ, ਹੁਣ ਮਨ ਨੀ ਕਰਦਾ, ਟੱਬਰ ਟ੍ਹੀਰ ਐ। ਰੋਜ਼ ਸੁਣੀਦੈ ਮੁੜਕੇ ਟੱਬਰਾਂ ਦੇ ਟੱਬਰ ਖੱਜਲ ਖੁਆਰ ਹੁੰਦੇ ਨੇ, ਕੁੜੀਆਂ ਕੱਤਰੀਆਂ ਦੀ ਇਜ਼ਤ ਰੁਲ਼ਦੀ ਐ, ਆਪਾਂ ਲਾਏ ਕੰਨਾਂ ਨੂੰ ਹੱਥ।'

-ਕੰਨਾਂ ਨੂੰ ਹੱਥ ਕਾਹਤੋਂ ਲਾਉਣੈ। ਜੇ ਤੂੰ ਗੇੜਿਆਂ ਵਿਚ ਮਾਹਰ ਹੋ ਗਿਆ ਤਾਂ ਕੋਈ ਤੇਰੀ ਵਾਅ ਵੰਨੀ ਨੀ ਝਾਕਦਾ। ਤੈਨੂੰ ਪਤੈ ਰਵੀ ਭਾਅ ਜੀ ਦੀ ਪੁਲਿਸ ਵਿਚ ਵੀ ਵਾਹਵਾ ਚਲਦੀ ਐ ਤੇ ਬਾਬਿਆਂ ਨਾਲ ਤਾਂ ਯਾਰੀ ਹੈ ਈ। ਸਭ ਉਨ੍ਹਾਂ ਨੂੰ ਸਲੂਟ ਮਾਰਦੇ ਨੇ। ਉਨ੍ਹਾਂ ਨੇ ਤਾਂ ਕਾਲ਼ੀਆਂ ਬਿੱਲੀਆਂ ਵੀ ਰੱਖੀਆਂ ਹੋਈਆਂ ਨੇ, ਜੇ ਤੂੰ ਗੇੜਾ ਨਹੀਂ ਲਾਉਣਾ ਤਾਂ ਕਾਲ਼ੀ ਬਿੱਲੀ ਬਣ ਕੇ ਮੌਜਾਂ ਕਰ।'

ਕਾਲ਼ੀ ਬਿੱਲੀ ਦਾ ਨਾਂ ਸੁਣ ਕੇ ਉਹ ਡਰ ਗਿਆ ਸੀ। ਉਹਨੂੰ ਲੱਗਿਆ ਜਿਵੇਂ ਬਿੱਲੀ ਬਣਨਾ ਮੌਤ ਨੂੰ ਸਹੇੜਨਾ ਹੋਵੇ। ਉਹਨੇ ਸਿੱਧੀ ਨਾਂਹ ਕਰ ਦਿੱਤੀ ਸੀ।

ਸੁੱਖਾ ਜਾਂਦਾ ਹੋਇਆ ਉਹਨੂੰ ਤਾੜਨਾ ਕਰ ਗਿਆ ਸੀ ਕਿ - ਸੋਚ ਲਵੀਂ ਕੁਝ ਨਹੀਂ ਹੁੰਦਾ। ਹੁਣ ਤਾਂ ਵਗਦੀ ਗੰਗਾ 'ਚ ਸਾਰੇ ਹੱਥ ਹੀ ਨਹੀਂ ਧੋ ਰਹੇ ਸਗੋਂ ਖੁਲ੍ਹੇ ਡੁਲ੍ਹੇ ਨਹਾ ਰਹੇ ਨੇ। ਜੇ ਤੂੰ ਵੀ ਹੱਥ ਧੋ ਲਏਂ ਤਾਂ ਤੇਰੀ ਕਾਟੋ ਫੁੱਲਾਂ 'ਤੇ ਖੇਡੇਗੀ। ਦੂਜੀ ਗੱਲ ਕਿਸੇ ਕੋਲ ਭਿਣਕ ਤਕ ਨਾ ਕੱਢੀਂ ਕਿ ਮੈਂ ਤੇਰੇ ਕੋਲ ਆਇਆਂ। ਹੱਡ ਭਾਵੇਂ ਤੁੜਵਾ ਲਈਂ ਪਰ ਮੂੰਹੋਂ ਕੁਝ ਨਾ ਬੋਲੀਂ ।ਜੇ ਕੁਝ ਬੋਲਿਆ ਤਾਂ ਤੇਰਾ ਸਾਰਾ ਟੱਬਰ ਇਕੋ ਬਰਸਟ 'ਚ ਮਾਰਿਆ ਜਾਏਗਾ।'

ਇਸ ਵਾਰ ਸੁਰੈਣਾ ਬਹੁਤ ਡਰ ਗਿਆ ਸੀ। ਦੋ ਦਿਨ ਤਕ ਉਹ ਕਿਤੇ ਨਹੀਂ ਸੀ ਗਿਆ। ਸੁੱਖੇ ਦੀਆਂ ਗੱਲਾਂ ਉਹਦੇ ਕੰਨਾਂ ਵਿਚ ਗੂੰਜਦੀਆਂ ਰਹਿੰਦੀਆਂ। ਰਾਤ ਨੂੰ ਉਹਨੂੰ ਅਕਸਰ ਬਿੱਲੀ ਦੇ ਸੁਪਨੇ ਆਉਣ ਲੱਗੇ। ਇਕ ਦਿਨ ਉਹਨੂੰ ਲੱਗਿਆ ਜਿਵੇਂ ਬਿੱਲੀ ਦੇ ਖੰਭ ਨਿਕਲ ਆਏ ਹੋਣ ਤੇ ਉਹ ਅਕਾਸ਼ ਵੱਲ ਉਡਾਣ ਭਰਨ ਲਈ ਜਤਨ ਕਰ ਰਹੀ ਹੋਵੇ।

ਅਗਲੇ ਦਿਨ ਉਹਦੇ ਮਨ ਵਿਚ ਪਤਾ ਨਹੀਂ ਕੀ ਆਈ ਕਿ ਉਹ ਬਾਹਰ ਸੜਕ 'ਤੇ ਆ ਕੇ ਖੜ੍ਹਾ ਹੋ ਗਿਆ। ਸਵਰਗ ਧਾਮ ਨੂੰ ਜਾਂਦੀ ਸੜਕ ਹੋਣ ਕਰਕੇ ਅੱਗੜ ਪਿੱਛੜ ਤਿੰਨ ਨੜੋਏ ਇਕੱਠੇ ਜਾ ਰਹੇ ਸਨ। ਲੋਕ ਵਿਰਲਾਪ ਕਰ ਰਹੇ ਸਨ। ਇਹ ਬਾਬਿਆਂ ਦਾ ਕਾਰਾ ਸੀ। ਉਨ੍ਹਾਂ ਨੇ ਫਤਿਹਾਬਾਦ ਦੇ ਨੇੜੇ ਤਰਨ ਤਾਰਨ ਵੱਲ ਆ ਰਹੀ ਇਕ ਬੱਸ 'ਚੋਂ ਮੋਨਿਆਂ ਨੂੰ ਥੱਲੇ ਲਾਹ ਕੇ ਗੋਲੀ

ਮਾਰ ਦਿੱਤੀ ਸੀ। ਇਹ ਤਿੰਨੋ ਜੀਅ ਇਕੋ ਪਰਿਵਾਰ ਦੇ ਸਨ। ਕੁਰਲਾਹਟਾਂ ਤੇ ਕੀਰਨਿਆਂ ਨਾਲ ਅਕਾਸ਼ ਵੀ ਕੰਬ ਰਿਹਾ ਲਗਦਾ ਸੀ। ਪਰਿਵਾਰ ਦੇ ਬਚੇ ਹੋਏ ਜੀਅ ਤੁਰੇ ਜਾਂਦੇ ਚੀਕਦੇ ਹੋਏ ਸੜਕ 'ਤੇ ਲਿਟ ਜਾਂਦੇ। ਉਹਨੂੰ ਲੱਗਿਆ ਜਿਵੇਂ ਉਹਦਾ ਨੜੋਆ ਵੀ ਅਜਿਹੇ ਕਿਸੇ ਦਿਨ ਦਾ ਇੰਤਜ਼ਾਰ ਕਰ ਰਿਹਾ ਹੋਵੇ। ਜੇ ਉਹ ਸੁੱਖੇ ਦੀ ਗੱਲ ਮੰਨ ਕੇ ਰਵੀ ਭਾਅ ਜੀ ਦੇ ਲੜ ਲੱਗ ਜਾਵੇ ਤਾਂ ਸ਼ਾਇਦ ਪੈਸੇ ਟਕੇ ਵੱਲੋਂ ਹੱਥ ਸੁਖਾਲ਼ਾ ਹੋ ਜਾਵੇ। ਪਰ ਜੇ ਪੁਲਿਸ ਨੇ ਉਹਦੇ ਟੱਬਰ ਨੂੰ ਬਰਸਟ ਮਾਰ ਕੇ ਮਾਰ ਦਿੱਤਾ ਤਾਂ? ਉਹ ਡਰ ਨਾਲ ਕੰਬਣ ਲੱਗਾ।

ਇਕ ਦਿਨ ਸੁੱਖਾ ਤਾੜੀ ਖੇਮਕਰਨ ਕੋਲ਼ ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ। ਉਨ੍ਹਾਂ ਦੇ ਸਾਰੇ ਡੇਰੇ ਵਿਚ ਸੋਗ ਪਸਰ ਗਿਆ ਪਰ ਕੋਈ ਵੀ ਜ਼ਾਹਰ ਨਹੀਂ ਸੀ ਕਰ ਰਿਹਾ। ਸੁੱਖੇ ਦੀ ਇਕੱਲੀ ਮਾਂ ਹੀ ਸੀ। ਉਹ ਮੁਕੇਰੀਆਂ ਕੋਲ ਪੇਕੇ ਰਹਿੰਦੀ ਸੀ। ਕੋਈ ਵੀ ਉਹਦੀ ਲਾਸ਼ ਲੈਣ ਨਾ ਗਿਆ। ਅਖੀਰ ਪੁਲਿਸ ਨੇ ਉਹਨੂੰ ਲਾਵਾਰਸ ਘੋਸ਼ਤ ਕਰਕੇ ਉਹਦਾ ਸਸਕਾਰ ਕਰ ਦਿੱਤਾ।

-ਇਹਨੇ ਭੈਣ... ਚੋ... ਨੇ ਇੰਝ ਹੀ ਮਰਨਾ ਸੀ ਕੁੱਤੀ ਦੇ ਨੇ।' ਚੜ੍ਹਦੀ ਉਮਰੇ ਦੰਦ ਤਿੱਖੇ ਕਰਕੇ ਵੱਢਦਾ ਫਿਰਦਾ ਸੀ ਅਖੇ ਭਾਅ ਜੀ ਮੇਰੀ ਪਿੱਠ 'ਤੇ ਨੇ। ਕੋਈ ਮੇਰਾ ਵਾਲ ਨੀ ਵਿੰਗਾ ਕਰ ਸਕਦਾ। ਹੁਣ ਕਿੱਥੇ ਗਿਆ ਭਾਅ ਜੀ।' ਉਹਦਾ ਚਾਚਾ ਗੁਰਾ ਉੱਚੀ ਉੱਚੀ ਬੋਲ ਰਿਹਾ ਸੀ।

-ਭਾਈ ਜਿਹੋ ਜਿਹੇ ਕਾਲ਼ੇ ਹਨੇਰੇ ਦਿਨੇ ਪੈ ਗਏ ਨੇ, ਇੱਥੇ ਕੀਹਦਾ ਵਸਾਹ ਐ ਕੌਣ ਕੀਹਨੂੰ ਮਾਰ ਰਿਹੈ, ਅੰਨ੍ਹੀ ਪੈ ਗਈ ਏ।'

-ਲਾਲੇ ਤਾਂ ਛੱਡ ਛੁਡ ਕੇ ਬਾਹਰ ਭੱਜ ਰਹੇ ਨੇ। ਜੀਹਦੇ ਕੋਲ਼ ਚਾਰ ਛਿਲੜ ਨੇ ਉਹ ਸਾਂਭ ਕੇ ਤੁਰਿਆ ਜਾ ਰਿਹੈ। ਵੇਖ ਲੈ ਸ੍ਰੀ ਰਾਮ ਮੂੰਗਫਲੀ ਵਾਲਾ ਤੇ ਉਹਦਾ ਟੱਬਰ ਹਰਿਦੁਆਰ ਵੱਲ ਭੱਜ ਗਿਐ, ਗਿਆਨ ਫਲਾਂ ਵਾਲਾ ਬਿਲਾਸਪੁਰ ਜਾ ਕੇ ਟਿਕ ਗਿਐ।'

-ਜੀਹਦੇ ਕੋਲ਼ ਕੋਈ ਟਿਕਾਣਾ ਏ ਕਿਉਂ ਨਾ ਭੱਜੇ। ਚੂਹੇ ਡੱਡੂ ਵੀ ਜਾਨ ਬਚਾਉਣ ਲਈ ਰੁੱਡਾਂ ਵਿਚ ਵੜ ਜਾਂਦੇ ਨੇ। ਸਾਡਾ ਕੀਹ ਐ ਸਾਡੇ ਕੋਲਲਤਾਂ ਡੇਰਾ ਈ ਐ। ਕਿੱਥੇ ਲੈ ਕੇ ਜਾਵਾਂਗੇ। ਜੇ ਮਰ ਗਏ ਤਾਂ ਇੱਥੇ ਹੀ ਦਫਨ ਹੋ ਕੇ ਧਰਤੀ ਵਿਚ ਸਮਾ ਜਾਵਾਂਗੇ। ਫਿਰ ਬਾਰਸ਼ ਆਈ ਤਾਂ ਧਰਤੀ 'ਚੋਂ ਉੱਗ ਪਵਾਂਗੇ। ਅਸੀਂ ਤਾਂ ਸਦੀਆ ਤੋਂ ਇੰਝ ਹੀ ਉਗਦੇ ਆਏ ਹਾਂ।'

-ਆਹੋ ਚਾਚਾ ਹੋਰ ਕੀ ਐ। ਲੈ ਸੁੱਖੇ ਨੇ ਕੀ ਖੱਟ ਲਿਐ। ਬਸ ਚਾਰ ਦਿਨ ਐਸ਼ ਕਰ ਗਿਐ ਪੱਠਾ। ਇਕ ਦਿਨ ਆਂਹਦਾ ਸੀ ਅਖੇ ਅਸੀਂ ਇਕ ਪਿੰਡ ਕਿਸੇ ਦੇ ਘਰ ਜਾ ਵੜੇ ਰੋਟੀ ਪਾਣੀ ਛਕਿਆ, ਫਿਰ ਉਨ੍ਹਾਂ ਦੀ ਲੈਰੀ ਜਿਹੀ ਕੁੜੀ ਨਾਲ ਮੌਜ ਮਸਤੀ ਕੀਤੀ ਤੇ ਪੱਤਰਾ ਵਾਚ ਗਏ।'

-ਦੁਰ ਫਿਟੇ ਮੂੰਹ। ਇਹ ਵੀ ਕੋਈ ਬਹਾਦਰੀ ਦਾ ਕੰਮ ਐ। ਜੀਹਦੀ ਥਾਲ਼ੀ 'ਚ ਖਾਓ, ਉਹਨੂੰ ਡਰਾਓ ਧਮਕਾਓ ਤੇ ਫਿਰ ਓਸੇ 'ਚ ਛੇਕ ਕਰ ਦਿਓ। ਲੱਖ ਲਾਹਣਤ ਇਹੋ ਜਿਹਿਆਂ 'ਤੇ। ਅਖੀਰ ਕੁੱਤੇ ਦੀ ਮੌਤ ਮਰਿਐ। ਕੋਈ ਖੱਫਣ ਪਾਉਣ ਵਾਲਾ ਵੀ ਨੀ। ਕੀਹਨੇ ਪੜ੍ਹੀ ਹੋਵੇਗੀ ਉਹਦੀ ਆਖਰੀ ਮਿਹਰ। ਨਰਕਾਂ ਦੀ ਅੱਗ 'ਚ ਸੜੇਗਾ ਸਹੁਰਾ।'

ਗੱਲਾਂ ਕਰਦੇ ਉਹ ਚਿੰਤਾਤੁਰ ਸਨ। ਉਨ੍ਹਾਂ ਨੇ ਆਪਣੀਆਂ ਕੁੜੀਆਂ ਅੰਦਰ ਲੁਕੋ ਲਈਆਂ। ਕਿਸ਼ੋਰਾਂ ਨੂੰ ਵੀ ਦਿਨ ਢਲੇ ਧੁਰ ਅੰਦਰਲੇ ਕੋਠੇ ਵਿਚ ਵਾੜ ਦੇਂਦੇ। ਕਈ ਵਾਰ ਸਾਰੀ ਸਾਰੀ ਰਾਤ ਇੰਝ ਹੀ ਬੀਤ ਜਾਂਦੀ।

ਪੰਜਾਬ ਵਿਚ ਕਰਫਿਊ ਖਤਮ ਕਰ ਦਿੱਤਾ ਗਿਆ ਸੀ। ਦਿਨ ਹੌਲੀ ਹੌਲੀ ਬਦਲਣ ਲੱਗੇ ਸਨ ਪਰ ਫੌਜੀ ਹਮਲੇ ਨੇ ਜਿਹੜੇ ਜ਼ਖਮ ਦਿੱਤੇ ਸਨ, ਉਨ੍ਹਾਂ 'ਚੋਂ ਅਜੇ ਵੀ ਅੱਗ ਸਿੰਮ ਸਿੰਮ ਕੇ ਵਗ ਰਹੀ ਸੀ। ਲੋਕ ਰੱਤ ਦੇ ਅੱਥਰੂ ਰੋਂਦੇ। ਫੌਜਾਂ ਨੇ ਲੋਕਾਂ ਦੇ ਸਾਹ ਸੂਤੇ ਹੋਏ ਸਨ। ਹਰ ਪਾਸੇ ਪ੍ਰੇਤ ਛਾਇਆ ਸੀ।

ਚੋਣਾਂ ਦੇ ਬਿਗਲ ਦੇ ਨਾਲ ਹੀ ਸ਼ਾਂਤੀ ਦੀ ਆਸ ਬੱਝਦੀ ਜਾ ਰਹੀ ਸੀ। ਸੁਰੈਣਾ ਮੁੜ ਕੰਮ 'ਤੇ



ਜਾਣ ਲੱਗਾ। ਇਕ ਦਿਨ ਉਹਨੇ ਮੱਦੀ ਹਟਵਾਣੀਏ ਦੀ ਹੱਟੀ 'ਤੇ ਚਿੱਟੀ ਬਿੱਲੀ ਦੇਖੀ। ਉਹਨੂੰ ਦੇਖਦੇ ਹੀ ਬਿੱਲੀ ਨੇ ਜਿਵੇਂ ਉਹਦੇ 'ਤੇ ਝਪਟਾ ਮਾਰਿਆ। ਉਹ ਡਰ ਗਿਆ।

-ਕੁਝ ਨੀਂ ਕਹਿੰਦੀ, ਉਂਝੇ ਲਾਡ ਕਰਦੀ ਐ ਡਰ ਨਾ। ਇਹ ਤਾਂ ਸਾਰੇ ਚੂਹੇ ਖਾ ਗਈ ਏ। ਹੁਣ ਗੁੜ ਨੂੰ ਮੂੰਹ ਮਾਰਨ ਲੱਗੀ ਏ। ਕਦੇ ਕਦੇ ਮੱਖੀਆਂ ਨੂੰ ਪੰਜੇ ਮਾਰਦੀ ਆਪਣੇ ਮੂੰਹ 'ਤੇ ਨਹੁੰਦਰਾਂ ਮਾਰ ਲੈਂਦੀ ਏ।' ਮੱਦੀ ਨੇ ਕਿਹਾ।

-ਪਰ ਲਾਲਾ ਹੈ ਤਾਂ ਡਾਹਢੀ। ਇਹਦੀਆਂ ਅੱਖਾਂ ਦੇਖ ਲਾਲ ਨੇ, ਮੁੱਛਾਂ ਕੰਡਿਆਂ ਵਰਗੀਆ ਨੇ, ਪੂਛ ਚੀਤੇ ਵਰਗੀ ਏ ਤੇ ਪੰਜੇ ਸ਼ੇਰ ਵਰਗੇ ਨੇ।'

-ਆਹੋ ਭਾਈ ਇਹ ਖਾਸ ਬਿੱਲੀ ਐ। ਚਿੱਟੀ ਬਿੱਲੀ ਦੀ ਨਸਲ ਏਧਰ ਬਹੁਤ ਘੱਟ ਹੁੰਦੀ ਏ। ਇਹ ਤਾਂ ਮੈਂ ਨਿੱਕੇ ਮੁੰਡੇ ਦੇ ਸਹੁਰਿਓਂ ਪਾਣੀਪਤ ਤੋਂ ਲਿਆਂਦੀ ਏ। ਇਹ ਨਸਲ ਸਿਆਣੀ ਵੀ ਬਹੁਤ ਏ।'

ਉਸ ਰਾਤ ਉਹਨੂੰ ਫਿਰ ਚਿੱਟੀ ਬਿੱਲੀ ਦਾ ਸੁਪਨਾ ਆਇਆ। ਉਹ ਆਪਣੇ ਮੂੰਹ ਦੀ ਬਜਾਏ ਉਹਦੇ ਮੂੰਹ 'ਤੇ ਨਹੁੰਦਰਾਂ ਮਾਰ ਰਹੀ ਸੀ। ਉਹਦਾ ਮੂੰਹ ਲਹੂ ਲੁਹਾਨ ਹੋ ਗਿਆ ਸੀ। ਹੱਥਾਂ 'ਤੇ ਵੀ ਲਹੂ ਸੀ ਤੇ ਫਿਰ ਬਿੱਲੀ ਅਜੀਬ ਜਿਹੀ ਅਵਾਜ਼ ਕੱਢ ਕੇ ਵਿਰਲਾਪ ਕਰਨ ਲੱਗੀ ਸੀ। ਉਹ ਡਰ ਕੇ ਉਠ ਬੈਠਾ ਤੇ ਬਾਕੀ ਸਾਰੀ ਰਾਤ ਉਹਨੇ ਸੜਕ 'ਤੇ ਫਿਰਦਿਆਂ ਬਿਤਾਈ ਸੀ।

ਅਗਲੇ ਦਿਨ ਹੀ ਇਹ ਭਾਣਾ ਵਰਤ ਗਿਆ ਸੀ। ਉਹਨੇ ਕਿੰਨੀਆਂ ਹੀ ਸੰਗਲੀਆਂ ਜੋੜ ਲਈਆਂ ਸਨ। ਜੇਲ੍ਹ ਵਿਚ ਉਹਨੂੰ ਬਿੱਲੀ ਦਾ ਸੁਪਨਾ ਘੱਟ ਹੀ ਆਇਆ ਸੀ। ਏਥੇ ਆ ਕੇ ਉਹ ਵਧੇਰੇ ਖੁਰਦਰਾ ਤੇ ਚਿੜਚਿੜਾ ਹੋ ਗਿਆ ਸੀ। ਉਹ ਘੱਟ ਵੱਧ ਹੀ ਬੋਲਦਾ।

ਉਹਦੀ ਅੱਡੀ ਦਾ ਜ਼ਖਮ ਵਧਦਾ ਜਾ ਰਿਹਾ ਸੀ। ਇਕ ਦਿਨ ਉਹਨੇ ਵੇਖਿਆ ਉਹਦੇ ਵਿਚ ਕੀੜੇ ਰੀਂਗ ਰਹੇ ਸਨ। ਜੇਲ੍ਹ ਦੇ ਡਾਕਟਰ ਨੇ ਉਹਨੂੰ ਦਵਾਈ ਦਿੱਤੀ ਸੀ। ਦਵਾਈ ਲਾ ਕੇ ਉਹਨੂੰ ਚੈਨ ਮਿਲਦਾ ਪਰ ਦਵਾਈ ਦਾ ਅਸਰ ਖਤਮ ਹੁੰਦਿਆਂ ਅੱਡੀ ਜਿਵੇਂ ਬੰਬ ਵਾਂਗ ਫਟਣ ਵਾਲੀ ਹੋ ਜਾਂਦੀ। ਕਈ ਕੜੀਆਂ ਉਹਨੇ ਜੋੜ ਲਈਆਂ ਸਨ। ਉਹ ਚਾਹੁੰਦਾ ਸੀ ਜੇ ਜੇਲ੍ਹ ਵਿਚ ਉਹਨੂੰ ਘਰ ਦੀ ਕੱਢੀ ਦੇ ਦੋ ਤਿੰਨ ਹਾੜੇ ਮਿਲ ਜਾਣ ਤਾਂ ਸ਼ਾਇਦ ਉਸ ਦਿਨ ਵਾਲੀ ਕੜੀ ਵੀ ਜੁੜ ਜਾਵੇ।

ਨੰਬਰਦਾਰ ਨੇ ਉਹਦੇ ਨਾਲ ਵਾਅਦਾ ਕੀਤਾ ਸੀ ਕਿ ਕਿਸੇ ਦਿਨ ਉਹ ਉਹਦੀ ਇਹ ਇੱਛਾ ਪੂਰੀ ਕਰ ਦਏਗਾ। ਜੇਲ੍ਹ ਵਿਚ ਹਰ ਤਰ੍ਹਾਂ ਦੇ ਨਸ਼ੇ ਸੌਖੇ ਹੀ ਮਿਲ ਜਾਂਦੇ ਸਨ। ਨਸ਼ਾਖੋਰ ਹਰ ਵੇਲੇ ਮੌਂਟੀ ਦੇ ਪਿੱਛੇ ਪਿਛੇ ਫਿਰਦੇ। ਉਹਦੇ ਕੋਲ ਹਰ ਤਰ੍ਹਾਂ ਦੇ ਨਸ਼ੇ ਸਨ। ਹਰ ਤਰ੍ਹਾਂ ਦੇ ਮੋਬਾਇਲ ਫੋਨ। ਉਹ ਤਾਂ ਇਕ ਤਰ੍ਹਾਂ ਨਾਲ ਜੇਲ੍ਹ ਦਾ ਰਾਜਾ ਸੀ। ਜੀਹਦੇ ਕੋਲ ਪੈਸਾ ਟਕਾ ਹੁੰਦਾ ਜਾਂ ਬਾਹਰੋਂ ਕੋਈ ਉਹਦੇ ਖਾਤੇ ਵਿਚ ਪੈਸੇ ਪੁਆ ਦੇਂਦਾ ਤਾਂ ਉਹ ਉਹਦੀ ਹਰ ਖਾਹਸ਼ ਪੂਰੀ ਕਰ ਦੇਂਦਾ। ਇਕ ਦਿਨ ਸ਼ੇਰੇ ਚਵਲ ਨੇ ਉਹਨੂੰ ਕਿਹਾ ਸੀ - ਵੀਰੇ ਅੰਦਰ ਪਏ ਪਏ ਸੜਦੇ ਜਾ ਰਹੇ ਹਾਂ। ਕਿਸੇ ਦਿਨ ਰਾਤ ਰੰਗੀਨ ਕਰਾ ਦੇ।'

-ਕੀ ਮਤਲਬ ਏ ਤੇਰਾ?'

-ਕੁਝ ਨੀ, ਕੋਈ ਲਗਰ ਲੁਗਰ ਦਾ ਪ੍ਰਬੰਧ ਕਰ ਦੇ'

-ਅੱਛਾ! ਨਾ ਏਥੇ ਤੂੰ ਮੁਕਲਾਵੇ ਆਇਐਂ, ਲਗਰਾਂ ਭਾਲਦੈਂ। ਸ਼ਕਲ ਦੇਖੀ ਐ ਆਪਣੀ'

-ਰਾਤ ਨੂੰ ਸ਼ਕਲ ਸ਼ੁਕਲ ਨੂੰ ਕੀ ਹੁੰਦੈ'

-ਚੰਗਾ ਫਿਰ ਕਰਦੇ ਆਂ ਤੇਰਾ ਪ੍ਰਬੰਧ। ਤੈਨੂੰ ਇੱਥੋਂ ਪਰੀ ਬਣਾ ਕੇ ਕਿਸੇ ਦਿਨ ਉਡਾ ਦਿਆਂਗੇ। ਮੁਕਲਾਵਾ ਲੈ ਕੇ ਵਾਪਸ ਆ ਜੀਂ'

-ਠੀਕ ਐ ਵੀਰੇ ਕਰ ਦੇ ਪ੍ਰਬੰਧ, ਰੋਕੜ ਮੈਂ ਦੇ ਦੂੰ'

ਸੁਰੈਣੇ ਕੋਲ ਕੁਝ ਵੀ ਨਹੀਂ ਸੀ। ਉਹਨੂੰ ਤਾਂ ਰੇਪ ਤੇ ਕਤਲ ਦੇ ਕੇਸ ਵਿਚ ਫਸਾ ਕੇ ਦੋਹਰੀ

ਕੈਦ ਹੋ ਗਈ ਸੀ। ਕੋਈ ਅਪੀਲ ਦਲੀਲ ਨਹੀਂ ਸੀ। ਉਹਦੀ ਆਤਮਾ ਉਹਨੂੰ ਝੰਜੋੜਦੀ ਕਿ ਨਾ ਤੂੰ ਰੇਪ ਕੀਤੈ ਨਾ ਕਤਲ। ਇਹ ਤੇਰੇ ਪਿਛਲੇ ਜਨਮਾਂ ਦੀ ਸਜ਼ਾ ਐ ਜੋ ਤੂੰ ਭੁਗਤ ਰਿਹੈਂ। ਤੇ ਉਹ ਉਦਾਸ ਹੋ ਜਾਂਦਾ।

ਕਈ ਵਾਰ ਉਹ ਸੋਚਦਾ, ਕਿਧਰ ਗਿਆ ਉਹਦੇ ਪੈਰ ਦਾ ਉਹ ਚੱਕਰ ਜੋ ਉਹਨੂੰ ਟਿਕਣ ਨਹੀਂ ਸੀ ਦੇਂਦਾ, ਤੇ ਹੁਣ ਉਹ ਸਿਰਫ ਪਿੰਜਰੇ ਵਿਚ ਤੋਤੇ ਵਾਂਗ ਕੈਦ ਹੈ। ਨਾ ਉਡ ਸਕਦੈ ਨਾ ਫੜਫੜਾ ਸਕਦੈ। ਉਹਨੂੰ ਕਈ ਵਾਰ ਸ਼ੱਕ ਪੈਂਦਾ ਕਿ ਜ਼ਰੂਰ ਮੁਨੀਮ ਨੇ ਰੇਪ ਕੀਤਾ ਹੋਵੇਗਾ। ਕਦੇ ਉਹਨੂੰ ਲੱਗਦਾ ਨਹੀਂ ਮੁਰਾਰੀ ਧੱਕੜ ਐ। ਇਹ ਉਹਦੀ ਕਰਤੂਤ ਐ। ਕਦੇ ਉਹਨੂੰ ਲਗਦਾ ਨਹੀਂ ਸ਼ਾਇਦ ਰੇਪ ਕਰਨ ਵਾਲਾ ਕੋਈ ਹੋਰ ਹੈ ਤੇ ਕਤਲ ਕਰਨ ਵਾਲਾ ਵੀ ਕੋਈ ਹੋਰ ਹੈ। ਪਰ ਉਹ ਹੈ ਕੌਣ? ਇਹੀ ਤਾਂ ਅੜਾਉਣੀ ਹੈ। ਏਥੇ ਆ ਕੇ ਕੜੀ ਫਿਰ ਉਲਝ ਜਾਂਦੀ।

ਗੋਲੇ ਕਬੂਤਰ ਕਦੋਂ ਦੇ ਉਡ ਕੇ ਜਾ ਚੁੱਕੇ ਸਨ। ਸ਼ਿਵ ਪਾਰਬਤੀ ਨੂੰ ਕਿਸੇ ਪੁਰਾਤਨ ਜੁੱਗ ਵਿਚ ਕਥਾ ਸੁਣਾ ਰਿਹਾ ਸੀ। ਪਾਰਬਤੀ ਦੀ ਅੱਖ ਲੱਗਣ ਤੋਂ ਬਾਅਦ ਉਹ ਹੁੰਗਾਰਾ ਹੀਣ ਹੋ ਗਈ ਤਾਂ ਸ਼ਿਵ ਹਿਮਾਲਾ ਵੱਲ ਕੂਚ ਕਰ ਗਿਆ। ਹੁਣ ਕਥਾ ਕੌਣ ਸੁਣਾਵੇ। ਸਿਰੇ ਦਾ ਘੋਰ ਕਲਜੁਗ ਹੈ। ਸੱਪਾਂ ਦਾ ਜੁਗ ਤੇ ਸੱਪ ਜਿਹੋ ਜਿਹੇ ਮਰਜ਼ੀ ਹੋਣ ਕਿਸੇ ਨੂੰ ਨਹੀਂ ਬਖਸ਼ਦੇ।

ਹੁਣ ਤੋਤਾ ਮੈਨਾ ਨੂੰ ਕਥਾ ਸੁਣਾਉਣ ਲੱਗਾ। ਮੈਨਸ ਡੋਰ ਭੌਰ ਜਿਹੀ ਹੋ ਗਈ। ਉਹਨੂੰ ਸਮਝ ਨਹੀਂ ਸੀ ਆ ਰਹੀ ਕਿ ਜੇ ਸੁਰੈਣੇ ਨੇ ਨਾ ਰੇਪ ਕੀਤਾ ਹੈ ਨਾ ਕਤਲ, ਫਿਰ ਉਹਨੂੰ ਕਿਸ ਗੱਲ ਦੀ ਸਜ਼ਾ ਦਿੱਤੀ ਗਈ ਹੈ। ਇਹ ਘੋਰ ਅਨਿਆਂ ਹੈ। ਇਸਦੇ ਖਿਲਾਫ਼ ਕੋਈ ਬੋਲਦਾ ਕਿਉਂ ਨਹੀਂ। ਸਾਰੇ ਗੁੰਗੇ ਕਿਉਂ ਹੋ ਗਏ ਨੇ। ਅਸਲ ਕਾਤਲ ਕੌਣ ਹੈ? ਉਹਨੂੰ ਕਿਉਂ ਨਹੀਂ ਲੱਭਿਆ ਜਾ ਰਿਹਾ। ਉਹ ਕਿੱਥੇ ਲੁਕ ਕੇ ਬੈਠਾ ਹੈ। ਆਖਰ ਉਹਨੂੰ ਕਦੋਂ ਸਜ਼ਾ ਮਿਲੇਗੀ?

ਕਥਾ ਹੋਰ ਅੱਗੇ ਚੱਲੀ - ਅਦਨ ਦੇ ਖੂਬਸੂਰਤ ਬਾਗ਼ 'ਚ ਹੱਵਾ ਤੇ ਆਦਮ ਦਾ ਇਸ਼ਕ ਚੱਲ ਰਿਹੈ ਪਰ ਸ਼ੈਤਾਨ ਚੋਰ ਬਣ ਕੇ ਇਸ਼ਕ ਕਥਾ ਭੰਗ ਕਰਨ ਦੇ ਆਹਰ ਵਿਚ ਹੈ। ਉਹ ਹੱਵਾ ਨੂੰ ਉਕਸਾ ਰਿਹੈ ਜਾਂ ਕੋਈ ਬਦਲਾ ਲੈ ਰਿਹੈ। ਸ਼ੈਤਾਨ ਆਦਮ ਦੀ ਔਲਾਦ ਦਾ ਬੀਜ ਨਾਸ ਕਰਨਾ ਚਾਹੁੰਦਾ ਹੈ। ਹੱਵਾ ਨੇ ਫਲ ਖਾ ਲਿਐ। ਅਦਨ ਬਾਗ਼ ਵਿਚੋਂ ਉਨ੍ਹਾਂ ਦੇ ਰੁਖਸਤ ਹੋਣ ਦਾ ਵੇਲਾ ਆ ਗਿਐ। ਪੂਰੇ ਬ੍ਰਹਿਮੰਡ ਵਿਚ ਗੂੰਜ ਹੈ। ਧਰਤੀ 'ਤੇ ਆਦਮ ਤੇ ਹੱਵਾ ਦਾ ਆਗਮਨ ਹੋ ਰਿਹਾ ਹੈ ਪਰ ਬੀਜ ਅੰਦਰ ਸ਼ੈਤਾਨ ਦਾ ਬੀਜ ਪਨਪ ਰਿਹੈ। ਉਹ ਹਵਸ ਬਣ ਕੇ ਮੱਥੇ ਵਿਚ ਬਹਿ ਗਿਐ।

ਤੋਤਾ ਚੁੱਪ ਕਰ ਗਿਆ।

'ਤਾਂ ਕੀ ਨੈਣਾ ਦਾ ਕਤਲ ਸ਼ੈਤਾਨ ਨੇ ਕੀਤੈ?' ਮੈਨਾ ਨੇ ਚੁੱਪ ਵਿਚ ਪ੍ਰਸ਼ਨ ਟੰਗ ਦਿੱਤਾ। ਤੋਤੇ ਦੀਆਂ ਅੱਖਾਂ ਵਿਚ ਲਿਸ਼ਕ ਆ ਗਈ। ਉਹਦੀਆਂ ਅੱਖਾਂ ਵਿਚ ਕਾਮ ਦੇਵ ਸੇਕ ਮਾਰਨ ਲੱਗਾ। ਉਹਨੇ ਮੈਨਾ ਨੂੰ ਘੂਰਿਆ। ਉਹਦੀਆਂ ਅੱਖਾਂ ਵਿਚ ਹਵਸ ਦੇ ਅੰਗਾਰੇ ਦੇਖ ਕੇ ਉਹ ਸਮਝ ਗਈ ਕਿ ਤੋਤੇ ਅੰਦਰਲਾ ਸ਼ੈਤਾਨ ਜਾਗ ਗਿਐ। ਇਸ ਤੋਂ ਬਚਣ ਦਾ ਇਕੋ ਤਰੀਕੈ ਕਿ ਕਥਾ ਅੱਗੇ ਤੁਰਦੀ ਰਹੇ।

ਨੰਬਰਦਾਰ ਨੇ ਇਕ ਅਜੀਬ ਜਿਹੇ ਨਸ਼ੇ ਦੀ ਪੁੜੀ ਸੁਰੈਣੇ ਨੂੰ ਸੁੰਘਾ ਦਿੱਤੀ। ਉਹਦੇ ਸੁੰਨ ਦਿਮਾਗ਼ ਵਿਚ ਹਰਕਤ ਆ ਗਈ। ਅੱਖਾਂ ਮੀਟਦਿਆਂ ਉਹਨੂੰ ਬਨੇਰੇ 'ਤੇ ਤੁਰਦੀ ਸ਼ੇਖਾਂ ਦੀ ਬਿੱਲੀ ਨਜ਼ਰ ਆਈ ਜੋ ਬੜੀ ਕਹਿਰਵਾਨ ਸੀ। ਉਹਦੇ ਸਾਹਮਣੇ ਬੈਠਾ ਤੋਤਾ ਉੱਚੀ ਉੱਚੀ ਚੀਕ ਰਿਹਾ ਸੀ, ਤਰਲੇ ਲੈ ਰਿਹਾ ਸੀ। ਉਹਨੇ ਇਕ ਝਪਟੇ ਵਿਚ ਤੋਤੇ ਦੀ ਧੌਣ ਮਰੋੜ ਦਿੱਤੀ।

ਸੁਰੈਣੇ ਨੂੰ ਜ਼ੋਰ ਦੀ ਖੰਘ ਛਿੜ ਗਈ। ਸੁਪਨਾ ਟੁੱਟ ਗਿਆ। ਅੱਖਾਂ ਵਿਚੋਂ ਅੱਥਰੂ ਕਿਰ ਰਹੇ ਸਨ। ਉਹਨੂੰ ਲੱਗਿਆ ਉਹ ਜਿਵੇਂ ਕਿਸੇ ਬੋਝ ਤੋਂ ਭਾਰ ਮੁਕਤ ਹੋ ਗਿਆ ਹੋਵੇ।000

***(ਪੰਜਾਬ ਯੂਨੀਵਰਸਿਟੀ ਰੀਜਨਲ ਸੈਂਟਰ, ਮੁਕਤਸਰ - ਫੋਨ: 94173-58120)***



# ਪਹਿਲੀ ਰੋਟੀ: ਕਹਾਣੀ: ਅਲੀ ਉਸਮਾਨ ਬਾਜਵਾ

"ਅੰਮਾ ਪਹਿਲੀ ਰੋਟੀ ਮੇਰੀ"

ਉਹਨੇ ਤਰਲਾ ਜਿਹਾ ਕਰਦਿਆਂ ਚਵੰਗੇਰ ਵੱਲ ਹੱਥ ਵਧਾ ਦਿੱਤਾ।

"ਨੀ ਨਾ ਰਹਿਣੀਏਂ ਹਟ ਪਿਛਾਂਹ"

ਮਾਂ ਨੇ ਤੱਤਾ ਚਿਮਟਾ ਪੁੱਠੇ ਹੱਥੀਂ ਮਾਰ ਦਿੱਤਾ ਤੇ ਉਹ 'ਸੀ' ਕਰ ਕੇ ਰਹਿ ਗਈ। ਸੱਜੇ ਹੱਥ ਨੂੰ ਖੱਬੇ ਹੱਥ 'ਚ ਫੜੀ ਉਹ ਮਾਂ ਵੱਲ ਬਿਟ ਬਿਟ ਤੱਕੀ ਜਾਂਦੀ ਸੀ।

"ਕੀ ਘੂਰੀਆਂ ਵੱਟਨੀ ਏ ਪਈ, ਅੱਖਾਂ ਨੀਵੀਆਂ ਰੱਖ, ਦਮ ਪੀ ਛੱਡੂੰਗੀ... ਨਾ ਹਯਾ ਨਾ ਸ਼ਰਮ"।

ਮਾਂ ਨੇ ਫੂਕਣੀ ਪਾਥੀ 'ਤੇ ਮਾਰ ਕੇ ਦੋ ਟੋਟੇ ਕੀਤੀ ਤੇ ਇਕ ਟੋਟਾ ਚਿਮਟੇ ਨਾਲ ਚੱਕ ਕੇ ਚੁਲ੍ਹ 'ਚ ਰਖਿਆ। ਮਾਂ ਦੀ ਹਯਾਤੀ ਫੂਕਣੀ ਵਰਗੀ ਸੀ। ਸਾਰੇ ਟੱਬਰ ਦੇ ਢਿੱਡ ਦੀ ਅੱਗ ਬੁਝਾਵਣ ਲਈ ਰੋਜ਼ ਅੱਗ ਬਾਲਦੀ। ਤੇ ਇਹਨਾਂ ਫੂਕਾਂ ਵਿਚ ਈ ਉਹਦੀ ਜਿੰਦੜੀ ਫੂਕ ਕੀਤੀ ਸੀ। ਫੂਕਣੀ ਵਰਗੀ ਅੰਦਰੋਂ ਖਾਲੀ। ਜੀਹਦਾ ਕੰਮ ਸਿਰਫ ਅੱਗ ਬਾਲਣਾ ਸੀ। ਪਰ ਇਹ ਫੂਕਣੀ ਬਲਦੀ ਅੱਗ ਨੂੰ ਫੂਕਾਂ ਮਾਰ ਮਾਰ ਕੇ ਵੀ ਨਾ ਬੁਝਾ ਸਕਦੀ ਸੀ। ਕਾਲਾ ਧੂੰ ਮਾਂ ਦੀਆਂ ਅੱਖਾਂ ਵਿਚ ਹਮੇਸ਼ ਲਈ ਵਸ ਗਿਆ ਸੀ। ਉਹ ਦੁਪੱਟੇ ਨਾਲ ਵਾਰ ਵਾਰ ਵਗਦਾ ਪਾਣੀ ਪੂੰਝਦੀ ਤੇ ਰੋਟੀਆਂ ਛੰਡੀ ਜਾਂਦੀ। ਕਦੀ ਰੋਟੀ ਬਹੁਤੀ ਫੁਲ ਕੇ ਢੋਲ ਬਣ ਜਾਂਦੀ ਤਾਂ ਮਾਂ ਹੱਸਦੀ ਤੇ ਆਖਦੀ

"ਇੰਝ ਦੀ ਰੋਟੀ ਕੋਈ ਪਕਾ ਸਕਦਾ ਏ?"

ਕੰਮਾਂ ਵਿਚ ਇੰਝ ਦੇ ਹਾਸੇ ਹੱਸਦਿਆਂ ਉਹਦੇ ਗੋਡੇ ਜੁੜਨ ਲੱਗ ਪਏ ਸਨ। ਜੋੜਾਂ ਦੀ ਪੀੜ ਤੇ ਵੰਨ ਸੁਵੰਨੀਆਂ ਬਿਮਾਰੀਆਂ।

"ਤੈਨੂੰ ਕਈ ਵਾਰੀ ਆਖਾਂ ਕਿ ਪਹਿਲੀ ਰੋਟੀ ਵੀਰ ਈ ਏ। ਉਹਨੇ ਪੜ੍ਹਨ ਜਾਣਾ ਏ, ਦੇਰ ਹੋਂਦੀ ਸੂ ਪਈ-"

ਮਾਂ ਨੇ ਜਦ ਵੇਖਿਆ ਕਿ ਧੀ ਟਲਦੀ ਨਹੀਂ ਪਈ ਤੇ ਇਕ ਟੁੱਖ ਹੋ ਕੇ ਬੈਠ ਰਹੀ ਏ ਤੇ ਪਹਿਲੀ ਰੋਟੀ ਦਾ ਫੈਸਲਾ ਹਰ ਵਾਰ ਦੀ ਤਰ੍ਹਾਂ ਸੁਣਾਇਆ।

"ਮੈਂ ਵੀ ਸਕੂਲੇ ਜਾਵਣਾ ਏ...ਵੀਰ ਤੇ ਕਾਲਿਜ ਜਾਂਦਾ ਏ...ਮੇਰੇ ਤੋਂ ਬਾਅਦ ਉਹਦਾ ਕਾਲਿਜ ਲਗਦਾ ਏ... ਨਾਲੇ ਹਲੇ ਤੇ ਉਹ ਉੱਠਿਆ ਏ...ਤਿਆਰ ਹੋਏਗਾ ਤੇ ਖਾਏਗਾ ਨਾ ਰੋਟੀ..."

ਉਹਨੇ ਨਾਸਾਂ ਫੁਲਾਂਦਿਆਂ ਮਾਂ ਨੂੰ ਸੁਣਾਣੀਆਂ ਸ਼ੁਰੂ ਕਰ ਦਿੱਤੀਆਂ।

ਮਾਂ ਨੇ ਕੰਙਿਆਂ ਵਾਲੀਆਂ ਟੀਂਗਰਾਂ ਹੱਥ ਨਾਲ ਭੰਨ ਭੰਨ ਕੇ ਚੁਲ੍ਹ ਵਿਚ ਡਾਹੁਣੀਆਂ ਸ਼ੁਰੂ ਕਰ ਦਿੱਤੀਆਂ। ਧੀ ਉੱਠੀ ਤੇ ਬੂਟ ਜੁਰਾਬਾਂ ਪਾਵਣ ਲੱਗੀ।

"ਨੀ ਹੱਡ ਹਰਾਮੇ ਇੱਧਰ ਆ... ਖਾਹ ਮਰ ਲੈ ਰੋਟੀ...ਭੁੱਖੀ ਨਾ ਜਾਈਂ...ਚੀਰ ਛੱਡੂੰਗੀ..."।

ਪਰ ਉਹ ਬੂਥਾ ਸੁਜਾਈ ਬੂਟ ਪਾਂਦੀ ਰਹੀ। ਬਸਤਾ ਚੁੱਕਿਆ ਤੇ ਬੂਹੇ ਵੱਲ ਟੁਰ ਪਈ।

ਮਾਂ ਉੱਠ ਕੇ ਭੱਜੀ।

"ਨੀ ਖਲੋ ਜਾ...ਨੀ...ਕਿੱਥੋਂ ਹੋ ਪਈ ਏਂ ਮੇਰੇ ਘਰ...ਖਰਚਾ ਤੇ ਲੈ ਜਾ..."।

ਮਾਂ ਮੁੱਠ ਵਿਚ ਨੋਟ ਘੁੱਟਕੇ ਬੂਹੇ ਵਿਚੋਂ ਬਾਹਰ ਟਾਹਰਾਂ ਮਾਰਦੀ ਰਹਿ ਗਈ। ਪਰ ਉਹ ਗਲੀ ਵਿਚ ਨੱਸ ਗਈ। ਮਾਂ ਬੁਲ੍ਹ ਚਿੱਥ ਕੇ ਰਹਿ ਗਈ। ਘਰੋਂ ਨਿਕਲਕੇ ਚਾਚੇ ਲੰਙੇ ਦੀ ਦੁਕਾਨ ਕੋਲੋਂ ਲੰਘਦਿਆਂ ਹਮੇਸ਼ਾ ਉਹਨੂੰ ਸੌੜ ਪੈਂਦੀ। ਉਹਨੇ ਚੁੰਨੀ ਸਿੱਧੀ ਕੀਤੀ ਤੇ ਕਾਹਲੀ ਕਾਹਲੀ ਪੈਰ ਪੁੱਟਣ

ਲੱਗੀ। ਚਾਚੇ ਲੰਙੇ ਦੇ ਕੰਨਾਂ ਲਾਗੇ ਵਾਲ ਚਿੱਟੇ ਹੋ ਗਏ ਸਨ ਤੇ ਉਹਦੀ ਇਕ ਸੁੱਤੀ ਲੱਤ ਤਹਿਮਤ ਵਿਚੋਂ ਲਮਕਦੀ ਰਹਿੰਦੀ। ਚਾਲ਼ੀਆਂ ਵਰ੍ਹਿਆਂ ਪਿੱਛੋਂ ਵੀ ਛੜਾ ਈ ਸੀ। ਚਾਚੇ ਲੰਙੇ ਘੁੱਟਕੇ ਉਹਦੇ ਵੱਲ ਤੱਕਿਆ ਤੇ ਉਹ ਹੋਰ ਤੇਜ਼ ਹੋ ਗਈ।

ਵੱਡੀ ਸੜਕ ਕੋਲ ਅੱਪੜ ਤੇ ਰਿਕਸ਼ਾ ਉਡੀਕਣ ਲੱਗੀ। ਸਕੂਲ ਜਾਣ ਵਾਲੇ ਮੁੰਡੇ ਉਹਦੇ ਕੋਲੋਂ ਲੰਘਦੇ, ਫਿਲਮੀ ਗਾਣੇ ਉੱਚੀ ਉੱਚੀ ਗਾਂਦੇ ਤੇ ਇਕ ਦੂਜੇ ਦੇ ਹੱਥਾਂ 'ਤੇ ਹੱਥ ਮਾਰਦੇ। ਉਹ ਧਰਤੀ ਵੱਲ ਵੇਖੀ ਜਾਂਦੀ। ਉਹਦਾ ਦਿਲ ਕਰਦਾ ਕਿ ਕੋਈ ਉਹਲਾ ਬਣ ਜਾਵੇ ਤੇ ਉਹ ਉਹਦੇ ਵਿਚ ਲੁਕ ਜਾਵੇ। ਜਾਂ ਇਹਨਾਂ ਸਾਰਿਆਂ ਨੂੰ ਵਾਰੋ ਵਾਰ ਫੜਕੇ ਕੁਟਾਪਾ ਚਾੜ੍ਹੇ। ਪਰ ਇਹ ਰੋਜ਼ ਦਿਹਾੜ ਦਾ ਕੰਮ ਸੀ। ਰਿਕਸ਼ੇ ਵਾਲੇ ਨੇ ਲਾਗੇ ਆ ਕੇ ਬਰੇਕ ਮਾਰੀ ਤੇ ਉਹ ਆਪਣੀਆਂ ਹਾਨਣਾਂ ਨਾਲ ਆ ਬੈਠੀ। ਰਿਕਸ਼ੇ ਵਾਲਾ ਕਾਲਾ ਤੇ ਸੁੱਕਾ ਜਿਹਾ ਮੁੰਡਾ ਸੀ। ਪਰ ਖੌਰੇ ਉਹਨੂੰ ਕੋਈ ਭੁਲੇਖਾ ਸੀ, ਧੁੰਨੀ ਤਕ ਖਿੱਚ ਕੇ ਜੀਨ ਦੀ ਪੈਂਟ ਬੰਨ੍ਹਦਾ, ਅੱਧੀਆਂ ਬਾਹਵਾਂ ਵਾਲੀ ਬੁਸ਼ਰਟ ਪਾਂਦਾ ਤੇ ਬਾਹਵਾਂ ਨੂੰ ਹੋਰ ਟੰਗ ਲੈਂਦਾ।ਜੀਹਦੇ ਨਾਲ ਉਹਦੀਆਂ ਸਾਰੀਆਂ ਸੁੱਕੀਆਂ ਬਾਹਵਾਂ ਦਿਸਣ ਲੱਗ ਪੈਂਦੀਆਂ। ਕਾਲਰਾਂ ਨੂੰ ਚੁੱਕਕੇ ਰਖਦਾ ਤੇ ਰਿਕਸ਼ਾ ਚਲਾਂਦਿਆਂ ਸਾਹਮਣੇ ਘੱਟ ਤੇ ਰਿਕਸ਼ੇ ਦੇ ਸ਼ੀਸ਼ੇ ਰਾਹੀਂ ਪਿਛਲੀਆਂ ਸਵਾਰੀਆਂ ਨੂੰ ਬਹੁਤਾ ਵੇਖਦਾ। ਰਿਕਸ਼ੇ ਵਿਚ ਡੈੱਕ ਲੁਆ ਰਖਿਆ ਸੂ, ਜੀਹਦੇ ਉੱਤੇ ਇਕੋ ਜਿਹੇ ਗੀਤ ਵੱਜਦੇ ਰਹਿੰਦੇ। ਰਿਕਸ਼ੇ ਤੋਂ ਉਤਰ ਕੇ ਸਕੂਲੇ ਵੜਦੀ ਤੇ ਉਸਤਾਨੀਆਂ ਦੇ ਡੰਡਿਆਂ ਤੋਂ ਵਾਰੋ ਵਾਰ ਬਚਦੀ ਘੜੀਆਂ ਲਗਾਂਦੀ। ਸਕੂਲ ਦੀ ਕੰਟੀਨ ਦਾ ਲਾਲਾ ਬੜਾ ਚੰਗਾ ਸੀ। ਸਾਰੀਆਂ ਕੁੜੀਆਂ ਉਨ੍ਹੂੰ ਲਾਲਾ ਕਹਿੰਦੀਆਂ। ਲਾਲਾ ਪਕੌੜੇ ਦਈਂ, ਲਾਲਾ ਨਾਨ ਟਿੱਕੀ ਦਈਂ, ਲਾਲਾ ਖੱਟੀ ਇਮਲੀ, ਲਾਲਾ ਪਾਪੜ... ਦਾ ਰੌਲਾ ਪਾਂਦੀਆਂ ਰਹਿੰਦੀਆਂ। ਉਹ ਹਰ ਕੁੜੀ ਨੂੰ ਸ਼ਫਕਤ ਨਾਲ 'ਅੱਛਾ ਧੀਏ ਏਨਾ ਵਾਂ' ਆਖਦਾ। ਅੱਜ ਫੇਰ ਉਹਨੇ ਸਹੇਲੀ ਕੋਲੋਂ ਨਾਨ ਟਿੱਕੀ ਮੰਗ ਕੇ ਖਾਧੀ। ਸਵੇਰ ਵਾਲੀ ਗੱਲ ਉਹ ਕਦੇ ਦੀ ਭੁੱਲ ਭੁਲਾ ਗਈ ਸੀ। ਉਹ ਆਪਣੀ ਮਾਂ ਵਰਗੀ ਨਹੀਂ ਸੀ ਬਣਨਾ ਚਾਹੁੰਦੀ। ਪਰ ਫੇਰ ਵੀ ਮਾਂ ਦਾ ਟਾਵਾਂ ਟਾਵਾਂ ਅਸਰ ਜਾਪਦਾ ਸੀ।

ਉਹਦੀ ਮਾਂ ਵੀ ਜਦੋਂ ਏਸ ਘਰ ਵਿਚ ਆਈ ਸੀ ਤੇ ਆਪਣੀ ਮਾਂ ਵਰਗੀ ਨਹੀਂ ਸੀ ਬਣਨਾ ਚਾਹੁੰਦੀ। ਮਾਪਿਆਂ ਫੁੱਫੀ ਵੱਲ ਵਿਆਹ ਛੱਡੀ। ਸਾਬਰ ਹੋ ਕੇ ਏਸ ਘਰ ਆ ਵੜੀ। ਸੱਸ ਨਣਾਨਾਂ ਦਾ ਪਤਾ ਲੱਗਾ। ਬਹੁਕਰ ਪੋਚਾ ਤੇ ਅੰਨ ਪਾਣੀ ਦਾ ਕੰਮ ਉਹਦੀ ਮਾਂ ਨੇ ਸਿਖਾਇਆ ਸੀ। ਪਰ ਉਹਦੀ ਮਾਂ ਨੇ ਧੀ ਦੀ ਕਦੇ ਚੁਗਲੀ ਨਾ ਖਾਧੀ ਸੀ। ਸਵੇਰੇ ਮੂੰਹ ਚੁੰਮ ਕੇ ਉਠਾਂਦੀ। ਝਿੜਕਦੀ ਵੀ ਤੇ ਲਾਡ ਵੀ ਬੜਾ ਕਰਦੀ। ਸਾਲਣ ਦੀ ਲੂਣ ਮਿਰਚ ਦਾ ਘਾਟਾ ਵਾਧਾ ਤੇ ਰੋਟੀ ਨੂੰ ਫੋਲ ਬਣਾ ਕੇ ਖੁਸ਼ ਹੋਣਾ ਉਹਨੇ ਆਪਣੀ ਮਾਂ ਕੋਲੋਂ ਸਿਖਿਆ ਸੀ। ਆਪਣੀ ਦਾਦੀ ਤੇ ਪਿਉ ਦੇ ਵਰਤਾਅ ਨੂੰ ਵੀ ਵੇਖਕੇ ਏਸ ਘਰ ਆਈ ਸੀ। ਏਥੇ ਪਹਿਲੇ ਪਹਿਲੇ ਦਿਨ ਕੁਝ ਸਕੂਨ ਦੇ ਸਨ। ਉਹਨੂੰ ਚਲਾਕੀਆਂ ਦਾ ਪਤਾ ਈ ਨਹੀਂ ਸੀ- ਕਿ ਘਰ ਵਿਚ ਖਾਣ ਪੀਣ ਤੋਂ ਲੈ ਕੇ ਵਰਤਣ ਤਕ ਹਰ ਸ਼ੈਅ ਵਿਚੋਂ ਸੱਸ ਤੇ ਨਣਾਨਾਂ ਕੀ ਡੰਡੀ ਮਾਰਦੀਆਂ ਨੇ। ਉਹਨੇ ਕਦੀ ਸੋਚਿਆ ਵੀ ਨਹੀਂ ਸੀ ਕਿ ਇਕ ਘਰ ਵਿਚ ਰਹਿਣ ਵਾਲੇ ਇਕ ਦੂਜੇ ਕੋਲੋਂ ਲੁਕ ਕੇ ਖਾ ਸਕਦੇ ਨੇ। ਸੱਸ ਨੂੰ ਕੱਚੇ ਆਂਡੇ ਪੀਂਦਿਆਂ ਤੇ ਨਣਾਨਾਂ ਨੂੰ ਛੱਤੀ ਤੋਂ ਪੈਸੇ ਲਾਂਹਦਿਆਂ ਉਹਨੇ ਵੇਖਿਆ ਪਰ ਚੁੱਪ ਕੀਤੀ ਰਹੀ।

'ਚਲੋ ਜੋ ਰੱਬ ਨੂੰ ਮਨਜ਼ੂਰ'।

ਠੰਡਾ ਹਉਕਾ ਲੈ ਕੇ ਆਲੂ ਚੀਰਦੀ ਰਹਿੰਦੀ। ਛੁਰੀ ਦੇ ਪੱਛ ਤੇ ਲੂਣ ਲੱਡਣ ਦਾ ਸਵਾਦ ਲੈਂਦੀ ਤੇ ਆਪਣੇ ਬਾਲਾਂ ਦਾ ਗੂੰਹ ਮੂਤਰ ਧੋਂਦੀ ਰਹਿੰਦੀ। ਹੁਣ ਉਹਦੀ ਆਪਣੀ ਧੀ ਜਵਾਨ ਹੋ ਗਈ ਸੀ।ਪਰ ਹੁਣ ਤੇ ਖੌਰੇ ਜ਼ਮਾਨਾ ਬਦਲ ਗਿਆ ਸੀ। ਧੀ ਕੋਲ ਤੇ ਏਨਾ ਟੈਮ ਈ ਨਹੀਂ ਸੀ ਕਿ ਮਾਂ ਕੋਲੇ ਬੁਵੇ ਤੇ ਰੋਟੀ ਦਾ ਫੋਲ ਬਣਾਨਾ ਸਿੱਖੇ, ਵਲਾਂ ਵਾਲਾ ਪਰੌਂਠਾ ਤੇ ਕੀਮੇ ਵਾਲੇ ਕਰੇਲੇ ਪਕਾਣਾ ਸਿੱਖੇ। ਹੁਣ ਤੇ ਬੱਸ ਪੜ੍ਹਾਈਆਂ ਸਨ ਤੇ ਨਵੇਂ ਬਖੇੜੇ ਸਨ। ਮਾਂ ਨੂੰ ਪਤਾ ਸੀ ਕਿ ਹੁਣ ਵਿਆਹ



ਵਾਸਤੇ ਵੀ ਡਿਗਰੀ ਚਾਹੀਦੀ ਏ। ਮੁੰਡਿਆਂ ਨਾਲੋਂ ਵੀ ਬਹੁਤੀ ਕੁੜੀਆਂ ਨੂੰ। ਉਹਦੇ ਜ਼ਮਾਨੇ ਤੇ ਚੰਗੇ ਸਨ। ਪਰ ਹੁਣ ਧੀ ਨੂੰ ਟੋਰਨ ਲਈ ਸੋਨੇ ਦੇ ਜ਼ੇਵਰ ਦੇ ਨਾਲ ਤਾਲੀਮ ਦਾ ਜ਼ੇਵਰ ਵੀ ਦੇਣਾ ਪੈਂਦਾ।

ਧੀ ਸਕੂਲੋਂ ਮੁੜ ਆਈ। ਸਲਾਮ ਕੀਤਾ ਤੇ ਮਾਂ ਨੇ ਕੱਚੀ ਲੱਸੀ ਦਾ ਛੰਨਾ ਹੱਥ 'ਚ ਫੜਾਇਆ। ਲੱਸੀ ਪੀ ਕੇ ਓਸ ਵਰਦੀ ਬਦਲੀ ਤੇ ਮਾਂ ਨਾਲ ਝਲਾਨੀ ਵਿਚ ਬੈਠਕੇ ਪੂਦਨੇ ਤੇ ਅਨਾਰਦਾਣੇ ਵਾਲੀ ਚਟਣੀ ਨਾਲ ਚੋਪੜੀਆਂ ਰੋਟੀਆਂ ਖਾਂਦੀ,ਸਕੂਲ ਦੀਆਂ ਗੱਲਾਂ ਸੁਣਾਂਦੀ ਰਹੀ। ਪਰ ਓਸ ਕਦੇ ਨਾ ਦੱਸਿਆ ਕਿ ਚਾਚਾ ਲੰਙਾ, ਸਕੂਲੀ ਮੁੰਡੇ ਤੇ ਰਿਕਸ਼ੇ ਆਲਾ ਉਹਨੂੰ ਕਿੰਝ ਵੇਖਦਾ ਏ। ਪਰ ਮਾਂ ਉਹਨੂੰ ਹਮੇਸ਼ ਇਕ ਗੱਲ ਸਮਝਾਂਦੀ:

"ਧੀਏ! ਘਰ ਦੀ ਇੱਜ਼ਤ ਤੇਰੇ ਹੱਥ ਏ। ਨਜ਼ਰਾਂ ਨੀਵੀਆਂ ਰਖਿਆ ਕਰ, ਤਾ ਕਿ ਤੇਰੇ ਪਿਉ ਦੀ ਪੱਗ ਉੱਚੀ ਰ੍ਹਵੇ। ਕੋਈ ਬੁਰੀ ਨਜ਼ਰ ਨਾਲ ਨਾ ਵੇਖੇ, ਤੇ **ਦਰੂਦ** ਸ਼ਰੀਫ ਦਾ ਵਿਰਦ ਕਰਿਆ ਕਰ। ਆਪਣੀ ਇੱਜ਼ਤ ਆਪਣੇ ਹੱਥੀਂ ਹੋਂਦੀ ਏ"।

ਉਹ ਬਗ਼ੈਰ ਕੁਝ ਆਖੇ ਸੁਣਦੀ ਤੇ ਆਪਣੇ ਕੰਮਾਂ ਵਿਚ ਰੁੱਝੀ ਰਹਿੰਦੀ।

"ਅਹਿ ਲੈ ਫੜ, ਵੀਰ ਆਇਆ ਈ। ਉਹਨੂੰ ਪਹਿਲੇ ਰੋਟੀ ਫੜਾ ਆ। ਬਾਕੀ ਆ ਕੇ ਖਾ ਲਈਂ", ਮਾਂ ਪੁੱਤਰ ਨੂੰ ਮੋਟਰਸਾਇਕਲ ਅੰਦਰ ਵਾੜਦਿਆਂ ਵੇਖਦੀ ਤੇ ਆਖਦੀ।

"ਅੰਮੀ ਮੇਰੀ ਰੋਟੀ ਠੰਢੀ ਹੋ ਜਾਂਦੀ ਏ। ਮੈਨੂੰ ਸਕੂਨ ਨਾਲ ਰੋਟੀ ਤੇ ਖਾਵਣ ਦਿਆ ਕਰੋ"।

"ਧੀਏ! ਸਿਆਣੇ ਕਹਿੰਦੇ ਨੇ ਕਿ ਧੀ ਨੂੰ ਰੋਟੀ ਖਾਂਦਿਆਂ ਸੱਤ ਵਾਰੀ ਉਠਾਈਦਾ ਏ। ਓਸ ਅਗਲੇ ਘਰ ਜਾ ਕੇ ਏਹੋ ਕੁਝ ਕਰਨਾ ਹੋਂਦਾ ਏ"।

"ਇਕ ਤੇ ਮੈਂ ਇਹਨਾਂ ਸਿਆਣਿਆਂ ਤੋਂ ਬਹੁਤ ਤੰਗ ਆਂ। ਕੌਣ ਨੇ ਇਹ ਸਿਆਣੇ? ਮੇਰੇ ਸਾਹਮਣੇ ਕਰੋ। ਉਹਨਾਂ ਨੂੰ ਰੋਟੀ ਖਾਂਦਿਆਂ ਉਠਾਇਆ ਜਾਏ ਤੇ ਉਹਨਾਂ ਨੂੰ ਪਤਾ ਲੱਗੇ ਪੀੜ ਕੀ ਹੋਂਦੀ ਏ... ਵੱਡੇ ਸਿਆਣੇ... ਇਹਨਾਂ ਸਿਆਣਿਆਂ ਕੋਲੋਂ ਨਾ ਤੇ ਕਦੇ ਰਿਆਜ਼ੀ ਦੇ ਸਵਾਲ ਹੱਲ ਹੋ ਸਕਣੇ ਸਨ ਤੇ ਨਾ ਅੰਗਰੇਜ਼ੀ ਦਾ ਮਜ਼ਮੂਨ ਯਾਦ ਹੋ ਸਕਣਾ ਸੀ..."।

ਮਾਂ ਦਾ ਪਾਰਾ ਚੜ੍ਹਨ ਲੱਗ ਪੈਂਦਾ, " ਬੱਸ ਕਰ ਨੀ, ਤੈਨੂੰ ਤੇ ਇੱਜ਼ਤ ਰਾਸ ਈ ਨਹੀਂ।ਸੱਤ ਵਾਰੀ ਤੈਨੂੰ ਪਿਆਰ ਨਾਲ ਆਖਿਆ ਏ, ਤੂੰ ਖੌਰੇ ਕਿਹੜੀ ਜ਼ੁਬਾਨ ਸਮਝਣੀ ਏਂ। ਰੋਟੀ ਫੜਾ ਕੇ ਆ...ਉੱਠ"।

ਮਾਂ ਉਹਦੇ ਅੱਗੋਂ ਚੰਗੇਰ ਚੁੱਕ ਲੈਂਦੀ। ਤੇ ਉਹ ਭੈੜਾ ਜਿਹਾ ਮੂੰਹ ਬਣਾ ਕੇ ਉਠ ਪੈਂਦੀ। ਅਗਲੇ ਦਿਹਾੜੇ ਵੀ ਏਹੋ ਕੁਝ ਹੋਂਦਾ... ਕਦੀ ਘੱਟ ਤੇ ਕਦੀ ਵੱਧ।

"ਨਜ਼ਰਾਂ ਨੀਵੀਆਂ ਰਖਿਆ ਕਰ...

ਘਰ ਦੀ ਇੱਜ਼ਤ ਧੀ ਦੇ ਹੱਥ ਹੋਂਦੀ ਏ...

ਸ਼ਰਮਾਂ ਵਾਲੀਆਂ ਧੀਆਂ ਪਿਉ ਦੇ ਸਿਰ ਦਾ ਤਾਜ ਹੋਂਦੀਆਂ ਨੇ... ਚਾਦਰ ਵੱਡੀ ਲਿਆ ਕਰ... ਲੀੜਾ ਸਿੱਧਾ ਰਖਿਆ ਕਰ... ਕਪੜੇ ਬਹੁਤੇ ਤੰਗ ਨਾ ਸੰਵਾਇਆ ਕਰ... ਨੀ ਖੁਸ਼ਬੂ ਨਾ ਲਾ ਕੇ ਜਾਇਆ ਕਰ... ਵਾਲ ਕੁੰਜ ਕੇ ਰਖਿਆ ਕਰ"।

ਇਹ ਸਾਰੀਆਂ ਉਹ ਗੱਲਾਂ ਸਨ ਜਿਹੜੀਆਂ ਉਹਦੀ ਮਾਂ ਉਹਦੇ ਹਰ ਪੈਰ ਪੁੱਟਣ ਤੋਂ ਪਹਿਲਾਂ ਦਹੁਰਾਂਦੀ।

"ਇਸਲਾਮੀ ਜਮਹੂਰੀਆ ਪਾਕਿਸਤਾਨ ਰਮਜ਼ਾਨ ਕੀ ਮੁਬਾਰਕ ਰਾਤ ਕੋ ਦੁਨੀਆ ਕੇ ਨਕਸ਼ੇ ਪਰ ਉਭਰਾ। ਹਮ ਨੇ ਯੇਹ ਮੁਲਕ ਇਸਲਾਮ ਕੇ ਨਾਮ ਪਰ ਹਾਸਲ ਕੀਆ। ਹਿੰਦੋਸਤਾਨ ਕੇ ਮੁਸਲਮਾਨੋਂ ਨੇ ਬਹੁਤ ਕੁਰਬਾਨੀਆਂ ਦੀਂ ਔਰ ਪਾਕਿਸਤਾਨ ਕਾ ਮੁਤਾਲਬਾ ਕੀਆ? ਲਾ ਇਲਾ ਲਾ ਅੱਲਾ ਕਾ ਨਾਅਰਾ ਲਗਾਇਆ"।

ਮੁਆਸ਼ਰਤੀ ਅਲੂਮ ਵਾਲੀ ਉਸਤਾਨੀ ਉਹਨੂੰ ਇਹ ਗੱਲਾਂ ਪੜ੍ਹਾਂਦੀ।

"ਇਸਲਾਮ ਕੇ ਪਾਂਚ ਅਰਾਕੀਨ... ਕਲਮਾ, ਨਮਾਜ਼, ਰੋਜ਼ਾ, ਜ਼ਕੂਹ ਔਰ ਹੱਜ ਹੈਂ"

ਇਸਲਾਮੀਅਤ ਵਾਲੀ ਉਸਤਾਨੀ ਦੀਆਂ ਗੱਲਾਂ ਸਨ।

ਅੰਗਰੇਜ਼ੀ ਦੀ ਉਹਨੂੰ ਸਮਝ ਨਹੀਂ ਸੀ ਆਉਂਦੀ ਤੇ ਰਿਆਜ਼ੀ ਦਾ ਨਾਂ ਸੁਣਕੇ ਉਹਦਾ ਜੀ ਘਬਰਾਂਵਦਾ ਸੀ। ਪਰ ਸਾਰੀਆਂ ਕਿਤਾਬਾਂ ਪੜ੍ਹਕੇ ਵੀ ਉਹਨੂੰ ਇਹ ਨਾ ਪਤਾ ਲੱਗਾ ਕਿ ਬੀਬੀਆਂ ਨੂੰ ਕਿਉਂ ਨਜ਼ਰਾਂ ਨੀਵੀਆਂ ਰੱਖਣੀਆਂ ਚਾਹੀਦੀਆਂ ਨੇ। ਤੇ ਕਿਉਂ ਤੰਗ ਲੀੜੇ ਨਹੀਂ ਪਾਉਣੇ ਚਾਹੀਦੇ।

ਸਕੂਲੋਂ ਛੁੱਟੀ ਦਾ ਦਿਹਾੜ ਸੀ ਤੇ ਉਹਨੇ ਮਾਂ ਨਾਲ ਰਲ਼ ਕੇ ਸਫਾਈ ਕਰਾਈ। ਵੀਰ ਦੇ ਅੰਦਰ ਜਦ ਉਹਨੇ ਚਾਦਰ ਝਾੜਨ ਲਈ ਸਰ੍ਹਾਣਾ ਚੁੱਕਿਆ ਤੇ ਉਹਦੇ ਮੱਥੇ 'ਤੇ ਤਰੇਲੀ ਆ ਗਈ। ਸ਼ਰਮ ਨਾਲ ਰੰਗ ਲਾਲ ਹੋ ਗਿਆ। ਪੰਜ ਛੇ ਅੰਗਰੇਜ਼ੀ ਫੋਟੋਆਂ ਬਿਸਤਰੇ 'ਤੇ ਪਈਆਂ ਸਨ। ਉਹਨੇ ਸਰ੍ਹਾਣਾ ਛੱਡਿਆ ਤੇ ਬਾਹਰ ਨੱਸ ਗਈ।

" ਓ ਮਾਂ! ਵੀਰੇ ਦੇ ਅੰਦਰ ਦੀ ਸਫਾਈ ਤੁਸੀਂ ਆਪ ਕਰ ਲਵੋ। ਉਹਨੇ ਪਤਾ ਨਹੀਂ ਕੀ ਕੀ ਰਖਿਆ ਏ ਓਥੇ"।

ਮਾਂ ਨੇ ਧੀ ਦੀ ਤਰੇਲੀ ਵੇਖੀ ਤੇ ਭੱਜ ਕੇ ਅੰਦਰ ਗਈ। ਤਸਵੀਰਾਂ ਚੱਕ ਕੇ ਉਹਨੇ ਬਹੁਕਰ ਹੇਠ ਕਰ ਲਈਆਂ ਤੇ ਬਲਦੀ ਅੱਗ ਵਿਚ ਪਾ ਛੱਡੀਆਂ। ਮਾਵਾਂ ਧੀਆਂ ਦੋਵੇਂ ਚੁੱਪ ਚੁਪੀਤੀਆਂ ਰਹੀਆਂ।

ਉਹ ਵਾਹਵਾ ਦਿਨ ਉਡੀਕਦੀ ਰਹੀ ਕਿ ਮਾਂ ਵੀਰ ਨਾਲ ਗੱਲ ਕਰੇ ਗੀ, ਪਰ ਕੁਝ ਨਾ ਹੋਇਆ। ਫੇਰ ਉਹਨੇ ਸੋਚਿਆ ਕਿ ਮਾਂ ਨੇ ਉਹਲੇ ਕਰ ਕੇ ਕਦੋਂ ਗੱਲ ਕਰ ਲਈ ਹੋਵੇ ਤੁ ਉਹਨੂੰ ਪਤਾ ਨਾ ਲੱਗਿਆ ਹੋਵੇ।

ਪਰ ਜਦ ਵੀ ਏਸ ਗੱਲ ਬਾਰੇ ਸੋਚਦੀ ਤੇ ਉਹ ਤਸਵੀਰਾਂ ਉਹਦੀਆਂ ਅੱਖਾਂ ਅੱਗੇ ਘੁੰਮਣ ਲੱਗ ਪੈਂਦੀਆਂ ਤੇ ਤਰੇਲੀ ਹਰ ਵਾਰ ਆ ਜਾਂਦੀ। ਰਾਤੀਂ ਵਿਹੜੇ ਵਿਚ ਲੰਮੀ ਪਈ ਉਹ ਤਾਰਿਆਂ ਵੱਲ ਤੱਕਦੀ ਪਰ ਉਹ ਸਾਰੇ ਤਾਰੇ ਤਸਵੀਰਾਂ ਬਣਦੇ ਜਾਂਦੇ। ਉਹ ਸ਼ਰਮ ਨਾਲ ਅੱਖਾਂ ਨੂਟ ਲੈਂਦੀ, ਪਰ ਫੇਰ ਵੀ ਤਸਵੀਰਾਂ ਉਹਦੀਆਂ ਅੱਖਾਂ ਦੇ ਸਾਹਮਣੇ ਈ ਰਹਿੰਦੀਆਂ। ਉਹਨੇ ਬੜੇ ਕਲਮੇ ਪੜ੍ਹੇ, ਬੜੇ ਵਿਰਦ ਕੀਤੇ, ਪਰ ਉਹ ਤਸਵੀਰਾਂ ਸਨ ਕਿ ਜਾਨ ਹੀ ਨਹੀਂ ਛੱਡ ਰਹੀਆਂ ਸਨ।

ਵਾਹਵਾ ਡੰਗ ਟੱਪ ਗਏ ਸਨ ਤੇ ਇਕ ਦਿਹਾੜ ਉਹਨੂੰ ਮੋਬਾਈਲ ਫੋਨ ਦੇ ਵੱਜਣ ਦੀ ਆਵਾਜ਼ ਆਈ। ਉਹਨੇ ਵੀਰ ਨੂੰ ਵਾਜ ਮਾਰੀ ਪਰ ਖੌਰੇ ਵੀਰ ਮੋਬਾਈਲ ਘਰ ਭੁੱਲ ਕੇ ਟੁਰ ਗਿਆ ਸੀ। ਮੋਬਾਈਲ ਵਾਹਵਾ ਚੀਕਣ ਤੋਂ ਬਾਅਦ ਬੁਝ ਗਿਆ। ਘੜੀ ਕੁ ਬਾਅਦ ਓਸ ਫੇਰ ਰੌਲਾ ਪਾਣਾ ਸ਼ੁਰੂ ਕਰ ਦਿੱਤਾ। ਜਦੋਂ ਇਹ ਰੌਲਾ ਅੱਧੇ ਘੰਟੇ ਤਕ ਇੰਝ ਈ ਰਿਹਾ ਤੇ ਮਾਂ ਨੇ ਆਪ ਈ ਆਖ ਛੱਡਿਆ-

" ਨੀ ਵੇਖ ਨੀ ਕਿਹੜਾ ਏ? ਅੱਗ ਲੱਗੇ ਇਹਨਾਂ ਮੋਬਾਈਲਾਂ ਨੂੰ ਵੀ। ਵੇਰਵਾ ਪੁਛੇ ਤੇ ਆਖੀਂ ਬਾਹਰ ਗਿਆ ਏ"।

ਉਹ ਕਿਤਾਬ ਬੰਦ ਕਰ ਕੇ ਉਠੀ ਤੇ ਉਹਨੇ ਮੋਬਾਈਲ ਚੁੱਕਿਆ।

"ਹੈਲੋ!"

"ਹੈਲੋ!"

"ਜੀ ਕੌਣ"?

"ਗੁਲਫਾਮ ਘਰ ਏ?"

"ਨਹੀਂ ਜੀ, ਉਹ ਬਾਹਰ ਗਏ ਨੇ- ਤੁਸੀਂ ਕੌਣ?"

"ਮੈਂ ਉਹਦਾ ਯਾਰ ਰਾਸ਼ਦ - ਤੁਸੀਂ ਕੌਣ?"



"ਮੈਂ ਜੀ...ਉਹ...ਉਹਦੀ ਭੈਣ...ਉਹ ਜੀ...ਉਹਦੀ ਸਿਸਟਰ"

"ਚੰਗਾ... ਤੁਹਾਡਾ ਕੀ ਨਾਂ ਏ?"

"ਉਹ ਜੀ... ਮੇਰ ...ਜੀ..."

" ਕਿਉਂ ਘਬਰਾ ਗਏ ਓ, ਮੈਂ ਕਿਹੜਾ ਖਾ ਚਲਿਆ ਵਾਂ"

"ਨਹੀਂ ਜੀ... ਉਹ... ਵੀਰ ਬਾਹਰ ਗਿਆ ਏ... ਆਏਗਾ ਤੇ ਦੱਸ ਦੇਵਾਂਗੀ"

ਇਹ ਕਹਿ ਕੇ ਉਹਨੇ ਫੋਨ ਬੰਦ ਕਰ ਦਿੱਤਾ।

"ਉਹ...ਅੰਮਾ... ਉਹ...ਵੀਰ ਦਾ... ਕੋਈ ਯਾਰ ਸੀ ਵੀਰ ਦਾ"

ਉਹਨੇ ਟੁੱਟੇ ਭੱਜੇ ਬੋਲਾਂ ਨਾਲ ਆਖਿਆ।

"ਹਲਾ! ਆਖਣਾ ਸੀ ਵੀਰ ਬਾਹਰ ਗਿਆ ਏ", ਕੰਮਾਂ ਵਿਚ ਰੁੱਝੀ ਮਾਂ ਨੇ ਕੋਈ ਧਿਆਨ ਨਾ ਦਿੱਤਾ।

"ਹਾਂ ਜੀ ਆਖ ਦਿੱਤਾ ਸੀ"।

ਜਦ ਵੀਰ ਘਰ ਆਇਆ ਤੇ ਉਹਨੇ ਆਂਦਿਆਂ ਹੀ ਰੌਲਾ ਪਾਣਾ ਸ਼ੁਰੂ ਕਰ ਦਿੱਤਾ:

"ਮੇਰਾ ਮੋਬਾਈਲ ਕੀਹਨੇ ਛੇੜਿਆ ਸੀ?"

ਉਹਨੇ ਮਾਂ ਦੇ ਸਿਰ 'ਤੇ ਚੜ੍ਹ ਕੇ ਵਾਂਗਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ।

"ਵੇ ਕੀ ਹੋਇਆ ਏ ਵੇ... ਆਰਾਮ ਨਾਲ... ਕਿਸੇ ਨਹੀਂ ਛੇੜਿਆ ਤੇਰਾ ਫੋਨ- ਤੇਰਾ ਫੋਨ ਵੱਜਣੋਂ ਨਹੀਂ ਸੀ ਮੁੜਦਾ ਤੇ ਤੇਰੀ ਭੈਣ ਨੇ ਚੱਕ ਕੇ ਆਖ ਛੱਡਿਆ ਕਿ ਵੀਰ ਘਰ ਕੋਈ ਨਹੀਂ"।

ਮਾਂ ਨੇ ਜਿਵੇਂ ਸਫਾਈ ਪੇਸ਼ ਕੀਤੀ।

"ਨੀ ਕੰਨ ਖੋਲ੍ਹ ਕੇ ਸੁਣ ਲੈ ਨੀ। ਅੱਗੋਂ ਤੋਂ ਮੇਰੇ ਫੋਨ ਨੂੰ ਹੱਥ ਲਾਇਆ ਤੇ ਤੇਰੇ ਹੱਥ ਟੁੱਕ ਛੱਡੂੰਗਾ"।

ਵੀਰ ਨਾਸਾਂ ਫੁਲਾਂਦਿਆਂ ਬਾਹਰ ਟੁਰ ਗਿਆ।

ਮਾਂ ਦੇ ਚਿਮਟੇ, ਰੋਟੀਆਂ ਛੰਡਣ ਦੀ ਆਵਾਜ਼, ਮਧਾਣੀ ਦੀ ਰਿੜਕ, ਗੋਹੇ ਪਾਥੀਆਂ ਬਾਲਣ ਟੀਂਗਰ ਤੇ ਸਕੂਲ। ਹਰ ਸ਼ੈਅ ਓਥੇ ਈ ਸੀ। ਪਰ ਉਹ ਤਸਵੀਰਾਂ ਨਵੀਆਂ ਸਨ। ਨਵੀਆਂ ਤੇ ਨਕੋਰ। ਤੇ ਉਹ ਆਵਾਜ਼ ਓਸ ਤੋਂ ਵੀ ਸੱਜਰੀ। ਹੁਣ ਤੇ ਆਵਾਜ਼ ਕੰਨਾਂ ਵਿਚ ਤੇ ਤਸਵੀਰਾਂ ਅੱਖਾਂ ਅੱਗੇ ਰਹਿੰਦੀਆਂ। ਉਹਨੇ ਮਾਂ ਤੇ ਵੀਰ ਤੋਂ ਅੱਖ ਬਚਾ ਕੇ ਕਾਪੀ ਦਾ ਵਰਕਾ ਪਾੜਿਆ ਤੇ ਕੱਚੀ ਪਿਨਸਲ ਨਾਲ ਕਾਹਲੀ ਕਾਹਲੀ ਇਕ ਨੰਬਰ ਲਿਖ ਕੇ ਬਸਤੇ ਵਿਚ ਪਾ ਲਿਆ।

ਅੱਜ ਤੇ ਰੋਟੀ ਦੀ ਵੀ ਉੱਕਾ ਭੁੱਖ ਨਹੀਂ ਸੀ। ਉਹਨੂੰ ਮਾਂ ਮਤਰੇਈ ਲੱਗੀ। ਪਿਉ ਤੇ ਜਿਵੇਂ ਹੈ ਈ ਨਹੀਂ ਸੀ। ਵੀਰ ਵੀ ਜ਼ਹਿਰ ਲੱਗਾ। ਘਰ ਦੇ ਡੰਗਰ ਜਿਵੇਂ ਕੰਨ ਹਿਲਾ ਹਿਲਾ ਕੇ ਆਵਾਜ਼ ਮਾਰਦੇ ਹੋਵਣ। ਮੋਟੀ ਮੱਝ ਦੀਆਂ ਮੋਟੀਆਂ ਅੱਖਾਂ ਵਿਚ ਅੱਜ ਵਾਹਵਾ ਉਦਾਸੀ ਸੀ। ਉਹਨੂੰ ਲੱਗਾ ਕਿ ਜਿਵੇਂ ਸਾਰੇ ਡੰਗਰ ਈ ਗਾਲ੍ਹੀ ਕਰਨਾ ਛੱਡ ਗਏ ਨੇ। ਤੇ ਬੱਸ ਉਹਦੇ ਵੱਲ ਤੱਕੀ ਜਾਂਦੇ ਨੇ। ਮਾਂ ਖੌਰੇ ਕੀ ਬੋਲੀ ਜਾ ਰਹੀ ਸੀ। ਪਰ ਉਹਦੇ ਕੰਨੀਂ ਇਕ ਈ ਆਵਾਜ਼ ਸੀ। ਉਹਨੇ ਘਰੋਂ ਬਾਹਰ ਪੈ ਪਾਇਆ ਤੇ ਗਲ਼ੀ ਵਿਚ ਗਵਾਚ ਗਈ। 000

***(419, Empress Tower, Empress Road, Lahore, Pakistan***
***Phone:+92-33480-05812; Email: aub7soccer@gmail.com)***

# ਢਾਹਾਂ ਪੁਰਸਕਾਰ ਅਤੇ ਮੇਰੀ ਕੈਨੇਡਾ ਫੇਰੀ

## ਬਲਦੇਵ ਸਿੰਘ (ਸੜਕਨਾਮਾ)

ਪੁਰਸਕਾਰ ਕਿਸੇ ਵੀ ਖੇਤਰ ਵਿਚ ਕੀਤੇ ਕੰਮਾਂ ਨੂੰ ਮਿਲਣ, ਇਹ ਸੰਬੰਧਤ ਵਿਅਕਤੀਆਂ ਨੂੰ ਉਤਸ਼ਾਹਤ ਕਰਦੇ ਹਨ, ਪ੍ਰੇਰਨਾ ਦਿੰਦੇ ਹਨ, ਉਨ੍ਹਾਂ ਲਈ ਊਰਜਾ ਦਾ ਕੰਮ ਕਰਦੇ ਹਨ। ਇਕ ਤਰ੍ਹਾਂ ਨਾਲ ਇਸ ਤਰ੍ਹਾਂ ਕੀਤੇ ਕਾਰਜਾਂ ਨੂੰ ਪ੍ਰਵਾਨਗੀ ਮਿਲਦੀ ਹੈ। ਅਜਿਹੇ ਸਮੇਂ ਅਕਸਰ ਕੁਝ ਧਿਰਾਂ ਨਾਰਾਜ਼ ਰਹਿੰਦੀਆਂ ਹਨ। ਉਹ ਜਿਨ੍ਹਾਂ ਨੇ ਆਸ ਲਾਈ ਹੁੰਦੀ ਹੈ ਕਿ ਇਕ ਵਾਰ ਇਨਾਮ ਜ਼ਰੂਰ ਮਿਲੇਗਾ, ਉਹ ਜਿਨ੍ਹਾਂ ਨੇ ਜੋੜ-ਤੋੜ ਕਰਕੇ, ਜੁਗਾੜ ਲਾਏ ਹੁੰਦੇ ਹਨ ਤੇ ਉਹ ਕਿਸੇ ਕਾਰਨ ਇਨਾਮ ਲੈਣ ਤੋਂ ਖੁੰਝ ਜਾਂਦੇ ਹਨ ਅਤੇ ਉਹ ਜਿਨ੍ਹਾਂ ਨੂੰ ਕੋਈ ਆਸ ਉਮੀਦ ਵੀ ਨਹੀਂ ਹੁੰਦੀ, ਕੋਈ ਜੋੜ-ਤੋੜ ਵੀ ਨਹੀਂ ਕੀਤਾ ਹੁੰਦਾ, ਬੱਸ ਈਰਖਾ-ਵੱਸ ਹੀ ਦੁਖੀ ਹੁੰਦੇ ਹਨ। ਇਹ ਸਿਲਸਿਲਾ ਪਹਿਲਾਂ ਤੋਂ ਹੀ ਚਲਦਾ ਆਇਆ ਹੈ ਤੇ ਅੱਗੇ ਵੀ ਚਲਦੇ ਰਹਿਣ ਦੀ ਸੰਭਾਵਨਾ ਹੈ। ਇਸ ਲਈ ਪੁਰਸਕਾਰ ਕਿਸੇ ਵੀ ਪੱਧਰ ਦਾ ਹੋਵੇ, ਉਸ ਬਾਰੇ ਕਿੰਤੂ-ਪਰੰਤੂ ਹੋਣਾ ਆਮ ਵਰਤਾਰਾ ਹੋ ਗਿਆ ਹੈ।

ਸਥਾਨਕ ਸੰਸਥਾਵਾਂ ਵੱਲੋਂ ਰਾਜ ਸਰਕਾਰਾਂ ਵੱਲੋਂ, ਕੇਂਦਰੀ ਸੰਸਥਾਵਾਂ ਵੱਲੋਂ ਜਾਂ ਵਿਦੇਸ਼ਾਂ ਵਿਚ ਨਿਜੀ ਸੰਸਥਾਵਾਂ ਵੱਲੋਂ ਵੱਖ ਵੱਖ ਖੇਤਰਾਂ ਵਿਚ ਦਿੱਤੇ ਜਾਂਦੇ ਪੁਰਸਕਾਰ ਹਮੇਸ਼ਾ ਹੀ ਵਿਵਾਦਾਂ ਵਿਚ ਰਹੇ ਹਨ। ਇੱਥੋਂ ਤਕ ਕਿ ਹੁਣ ਵਿਸ਼ਵ ਦਾ ਸਭ ਤੋਂ ਚਰਚਿਤ 'ਨੋਬਲ ਪੁਰਸਕਾਰ' ਵੀ ਵਿਵਾਦਾਂ ਦੇ ਘੇਰੇ ਵਿਚ ਹੈ। ਸਥਾਨਕ ਸੰਸਥਾਵਾਂ ਵੱਲੋਂ ਦਿੱਤੇ ਜਾਂਦੇ ਪੁਰਸਕਾਰਾਂ ਦੀ ਤਾਂ ਸਮਝ ਪੈਂਦੀ ਹੈ ਕਿ ਇਨ੍ਹਾਂ ਵਿਚ ਹਿੱਤਾਂ ਨੂੰ ਜਾਂ ਦੋਸਤੀਆਂ ਨੂੰ ਤਰਜੀਹ ਦਿੱਤੀ ਜਾਂਦੀ ਹੋ ਸਕਦੀ ਹੈ, ਹੁਣ ਇਹ ਦੂਸ਼ਣ ਤਾਂ ਵੱਡੇ ਪੁਰਸਕਾਰਾਂ ਉਪਰ ਵੀ ਲੱਗਣ ਲੱਗੇ ਹਨ।

ਬਾਕੀ ਪੁਰਸਕਾਰਾਂ ਵਾਂਗ ਸਾਹਿਤਕ ਪੁਰਸਕਾਰ ਵੀ ਅਜਿਹੀਆਂ ਚਰਚਾਵਾਂ ਤੋਂ ਬਚੇ ਨਹੀਂ ਹਨ। 2011 ਵਿਚ ਮੇਰੇ ਨਾਵਲ 'ਢਾਹਵਾਂ ਦਿੱਲੀ ਦੇ ਕਿੰਗਰੇ' ਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਐਲਾਨ ਹੋਣ ਤੋਂ ਹਫ਼ਤਾ ਕੁ ਪਹਿਲਾਂ ਮੈਨੂੰ ਫ਼ੋਨ ਆਇਆ, 'ਤੈਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲ ਰਿਹੈ'। ਇਸ ਤਰ੍ਹਾਂ ਦੀਆਂ ਗੱਲਾਂ ਮੈਂ ਪਿਛਲੇ ਚਾਰ ਕੁ ਸਾਲਾਂ ਤੋਂ ਸੁਣਦਾ ਆ ਰਿਹਾ ਸਾਂ- 'ਐਤਕੀਂ ਤੇਰਾ ਨਾਂ ਬੋਲਦੈ'। ਪਰ ਐਲਾਨ ਕਿਸੇ ਹੋਰ ਨਾਮ ਦਾ ਹੋ ਜਾਂਦਾ। ਗੱਲ ਆਈ ਗਈ ਹੋ ਜਾਂਦੀ। ਡੂੰਘਾ ਭੇਦ ਰੱਖਣ ਵਾਲਾ ਕੋਈ ਦੱਸਦਾ, 'ਤੈਨੂੰ ਕਿਵੇਂ ਮਿਲ ਜਾਂਦਾ, ਤੇਰੀ ਕਿਤਾਬ ਤਾਂ ਦਸਾਂ ਵਿਚ ਵੀ ਨਹੀਂ ਸੀ ਆਈ'। ਇੱਥੋਂ ਤਕ ਕਿ 2010 ਵਿਚ ਮੈਨੂੰ ਫ਼ੋਨ ਆਇਆ, 'ਮੈਂ ਦਿੱਲੀਓਂ ਆਇਐਂ, ਤੇਰਾ ਨਾਮ ਫ਼ਾਈਨਲ ਹੋ ਗਿਆ'। ਇਨਾਮ ਉਦੋਂ ਵੀ ਇਕ ਹੋਰ ਲੇਖਕ ਨੂੰ ਮਿਲਿਆ। ਮੈਂ ਫ਼ੋਨ ਉਪਰ ਦਿੱਤੀ ਸੂਚਨਾ ਨੂੰ ਗੰਭੀਰਤਾ ਨਾਲ ਨਾ ਲਿਆ।

ਕੁਝ ਦਿਨਾਂ ਬਾਅਦ ਮੇਰੇ ਨਾਮ ਦਾ ਸਾਹਿਤ ਅਕਾਦਮੀ ਪੁਰਸਕਾਰ ਲਈ ਮੀਡੀਆ ਰਾਹੀਂ ਐਲਾਨ ਹੋ ਗਿਆ। ਅਜਿਹੇ ਮੌਕੇ ਲੇਖਕਾਂ ਵਿਚ ਫ਼ੌਰਨ ਚਰਚਾ ਸ਼ੁਰੂ ਹੋ ਜਾਂਦੀ ਹੈ।

'ਬੜਾ ਜੁਗਾੜ, ਲਾਇਐ ਬਈ'।

'ਸਾਨੂੰ ਤਾਂ ਪਹਿਲਾਂ ਹੀ ਪਤਾ ਸੀ'।

'ਲੈ ਗਿਆ ਮਾਂਜ ਕੇ'।

'ਪਿਛਲੇ ਪੰਜ-ਛੇ ਸਾਲਾਂ ਦਾ ਮਗਰ ਪਿਆ ਸੀ, ਲੈ ਹੀ ਜਾਣਾ ਸੀ'।

ਪੁਰਸਕਾਰ ਨਾਵਲ 'ਢਾਹਵਾਂ ਦਿੱਲੀ ਦੇ ਕਿੰਗਰੇ' ਨੂੰ ਮਿਲਿਆ ਸੀ।

'ਯਾਰ, ਇਹਦੇ ਲੋਕ ਨਾਇਕ ਜੇਹੇ ਬੜੇ ਲੋਟ ਆਏ ਐ'।

'ਪਹਿਲਾਂ ਵੇਸਵਾਵਾਂ ਤੇ ਡਰੈਵਰਾਂ ਪਿੱਛੇ ਪਿਆ ਸੀ'।



'ਹੁਣ ਇਤਿਹਾਸ ਫ਼ਰੋਲੀ ਜਾਂਦੈ'।

'ਪੱਥਰ ਚੱਟ ਕੇ ਮੁੜੂ'।

ਵਧਾਈਆਂ ਦਾ ਸਿਲਸਿਲਾ ਵੀ ਚੱਲਦਾ ਰਿਹਾ ਅਤੇ ਉਪਰੋਕਤ ਟਿੱਪਣੀਆਂ ਦੀਆਂ ਕੰਨਸੋਆਂ ਵੀ ਮਿਲਦੀਆਂ ਰਹੀਆਂ।

ਪੁਰਸਕਾਰ ਲੈਣ ਦਿੱਲੀ ਗਿਆ। ਸਾਹਿਤ ਅਕਾਦਮੀ ਦਾ ਪ੍ਰਬੰਧ ਵੇਖ ਕੇ ਰੂਹ ਖਿੜ ਗਈ। ਮੈਂ ਹੀ ਨਹੀਂ, ਦੂਸਰੀਆਂ ਭਾਸ਼ਾਵਾਂ ਦੇ ਲੇਖਕ ਵੀ ਮਾਣ ਮਹਿਸੂਸ ਕਰ ਰਹੇ ਸਨ। ਜੇਤੂ ਲੇਖਕਾਂ ਦੇ ਆਦਮ-ਕੱਦ ਪੋਸਟਰ ਲੱਗੇ ਹੋਏ ਸਨ। ਹਰ ਕਾਰਵਾਈ ਪੂਰੇ ਸਲੀਕੇ ਨਾਲ ਨੇਪਰੇ ਚੜ੍ਹਾਈ ਗਈ। ਅਗਲੇ ਦਿਨ, ਹਰ ਲੇਖਕ ਨੂੰ ਆਪਣੇ ਬਾਰੇ ਜਾਂ ਆਪਣੇ ਅਨੁਭਵ ਕਹਿਣ ਲਈ ਵੱਖਰਾ ਪ੍ਰੋਗਰਾਮ ਨਿਰਧਾਰਤ ਕੀਤਾ ਹੋਇਆ ਸੀ। ਭਾਰਤੀ ਸਾਹਿਤ ਵਿਚ ਸਾਹਿਤ ਅਕਾਦਮੀ ਦਾ ਜਿੰਨਾ ਵੱਡਾ ਇਹ ਪੁਰਸਕਾਰ ਹੈ, ਇਸ ਦਾ ਗਲੈਮਰ ਵੀ ਲੇਖਕਾਂ ਨੂੰ ਲੰਮੇ ਸਮੇਂ ਤਕ ਯਾਦ ਰਹਿੰਦਾ ਹੈ।

0

ਸੰਨ 2015 ਵਿਚ ਰੱਬ ਜਾਣੇ ਕਿਵੇਂ ਪੰਜਾਬ ਸਰਕਾਰ ਨੂੰ ਚੇਤਾ ਆ ਗਿਆ, ਉਨ੍ਹਾਂ ਨੇ ਪਿਛਲੇ ਤਿੰਨ ਸਾਲਾਂ ਤੋਂ ਭਾਸ਼ਾ ਵਿਭਾਗ ਪੰਜਾਬ ਵੱਲੋਂ ਦਿੱਤੇ ਜਾਣ ਵਾਲੇ ਇਨਾਮਾਂ ਲਈ ਦਰਖ਼ਾਸਤਾਂ ਮੰਗ ਲਈਆਂ। ਸੁਸਤ ਪਏ ਅਤੇ ਅਵੇਸਲੇ ਹੋਏ ਲੇਖਕ, ਗਾਇਕ, ਪੱਤਰਕਾਰ, ਨਾਟਕਕਾਰ ਸਭ ਤੁਰੰਤ ਹਰਕਤ ਵਿਚ ਆ ਗਏ। ਧੜਾਧੜ ਫ਼ਾਰਮ ਭਰੇ ਗਏ। ਸਿਫ਼ਾਰਸ਼ਾਂ ਕਰਨ ਤੇ ਕਰਵਾਉਣ ਦਾ ਸਿਲਸਿਲਾ ਚੱਲਿਆ ਤੇ ਆਖ਼ਰ ਤਿੰਨ ਸਾਲਾਂ ਦੀ ਉਡੀਕ ਪਿੱਛੋਂ ਪੁਰਸਕਾਰਾਂ ਦਾ ਐਲਾਨ ਹੋ ਗਿਆ। ਇਸ ਦੀ ਚੋਣ ਪ੍ਰਕਿਰਿਆ 'ਤੇ ਵੀ, ਜਿਵੇਂ ਅਕਸਰ ਹੁੰਦਾ ਹੈ, ਵਿਵਾਦ ਹੋਇਆ। ਕਿਸ ਨੂੰ ਨਹੀਂ ਮਿਲਣਾ ਚਾਹੀਦਾ, ਕਿਸ ਨੂੰ ਮਿਲਣਾ ਚਾਹੀਦਾ ਸੀ। ਕੁਝ ਦਿਨ ਸੰਬੰਧਤ ਧਿਰਾਂ ਵਿਚ ਖ਼ੂਬ ਚੁੰਝ-ਚਰਚਾ ਚੱਲੀ। ਕਿਸੇ ਨੇ ਸਲਾਹਕਾਰ ਕਮੇਟੀ ਦੇ ਮੈਂਬਰਾਂ ਉਪਰ ਇਤਰਾਜ਼ ਕੀਤਾ। ਕਿਸੇ ਨੇ ਚੋਣ ਪ੍ਰਕਿਰਿਆ ਉਪਰ ਉਂਗਲੀ ਉਠਾਈ।

ਕੁਝ ਦੇਰ ਬਾਅਦ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰੂ ਤੇਗ਼ ਬਹਾਦਰ ਹਾਲ ਵਿਚ ਪੁਰਸਕਾਰ ਦੇਣ ਦੀ ਤਾਰੀਖ਼ ਦਾ ਐਲਾਨ ਹੋ ਗਿਆ। ਤਿੰਨ ਸਾਲਾਂ ਦੇ ਪੁਰਸਕਾਰ ਸਨ ਤੇ 57 ਪੁਰਸਕਾਰ ਜੇਤੂਆਂ ਨੂੰ ਸਨਮਾਨਿਆ ਜਾਣਾ ਸੀ। ਗੁਰੂ ਤੇਗ਼ ਬਹਾਦਰ ਹਾਲ ਵਿਚ ਯੂਨੀਵਰਸਿਟੀ ਦੇ ਵਿਦਿਆਰਥੀ ਵੀ ਸਨ, ਪੁਰਸਕਾਰ ਜੇਤੂਆਂ ਨਾਲ ਪਰਿਵਾਰਾਂ ਦੇ ਮੈਂਬਰ ਸਨ, ਉਨ੍ਹਾਂ ਦੇ ਦੋਸਤ ਸਨ ਅਤੇ ਵੱਡੀ ਗਿਣਤੀ ਵਿਚ ਲੇਖਕਾਂ ਨੂੰ ਵੀ ਸੱਦਾ ਦਿੱਤਾ ਗਿਆ ਸੀ। ਸੰਬੰਧਤ ਵਿਭਾਗ ਦੇ ਮੰਤਰੀ ਹੱਥੋਂ ਪੁਰਸਕਾਰ ਦਿੱਤੇ ਜਾਣੇ ਸਨ, ਉਨ੍ਹਾਂ ਦਾ ਪੀ.ਏ., ਸਟਾਫ਼, ਭਾਸ਼ਾ ਵਿਭਾਗ ਦੇ ਕਰਮਚਾਰੀ, ਏਨਾ ਘੜਮੱਸ ਸੀ ਕਿ ਆਮ ਬੰਦਾ ਵੇਖ ਕੇ ਹੀ ਬੌਂਦਲ ਜਾਂਦਾ ਹੈ। ਹਾਲ ਇਹ ਸੀ ਕਿ ਪੁਰਸਕਾਰ ਲੈਣ ਵਾਲੇ ਵਿਅਕਤੀ ਬੈਠਣ ਲਈ ਕੁਰਸੀਆਂ ਲੱਭਦੇ ਵੇਖੇ ਗਏ ਜਦਕਿ ਦਰਸ਼ਕ ਕੁਰਸੀਆਂ ਮੱਲੀ ਬੈਠੇ ਸਨ। ਪੰਜਾਬ ਸਰਕਾਰ ਦੇ ਭਾਸ਼ਾਵਾਂ ਲਈ, ਕਲਾਕਾਰਾਂ ਲਈ ਸਭ ਤੋਂ ਵੱਡੇ ਪੁਰਸਕਾਰ- ਸ਼੍ਰੋਮਣੀ ਸਾਹਿਤਕਾਰ, ਸਾਹਿਤ ਸ਼੍ਰੋਮਣੀ ਅਤੇ ਪੱਤਰਕਾਰਾਂ, ਨਾਟਕਕਾਰਾਂ, ਉਰਦੂ ਲੇਖਕਾਂ ਤੇ ਹਿੰਦੀ ਲੇਖਕਾਂ ਦੇ ਸ਼੍ਰੋਮਣੀ ਪੁਰਸਕਾਰ ਨੂੰ ਹਾਸਲ ਕਰਨਾ ਵੱਡੇ ਮਾਣ ਅਤੇ ਗੌਰਵ ਦੀ ਗੱਲ ਹੈ। ਪਰ ਜਿਸ ਤਰ੍ਹਾਂ ਦਾ ਉਸ ਸਰਕਾਰੀ ਸਮਾਰੋਹ ਦਾ ਕੁ-ਪ੍ਰਬੰਧ ਸੀ, ਸਮਾਗਮ ਦੀ ਸਾਰੀ ਗਰਿਮਾ ਹੀ ਜਾਂਦੀ ਰਹੀ ।

ਇਹ ਸੱਚ ਵੀ ਸੀ, ਸਟੇਜ ਉਪਰ ਬੇਤਰਤੀਬ ਭੀੜ ਸੀ। ਹਰ ਕੋਈ ਚਾਹੁੰਦਾ ਸੀ, ਉਸਦਾ ਚਿਹਰਾ ਫੋਟੋ ਵਿਚ ਜ਼ਰੂਰ ਆਵੇ। ਇਨਾਮ ਕੋਈ ਲੈ ਰਿਹਾ ਹੈ, ਸਟੇਜ ਤੋਂ ਐਲਾਨ ਕਿਸੇ ਹੋਰ ਦਾ ਹੋ ਰਿਹਾ ਹੈ। ਮੈਂ ਉਸ ਵੇਲੇ ਸੋਚਦਾ ਸੀ, ਇਹੀ ਇਨਾਮ ਜੇ ਹਰ ਵਰ੍ਹੇ ਵਕਤ ਸਿਰ ਦਿੱਤੇ ਜਾਣ। ਇਨਾਮ ਹਾਸਲ ਕਰਨ ਵਾਲੇ ਵਿਅਕਤੀ ਤੇ ਪੁਰਸਕਾਰ ਦੇਣ ਵਾਲੇ ਮਹਿਮਾਨ ਜਾਂ ਅਧਿਕਾਰੀ ਨੂੰ ਵੀ ਇਹ ਰਸਮ ਨਿਭਾਉਣ ਦੇ ਗੌਰਵ ਵਿਚ ਕਈ ਗੁਣਾ ਵਾਧਾ ਹੋ ਸਕਦਾ ਹੈ। ਪਰ ਰੱਬ ਖ਼ੈਰ ਕਰੇ, ਹੁਣ ਫਿਰ 2015 ਤੋਂ 2018 ਤਕ ਦੇ ਪੁਰਸਕਾਰ ਇਕੱਠੇ ਹੋ ਗਏ ਹਨ। ਸਰਕਾਰ ਨੇ ਜੇ ਚਾਹਿਆ, ਤਾਂ

ਪੁਰਸਕਾਰਾਂ ਦੀ ਗਿਣਤੀ ਸ਼ਾਇਦ ਹੋਰ ਵੀ ਵਧ ਜਾਵੇ। ਇਹ ਦਿੱਤੇ ਜਾਣਗੇ ਵੀ ਜਾਂ ਨਹੀਂ, ਕੁਝ ਲੇਖਕ ਅਤੇ ਹੋਰ ਕਲਾਕਾਰ ਇਸ ਕੁੱਤੇ-ਝਾਕ 'ਚ ਹੀ ਰੱਬ ਨੂੰ ਪਿਆਰੇ ਹੋ ਜਾਂਦੇ ਹਨ। ਜਦ ਮੈਂ ਭਾਰਤੀ ਸਾਹਿਤ ਅਕਾਦਮੀ ਵੱਲੋਂ ਦਿੱਤੇ ਜਾਂਦੇ ਪੁਰਸਕਾਰਾਂ ਸਮੇਂ ਦਾ ਪ੍ਰਬੰਧ ਯਾਦ ਕਰਦਾ ਹਾਂ ਤਾਂ ਮਨ ਵਿਚ ਜ਼ਰੂਰ ਆਉਂਦਾ ਹੈ ਕਿ ਭਾਸ਼ਾ ਵਿਭਾਗ ਨੂੰ ਜ਼ਰੂਰ ਇਸ ਪਾਸੇ ਸੋਚਣਾ ਚਾਹੀਦਾ ਹੈ।

ਪੁਰਸਕਾਰਾਂ ਦੀ ਚੱਲਦੀ ਗੱਲ ਦੇ ਪ੍ਰਸੰਗ ਵਿਚ ਹੀ ਕੁਝ ਸਾਲ ਪਹਿਲਾਂ ਕੈਨੇਡਾ ਤੋਂ ਸ਼ੁਰੂ ਹੋਏ 'ਢਾਹਾਂ ਇਨਾਮ' ਦੀ ਗੱਲ ਕਰਨੀ ਬਣਦੀ ਹੈ ਜੋ ਪੰਜਾਬੀ ਸਾਹਿਤ ਲਈ ਹੁਣ ਤਕ ਦਾ ਸਭ ਤੋਂ ਵੱਡਾ ਅੰਤਰ ਰਾਸ਼ਟਰੀ ਪੱਧਰ ਦਾ ਪੁਰਸਕਾਰ ਹੈ। ਇਸ ਵਰ੍ਹੇ-2018 ਦਾ 'ਢਾਹਾਂ ਇਨਾਮ' ਮੇਰੇ ਨਾਵਲ 'ਸੂਰਜ ਦੀ ਅੱਖ' ਨੂੰ ਮਿਲਿਆ ਹੈ। ਇਸ ਇਨਾਮ ਦੇ ਐਲਾਨ ਨੇ ਮੈਨੂੰ ਤਾਂ ਹੈਰਾਨ ਕਰਨਾ ਹੀ ਸੀ, ਹੈਰਾਨ ਤਾਂ ਉਹ ਵੀ ਜ਼ਰੂਰ ਹਨ ਜਿਹੜੇ ਪਿਛਲੇ ਲਗਪਗ ਦੋ ਸਾਲਾਂ ਤੋਂ ਇਕ ਸੋਚੀ ਸਮਝੀ ਸਾਜ਼ਿਸ਼ ਤਹਿਤ ਨਾਵਲ ਦੇ ਵਿਰੋਧ ਵਿਚ ਮੁਹਿੰਮ ਚਲਾ ਰਹੇ ਹਨ। ਬਾਕਾਇਦਾ ਮੀਡੀਆ ਵਿਚ ਐਲਾਨ ਹੋਣ ਤੋਂ 20 ਕੁ ਦਿਨ ਪਹਿਲਾਂ ਕੈਨੇਡਾ ਤੋਂ ਫ਼ੋਨ ਆਇਆ, ਜਿਸ ਵਿਚ ਬੋਲਣ ਵਾਲੇ ਸੱਜਣ ਨੇ ਪਹਿਲਾਂ ਇਹ ਤਸੱਲੀ ਕਰਕੇ ਕਿ ਮੈਂ ਅੱਗਿਉਂ ਸੱਚਮੁੱਚ ਬਲਦੇਵ ਸਿੰਘ ਹੀ ਬੋਲ ਰਿਹ ਹਾਂ, ਆਪਣੇ ਬਾਰੇ ਦੱਸਿਆ ਕਿ ਉਹ 'ਢਾਹਾਂ ਇਨਾਮ' ਵੱਲੋਂ ਇਹ ਦੱਸਣ ਦੀ ਖੁਸ਼ੀ ਲੈ ਰਿਹਾ ਹੈ ਕਿ ਇਸ ਵਾਰ ਦੇ ਪੱਚੀ ਹਜ਼ਾਰ ਕਨੇਡੀਅਨ ਡਾਲਰ ਦੇ ਮੁੱਖ ਢਾਹਾਂ ਇਨਾਮ ਲਈ ਜਿਉਰੀ ਨੇ ਮੇਰੇ ਨਾਵਲ 'ਸੂਰਜ ਦੀ ਅੱਖ' ਨੂੰ ਚੁਣਿਆ ਹੈ। ਇਸ ਸੰਬੰਧ ਵਿਚ ਰਸਮੀ ਫੈਸਲਾ ਕਰਨ ਅਤੇ ਉਸਦਾ ਐਲਾਨ ਕਰਨ ਵਿਚ ਕੁਝ ਦਿਨ ਲੱਗਣਗੇ। ਫੋਨ ਮੇਰੀ ਪ੍ਰਵਾਨਗੀ ਲੈਣ ਲਈ ਕੀਤਾ ਜਾ ਰਿਹਾ ਹੈ। ਨਾਲ ਹੀ ਇਹ ਵੀ ਹਦਾਇਤ ਕੀਤੀ ਕਿ ਇਨਾਮ ਦੇ ਰਸਮੀ ਐਲਾਨ ਹੋਣ ਤਕ ਇਹ ਖਬਰ ਮੈਂ ਆਪਣੇ ਤਕ ਰੱਖਾਂ ਅਤੇ ਉੱਕਾ ਕਿਸੇ ਨਾਲ ਇਸ ਬਾਰੇ ਗੱਲ ਨਾ ਕਰਾਂ।

ਇਹ ਮੇਰਾ ਇਮਤਿਹਾਨ ਸੀ। ਮਾੜੇ ਹਾਜ਼ਮੇ ਵਾਲੇ ਬੰਦੇ ਨੂੰ ਏਡੀ ਵੱਡੀ ਖਬਰ ਪਚਾ ਸਕਣੀ ਔਖੀ ਹੁੰਦੀ ਹੈ।.. ਫਿਰ ਤਿੰਨ ਕੁ ਹਫਤਿਆਂ ਬਾਅਦ ਅੰਗਰੇਜ਼ੀ 'ਟ੍ਰਿਬਿਊਨ' ਦੇ ਪੱਤਰਕਾਰ ਨੇ ਫੋਨ ਕਰ ਕੇ ਵਧਾਈ ਦਿੰਦਿਆਂ ਕਿਹਾ,

-ਤੁਹਾਡੇ ਨਾਵਲ 'ਸੂਰਜ ਦੀ ਅੱਖ' ਨੂੰ 'ਢਾਹਾਂ ਇਨਾਮ' ਮਿਲਿਆ ਹੈ'।

-ਕਿੱਥੋਂ ਜਾਣਿਆ', ਮੈਂ ਪੁੱਛਿਆ।

-ਸਾਡੇ ਕੋਲ ਪ੍ਰੈੱਸ ਨੋਟ ਆਇਆ'।

-ਪਤਾ ਤਾਂ ਮੈਨੂੰ ਵੀ ਸੀ ਪਰ ਤੁਹਾਡੀ ਸੂਚਨਾ ਨੇ ਪੁਸ਼ਟੀ ਕਰ ਦਿੱਤੀ ਹੈ', ਮੈਂ ਕਿਹਾ।

-ਤੁਹਾਡਾ ਇਸ ਇਨਾਮ ਬਾਰੇ ਕੀ ਪ੍ਰਤੀਕਰਮ ਹੈ?' ਪੱਤਰਕਾਰ ਨੇ ਪੁੱਛਿਆ।

-ਖੁਸ਼ੀ ਤਾਂ ਹੁੰਦੀ ਹੈ। ਹਰ ਲੇਖਕ ਨੂੰ ਖੁਸ਼ੀ ਹੁੰਦੀ ਹੈ। ਕੋਈ ਲੇਖਕ ਸਿਰਫ ਪੁਰਸਕਾਰ ਲੈਣ ਲਈ ਨਹੀਂ ਲਿਖਦਾ, ਪਰ ਜੇ ਉਸਦੀ ਰਚਨਾ ਪੁਰਸਕਾਰ ਲਈ ਚੁਣੀ ਜਾਂਦੀ ਹੈ ਤਾਂ ਖੁਸ਼ ਹੋਣਾ ਸੁਭਾਵਕ ਹੈ। ਜਿਨ੍ਹਾਂ ਵਿਦਵਾਨਾਂ ਨੇ ਤੇ ਚੋਣਕਾਰਾਂ ਨੇ ਇਸ ਨਾਵਲ ਨੂੰ ਇਨਾਮ ਲਈ ਚੁਣਿਆ ਹੈ, ਮੈਂ ਉਹਨਾਂ ਦਾ ਧੰਨਵਾਦ ਕਰਦਾ ਹਾਂ'।

ਨਿਰਸੰਦੇਹ, ਰਾਸ਼ੀ ਪੱਖ ਤੋਂ ਪੰਜਾਬੀ ਸਾਹਿਤ ਵਿਚ ਇਹ ਵੱਡਾ ਪੁਰਸਕਾਰ ਹੈ। ਵੱਡਾ ਇਸ ਕਰਕੇ ਵੀ ਹੈ, ਕਿ ਇਕ ਤਾਂ ਪਹਿਲਾ ਇਨਾਮ 25 ਹਜ਼ਾਰ ਕੈਨੇਡੀਅਨ ਡਾਲਰ ਦਾ ਹੈ, ਦੂਜਾ ਪੂਰੇ ਵਿਸ਼ਵ ਵਿਚੋਂ ਪੰਜਾਬੀ ਲੇਖਕਾਂ ਦੀਆਂ ਪੁਸਤਕਾਂ ਵਿਚੋਂ ਚੋਣ ਹੁੰਦੀ ਹੈ।

ਮੀਡੀਆ ਵਿਚ ਐਲਾਨ ਹੋਣ ਦੇ ਨਾਲ ਹੀ ਢਾਹਾਂ ਇਨਾਮ ਦੇ ਸੰਚਾਲਕ ਬਾਰਜ ਢਾਹਾਂ (ਬਰਜਿੰਦਰ ਸਿੰਘ ਢਾਹਾਂ) ਦਾ ਫੋਨ ਆਇਆ।.. ਮੈਨੂੰ ਵਧਾਈ ਦਿੰਦਿਆਂ ਉਹਨਾਂ ਕਿਹਾ, 'ਕੈਨੇਡਾ ਦੇ ਵੀਜ਼ੇ ਲਈ ਤੁਰਤ ਅਪਲਾਈ ਕਰੋ। 20 ਅਕਤੂਬਰ ਨੂੰ ਵੈਨਕੂਵਰ ਦੀ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਵਿਚ ਇਨਾਮ ਦਾ ਸਮਾਰੋਹ ਰੱਖਿਆ ਹੈ। ਅਸੀਂ ਤੁਹਾਨੂੰ ਹਵਾਈ ਜਹਾਜ਼ ਦੀ ਟਿਕਟ ਭੇਜਾਂਗੇ ਅਤੇ ਚੰਡੀਗੜ੍ਹ ਵਿਚਲੇ ਕੈਨੇਡੀਅਨ ਕੌਂਸਲ ਨੂੰ ਵੀ ਤੁਹਾਡੇ ਵੀਜ਼ੇ ਬਾਰੇ ਕਹਾਂਗੇ'।



ਫਿਰ ਇਸ ਇਨਾਮ ਦੀ ਚੋਣ ਪ੍ਰਕਿਰਿਆ ਬਾਰੇ ਜਾਣਕਾਰੀ ਮਿਲੀ। ਤਿੰਨ ਤਿੰਨ ਵਿਦਵਾਨਾਂ 'ਤੇ ਆਧਾਰਤ ਤਿੰਨ ਜਿਉਰੀਆਂ ਵਿਚਦੀ ਪੁਸਤਕ ਛਣਕੇ ਲੰਘਦੀ ਹੈ। ਪਹਿਲਾਂ ਗੁਰਮੁਖੀ ਅਤੇ ਸ਼ਾਹਮੁਖੀ ਵਿਚ ਛਪੀਆਂ ਪੁਸਤਕਾਂ ਵਿਚੋਂ ਚੋਣ ਕਰਨ ਲਈ ਦੋ ਮੁੱਢਲੀਆਂ ਜਿਉਰੀਆਂ ਹਨ। ਇਹਨਾਂ ਜਿਉਰੀਆਂ ਵੱਲੋਂ ਰਕਮੈਂਡ ਕੀਤੀਆਂ ਗਈਆਂ ਪੁਸਤਕਾਂ ਵਿਚੋਂ ਅੰਤਮ ਚੋਣ ਕਰਨ ਲਈ ਤਿੰਨ ਵਿਦਵਾਨਾਂ ਉੱਤੇ ਆਧਾਰਤ ਸੈਂਟਰਲ ਜਿਉਰੀ ਹੁੰਦੀ ਹੈ, ਜਿਸਦੇ ਸਾਰੇ ਮੈਂਬਰਾਂ ਦਾ ਗੁਰਮੁਖੀ ਅਤੇ ਸ਼ਾਹਮੁਖੀ ਪੜ੍ਹ ਸਕਣਾ ਲਾਜ਼ਮੀ ਹੈ।2018 ਦੇ ਇਨਾਮ ਲਈ ਪਹਿਲੀ ਗੁਰਮੁਖੀ ਜਿਉਰੀ ਵਿਚ ਡਾ.ਸ.ਪ.ਸਿੰਘ (ਸਾਬਕਾ ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ), ਡਾ. ਰਾਜਿੰਦਰਪਾਲ ਸਿੰਘ (ਪ੍ਰੋਫੈਸਰ,ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ,ਪਟਿਆਲਾ) ਅਤੇ ਡਾ. ਕੁਲਜੀਤ ਸ਼ੈਲੀ (ਪ੍ਰੋਫੈਸਰ ਅਤੇ ਸਾਬਕਾ ਮੁਖੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ) ਸ਼ਾਮਲ ਸਨ। ਅਤੇ ਸੈਂਟਰਲ ਜਿਉਰੀ ਵਿਚ ਨਾਮਵਰ ਵਿਦਵਾਨਾਂ ਡਾ. ਸਾਧੂ ਸਿੰਘ ਅਤੇ ਡਾ. ਸੁਰਜੀਤ ਹਾਂਸ ਦੇ ਨਾਲ ਪਾਕਿਸਤਾਨ ਤੋਂ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਪੰਜਾਬੀ ਵਿਭਾਗ ਦੇ ਪ੍ਰੋਫੈਸਰ ਸੱਯਦ ਭੁੱਟਾ ਸ਼ਾਮਲ ਸਨ।

ਅਜਿਹੇ ਵਿਦਵਾਨਾਂ ਦੇ ਹੱਥਾਂ ਵਿਚੋਂ ਲੰਘ ਕੇ ਪੁਸਤਕ ਦਾ ਇਨਾਮ ਲਈ ਪ੍ਰਵਾਨਗੀ ਹਾਸਲ ਕਰ ਸਕਣਾ ਲੇਖਕ ਲਈ ਵੱਡੇ ਮਾਣ ਵਾਲੀ ਗੱਲ ਹੈ। ਸਭ ਤੋਂ ਵੱਡੀ ਕਮਾਲ ਦੀ ਤੇ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਬਾਰਜ ਢਾਹਾਂ ਦਾ ਇਸ ਚੋਣ ਪ੍ਰਕਿਰਿਆ ਵਿਚ ਅਤੇ ਜਿਉਰੀ ਮੈਂਬਰਾਂ ਦੀ ਚੋਣ ਕਰਨ ਵਿਚ ਕੋਈ ਦਖਲ ਨਹੀਂ। ਇਹ ਸਾਰਾ ਕਾਰਜ ਵੱਖ ਵੱਖ ਦੇਸ਼ਾਂ ਵਿਚੋਂ ਲੇਖਕਾਂ ਤੇ ਵਿਦਵਾਨਾਂ ਉੱਤੇ ਆਧਾਰਤ ਇਨਾਮ ਦੀ ਅੰਤਰ-ਰਾਸ਼ਟਰੀ ਸਲਾਹਕਾਰ ਕਮੇਟੀ ਦੇ ਮੈਂਬਰਾਂ ਦੀ ਰਾਇ ਨਾਲ ਕਮੇਟੀ ਦੇ ਮੁਖੀ ਵੱਲੋਂ ਕੀਤਾ ਜਾਂਦਾ ਹੈ।ਸਾਰੀ ਪ੍ਰਕਿਰਿਆ ਮੁਕੰਮਲ ਹੋਣ ਪਿੱਛੋਂ ਹੀ ਬਾਰਜ ਢਾਹਾਂ ਨੂੰ ਚੁਣੀਆਂ ਗਈਆਂ ਪੁਸਤਕਾਂ ਤੇ ਲੇਖਕਾਂ ਦੇ ਨਾਮ ਦੱਸਣ ਦੇ ਨਾਲ ਜਿਉਰੀ ਮੈਂਬਰਾਂ ਦੇ ਨਾਵਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

ਕੈਨੇਡਾ ਤੋਂ ਮੇਰੇ ਲੇਖਕ ਮਿੱਤਰਾਂ ਦੇ ਫ਼ੋਨ ਆਉਣ ਲੱਗੇ, 'ਇੱਥੇ ਤੇਰੇ ਪੁਰਸਕਾਰ ਦਾ ਬਹੁਤ ਵਿਰੋਧ ਹੋ ਰਿਹਾ ਹੈ। ਬਾਰਜ ਢਾਹਾਂ ਨੂੰ ਪੁਰਸਕਾਰ ਰੱਦ ਕਰਨ ਬਾਰੇ ਕਿਹਾ ਜਾ ਰਿਹਾ ਹੈ, ਧਮਕੀਆਂ ਦਿੱਤੀਆਂ ਜਾ ਰਹੀਆਂ ਹਨ'।

ਇਕ ਪਾਸੇ ਪੁਰਸਕਾਰ ਮਿਲਣ ਦੀ ਖ਼ੁਸ਼ੀ ਸੀ, ਦੂਜੇ ਪਾਸੇ ਦੋਸਤਾਂ ਦੇ ਫ਼ੋਨ ਮਨ ਵਿਚ ਭੈਅ ਉਪਜਾ ਰਹੇ ਸਨ। ਪੰਜਾਬ ਵਿਚ ਇਕ ਹਮਦਰਦ ਨੇ ਸਲਾਹ ਦਿੱਤੀ, 'ਤੂੰ ਕੈਨੇਡਾ ਨਾ ਜਾ। ਉੱਥੇ ਕੋਈ ਕਲੇਸ਼ ਖੜ੍ਹਾ ਹੋ ਜਾਣੈ। ਉੱਥੇ ਤਾਂ ਖੁਲ੍ਹੀ ਖੇਡ ਹੈ। ਜਿਹੜੇ ਇੱਥੇ ਪੰਜਾਬ ਵਿਚ ਕੁਸਕਦੇ ਨਹੀਂ, ਉੱਥੇ ਜਾ ਕੇ ਸ਼ੇਰ ਬਣ ਜਾਂਦੇ ਐ। ਉਨ੍ਹਾਂ ਨੂੰ ਆਖ ਦੇ, ਇਨਾਮ ਇੱਥੇ ਪੰਜਾਬ ਆ ਕੇ ਦੇ ਜਾਣ'। ਅਜਿਹੀਆਂ ਸਲਾਹਵਾਂ ਤੋਂ ਮੈਂ ਚਿੰਤਤ ਸੀ। ਲੇਖਕ ਨੇ ਲੀਡਰਾਂ ਵਾਂਗ ਕਮਾਂਡੋ ਲੈ ਕੇ ਥੋੜ੍ਹਾ ਈ ਚੱਲਣਾ ਹੁੰਦੈ। ਆਪਣੀ ਕਾਰਵਾਈ ਪਾਉਣ ਲਈ ਵਿਰੋਧੀ ਕੋਈ ਵੀ ਹਰਕਤ ਕਰ ਸਕਦਾ ਹੈ। ਅੱਜਕਲ ਨਾਲ ਦੀ ਨਾਲ ਮੋਬਾਈਲ 'ਤੇ ਵੀਡੀਉ ਬਣਾ ਕੇ ਸੋਸ਼ਲ ਮੀਡੀਆ 'ਤੇ ਝੱਟ ਵਾਇਰਲ ਕਰ ਦਿੰਦੇ ਹਨ। ਇਨਾਮ ਲੈਣ ਨਾਲੋਂ ਇੱਜ਼ਤ ਵਧੇਰੇ ਮਹੱਤਵ ਰੱਖਦੀ ਹੈ।

ਕੁਝ ਦਿਨ ਮੈਂ ਦੁਚਿੱਤੀ ਵਿਚ ਰਿਹਾ। ਕੈਨੇਡਾ ਦੇ ਵੀਜ਼ੇ ਲਈ ਮੈਂ ਅਪਲਾਈ ਤਾਂ ਕਰ ਦਿੱਤਾ ਸੀ। ਫਿਰ ਮੈਂ ਫ਼ੈਸਲਾ ਕਰ ਲਿਆ ਕਿ ਮੰਟੋ ਜਿਹੇ ਮਹਾਨ ਲੇਖਕਾਂ ਨਾਲ ਦੋਖੀਆਂ ਨੇ ਬਥੇਰੀ ਕੀਤੀ ਹੈ, ਉਹ ਥਾਣਿਆਂ ਅਤੇ ਅਦਾਲਤਾਂ ਦੇ ਚੱਕਰ ਕੱਟਦਾ ਰਿਹਾ। ਤਸਲੀਮਾ ਨਸਰੀਨ ਅਤੇ ਸਲਮਾਨ ਰਸ਼ਦੀ ਵਰਗੇ ਲੇਖਕ ਆਪਣੇ ਦੇਸ਼ ਛੱਡੀ ਫਿਰਦੇ ਹਨ। ਅੱਜ ਅਸੀਂ ਉਸੇ ਮੰਟੋ ਦਾ ਜਨਮ ਦਿਨ ਮਨਾਉਂਦੇ ਹਾਂ, ਉਸਦੀਆਂ ਰਚਨਾਵਾਂ ਦੀ ਚਰਚਾ ਕਰਦੇ ਹਾਂ, ਉਸ ਨੂੰ ਸ਼ਰਧਾਂਜਲੀਆਂ ਦਿੰਦੇ ਹਾਂ। ਬੰਦਾ ਮਰਦਾ ਤਾਂ ਇਕ ਵਾਰ ਹੈ, ਮੈਂ ਜਾਵਾਂਗਾ, ਜੋ ਹੋਏਗੀ ਵੇਖੀ ਜਾਵੇਗੀ। ਕਿੰਨੇ ਵਰ੍ਹਿਆਂ ਤੋਂ ਕੈਨੇਡਾ ਦੀ ਧਰਤੀ ਵੇਖਣ ਦੀ ਲਾਲਸਾ ਸੀ, ਹੁਣ ਜਾਣ ਦਾ ਸਬੱਬ ਬਣਿਆ ਹੈ ਤਾਂ ਜਾਵਾਂਗਾ।

ਉਂਝ ਮੈਂ ਸੋਚਦਾ ਰਹਿੰਦਾ ਹਾਂ, ਜਿਹੜੇ ਸੱਜਣ 'ਸੂਰਜ ਦੀ ਅੱਖ' ਨਾਵਲ ਬਾਰੇ ਰੌਲ਼ਾ ਪਾਉਂਦੇ ਹਨ, ਉਨ੍ਹਾਂ ਨੂੰ ਉਸ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਸਿਰਫ਼ ਮਾੜਾ ਪੱਖ ਹੀ ਕਿਉਂ ਦਿਸਦਾ ਹੈ? ਕੀ ਇਹ ਲੋਕ ਆਪਣੇ ਆਪ ਨੂੰ ਚਰਚਾ ਵਿਚ ਰੱਖਣ ਲਈ ਅਜਿਹਾ ਕਰਦੇ ਹਨ ਜਾਂ ਇਨ੍ਹਾਂ ਪਿੱਛੇ ਉਨ੍ਹਾਂ ਦੀ ਕੋਈ ਹੋਰ ਮਨਸ਼ਾ ਹੈ? ਮੈਂ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਦੇ ਹਰ ਪੱਖ ਨੂੰ ਉਜਾਗਰ ਕੀਤਾ ਹੈ। ਜਦ ਮਹਾਰਾਜਾ ਰਣਜੀਤ ਸਿੰਘ ਘੋੜੇ ਉਪਰ ਬੈਠਦਾ ਸੀ ਤੇ ਮਕਦੂਨੀਆ ਤੋਂ ਲੈ ਕੇ ਹਿੰਦੁਸਤਾਨ ਤਕ ਉਸ ਵਰਗਾ ਬਹਾਦਰ ਰਾਜਾ ਕੋਈ ਨਹੀਂ ਸੀ। 8 ਫ਼ੀਸਦ ਆਬਾਦੀ ਨਾਲ ਸੰਬੰਧ ਰੱਖਦੇ ਮਹਾਰਾਜੇ ਨੇ 92 ਫ਼ੀਸਦੀ ਲੋਕਾਂ ਉਪਰ 40 ਸਾਲ ਧੜੱਲੇ ਨਾਲ ਰਾਜ ਕੀਤਾ ਅਤੇ ਉਸ ਦੇ ਰਾਜ ਵਿਚ ਇਕ ਵੀ ਬਗ਼ਾਵਤ ਨਹੀਂ ਹੋਈ। 12 ਸਾਲ ਦੀ ਉਮਰ ਵਿਚ ਆਪ ਤੋਂ ਦੁੱਗਣੀ ਉਮਰ ਦੇ ਪੱਕੇ ਦੁਸ਼ਮਣ ਹਸ਼ਮਤ ਚੱਠਾ ਦੀ ਗਰਦਨ ਲਾਹ ਮਾਰੀ। ਜਦ ਮਹਾਰਾਜਾ ਰਣਜੀਤ ਸਿੰਘ ਬੀਮਾਰ ਸੀ, ਬੋਲ ਨਹੀਂ ਸੀ ਸਕਦਾ, ਅੰਗ ਹਰਕਤ ਨਹੀਂ ਸਨ ਕਰਦੇ ਤਾਂ ਵੀ ਉਸਦੇ ਦਰਬਾਰੀ ਸਾਵਧਾਨ ਹੋਏ ਮਹਾਰਾਜੇ ਦੇ ਸਾਹਮਣੇ ਖੜ੍ਹੇ ਸਨ ਤੇ ਉਦੋਂ ਉੱਥੇ ਹਾਜ਼ਰ ਅੰਗਰੇਜ਼ ਲਿਖਦਾ ਹੈ, 'ਮੈਂ ਦੁਨੀਆਂ ਵਿਚ ਬਹੁਤ ਰਾਜ-ਦਰਬਾਰ ਵੇਖੇ ਹਨ, ਮੈਂ ਕਿਸੇ ਵੀ ਰਾਜੇ ਦਾ ਏਨਾ ਦਬਦਬਾ ਨਹੀਂ ਵੇਖਿਆ'। ਇਹ ਸਭ ਵੇਰਵੇ 'ਸੂਰਜ ਦੀ ਅੱਖ' ਵਿਚ ਹਨ।

ਪਰ ਵਿਰੋਧ ਕਰਨ ਵਾਲੇ ਸੱਜਣ ਭੁੱਲ ਜਾਂਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਇਕ ਇਨਸਾਨ ਸੀ। ਉਸ ਅੰਦਰ ਵੀ ਇਨਸਾਨੀ ਭਾਵਨਾਵਾਂ ਸਨ। ਉਸ ਅੰਦਰ ਵੀ ਇਨਸਾਨੀ ਕਮਜ਼ੋਰੀਆਂ ਸਨ। ਮਹਾਰਾਜਾ ਕੋਈ ਦੇਵਤਾ ਜਾਂ ਪੱਥਰ ਦੀ ਮੂਰਤ ਨਹੀਂ ਸੀ, ਹੱਡ-ਮਾਸ ਦਾ ਸਾਹ ਲੈਂਦਾ ਬੰਦਾ ਸੀ। ਤੇ ਮੈਂ ਇਸ ਨੂੰ 'ਸੂਰਜ ਦੀ ਅੱਖ' ਵਿਚ ਬਿਆਨਿਆ ਹੈ। ਜਦ ਇਹ ਖਿਆਲ ਆਏ, ਮੈਂ ਸੋਚਿਆ, ਜੇ ਮੈਂ ਪੁਰਸਕਾਰ ਲੈਣ ਕੈਨੇਡਾ ਨਾ ਗਿਆ ਤਾਂ ਮੇਰੀ ਜ਼ਮੀਰ ਮੈਨੂੰ ਕਦੇ ਮਾਫ਼ ਨਹੀਂ ਕਰੇਗੀ।

ਤੇ ਮੈਂ 'ਵੇਖੀ ਜਾਊ' ਸੋਚ ਕੇ 16 ਅਕਤੂਬਰ ਨੂੰ ਆਪਣੇ ਬੇਟੇ ਸਵਰਨਜੀਤ ਅਤੇ ਨੂੰਹ ਮਨਜੀਤ ਕੌਰ ਨਾਲ ਦਿੱਲੀ ਤੋਂ ਚਾਈਨਾ ਸਦਰਨ ਏਅਰ ਲਾਈਨਜ਼ ਦੇ ਜਹਾਜ਼ ਵਿਚ ਜਾ ਬੈਠਾ। ਕੈਨੇਡਾ ਦੀ ਕਿਸੇ ਵੀ ਸਟੇਟ ਦੀ ਇਹ ਮੇਰੀ ਪਹਿਲੀ ਫੇਰੀ ਸੀ। 2012 ਵਿਚ ਇੰਗਲੈਂਡ ਗਿਆ ਸਾਂ ਤੇ ਉਸ ਤੋਂ ਪਹਿਲਾਂ ਸਿੰਗਾਪੁਰ, ਹਾਂਗਕਾਂਗ, ਮਕਾਓ, ਚੀਨ ਤੇ ਥਾਈਲੈਂਡ ਦੀ ਯਾਤਰਾ ਕਰ ਚੁੱਕਿਆ ਸਾਂ। ਯਾਤਰਾ ਤਾਂ ਭਾਰਤ ਵਿਚ, ਜਿੰਨੀ ਹੋ ਸਕੀ, ਕੀਤੀ ਹੈ। ਜਦ ਟਰਾਂਸਪੋਰਟ ਕਿੱਤੇ ਵਿਚ ਸਾਂ ਤਾਂ ਆਸਾਮ, ਬਿਹਾਰ, ਯੂ.ਪੀ., ਉੜੀਸਾ, ਬੰਗਾਲ ਸੜਕਾਂ ਰਾਹੀਂ ਗਾਹਿਆ ਹੈ। ਫਿਰ ਦੋਸਤਾਂ ਨਾਲ ਰਾਜਸਥਾਨ, ਮਹਾਰਾਸ਼ਟਰ ਦੀਆਂ ਯਾਤਰਾਵਾਂ ਕੀਤੀਆਂ ਹਨ। ਪਰ ਕੈਨੇਡਾ ਵੇਖਣ ਦਾ ਵੱਖਰਾ ਰੁਮਾਂਚ ਹੈ, ਖ਼ੁਸ਼ੀ ਹੈ, ਭਾਵੇਂ ਇਸ ਖ਼ੁਸ਼ੀ ਨੂੰ ਥੋੜ੍ਹਾ-ਥੋੜ੍ਹਾ ਗ੍ਰਹਿਣ ਵੀ ਲੱਗਾ ਹੋਇਆ ਹੈ।

0

ਵੈਨਕੂਵਰ ਏਅਰਪੋਰਟ 'ਤੇ ਢਾਹਾਂ ਇਨਾਮ ਵੱਲੋਂ ਇਸਦੇ ਸੰਚਾਲਕ ਬਾਰਜ ਢਾਹਾਂ ਦੀ ਭੈਣ ਬੀਬੀ ਹਰਿੰਦਰ ਕੌਰ ਸਾਨੂੰ ਲੈਣ ਆਈ ਹੋਈ ਸੀ। ਏਅਰਪੋਰਟ ਤੋਂ ਬਾਹਰ ਆਉਣ ਤੋਂ ਪਹਿਲਾਂ ਲੇਡੀ ਅਧਿਕਾਰੀ ਨੇ ਪਾਸਪੋਰਟ ਚੈੱਕ ਕਰਦਿਆਂ ਪੁੱਛਿਆ, 'ਕੀ ਕਰਨ ਆਏ ਹੋ ਕੈਨੇਡਾ?' ਮੈਂ ਢਾਹਾਂ ਐਵਾਰਡ ਵਾਲੀ ਚਿੱਠੀ ਦਿਖਾਈ ਤਾਂ ਔਰਤ ਅਧਿਕਾਰੀ ਦੇ ਚਿਹਰੇ ਉਪਰ ਮੁਸਕਰਾਹਟ ਆ ਗਈ। ਉਸ ਨੇ ਕਿਹਾ 'ਕੰਗਰੈਚੂਲੇਸ਼ਨਜ਼' ਤੇ ਪਾਸਪੋਰਟ ਵਾਪਸ ਕਰ ਦਿੱਤਾ। ਕੈਨੇਡਾ ਵੱਲੋਂ ਇਸ ਤਰ੍ਹਾਂ ਸਵਾਗਤ ਬਹੁਤ ਚੰਗਾ ਲੱਗਾ। ਹਫ਼ਤਾ ਕੁ ਭਰ ਲਈ ਮੈਂ ਢਾਹਾਂ ਇਨਾਮਾਨ ਸੰਸਥਾ ਦਾ ਮਹਿਮਾਨ ਸਾਂ, ਉਨੇ ਦਿਨਾਂ ਤਕ ਮੈਂ ਅਤੇ ਦੂਸਰੇ ਐਵਾਰਡ ਜੇਤੂ ਲੇਖਕਾਂ ਨੇ ਹੋਟਲ ਵਿਚ ਠਹਿਰਨਾ ਸੀ, ਜਿਸ ਦਾ ਪ੍ਰਬੰਧ ਇਨਾਮ ਦੀ ਸੰਸਥਾ ਵੱਲੋਂ ਕੀਤਾ ਹੋਇਆ ਸੀ। ਬੀਬੀ ਹਰਿੰਦਰ ਕੌਰ ਨੇ ਮਹਿਮਾਨਾਂ ਨਾਲ ਸੰਪਰਕ ਰੱਖਣ ਦੀ ਜ਼ਿੰਮੇਵਾਰੀ ਸੰਭਾਲ਼ੀ ਹੋਈ ਸੀ।

17 ਅਕਤੂਬਰ ਦੀ ਸ਼ਾਮ ਨੂੰ ਬਾਰਜ ਢਾਹਾਂ ਹੋਟਲ ਵਿਚ ਮਿਲਣ ਆਏ। 20 ਤਾਰੀਖ਼ ਦੇ ਮੁੱਖ ਸਮਾਗਮ ਅਤੇ ਉਸ ਤੋਂ ਪਹਿਲਾਂ ਹੋਣ ਵਾਲੇ ਸਮਾਗਮਾਂ ਬਾਰੇ ਸਾਨੂੰ ਜਾਣੂ ਕਰਵਾਇਆ। ਇਸੇ ਹੋਟਲ ਵਿਚ ਨਾਸਰ ਬਲੋਚ, ਸਿਮਰਨ ਧਾਲੀਵਾਲ (ਸਾਲ 2016 ਦੇ ਦੂਜੇ ਸਥਾਨ ਦੀ ਢਾਹਾਂ ਇਨਾਮ ਜੇਤੂ ਉਸ ਦੀ ਕਹਾਣੀਆਂ ਦੀ ਪੁਸਤਕ 'ਉਸ ਪਲ' ਅੰਗਰੇਜ਼ੀ ਵਿਚ ਅਨੁਵਾਦ ਕੀਤੀ ਗਈ ਸੀ ਤੇ ਰਿਲੀਜ਼ ਕੀਤੀ ਜਾਣੀ ਸੀ) ਅਤੇ ਪਰਵੀਨ ਮਲਿਕ ਵੀ ਠਹਿਰੇ ਹੋਏ ਸਨ। ਇਹ ਹੋਟਲ ਵੈਨਕੂਵਰ ਏਅਰਪੋਰਟ ਦੇ ਨੇੜੇ ਹੀ ਹੈ। ਬਾਰਜ ਢਾਹਾਂ ਨੇ ਕਿਹਾ ਕਿ 'ਅੱਜ ਆਰਾਮ ਕਰੋ, ਕੱਲ ਆਪਾਂ ਸਵੇਰੇ 5 ਵਜੇ ਬੀ.ਸੀ. ਦੀ ਰਾਜਧਾਨੀ ਵਿਕਟੋਰੀਆ ਲਈ ਨਿਕਲਣਾ ਹੈ। ਤੁਹਾਨੂੰ ਕਰੂਜ਼ (ਫੈਰੀ) ਦੀ ਸੈਰ ਵੀ ਕਰਾਵਾਂਗੇ ਅਤੇ ਪ੍ਰਾਂਤਕ ਸਰਕਾਰ ਵੱਲੋਂ ਬੀ.ਸੀ. ਵਿਚ 'ਪੰਜਾਬੀ ਸਪਤਾਹ' ਦਾ ਐਲਾਨ ਵੀ ਹੋਣਾ ਹੈ'। ਹਰਪ੍ਰੀਤ ਸੇਖਾ ਨੇ ਸਾਨੂੰ ਲੈਣ ਆਉਣਾ ਸੀ।

18 ਅਕਤੂਬਰ ਨੂੰ ਠੀਕ ਸਮੇਂ ਹਰਪ੍ਰੀਤ ਸੇਖਾ ਪੁੱਜ ਗਿਆ। ਬਾਹਰ ਮੌਸਮ ਵਿਚ ਠੰਢ ਸੀ। ਕਹਿਣ ਨੂੰ ਤਾਂ ਇਹ ਛੋਟਾ ਸਮੁੰਦਰੀ ਜਹਾਜ਼ ਸੀ, ਪਰ ਏਨੀ ਵੱਡੀ ਫੈਰੀ ਵੇਖ ਕੇ ਹੈਰਾਨੀ ਹੋਈ। ਅਸੀਂ ਸਮੇਤ ਕਾਰ ਫੈਰੀ ਦੇ ਅੰਦਰ ਚਲੇ ਗਏ। ਅਣਗਿਣਤ ਕਾਰਾਂ ਤੇ ਟਰੱਕ ਵੀ ਫੈਰੀ ਅੰਦਰ ਪਾਰਕ ਹੋਏ ਸਨ। ਉਪਰਲੇ ਹਿੱਸੇ ਵਿਚ ਮੁਸਾਫ਼ਰਾਂ ਦੇ ਬੈਠਣ, ਖਾਣ-ਪੀਣ ਤੇ ਮਨੋਰੰਜਨ ਦਾ ਪ੍ਰਬੰਧ ਸੀ। ਡਾ. ਰਘਬੀਰ ਸਿੰਘ (ਸਿਰਜਣਾ) ਵਿਕਟੋਰੀਆ ਆਪਣੀ ਬੇਟੀ ਐੱਮ.ਐੱਲ.ਏ. ਰਚਨਾ ਸਿੰਘ ਦੇ ਅਪਾਰਟਮੈਂਟ ਵਿਚ ਪਹਿਲਾਂ ਪਹੁੰਚੇ ਹੋਏ ਸਨ, ਜੋ ਸਾਨੂੰ ਉੱਥੇ ਮਿਲੇ। ਅਤੇ ਰਚਨਾ ਸਿੰਘ ਦੇ ਸਹਿਯੋਗ ਨਾਲ ਅਸੀਂ ਬੀ.ਸੀ. ਦੇ ਪਾਰਲੀਮੈਂਟ ਹਾਊਸ ਵਿਚ ਦਾਖ਼ਲ ਹੋਣਾ ਸੀ।

ਡਾ. ਰਘਬੀਰ ਸਿੰਘ ਨੇ ਆਪਣੀ ਬੇਟੀ ਨਾਲ ਸੰਪਰਕ ਬਣਾਇਆ। ਉਸ ਨੇ ਦੱਸਿਆ ਕਿ ਪ੍ਰਸ਼ਨ-ਉੱਤਰ ਸੈਸ਼ਨ ਚੱਲ ਰਿਹਾ ਹੈ। ਫਿਰ ਉਸ ਨੇ ਸਾਨੂੰ ਸਭ ਨੂੰ ਵਿਜ਼ਟਰ ਗੈਲਰੀ ਵਿਚ ਬਿਠਾਉਣ ਦਾ ਪ੍ਰਬੰਧ ਕੀਤਾ। ਜਦ ਅਸੀਂ ਸਾਰੇ ਗੈਲਰੀ ਵਿਚ ਜਾ ਕੇ ਬੈਠੇ, ਸਾਡੀ ਆਮਦ ਬਾਰੇ ਸੈਸ਼ਨ ਵਿਚ ਦੱਸਿਆ ਗਿਆ ਕਿ ਇੱਥੇ ਢਾਹਾਂ ਇਨਾਮ ਦੇ ਜੇਤੂ ਲੇਖਕ ਅਤੇ ਇਨਾਮ ਦੇ ਪ੍ਰਬੰਧਕ ਦਰਸ਼ਕ ਗੈਲਰੀ ਵਿਚ ਬੈਠੇ ਹੋਏ ਨੇ। ਸਾਡੇ ਸਭ ਦੇ ਨਾਵਾਂ ਦਾ ਵੇਰਵਾ ਦਿੱਤਾ ਗਿਆ ਤਾਂ ਸਮੁੱਚੇ ਸਦਨ ਵਿਚ ਮੈਂਬਰਾਂ ਨੇ ਤਾੜੀਆਂ ਮਾਰ ਕੇ ਸਾਡਾ ਸਵਾਗਤ ਕੀਤਾ। ਇਹ ਸਾਰਾ ਕੁਝ ਵੇਖਕੇ ਖ਼ੁਸ਼ੀ ਹੋਈ। ਸੈਸ਼ਨ ਖ਼ਤਮ ਹੋਣ 'ਤੇ ਅਸੀਂ ਇਕ ਵੱਡੇ ਹਾਲ ਵਿਚ ਇਕੱਠੇ ਹੋਏ,ਜਿੱਥੇ ਪੰਜਾਬੀ ਪਿਛੋਕੜ ਵਾਲੇ ਚੁਣੇ ਹੋਏ ਸਾਰੇ ਨੁਮਾਇੰਦੇ ਆਏ। ਪੰਜਾਬੀ ਮੂਲ ਦੇ ਕੈਨੇਡੀਅਨ ਮੰਤਰੀ, ਐੱਮ.ਐੱਲ.ਏ. ਦੇਖ ਕੇ ਮਾਣ ਮਹਿਸੂਸ ਹੋਇਆ। ਫਿਰ ਇੱਥੇ ਸਿੱਖਿਆ ਅਤੇ ਭਾਸ਼ਾ ਮੰਤਰੀ ਵੱਲੋਂ 'ਪੰਜਾਬੀ ਸਪਤਾਹ' ਮਨਾਉਣ ਦਾ ਐਲਾਨ ਕੀਤਾ ਗਿਆ। ਇਹ ਐਲਾਨ ਕੀਤੇ ਜਾਣ ਸਮੇਂ ਹੋਰ ਕਈ ਮੰਤਰੀ ਵੀ ਮੌਜੂਦ ਸਨ। ਉਹ ਸਭ, ਮੰਤਰੀ ਤੇ ਐੱਮ.ਐੱਲ.ਏ ਸਾਨੂੰ ਬਹੁਤ ਨਿੱਘ ਨਾਲ ਸਾਧਾਰਨ ਲੋਕਾਂ ਵਾਂਗ ਮਿਲ ਰਹੇ ਸਨ, ਜੱਫੀਆਂ ਪਾ ਰਹੇ ਸਨ, ਤਸਵੀਰਾਂ ਲਈਆਂ ਜਾ ਰਹੀਆਂ ਸਨ। ਫਿਰ ਵਿਧਾਨ ਸਭਾ ਦੇ ਅੰਦਰ ਹੀ ਰਚਨਾ ਸਿੰਘ ਵੱਲੋਂ ਸਾਡੇ ਲੰਚ ਦਾ ਪ੍ਰਬੰਧ ਕੀਤਾ ਗਿਆ। ਅਸੈਂਬਲੀ ਕੰਟੀਨ ਵਿਚ ਅਸੀਂ ਖਾਣਾ ਖਾਧਾ, ਜਿੱਥੇ ਮੰਤਰੀ ਤੇ ਵਿਧਾਨਕਾਰ ਵੀ ਸਾਡੇ ਲਾਗਲੇ ਮੇਜ਼ਾਂ 'ਤ ਬੈਠੇ ਲੰਚ ਕਰ ਰਹੇ ਸਨ। ਸਾਡੇ ਸਾਹਿਤਕ ਜੱਥੇ ਦੀ ਅਗਵਾਈ ਐੱਮ.ਐੱਲ.ਏ. ਰਚਨਾ ਸਿੰਘ ਕਰ ਰਹੀ ਸੀ ਅਤੇ ਇਹ ਵੇਖ ਕੇ ਬਹੁਤ ਚੰਗਾ ਮਹਿਸੂਸ ਹੋ ਰਿਹਾ ਸੀ। ਸਾਢੇ ਤਿੰਨ ਵਜੇ ਅਸੀਂ ਵਾਪਸ ਵੈਨਕੂਵਰ ਲਈ ਚੱਲ ਪਏ।

ਇਸੇ ਦਿਨ ਸ਼ਾਮ ਵੇਲੇ ਸਾਈਮਨ ਫਰੇਜ਼ਰ ਯੂਨੀਵਰਸਿਟੀ ਦੇ ਸਰੀ ਕੈਂਪਸ ਵਿਚ 'ਢਾਹਾਂ ਇਨਾਮ' ਵੱਲੋਂ ਸਾਹਿਤਕ ਪ੍ਰੋਗਰਾਮ ਸੀ। ਇਸ ਵਿਚ ਹਰਪ੍ਰੀਤ ਸੇਖਾ ਤੇ ਸਿਮਰਨ ਧਾਲੀਵਾਲ ਨੇ ਕਹਾਣੀ ਪਾਠ ਕਰਨਾ ਸੀ। ਇੱਥੇ ਜਰਨੈਲ ਸੇਖਾ, ਸਾਧੂ ਬਿਨਿੰਗ, ਸੁਖਵੰਤ ਹੁੰਦਲ, ਨਾਸਰ ਬਲੋਚ, ਪਰਵੀਨ ਮਲਿਕ, ਜਰਨੈਲ ਆਰਟਿਸਟ, ਮੋਹਨ ਗਿੱਲ ਤੇ ਹੋਰ ਵੀ ਬਹੁਤ ਸਾਹਿਤ ਪ੍ਰੇਮੀ ਮਿਲੇ। ਲਾਹੌਰ ਤੋਂ ਪਰਵੀਨ ਮਲਿਕ ਨੂੰ ਨਾਰੀ ਸਾਹਿਤ ਉਪਰ ਬੋਲਣ ਲਈ ਸੱਦਿਆ ਹੋਇਆ ਸੀ ਤੇ ਉਸ ਨੇ 20 ਅਕਤੂਬਰ ਦੇ ਮੁੱਖ ਸਮਾਗਮ ਵਿਚ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਨੀ ਸੀ।

19 ਅਕਤੂਬਰ ਨੂੰ ਸਵੇਰ 10 ਫਿਰ ਇਕ ਪ੍ਰੋਗਰਾਮ ਸੀ। ਵੈਨਕੂਵਰ ਦੀ ਨਗਰ ਕੌਂਸਲ ਦੇ ਮੇਅਰ ਨੂੰ ਮਿਲਣਾ ਸੀ ਤੇ ਉੱਥੇ ਵੈਨਕੂਵਰ ਸਿਟੀ ਵੱਲੋਂ 'ਪੰਜਾਬੀ ਸਪਤਾਹ' ਮਨਾਏ ਜਾਣ ਦਾ

ਐਲਾਨ ਕੀਤਾ ਜਾਣਾ ਸੀ। ਬਾਰਜ ਢਾਹਾਂ ਦੇ ਨਾਲ ਬੀਬੀ ਹਰਿੰਦਰ ਕੌਰ, ਡਾ. ਰਘਬੀਰ ਸਿੰਘ, ਪਰਵੀਨ ਮਲਿਕ, ਨਾਸਰ ਬਲੋਚ, ਹਰਪ੍ਰੀਤ ਸੇਖਾ, ਸਿਮਰਨ ਧਾਲੀਵਾਲ, ਮੈਂ, ਮੇਰਾ ਬੇਟਾ ਸਵਰਨਜੀਤ ਸਿੰਘ ਤੇ ਨੂੰਹ ਮਨਜੀਤ ਕੌਰ ਸਮੇਂ ਸਿਰ ਪੁੱਜ ਗਏ। ਨਗਰ ਕੌਂਸਲ ਦੀ ਇਮਾਰਤ ਵੇਖ ਕੇ ਫਿਰ ਹੈਰਾਨੀ ਹੋਈ, ਇਹ ਕਿਸੇ ਮਾੜੇ ਸੂਬੇ ਦੀ ਵਿਧਾਨ ਸਭਾ ਦੀ ਇਮਾਰਤ ਨਾਲੋਂ ਵੀ ਵੱਡੀ ਤੇ ਖੂਬਸੂਰਤ ਸੀ।

ਹੁਣ ਇਸ ਕੈਨੇਡਾ ਫੇਰੀ ਦੀ ਮੁੱਖ ਆਕਰਸ਼ਨ 20 ਅਕਤੂਬਰ ਦਾ ਢਾਹਾਂ ਇਨਾਮ ਵੰਡ ਸਮਾਰੋਹ ਸੀ। ਅਸੀਂ ਸਵਾ ਕੁ ਪੰਜ ਵਜੇ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੇ ਕੈਂਪਸ ਵਿਚ ਐਚ.ਲੀ. ਅਲੂਮਨੀ ਸੈਂਟਰ ਲਈ ਚੱਲ ਪਏ। ਦਿਲ ਵਿਚ ਥੋੜ੍ਹੀ ਥੋੜ੍ਹੀ ਚਿੰਤਾ ਸੀ, ਸ਼ਾਇਦ ਉੱਥੇ ਪੁਰਸਕਾਰ ਦਾ ਵਿਰੋਧ ਕਰਨ ਵਾਲੇ ਵੱਡੀ ਗਿਣਤੀ ਵਿਚ ਆਏ ਹੋਣਗੇ। ਹੋਰ ਨਹੀਂ ਤਾਂ ਕਾਲੀਆਂ ਝੰਡੀਆਂ ਲੈ ਕੇ ਖੜ੍ਹੇ ਹੋਣਗੇ। ਪਰ ਬਾਰਜ ਢਾਹਾਂ ਵੱਲੋਂ ਪ੍ਰਬੰਧ ਏਨਾ ਪੁਖ਼ਤਾ ਕੀਤਾ ਹੋਇਆ ਸੀ ਕਿ ਪ੍ਰੋਗਰਾਮ ਦੇ ਅੰਤ ਤਕ ਕੁਝ ਵੀ ਮਾੜਾ ਨਹੀਂ ਵਾਪਰਿਆ।

ਡਾ. ਸਾਧੂ ਸਿੰਘ, ਡਾ. ਰਘਬੀਰ ਸਿੰਘ, ਜਰਨੈਲ ਸਿੰਘ ਸੇਖਾ, ਜਸਵਿੰਦਰ ਹੇਅਰ, ਸਾਧੂ ਬਿਨਿੰਗ, ਸੁਖਵੰਤ ਹੁੰਦਲ, ਪੂਰਾ ਢਾਹਾਂ ਪਰਿਵਾਰ, ਹਰਪ੍ਰੀਤ ਸੇਖਾ, ਨਾਸਰ ਬਲੋਚ, ਪਰਵੀਨ ਮਲਿਕ ਅਤੇ ਸਥਾਨਕ ਲੋਕ ਲਗਪਗ 250-300 ਦੇ ਕਰੀਬ ਹਾਜ਼ਰੀ ਸੀ। ਰੀਸੈਪਸ਼ਨ ਤੋਂ ਬਾਅਦ ਠੀਕ 7 ਵਜੇ ਪੁਰਸਕਾਰ ਵੰਡ ਸਮਾਗਮ ਸ਼ੁਰੂ ਹੋ ਗਿਆ। ਸਮਾਗਮ ਵਿਚ ਪਾਕਿਸਤਾਨ ਅਤੇ ਇੰਡੀਆ ਦੇ ਵੈਨਕੂਵਰ ਵਿਚਲੇ ਸਫਾਰਖਾਨੇ ਦੇ ਮੁਖੀ ਆਏ ਹੋਏ ਸਨ। ਵੈਨਕੂਵਰ ਵਿਧਾਨ ਸਭਾ ਵਿਚ ਅਪੋਜ਼ੀਸ਼ਨ ਲੀਡਰ ਅਤੇ ਵੈਨਕੂਵਰ ਪੁਲਿਸ ਦਾ ਸਭ ਤੋਂ ਵੱਡਾ ਅਧਿਕਾਰੀ ਵੀ ਪੁੱਜਿਆ ਹੋਇਆ ਸੀ। ਹਰ ਇਕ ਬੁਲਾਰੇ ਲਈ ਸਮਾਂ ਤੈਅ ਸੀ। ਪ੍ਰੋਗਰਾਮ ਦਾ ਸੰਚਾਲਨ ਕਰਨ ਲਈ ਉੱਥੋਂ ਦੀ ਪ੍ਰਸਿੱਧ ਟੀ.ਵੀ. ਐਂਕਰ ਤਰੰਨਮ ਥਿੰਦ ਨੂੰ ਬੁਲਾਇਆ ਹੋਇਆ ਸੀ। ਬੜੇ ਸੁਲਝੇ ਢੰਗ ਨਾਲ ਉਸ ਨੇ ਪ੍ਰੋਗਰਾਮ ਨੇਪਰੇ ਚਾੜ੍ਹਿਆ। ਮੈਂ ਮਨੋ ਮਨੀ ਸਾਹਿਤ ਅਕਾਦਮੀ ਦੇ ਇਨਾਮ ਸਮਾਰੋਹ ਨਾਲ ਮੁਕਾਬਲਾ ਕਰਦਾ ਰਿਹਾ, ਅਤੇ ਮੈਨੂੰ ਇਹ ਉਸ ਤੋਂ ਵੀ ਕਿਤੇ ਵਧੇਰੇ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਿਆ ਪ੍ਰੋਗਰਾਮ ਜਾਪਿਆ।

ਬਾਰਜ ਢਾਹਾਂ ਦਾ ਇਹ ਉਪਰਾਲਾ ਇਸ ਲਈ ਵੀ ਸ਼ਲਾਘਾਯੋਗ ਹੈ ਕਿ ਇੱਥੇ ਯੁਵਾ-ਪੁਰਸਕਾਰ ਵੀ ਦਿੱਤੇ ਗਏ। ਕੈਨੇਡਾ ਵਿਚ ਜੰਮੀ, ਪੜ੍ਹੀ ਪੰਜਾਬੀਆਂ ਦੀ ਤੀਜੀ ਪੀੜ੍ਹੀ ਦੇ ਜਿਹੜੇ ਨੌਜਵਾਨ, ਪੰਜਾਬੀ ਭਾਸ਼ਾ ਪ੍ਰਤੀ, ਸਾਹਿਤ ਪ੍ਰਤੀ ਮੋਹ ਰੱਖਦੇ ਸਨ, ਪੰਜਾਬੀ ਪੜ੍ਹਦੇ ਹਨ, ਬੋਲਦੇ ਹਨ ਜਾਂ ਲਿਖਣ ਵਿਚ ਰੁਚੀ ਲੈਂਦੇ ਹਨ, ਉਹਨਾਂ ਨੂੰ ਹੋਰ ਉਤਸ਼ਾਹਤ ਕਰਨ ਲਈ ਇਹ ਪੁਰਸਕਾਰ ਦਿੱਤੇ ਜਾਂਦੇ ਹਨ। 2013 ਵਿਚ ਸ਼ੁਰੂ ਹੋਏ ਇਸ ਢਾਹਾਂ ਇਨਾਮ ਨੇ ਵਿਸ਼ਵ ਦੇ ਸਾਰੇ ਪੰਜਾਬੀ ਲੇਖਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਬਾਰਜ ਢਾਹਾਂ ਨੇ ਆਪਣੇ ਯਤਨਾਂ ਨਾਲ ਬੁੱਧੀਜੀਵੀਆਂ, ਵਿਦਵਾਨਾਂ ਅਤੇ ਕਾਰੋਬਾਰੀ ਲੋਕਾਂ ਦੀ ਵੱਡੀ ਟੀਮ ਆਪਣੇ ਨਾਲ ਜੋੜ ਲਈ ਹੈ। ਢਾਹਾਂ ਪੁਰਸਕਾਰ ਨੇ ਪੰਜਾਬੀ ਗ਼ਲਪ ਲੇਖਕਾਂ ਦੇ ਮਨਾਂ ਵਿਚ ਨਵੀਆਂ ਉਮੀਦਾਂ ਜਗਾਈਆਂ ਹਨ।

ਮੇਰੇ ਪੁਰਸਕਾਰ 'ਤੇ ਕੁਝ 'ਵਿਦਵਾਨ' ਭਾਵੇਂ ਰਾਜ਼ੀ ਨਹੀਂ ਹਨ ਅਤੇ ਉਨ੍ਹਾਂ ਨੇ ਇਸ ਵਿਚ ਅੜਿੱਕਾ ਡਾਹੁਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਹੈ। ਫਿਰ ਵੀ ਮੇਰੀ ਕੈਨੇਡਾ ਫੇਰੀ ਨੇ ਮੇਰੇ ਅਨੁਭਵਾਂ ਨੂੰ ਹੋਰ ਅਮੀਰੀ ਬਖ਼ਸ਼ੀ ਹੈ ਅਤੇ ਮੈਂ ਢਾਹਾਂ ਪੁਰਸਕਾਰ ਦੇ ਸ਼ੁਰੂ ਕਰਨ ਵਾਲੇ ਪਰਿਵਾਰ ਦਾ,ਇਸ ਨਾਲ ਸੰਬੰਧਤ ਵਿਦਵਾਨਾਂ ਦਾ ਅਤੇ ਜਿਊਰੀ ਮੈਂਬਰਾਂ ਦਾ ਧੰਨਵਾਦ ਕੀਤੇ ਬਿਨਾਂ ਨਹੀਂ ਰਹਿ ਸਕਦਾ। ਹੱਦਾਂ ਸਰਹੱਦਾਂ ਤੋਂ ਪਾਰ ਪੰਜਾਬੀ ਸਾਹਿਤ ਲਈ, ਪੰਜਾਬੀ ਭਾਸ਼ਾ ਲਈ ਫਿਕਰਮੰਦ ਸੱਤ ਸਮੁੰਦਰੋ ਪਾਰ ਬੈਠੇ ਇਨ੍ਹਾਂ ਵਿਅਕਤੀਆਂ ਨੂੰ ਸਲਾਮ! 000

***(ਮਕਾਨ ਨੰਬਰ 374, ਵਾਰਡ 19, ਗਲੀ 7, ਕ੍ਰਿਸ਼ਨਾ ਨਗਰ, ਮੋਗਾ 142 001***
***ਫੋਨ 98147 83069 Email: sadaknama@gmail.com)***



# ਮੇਰੀ ਪਹਿਲੀ ਪੁਸਤਕ: ਕਣਕਾਂ ਦੀ ਖੁਸ਼ਬੋ:
## ਗੁਰਚਰਨ ਰਾਮਪੁਰੀ

ਜਦੋਂ ਕਣਕ ਪੱਕ ਜਾਂਦੀ ਹੈ ਤਾਂ ਸੁਨਹਿਰੀ ਬੱਲੀਆਂ, ਆਪਦੇ ਹੀ ਦਾਣਿਆਂ ਦੇ ਬੋਝ ਨਾਲ, ਧਰਤੀ ਵੱਲ ਨੂੰ ਝੁਕ ਜਾਂਦੀਆਂ ਨੇ। ਖੇਤਾਂ ਵਿਚੋਂ ਖੁਸ਼ਬੋ ਆਉਂਦੀ , ਕਣਕ ਦੀ ਖੁਸ਼ਬੋ, ਕਿਸਾਨ ਦੀ ਮਿਹਨਤ ਦੀ ਜੀਵਨਦਾਤੀ ਖੁਸ਼ਬੋ।

ਇਕ ਦਿਨ, ਸਵੇਰੇ ਸਵੇਰੇ, ਮੈਂ ਪੱਕੀ ਹੋਈ ਕਣਕ ਦੇ ਖੇਤਾਂ ਵਿਚੀਂ ਲੰਘ ਕੇ, ਨਹਿਰ ਸਰਹੰਦ ਦੇ ਕੰਢੇ ਘੁੰਮਣ ਫਿਰਨ ਲਈ ਜਾ ਰਿਹਾ ਸਾਂ। ਹਵਾ ਵਗ ਰਹੀ ਸੀ, ਕਣਕਾਂ ਵਲ ਖਾਂਦੀਆਂ ਲਹਿਰਾਉਂਦੀਆਂ ਸਨ। ਮੇਰੀ ਉਮਰ ਓਦੋਂ ਵੀਹ ਕੁ ਸਾਲ ਦੀ ਸੀ।

ਵਲ ਖਾਂਦੀ, ਲਹਿਰਾਉਂਦੀ, ਨੱਚਦੀ ਜ਼ਿੰਦਗੀ ਹੁਸੀਨ ਹੁੰਦੀ ਹੈ। ਮੈਨੂੰ ਉਸ ਵਿਚ ਕਵਿਤਾ ਲੁਕੀ ਲੱਗਦੀ ਸੀ। ਮੈਂ ਦੂਰ ਤਕ ਪਸਰੇ ਖੇਤਾਂ ਉੱਤੇ ਲੰਮੀ ਝਾਤ ਮਾਰੀ, ਮੈਨੂੰ ਗੀਤ ਦਾ ਮੁਖੜਾ ਸੁੱਝਿਆ:

*ਕਣਕਾਂ ਦੀ ਖੁਸ਼ਬੋ, ਵੇ ਮਾਹੀਆ!*
*ਕਣਕਾਂ ਦੀ ਖੁਸ਼ਬੋ!*

ਓਹਨੀ ਦਿਨੀਂ ਪੰਜਾਬ ਅਤੇ ਦੱਖਣੀ ਭਾਰਤ ਦੇ ਕੁਝ ਸੂਬਿਆਂ ਵਿਚ ਕਿਸਾਨਾਂ, ਖੇਤ ਮਜ਼ਦੂਰ ਅਤੇ ਮੁਜ਼ਾਰਿਆਂ ਦਾ ਘੋਲ, ਆਪਣੇ ਹੱਕ ਜਿੱਤਣ ਲਈ, ਮਘਿਆ ਹੋਇਆ ਸੀ। ਕਵਿਤਾ ਅੱਗੇ ਤੁਰੀ:

*ਸੀ ਪਾਲੀ ਧੀਆਂ ਵਾਂਗ ਵੇ*
*ਅੱਜ ਗਈ ਪਰਾਈ ਹੋ*
*ਵੇ ਮਾਹੀਆ! ਕਣਕਾਂ ਦੀ ਖੁਸ਼ਬੋ!*
*ਅਸੀਂ ਸਾਰਾ ਸਾਲ ਉਗਾਉਂਦੇ*
*ਕੋਈ ਹੋਰ ਹੀ ਲੈਂਦਾ ਢੋ*
*ਗੋਰੀਏ ! ਕਣਕਾਂ ਦੀ ਖੁਸ਼ਬੋ।*
*ਅੱਜ ਧਰਤੀ ਮੱਲੀ ਵਿਹਲੜਾਂ*
*ਕੱਲ੍ਹ ਸਾਡੀ ਜਾਣੀ ਹੋ,*
*ਗੋਰੀਏ ! ਕਣਕਾਂ ਦੀ ਖੁਸ਼ਬੋ।*
..................
*ਅੱਜ ਸੰਗਰਾਮਾਂ ਮਾਨੁੱਖਤਾ*
*ਦਿੱਤੀ ਇਕ ਲੜੀ ਪਰੋ।*
*ਵੇ ਮਾਹੀਆ! ਕਣਕਾਂ ਦੀ ਖੁਸ਼ਬੋ।*

ਇਸ ਵਿਚ ਰੋਮਾਂਸਵਾਦੀ ਪ੍ਰਗਤੀਵਾਦ ਦਾ ਸੁਪਨਾ ਪੂਰੀ ਤਰ੍ਹਾਂ ਖਿੜਿਆ ਮਹਿਕ ਰਿਹਾ ਸੀ। ਇਹ ਗੀਤ ਮੈਂ ਖੰਨੇ ਸ਼ਹਿਰ ਦੀ ਗੱਲਾ ਮੰਡੀ ਵਿਚ ਹੋਏ ਕਵੀ ਦਰਬਾਰ ਵਿਚ ਗਾਇਆ। ਇਸ ਕਵੀ ਦਰਬਾਰ ਵਿਚ ਕਵੀ ਬਹੁਤੇ ਅਤੇ ਸਰੋਤੇ ਘੱਟ ਸਨ। ਨਵਤੇਜ ਪ੍ਰਧਾਨ ਸੀ। ਉਹਨਾਂ ਦਿਨਾਂ ਵਿਚ ਮੈਂ ਆਪਣੀਆਂ ਕਵਿਤਾਵਾਂ ਝੋਲੇ ਵਿਚ ਪਾ ਕੇ, ਹਰ ਖੱਬੂ ਕਵੀ ਦਰਬਾਰ ਵਿਚ ਪਹੁੰਚਣ ਦੀ ਕੋਸ਼ਿਸ਼ ਕਰਦਾ ਸੀ। ਸੰਤੋਖ ਸਿੰਘ ਧੀਰ, ਅਜਾਇਬ ਚਿਤਰਕਾਰ, ਸੁਰਜੀਤ ਰਾਮਪੁਰੀ ਅਤੇ ਮੈਂ, ਲਗਪਗ ਹਰ ਥਾਂ ਇਕੱਠੇ ਹੋ ਜਾਂਦੇ। ਸੁਰਜੀਤ ਅਤੇ ਮੈਂ ਗਾ ਕੇ ਕਵਿਤਾ ਸੁਣਾਉਂਦੇ।ਸੰਤੋਖ ਸਿੰਘ ਧੀਰ ਦੇ ਸੱਜੇ ਹੱਥ ਦੀ ਪਹਿਲੀ ਉਂਗਲੀ ਹਮੇਸ਼ਾ ਤਣੀ ਹੋਈ, ਨਜ਼ਮ ਸੁਣਾਉਂਦੀ।ਅਜਾਇਬ

ਚਿਤਰਕਾਰ ਦਾ ਸੱਜਾ ਹੱਥ ਉਸ ਦੀ ਮੁੱਛ ਨੂੰ ਵੱਟ ਚਾੜ੍ਹਦਾ। ਕਦੇ ਉਸ ਦੀ ਸੱਜੀ ਬਾਂਹ ਤਣ ਜਾਂਦੀ।

ਖੰਨੇ ਦਾ ਉਹ ਕਵੀ ਦਰਬਾਰ ਗਰਮੀਆਂ ਵਿਚ ਹੋਇਆ ਸੀ। ਅਸੀਂ ਕਵੀ ਦਰਬਾਰ ਖਤ ਹੋਣ ਪਿੱਛੋਂ ਰੋਟੀ ਖਾਧੀ। ਕਾਮਰੇਡ ਮੋਹਨ ਲਾਲ ਸਿੰਘੀ ਦੇ ਮਕਾਨ ਦੀ ਪੱਕੀ ਛੱਤ ਉੱਤੇ ਵਿਛੀਆ ਦਰੀਆਂ ਉੱਤੇ ਲੰਮੇ ਪੈ ਗਏ। ਬਨੇਰੇ ਨੇ ਸਰਾਹਣੇ ਦਾ ਕੰਮ ਦਿੱਤਾ। ਮੇਰੇ ਲਾਗੇ ਪਿਆ ਨਵਤੇਜ ਹੌਲ਼ੀ ਦੇ ਕੇ ਬੋਲਿਆ, "ਗੁਰਚਰਨ! ਇਹ 'ਕਣਕਾਂ ਦੀ ਖੁਸ਼ਬੋ' ਵਾਲਾ ਆਪਣਾ ਗੀਤ ਤੂੰ ਮੈਨੂੰ 'ਪ੍ਰੀਤਲੜੀ' ਲਈ ਭੇਜ ਦੇਈਂ।" ਮੇਰੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਗੀਤ ਦੋ ਕੁ ਮਹੀਨੇ ਪਿੱਛੋਂ 'ਪ੍ਰੀਤਲੜੀ' ਵਿਚ ਛਪ ਗਿਆ। ਜਾਣੋ ਮੈਨੂੰ ਕਵੀ ਹੋਣ ਦਾ ਸਰਟੀਫਿਕੇਟ ਮਿਲ ਗਿਆ। 'ਲਲਕਾਰ', 'ਪ੍ਰੀਤਮ', 'ਫਤਿਹ', 'ਪੰਜਾਬੀ ਸਾਹਿਤ', 'ਕੰਵਲ', 'ਫੁਲਵਾੜੀ', 'ਪੰਜ ਦਰਿਆ' ਆਦਿ ਵਿਚ ਮੇਰੀਆਂ ਰਚਨਾਵਾਂ ਸਮੇਂ ਸਮੇਂ ਪਹਿਲਾਂ ਹੀ ਛਪ ਰਹੀਆਂ ਸਨ।

ਫਿਰ ਸੰਸਾਰ ਅਮਨ ਲਹਿਰ ਸ਼ੁਰੂ ਹੋ ਗਈ। ਥਾਂ ਥਾਂ ਅਮਨ ਕਾਨਫਰੰਸਾਂ ਹੋਣ ਲੱਗੀਆਂ। ਪੈਰਿਸ ਤੋਂ ਅਮਨ ਅਪੀਲ ਜਾਰੀ ਕੀਤੀ ਗਈ। ਉਸ ਵਿਚ ਐਟਮ ਬੰਬ ਬਣਾਉਣ ਉੱਤੇ ਪਾਬੰਦੀ ਲਾਉਣ ਦਾ ਹੋਕਾ ਦਿੱਤਾ ਗਿਆ ਸੀ। ਉਸ ਅਪੀਲ ਉੱਤੇ ਲੋਕਾਂ ਦੇ ਦਸਤਖ਼ਤ ਕਰਾਉਣ ਦੀ ਮੁਹਿੰਮ ਸਾਰੀ ਦੁਨੀਆਂ ਵਿਚ ਚੱਲੀ। ਅਸੀਂ ਵੀ ਪਿੰਡਾਂ ਕਸਬਿਆਂ ਵਿਚ ਉਸ ਅਪੀਲ ਉੱਤੇ ਦਸਤਖ਼ਤ ਕਰਾਉਂਦੇ ਫਰਦੇ ਸੋਚਦੇ ਕਿ ਇਹ ਕੰਮ ਸੰਸਾਰ ਦੀ ਸਲਾਮਤੀ ਲਈ ਬੜਾ ਜ਼ਰੂਰੀ ਹੈ। ਮੈਂ ਪੈਰਿਸ 'ਅਮਨ ਅਪੀਲ'' ਬਾਰੇ ਗੀਤ ਲਿਖਿਆ:

*ਰੂਪ ਨਗਰੋਂ ਸੁਨੇਹਾ ਆਇਆ।*
*ਅਮਨ ਅਸੀਂ ਥਾਪਣਾ ਏਂ*
*ਹੋਏਗੀ ਨਾ ਲਾਮ।*
*ਏਥੇ ਗੱਲ ਮੁੱਕ ਗਈ ਬਈ!*
*ਅਮਨ ਅਸੀਂ ਥਾਪਣਾ ਏਂ।*
*ਸਾਡੀ ਰਾਂਗਲੀ ਜਵਾਨੀ ਕਹਿੰਦੀ:*
*ਭੱਠ ਪੈਣ ਸੂਬੇਦਾਰੀਆਂ।*
*ਸਾਡੇ ਨਾਲ ਮੱਕੇ ਦਾ ਰੇਤਾ*
*ਪੈੜ ਪੈਗ਼ੰਬਰਾਂ ਦੀ।*
*ਸਾਡੇ ਨਾਲ ਬਹਾਦਰ ਕਿਚਲੂ*
*ਜਲ੍ਹਿਆਂਵਾਲਾ ਬਾਗ਼ ਨਾਲ ਹੈ।*
*ਸਾਡੇ ਨਾਲ ਨੇ ਨਾਸਰ ਨਹਿਰੂ*
*ਗੰਗਾ ਨੀਲ ਗਲਵਕੜੀ।*

ਇਹੋ ਜਹੇ ਵੀਹ ਟੱਪੇ ਇਸ ਗੀਤ ਵਿਚ ਜੋੜੇ ਹੋਏ ਹਨ। ਹਰ ਟੱਪੇ ਤੋਂ ਪਿੱਛੋਂ ਅਸਥਾਈ ਦੁਹਰਾਈ ਜਾਂਦੀ। ਇਹ ਗੀਤ ਮੈਂ ਸੂਬਾ ਅਮਨ ਕਾਨਫਰੰਸ ਅੰਮ੍ਰਿਤਸਰ ਦੇ ਭਰਵੇਂ ਇਕੱਠ ਵਿਚ ਗਾਇਆ। ਸ. ਗੁਰਬਖਸ਼ ਸਿੰਘ 'ਪ੍ਰੀਤਲੜੀ' ਪ੍ਰਧਾਨਗੀ ਕਰ ਰਹੇ ਸਨ। ਉਨ੍ਹਾਂ ਨੂੰ ਮੇਰੇ ਗੀਤ ਦੇ ਮੁਖੜੇ ਵਿਚ ਪੈਰਿਸ ਨੂੰ 'ਰੂਪਨਗਰ' ਕਹਿਣਾ ਚੰਗਾ ਲੱਗਿਆ ਤਾਂ ਓਹਨਾਂ ਆਪਣੇ ਪ੍ਰਧਾਨਗੀ ਭਾਸ਼ਣ ਵਿਚ "ਰੂਪਨਗਰੋਂ" ਆਈ ਅਮਨ ਅਪੀਲ ਉੱਤੇ ਦਸਖਤੀ ਮੁਹਿੰਮ ਦੀ ਜ਼ੋਰਦਾਰ ਵਕਾਲਤ ਕੀਤੀ। ਮੇਰੇ ਗੀਤ ਵੱਲ ਗੁਰਬਖਸ਼ ਸਿੰਘ ਦਾ ਧਿਆਨ ਜਾਣ ਦੀ ਗੱਲ ਸੋਚ ਕੇ ਮੇਰਾ ਮਨ ਬਹੁਤ ਖੁਸ਼ ਹੋਇਆ। ਮੇਰਾ ਉਹ ਗੀਤ ਵੀ 'ਪ੍ਰੀਤਲੜੀ' ਵਿਚ ਛਪਿਆ।

ਉਹਨਾਂ ਦਿਨਾਂ ਵਿਚ ਖੱਬੀ ਸੋਚ ਵਾਲੇ ਭਾਰਤ ਦੇ ਸਿਆਸੀ ਹਲਕੇ ਦੇਸ਼ ਨੂੰ ਮਿਲੀ ਆਜ਼ਾਦੀ ਨੂੰ 'ਨਕਲੀ ਆਜ਼ਾਦੀ' ਕਹਿੰਦੇ ਸਨ। ਮੇਰੀਆਂ ਕਵਿਤਾਵਾਂ ਵਿਚ ਵੀ ਅਜੇਹੀ ਸ਼ਿਕਾਇਤੀ ਸੁਰ ਭਾਰੂ



ਸੀ। ਉਸ ਦੀ ਇਕ ਮਿਸਾਲ ਕਣਕਾਂ ਦੀ ਖੁਸ਼ਬੋ ਦੀ ਪਹਿਲੀ ਕਵਿਤਾ 'ਹਾਕਮ ਕੁਰਸੀ ਬੈਠਿਆ' ਹੈ।

ਭਾਰਤ ਦੀ ਵੰਡ ਸਮੇਂ ਹੋਏ ਫਿਰਕੂ ਫ਼ਸਾਦ ਮੈਂ ਅੱਖੀਂ ਦੇਖੇ ਸਨ। ਲੱਖਾਂ ਲੋਕਾਂ ਦਾ ਉਜਾੜਾ। ਵੰਡਾਰੇ ਦੀ ਲੀਕ ਦੇ ਦੋਹੀਂ ਪਾਸੇ ਹੋਏ ਜ਼ੁਲਮ ਦੇ ਸ਼ਿਕਾਰ ਲੋਕਾਂ ਦੀ ਹਾਲਤ ਬਿਆਨ ਤੋਂ ਬਾਹਰ ਦੀ ਗੱਲ ਸੀ। ਮੇਰੇ ਗੁਆਂਢੀ ਪਿੰਡ ਕੁੱਬੇ ਦਾ ਵਾਸੀ ਮੇਰਾ ਕਵੀ ਮਿੱਤਰ ਮੋਹਨ ਸਿੰਘ ਕਰਤਾ 'ਸਰਹੰਦ ਕੰਢੇ' ਖਾਲਸਾ ਕਾਲਿਜ ਅੰਮ੍ਰਿਤਸਰ ਵਿਚ ਪੜ੍ਹਦਾ ਸੀ। ਉਹ, ਫਿਰਕੂ ਜਨੂੰਨੀਆਂ ਹੱਥੋਂ ਅੰਮ੍ਰਿਤਸਰ ਵਿਚ ਕਤਲ ਹੋਣ ਵਾਲਾ ਪਹਿਲਾ ਬੰਦਾ ਸੀ। ਉਸ ਦੇ ਮਾਪੇ ਇਸ ਸਦਮੇ ਕਾਰਨ ਅੱਧ ਪਾਗਲ ਜਿਹੇ ਹੋਏ ਅਤੇ ਆਪਣੀ ਬਾਕੀ ਦੀ ਉਮਰ ਉਸੇ ਸੋਗੀ ਹਾਲਤ ਵਿਚ ਕੱਟ ਕੇ ਮੁੱਕ ਗਏ। ਮੇਰੀਆਂ ਨਜ਼ਮਾਂ ਵਿਚ ਵੰਡ ਸਮੇਂ ਵਾਪਰੇ ਮਹਾਂ ਦੁਖਾਂਤ ਦਾ ਭਰਪੂਰ ਜਜ਼ਬਾਤੀ ਜ਼ਿਕਰ ਆਉਣਾ ਬਹੁਤ ਕੁਦਰਤੀ ਸੀ। ਸੋ ਵੰਡ ਬਾਰੇ ਮੈਂ ਅਨੇਕਾਂ ਨਜ਼ਮਾਂ ਲਿਖੀਆਂ।

ਸਾਲ 1949 ਵਿਚ ਚੀਨ ਵਿਚ ਇਨਕਲਾਬ ਆ ਗਿਆ। ਭਾਰਤ ਸਰਕਾਰ ਨੇ ਚੀਨ ਦੀ ਨਵੀਂ ਸਰਕਾਰ ਨੂੰ ਸਭ ਤੋਂ ਪਹਿਲਾਂ ਮਾਨਤਾ ਦਿੱਤੀ। ਚੀਨ ਦੀ ਸਰਕਾਰ ਅਤੇ ਕਮਿਊਨਿਸਟ ਪਾਰਟੀ ਦਾ ਮੁਖੀ ਮਾਓ ਜ਼ੇ ਤੁੰਗ ਦੁਨੀਆਂ ਦੇ ਖੱਬੂਆਂ ਦਾ ਹੀਰੋ ਬਣ ਗਿਆ ਅਤੇ ਸਾਡੀਆਂ ਕਵਿਤਾਵਾਂ ਵਿਚ ਹਾਜ਼ਰ-ਨਾਜ਼ਰ ਰਹਿਣ ਲੱਗਾ। ਮੈਂ ਲੰਮੀ ਕਵਿਤਾ 'ਲੋਕ ਚੀਨ ਨੂੰ ਸਲਾਮ' ਲਿਖੀ ਜੋ 'ਪ੍ਰੀਤਲੜੀ' ਵਿਚ ਛਪੀ।

*ਭਾਰਤ ਦੇ ਸ਼ਹਿਰਾਂ ਦੀਆਂ ਸੜਕਾਂ ਉੱਤੇ ਨਾਅਰੇ ਉਭਰੇ:*
*ਹਿੰਦੀ ਚੀਨੀ ਭਾਈ ਭਾਈ! ਹਿੰਦੀ ਰੂਸੀ ਭਾਈ ਭਾਈ।*

'ਪੰਚਸ਼ੀਲ' ਦੀ ਗੱਲ ਤੁਰੀ। ਫਿਰ ਕੋਰੀਆ ਦੀ ਜੰਗ ਲੱਗ ਗਈ। ਮੈਂ ਅਮਰੀਕੀ ਸਾਮਰਾਜ ਵਿਰੁੱਧ ਨਜ਼ਮਾਂ ਲਿਖੀਆਂ। ਕੋਰੀਆ ਦੇ ਲੋਕਾਂ ਦੇ ਅਥਾਹ ਨੁਕਸਾਨ ਤੋਂ ਪਿੱਛੋਂ ਉੱਥੇ ਜੰਗਬੰਦੀ ਹੋਈ। ਭਾਰਤ ਦੀ ਫੌਜ ਜੰਗਬੰਦੀ ਲਾਈਨ ਉੱਤੇ ਨਿਗਰਾਨ ਫੌਜ ਵਜੋਂ ਭੇਜੀ ਗਈ। ਇਕ ਦਿਨ ਉਸ ਅਮਨ ਫੌਜ ਦੇ ਇਕ ਪੰਜਾਬੀ ਸਿਪਾਹੀ ਦੀ ਚਿੱਠੀ ਮੈਨੂੰ ਆਈ। ਉਸ ਸਿਪਾਹੀ ਦਾ ਪਿੰਡ ਖੰਨਾ ਮੰਡੀ ਕੋਲ਼ ਸੀ। ਉਹ 'ਪ੍ਰੀਤਲੜੀ ਦਾ ਪਾਠਕ ਸੀ। ਉਸ ਨੇ ਉੱਤਰੀ ਕੋਰੀਆ ਦੇ ਰਹਿਣ ਸਹਿਣ ਵਿਚ ਬਰਾਬਰੀ ਦੀਆਂ ਸੁਣੀਆਂ ਸੁਣਾਈਆਂ ਗੱਲਾਂ ਕਈ ਵਾਰ ਮੈਨੂੰ ਲਿਖੀਆਂ। ਉਦੋਂ ਉਸ ਦੀਆਂ ਗੱਲਾਂ ਉੱਤੇ ਮੈਨੂੰ ਝੱਟ ਇਤਬਾਰ ਆ ਜਾਂਦਾ ਰਿਹਾ।

ਮੈਨੂੰ ਕਵਿਤਾ ਲਿਖਦਿਆਂ ਸੱਤ ਅੱਠ ਸਾਲ ਹੋ ਗਏ। ਮੇਰੇ ਕੋਲ਼ ਇਕ ਕਿਤਾਬ ਬਣਨ ਜੋਗੀਆਂ ਚੰਗੀਆਂ ਕਵਿਤਾਵਾਂ ਹੋ ਗਈਆਂ। ਮੈਂ ਚੋਣ ਕਰਕੇ ਖਰੜਾ ਬਣਾ ਲਿਆ। ਉਨ੍ਹਾਂ ਦਿਨਾਂ ਵਿਚ ਸਾਡੀ ਬਜਾਜੀ ਦੀ ਦੁਕਾਨ ਹੌਲ਼ੀ ਹੌਲ਼ੀ ਫੇਲ੍ਹ ਹੋ ਰਹੀ ਸੀ। ਪਰ ਮੇਰੇ ਪਿਤਾ ਜੀ ਘਰ ਦੀਆਂ ਲੋੜਾਂ, ਚੜ੍ਹਦੀ ਕਲਾਂ ਵਿਚ ਰਹਿ ਕੇ, ਪੂਰੀਆਂ ਕਰੀ ਜਾਂਦੇ ਸਨ। ਉਨ੍ਹਾਂ ਟੱਬਰ ਨੂੰ ਥੁੜ ਦਾ ਅਹਿਸਾਸ ਕਦੇ ਨਹੀਂ ਸੀ ਹੋਣ ਦਿੱਤਾ।

ਮੈਂ ਦੁਕਾਨ ਲਈ ਕਪੜਾ ਲੈਣ ਅਕਸਰ ਦਿੱਲੀ ਜਾਇਆ ਕਰਦਾ ਸਾਂ। ਸਾਡੇ ਮਾਰਵਾੜੀ ਆੜ੍ਹਤੀਆ ਦੀ ਦੁਕਾਨ ਚਾਂਦਨੀ ਚੌਕ ਵਿਚਲੇ ਘੰਟਾ ਘਰ ਤੋਂ ਬਹੁਤੀ ਦੂਰ ਨਹੀਂ ਸੀ। ਮੈਂ ਆਪਣੀ ਹਰ ਦਿੱਲੀ ਫੇਰੀ ਸਮੇਂ ਚਾਂਦਨੀ ਚੌਕ ਦੇ ਦੂਜੇ ਸਿਰੇ ਜਾਮਾ ਮਸਜਿਦ ਵਾਲੀ ਸੜਕ ਦੇ ਖੂੰਜੇ ਕੋਲ ਨਵਯੁਗ ਪਬਲਿਸ਼ਰਜ਼ ਦੇ ਦਫਤਰ ਜਾਣ ਲਈ ਜ਼ਰੂਰ ਸਮਾਂ ਕੱਢਦਾ। ਭਾਪਾ ਪ੍ਰੀਤਮ ਸਿੰਘ ਹਮੇਸ਼ਾ ਮੁਸਕਰਾ ਕੇ ਮਿਲਦੇ, ਚਾਹ ਪਿਲਾਉਂਦੇ, ਕਿਤਾਬਾਂ ਦੀਆਂ ਅਤੇ ਲੇਖਕ ਮਿੱਤਰਾਂ ਦੀਆਂ ਗੱਲਾਂ ਕਰਦੇ। ਉਹ ਆਪਣੀਆਂ ਛਾਪੀਆਂ ਨਵੀਆਂ ਸੋਹਣੀਆਂ ਕਿਤਾਬਾਂ ਦਿਖਾਉਂਦੇ। ਉਨ੍ਹਾਂ ਕੋਲ ਹਮੇਸ਼ਾ ਕੋਈ ਲੇਖਕ ਬੈਠਾ ਹੁੰਦਾ, ਕਦੇ ਦੇਵਿੰਦਰ ਸਤਿਆਰਥੀ, ਕਦੇ ਤਾਰਾ ਸਿੰਘ, ਬਲਵੰਤ ਗਾਰਗੀ, ਕਦੇ ਪਿਆਰਾ ਸਿੰਘ 'ਸਹਿਰਾਈ', ਜਾਂ ਗੁਰਵੇਲ ਪੰਨੂੰ। ਜਿਸ ਮਿਲਣੀ ਵਿਚ ਤਾਰਾ ਸਿੰਘ ਹਾਜ਼ਰ ਹੁੰਦਾ, ਉਹ ਸਭ ਤੋਂ ਦਿਲਚਸਪ ਮਿਲਣੀ ਹੁੰਦੀ। ਉਹ ਹਮੇਸ਼ਾ, ਆਮ ਸਹਿਜ ਰਹਿ ਕੇ, ਜਦ ਵੀ

ਨਵਾਂ ਲਤੀਫ਼ਾ ਸੁਣਾਉਂਦਾ ਤਾਂ ਮਹਿਫਲ ਉੱਤੇ ਛਾ ਜਾਂਦਾ। ਇਕ ਮਿਲਣੀ ਵੇਲੇ ਮੈਂ ਆਪਣੀ ਕਵਿਤਾ ਦੀ ਕਿਤਾਬ ਦੀ ਗੱਲ ਭਾਪਾ ਜੀ ਨਾਲ ਤੋਰੀ ਤਾਂ ਉਹ ਬੋਲੇ, "ਤੁਸੀਂ ਸਵਾ ਸੌ ਰੁਪਏ ਦਾ ਪ੍ਰਬੰਧ ਕਰ ਲਓ"।

ਮੈਂ ਸੋਚਿਆ, "ਸਾਡੀ ਦੁਕਾਨ ਤਾਂ ਪਹਿਲਾਂ ਹੀ ਢਿੱਲੀ ਮੱਠੀ ਚੱਲ ਰਹੀ ਹੈ। ਪਿਤਾ ਜੀ ਤੋਂ ਇਹ ਪੈਸੇ ਕਿਵੇਂ ਮੰਗਾਂਗਾ?"

ਮੈਂ ਰਾਮਪੁਰ ਆ ਕੇ ਆਪਣੇ ਆਲ਼ੇ ਦੁਆਲ਼ੇ ਦੇ ਲੋਕਾਂ ਬਾਰੇ ਸੋਚਿਆ। ਫਿਰ ਆਪਣੇ ਬਹੁਤ ਹੀ ਗੂੜ੍ਹੇ ਆੜੀ ਰਣਜੀਤ ਸਿੰਘ ਮਾਂਗਟ ਨਾਲ ਗੱਲ ਕੀਤੀ। ਅਸੀਂ ਖਾਲਸਾ ਹਾਈ ਸਕੂਲ ਜਸਪਾਲੋਂ ਵਿਚ ਚਾਰ ਸਾਲ ਇਕੱਠੇ ਪੜ੍ਹਦੇ ਰਹੇ ਸਾਂ। ਉਹ ਨਾਲ ਦੇ ਪਿੰਡ ਬੇਗੋਵਾਲ ਦੇ ਸਰਦੇ ਪੁੱਜਦੇ ਮਾਪਿਆਂ ਦਾ ਲਾਡਲਾ ਇਕਲੌਤਾ ਪੁੱਤਰ ਸੀ। ਰਣਜੀਤ ਨੇ ਮੇਰੀ ਗੱਲ ਬੜੇ ਠਰੰਮੇ ਨਾਲ ਸੁਣੀ ਅਤੇ ਬੋਲਿਆ, "ਤੇਰੀ ਕਿਤਾਬ ਜ਼ਰੂਰ ਛਪਣੀ ਚਾਹੀਦੀ ਹੈ। ਮੈਂ ਇਕ ਦੋ ਦਿਨ ਵਿਚ 125 ਰੁਪਏ ਤੈਨੂੰ ਦੇ ਦਿਆਂਗਾ"।

ਮੈਂ 'ਕਣਕਾਂ ਦੀ ਖੁਸ਼ਬੋ' ਦਾ ਖਰੜਾ, ਰਜਿਸਟਰੀ ਪਾਰਸਲ ਕਰਕੇ, ਭਾਪਾ ਪ੍ਰੀਤਮ ਸਿੰਘ ਹੋਰਾਂ ਨੂੰ ਭੇਜ ਦਿੱਤਾ, ਨਾਲ 125 ਰੁਪਏ ਦਾ ਬੈਂਕ ਡਰਾਫ਼ਟ। ਤਿੰਨ ਕੁ ਮਹੀਨੇ ਵਿਚ ਕਿਤਾਬ ਛਪਗਈ। ਜਦ ਡਾਕ ਰਾਹੀਂ ਦੋ ਕਾਪੀਆਂ ਮੈਨੂੰ ਮਿਲੀਆਂ ਤਾਂ ਮੇਰੀ ਖੁਸ਼ੀ ਦਾ ਕੋਈ ਹੱਦ-ਬੰਨਾ ਨਹੀਂ ਸੀ। ਸੰਤੋਖ ਸਿੰਘ 'ਧੀਰ' ਨੇ ਉਸ ਦਾ ਮੁਖਬੰਧ ਬਹੁਤ ਸੋਹਣਾ ਲਿਖਿਆ ਸੀ, ਅਜਾਇਬ ਚਿਤਰਕਾਰ ਨੇ ਟਾਈਟਲ ਬਣਾਇਆ ਸੀ। ਇਹ ਸੰਨ 1953 ਦੀ ਗੱਲ ਹੈ।

ਮੈਂ ਬਹੁਤ ਸਾਰੇ ਮਿੱਤਰਾਂ ਨੂੰ 'ਕਣਕਾਂ ਦੀ ਖੁਸ਼ਬੋ' ਦੀ ਕਾਪੀ ਭੇਟ ਕੀਤੀ। ਅਨੇਕਾਂ ਅਖਬਾਰਾਂ, ਰਸਾਲਿਆਂ ਵਿਚ ਮੇਰੀ ਪੁਸਤਕ ਦੇ ਚੰਗੇ ਰੀਵੀਊ ਛਪੇ। ਉਹ ਪੁਸਤਕ ਜੀਵਨ ਦੇ ਅਨੇਕਾਂ ਮੋੜਾਂ ਉੱਤੇ ਮੇਰੇ ਕੰਮ ਆਈ। ਜਦ ਵੀ ਮੇਰੇ ਕੰਮਾਂ ਵਿਚ ਕੋਈ ਅੜਿੱਕਾ ਪੈਂਦਾ ਤਾਂ ਮੈਨੂੰ ਕਵੀ ਵਜੋਂ ਜਾਣਨ ਵਾਲਾ ਕੋਈ ਮਿੱਤਰ ਬਹੁੜ ਪੈਂਦਾ ਅਤੇ ਮੇਰਾ ਕੰਮ ਹੋ ਜਾਂਦਾ। ਇਸ ਨਾਲ ਮੇਰਾ ਸਵੈਮਾਨ ਅਤੇ ਸਵੈ ਭਰੋਸਾ ਵਧਿਆ। ਮੈਨੂੰ ਇਨ੍ਹਾਂ ਦੋਹਾਂ ਦੀ ਬੜੀ ਲੋੜ ਸੀ। ਇਨ੍ਹਾਂ ਦੀ ਮੇਰੇ ਅੰਦਰ ਮੈਨੂੰ ਘਾਟ ਮਹਿਸੂਸ ਹੁੰਦੀ ਸੀ। ਕਿਉਂਕਿ ਮੈਂ ਜੀਵਨ ਦੇ ਇਸ ਪੜਾਅ ਉੱਤੇ ਵੀ ਅਜੇ ਆਪਣੇ ਭਵਿੱਖ ਦਾ ਰਾਹ ਲੱਭ ਰਿਹਾ ਸਾਂ। ਮੇਰੀ ਅਜਿਹੀ ਮਨੋਦਸ਼ਾ ਦਾ ਬੁਨਿਆਦੀ ਕਾਰਨ ਸ਼ਾਇਦ ਇਹ ਸੀ ਕਿ ਮੇਰੇ ਜਨਮ ਲਈ ਮੇਰੇ ਮਾਪਿਆਂ ਨੂੰ ਲੰਮੀ ਉਡੀਕ ਕਰਨੀ ਪਈ ਸੀ। ਇਸ ਲਈ ਮੇਰੇ ਮਾਪੇ ਲੋੜ ਤੋਂ ਵੱਧ ਮੇਰੀ ਰੱਖਿਆ ਕਰਦੇ ਸਨ। ਨਿੱਕੀ ਨਿੱਕੀ ਗੱਲ 'ਤੇ ਹਰ ਸਮੇਂ ਮੈਨੂੰ ਆਪਣੇ ਪਿਤਾ ਵੱਲੋਂ ਹਦਾਇਤਾਂ ਦਿੱਤੀਆਂ ਜਾਂਦੀਆਂ: "ਦੇਖੀਂ! ਸੜਕ ਉੱਤੇ ਨਹਿਰ ਵਾਲੇ ਪਾਸੇ ਨਾ ਤੁਰੀਂ। ਰੇਲਵੇ ਸਟੇਸ਼ਨ ਉੱਤੇ ਲਾਈਨਾਂ 'ਚ ਨਾ ਵੜੀਂ, ਪੁਲ਼ ਦੇ ਉਪਰ 'ਚੀਂ ਲੰਘ ਕੇ ਹੀ ਦੂਜੇ ਪਲੇਟਫਾਰਮ ਉੱਤੇ ਜਾਈਂ, ਹਨ੍ਹੇਰਾ ਹੋਣ ਤੋਂ ਪਹਿਲਾਂ ਪਹਿਲਾਂ ਘਰ ਮੁੜ ਆਈਂ"। ਨਿੱਤ ਦਿਹਾੜੀ ਮਿਲਦੀਆਂ ਅਜਿਹੀਆਂ ਹਿਦਾਇਤਾਂ ਕਰਕੇ ਮੈਂ ਸਾਰੀ ਉਮਰ ਤਰਨਾ ਨਹੀਂ ਸਿੱਖ ਸਕਿਆ, ਹਾਲਾਂਕਿ ਮੇਰਾ ਜਨਮ ਭਾਰਤ ਦੀ ਬਹੁਤ ਚੌੜੀ, ਡੂੰਘੀ, ਵੱਡੀ ਨਹਿਰ ਸਰਹੰਦ ਦੇ ਕੰਢੇ ਦੇ ਪਿੰਡ ਵਿਚ ਹੋਇਆ ਹੈ। ਮੈਨੂੰ ਅਜੇ ਵੀ ਡੂੰਘੇ ਪਾਣੀ ਤੋਂ ਡਰ ਲਗਦਾ ਹੈ। ਮੇਰੇ ਉਲਟ ਮੇਰਾ ਛੋਟਾ ਭਰਾ ਭੁਪਿੰਦਰ ਨਹਿਰ ਦੇ ਪੁਲ਼ ਦੇ ਸਿਖਰੋਂ ਨਿਧੜਕ ਛਾਲ਼ਾਂ ਮਾਰਦਾ ਰਿਹਾ ਅਤੇ ਮੱਛੀ ਵਾਂਗ ਤਰਦਾ ਰਿਹਾ। ਉਹ ਆਪਣੀ ਮਰਜ਼ੀ ਦਾ ਮਾਲਕ ਹੈ। ਮੈਂ ਕੋਈ ਕੰਮ ਕਰਨ ਲੱਗਿਆ ਸੋਚਦਾ ਹਾਂ ਕਿ ਦੂਜੇ ਲੋਕ ਮੇਰੇ ਇਸ ਕੰਮ ਬਾਰੇ ਕੀ ਸੋਚਣਗੇ? ਕੀ ਕਹਿਣਗੇ? ਇਸ ਕਰਕੇ ਮੈਂ ਕੋਈ ਫੈਸਲਾ ਕਰਦਿਆਂ ਲੋੜ ਤੋਂ ਵੱਧ ਚਿਰ ਲਾ ਦਿੰਦਾ ਹਾਂ। ਮੇਰਾ ਇਕ ਸ਼ਿਅਰ ਹੈ:

*ਗੁਲਾਬ ਜਿਹੜਾ ਕਿ ਟੁੱਟ ਆਪੇ ਹੀ*
*ਮੇਰੀ ਝੋਲੀ 'ਚ ਆਣ ਡਿਗਿਆ*



*ਸੁਗੰਧ ਉਸ ਦੀ ਨੂੰ ਤਰਸਿਆ ਹਾਂ।*

ਪੰਜਾਹਵਿਆਂ ਵਿਚ ਜਦੋਂ ਰੂਸ ਨਾਲ ਭਾਰਤ ਦੇ ਸੰਬੰਧ ਵਧੇਰੇ ਦੋਸਤਾਨਾ ਹੋਣ ਲੱਗੇ ਤਾਂ ਇਕ ਰੂਸੀ ਕਲਚਰਲ ਡੈਲੀਗੇਸ਼ਨ ਭਾਰਤ ਆਇਆ। ਉਹਨਾਂ ਨੇ ਭਾਖੜਾ ਨੰਗਲ ਡੈਮ ਦੇਖਣ ਲਈ ਰੇਲਵੇ ਸਟੇਸ਼ਨ ਸਰਹੰਦ ਰਾਹੀਂ ਰੇਲ ਗੱਡੀ ਵਿਚ ਜਾਣਾ ਸੀ। ਮੇਰਾ ਜੀਅ ਕੀਤਾ ਕਿ ਰੂਸੀਆਂ ਨੂੰ ਆਪਣੀ ਕਿਤਾਬ 'ਕਣਕਾਂ ਦੀ ਖੁਸ਼ਬੋ' ਭੇਟ ਕਰਾਂ। ਪਰ ਮੈਂ ਆਪਣੀ ਦੁਕਾਨ ਤੋਂ ਖਿਸਕ ਕੇ ਸਿਰਫ 25 ਮੀਲ ਦੂਰ ਸਰਹੰਦ ਨਾ ਅੱਪੜ ਸਕਿਆ। ਮੇਰਾ ਉਹ ਦਿਨ ਬਹੁਤ ਉਦਾਸ ਲੰਘਿਆ। ਦੂਜੇ ਦਿਨ ਮੈਂ ਰਾਹ ਲੱਭਦਿਆਂ 'ਕਣਕਾਂ ਦੀ ਖੁਸ਼ਬੋ' ਦੀਆਂ ਦੋ ਕਾਪੀਆਂ ਦਿੱਲੀ ਵਿਚਲੇ ਰੂਸੀ ਸਫ਼ਾਰਤਖਾਨੇ ਨੂੰ, ਰਜਿਸਟਰੀ ਪਾਰਸਲ ਕਰਕੇ, ਭੇਜ ਦਿੱਤੀਆਂ। ਸੋ 'ਕਣਕਾਂ ਦੀ ਖੁਸ਼ਬੋ' ਰੂਸ ਪਹੁੰਚ ਗਈ। ਇਕ ਦਿਨ ਲੈਨਿਨਗਰਾਦ (ਰੂਸ) ਤੋਂ ਮੈਨੂੰ ਸ੍ਰੀਮਤੀ ਨਤਾਸ਼ਾ ਤਾਲਸਤਾਇਆ ਦੀ ਚਿੱਠੀ ਆਈ ਜਿਸ ਵਿਚ 'ਕਣਕਾਂ ਦੀ ਖੁਸ਼ਬੋ' ਵਿਚਲੀਆਂ ਮੇਰੀਆਂ ਕੁਝ ਰਚਨਾਵਾਂ ਵਿਚ ਵਰਤੇ ਸ਼ਬਦਾਂ, ਸੰਕੇਤਾਂ ਬਾਰੇ ਸਵਾਲ ਲਿਖੇ ਹੋਏ ਸਨ। ਮੈਨੂੰ ਚਿੱਠੀ ਮਿਲਣ ਦੀ ਹੈਰਾਨੀ ਭਰੀ ਖੁਸ਼ੀ ਹੋਈ। ਨਤਾਸ਼ਾ ਦੀ ਲਿਖੀ ਪੰਜਾਬੀ ਬਹੁਤ ਸੋਹਣੀ ਸੀ। ਉਹ ਪੰਜਾਬੀ ਕਵਿਤਾਵਾਂ ਦਾ ਅਨੁਵਾਦ ਰੂਸੀ ਵਿਚ ਕਰ ਰਹੀ ਸੀ। ਉਹ ਰੂਸੀ ਕਿਤਾਬ ਮੁਕੰਮਲ ਹੋ ਕੇ, ਸੰਨ 1957 ਵਿਚ ਛਪ ਗਈ। ਉਹ ਕਿਤਾਬ, 'ਪੰਜਾਬੀ ਕਵੀਆਂ ਦੀਆਂ ਕਵਿਤਾਵਾਂ', ਸਟੇਟ ਪਬਲਿਸ਼ਿੰਗ ਹਾਊਸ ਆਫ ਆਰਟਿਸਟਿਕ ਲਿਟਰੇਚਰ ਮਾਸਕੋ ਨੇ ਛਾਪੀ ਸੀ। ਉਸ ਵਿਚ ਵੱਖ-ਵੱਖ ਪੀੜ੍ਹੀਆਂ ਦੇ ਪੰਜ ਜੀਵਤ ਕਵੀਆਂ: ਭਾਈ ਵੀਰ ਸਿੰਘ, ਧਨੀ ਰਾਮ 'ਚਾਤ੍ਰਿਕ', ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਤੇ ਗੁਰਚਰਨ ਰਾਮਪੁਰੀ ਦੀਆਂ ਕਵਿਤਾਵਾਂ ਦਾ ਰੂਸੀ ਅਨੁਵਾਦ ਸੀ। ਮੇਰੀਆਂ 12 ਨਜ਼ਮਾਂ ਦਾ ਅਨੁਵਾਦ ਸ਼ਾਮਲ ਸੀ।

ਨਵਤੇਜ 1960 ਦੇ ਨੇੜੇ ਤੇੜੇ ਰੂਸ ਗਿਆ ਤਾਂ ਨਤਾਸ਼ਾ ਨੇ ਰੂਸੀ ਅਨੁਵਾਦ ਵਾਲੀ ਪੁਸਤਕ ਦੀ ਇਕ ਕਾਪੀ ਮੇਰੇ ਲਈ ਉਸ ਨੂੰ ਦਿੱਤੀ। ਨਵਤੇਜ ਕਿਸੇ ਸਾਹਿਤਕ ਕਾਨਫਰੰਸ ਉੱਤੇ ਮੈਨੂੰ ਮਿਲਿਆ ਤਾਂ ਉਸ ਨੇ ਮੈਨੂੰ ਉਹ ਕਿਤਾਬ ਦਿੱਤੀ, ਰੈਕਸੀਨ ਦੀ ਸੋਹਣੀ ਨੀਲੀ ਜਿਲਦ ਉੱਤੇ ਸੁਨਹਿਰੀ ਵੇਲ ਨੂੰ ਲੱਗੇ ਲਾਲ ਫੁੱਲ। ਮੈਂ ਨਵਤੇਜ ਦਾ ਧੰਨਵਾਦ ਕੀਤਾ, ਕਿਤਾਬ ਖੋਲ੍ਹੀ, ਰੂਸੀ ਅੱਖਰ। ਰਤਾ ਕੁ ਸੋਚਿਆ: 'ਕਾਲਾ ਅੱਖਰ ਭੈਂਸ ਬਰਾਬਰ'। ਮੈਂ ਨਵਤੇਜ ਨੂੰ ਕਿਹਾ, "ਯਾਰ ਨਵਤੇਜ! ਇਹ ਤਾਂ ਦੱਸ ਕਿ ਮੇਰੀ ਕਿਹੜੀ ਕਿਹੜੀ ਕਵਿਤਾ ਕਿਤਾਬ ਵਿਚ ਸ਼ਾਮਲ ਹੈ"? ਨਵਤੇਜ ਨੇ ਹੌਲੀ ਹੌਲੀ ਜਤਨ ਕਰਕੇ 12 ਵਿਚੋਂ ਮੇਰੀਆਂ 8 ਕਵਿਤਾਵਾਂ ਦੀ ਪਛਾਣ ਕਰ ਦਿੱਤੀ। ਮੈਨੂੰ ਬੇਹੱਦ ਸੰਤੁਸ਼ਟੀ ਅਤੇ ਖੁਸ਼ੀ ਹੋਈ।

'ਕਣਕਾਂ ਦੀ ਖੁਸ਼ਬੋ' ਦਾ ਪਹਿਲਾ ਐਡੀਸ਼ਨ ਮੁੱਕ ਗਿਆ। ਭਾਪਾ ਜੀ ਉਸ ਦਾ ਅਗਲਾ ਐਡੀਸ਼ਨ ਛਾਪਣ ਦੀ ਲੋੜ ਨਹੀਂ ਸਨ ਸਮਝਦੇ। ਮੈਂ ਪੰਜਾਬੀ ਪਬਲਿਸ਼ਰਜ਼ ਜਲੰਧਰ ਦੇ ਮਾਲਕ ਚਰਨਜੀਤ ਸਿੰਘ ਨਾਲ ਗੱਲ ਕੀਤੀ। ਉਹ ਛਾਪਣ ਲਈ ਤਿਆਰ ਹੋ ਗਏ। ਉਨ੍ਹਾਂ ਦੂਜਾ ਐਡੀਸ਼ਨ ਸੰਨ 1957 ਵਿਚ ਛਾਪਿਆ। ਇਸ ਦਾ ਤੀਜਾ ਐਡੀਸ਼ਨ ਸੰਨ 1997 ਵਿਚ ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ ਨੇ ਛਾਪਿਆ। ਇਹ ਪੁਸਤਕ ਮੇਰੀ ਸਮੁੱਚੀ ਕਵਿਤਾ 'ਅੱਜ ਤੋਂ ਆਰੰਭ ਤਕ' ਵਿਚ ਵੀ ਸ਼ਾਮਲ ਹੈ।

'ਕਣਕਾਂ ਦੀ ਖੁਸ਼ਬੋ' ਮੈਂ ਉਸ ਦਲੇਰ ਕੁੜੀ ਨੂੰ ਸਮਰਪਣ ਕੀਤੀ ਹੈ, ਜਿਸ ਨੇ ਆਪਣੇ ਮੋਹ ਦਾ ਸੁਨੇਹਾ ਦੇਣ ਲਈ ਇਕ ਦਿਲਚਸਪ ਢੰਗ ਕਢਿਆ ਸੀ। ਉਸ ਨੇ ਬਹੁਤ ਛੋਟੀ ਉਮਰ ਦੇ ਆਪਣੇ ਭਰਾ ਕੋਲ ਇਕ ਚਿਟ ਮੈਨੂੰ ਭੇਜੀ। ਉਹ ਨਿਕੜਾ ਬਾਲ ਮੇਰੇ ਕੋਲ ਆ ਕੇ ਕਹਿਣ ਲੱਗਾ, ਇਹ ਕਾਗਜ਼ ਮੇਰੀ ਭੈਣ ਜੀ ਨੇ ਭੇਜਿਆ ਹੈ। ਉਨ੍ਹਾਂ ਖਾਤਰ ਇਸ ਦੀ ਅੰਗਰੇਜ਼ੀ ਬਣਾ ਦਿਓ। ਮੈਂ ਕਾਗ਼ਜ਼ ਫੜਿਆ, ਪੜ੍ਹਿਆ। ਲਿਖਿਆ ਸੀ: "ਤੁਸੀਂ ਏਨੇ ਬੁਜ਼ਦਿਲ ਕਿਉਂ ਹੋ। ਕਦੇ ਮਿਲਦੇ ਕਿਉਂ ਨਹੀਂ"।

ਮੈਂ ਮੁਸਕਰਾਇਆ, ਮਨ ਨੇ ਲਿਖਣ ਵਾਲੀ ਦੀ ਚੁਸਤੀ ਦੀ ਦਾਦ ਦਿੱਤੀ। ਫਿਰ ਸਾਡੇ ਵਿਚਾਲ਼ੇ ਚਿੱਠੀਆਂ ਦੀ ਇਕ ਲੜੀ ਸ਼ੁਰੂ ਹੋ ਗਈ, ਜੀਹਦਾ ਹਸ਼ਰ ਓਹੀ ਹੋਇਆ ਜੋ ਹਮੇਸ਼ਾ ਹੁੰਦਾ ਹੈ। ਭਾਵ ਚਿੱਠੀਆਂ ਫੜੀਆਂ ਗਈਆਂ। ਕੁਝ ਤਣਾਅ ਪੈਦਾ ਹੋਏ ਜੋ ਸਮੇਂ ਨੇ ਮੇਸ ਦਿੱਤੇ। ਕੁਝ ਤਾਅਨੇ ਮਿਹਣੇ ਅਤੇ ਧਮਕੀਆਂ ਪਿੱਛੋਂ ਕਹਾਣੀ ਮੁੱਕ ਗਈ। ਕੁੱਝ ਯਾਦਾਂ ਛੱਡ ਗਈ ਅਤੇ ਕੁਝ ਸ਼ੇਅਰ:

*ਮੈਂ ਤੇਰੇ ਖਤ ਜਲਾ ਕੇ ਹਟਿਆ ਹਾਂ*
*ਦੇਖ ਅਗਨੀ 'ਚ ਨ੍ਹਾ ਕੇ ਹਟਿਆ ਹਾਂ।*

'ਕਣਕਾਂ ਦੀ ਖੁਸ਼ਬੋ' ਦਾ ਸਮਰਪਣ ਹੈ:

*ਮੇਰੇ ਗੀਤਾਂ ਦੀ ਰੂਹ ਦੇ*
*ਕਣਕ ਵੰਨੇ ਰੰਗ ਨੂੰ।*

ਓਸ ਕੁੜੀ ਨੂੰ ਦੇਖਿਆਂ ਪੰਜਾਹ ਵਰ੍ਹੇ ਬੀਤ ਗਏ ਨੇ। ਉਸ ਦੀ ਉਹੀ ਸੂਰਤ ਅਤੇ ਮੇਰੇ ਸ਼ੇਅਰ ਮੇਰੇ ਕੋਲ਼ ਨੇ, ਦੋਵੇਂ ਸਦਾ ਜਵਾਨ, ਮੋਹ ਭਰੇ, ਮੁਸਕਰਾਉਂਦੇ। 'ਕਣਕਾਂ ਦੀ ਖੁਸ਼ਬੋ ਸੰਨ 1953 ਵਿਚ ਛਪੀ ਸੀ। ਉਸ ਦੇ 58 ਸਾਲ ਪਿੱਛੋਂ 1 ਮਾਰਚ ਸੰਨ 2011 ਨੂੰ ਮੈਂ ਆਪਣੀਆਂ ਨਜ਼ਮਾਂ ਦੀਆਂ ਮੁੱਢਲੀਆਂ ਨੋਟ ਬੁੱਕਾਂ ਫੋਲਣ ਲੱਗਿਆ। ਇਹ ਦੇਖ ਕੇ ਮੈਂ ਹੈਰਾਨ ਰਹਿ ਗਿਆ ਕਿ ਸੰਨ 1944 ਤੋਂ ਸੰਨ 1952 ਤਕ ਮੈਂ ਅੱਠ ਸੌ ਤੋਂ ਵੱਧ ਕਵਿਤਾਵਾਂ ਲਿਖੀਆਂ ਸਨ, ਪਰ 'ਕਣਕਾਂ ਦੀ ਖੁਸ਼ਬੋ' ਵਿਚ ਸਿਰਫ਼ 35 ਕਵਿਤਾਵਾਂ ਸ਼ਾਮਲ ਕੀਤੀਆਂ। ਇਸ ਦਾ ਮਤਲਬ ਹੈ ਕਿ ਹਰ 23 ਕਵਿਤਾਵਾਂ ਵਿਚੋਂ ਸਿਰਫ ਇਕ ਕਵਿਤਾ ਮੈਂ ਪ੍ਰਕਾਸ਼ਤ ਕੀਤੀ। ਆਪਣੀਆਂ ਬਾਕੀ ਕਵਿਤਾਵਾਂ ਰੱਦ ਕਰਨ ਦਾ ਮੇਰਾ ਫੈਸਲਾ ਮੈਨੂੰ ਚੰਗਾ ਅਤੇ ਹੌਂਸਲੇ ਭਰਿਆ ਜਾਪਿਆ ਹੈ। ਸ਼ਾਇਦ ਤਾਂ ਹੀ 'ਕਣਕਾਂ ਦੀ ਖੁਸ਼ਬੋ' ਪਾਠਕਾਂ ਅਤੇ ਅਲੋਚਕਾਂ ਨੂੰ ਚੰਗੀ ਲੱਗੀ ਸੀ। ਸੋ ਇਸ ਪੁਸਤਕ ਦੇ ਤਿੰਨ ਐਡੀਸ਼ਨ ਛਪੇ। ਹਰ ਨਵੇਂ ਐਡੀਸ਼ਨ ਸਮੇਂ ਮੈਂ ਰਤਾ ਮਾਸਾ ਸੋਧਾਂ ਵੀ ਕਰਦਾ ਰਿਹਾ, ਭਾਵ ਆਪਣੀਆਂ ਗ਼ਲਤੀਆਂ ਆਪ ਕੱਢਦਾ ਰਿਹਾ ਹਾਂ। ਇਸ ਨਾਲ ਮਨ ਵਿਚ ਨਿਮਰਤਾ ਜਿਉਂਦੀ ਰਹਿੰਦੀ ਹੈ। ਲੇਖਕ ਨੂੰ ਆਪਣੀ ਲਿਖਤ ਨੂੰ ਚੰਗੇਰਾ ਬਣਾਉਣ ਲਈ ਆਪਣਾ ਮਨ ਖੁੱਲ੍ਹਾ ਰੱਖਣਾ ਚਾਹੀਦਾ ਹੈ।000

## ਗੁਰਚਰਨ ਰਾਮਪੁਰੀ ਦਾ ਵਿਛੋੜਾ

***ਪੰਜਾਬੀ ਦੇ ਨਾਮਵਰ ਸ਼ਾਇਰ ਗੁਰਚਰਨ ਰਾਮਪੁਰੀ 80 ਵਰ੍ਹਿਆਂ ਦੀ ਉਮਰ ਭੋਗ ਕੇ ਅਕਤੂਬਰ ਦੇ ਮਹੀਨੇ ਸਦੀਵੀ ਵਿਛੋੜਾ ਦੇ ਗਏ। ਪ੍ਰਗਤੀਵਾਦੀ ਲਹਿਰ ਦੀ ਚੜ੍ਹਤ ਸਮੇਂ ਪੰਜਾਹਵਿਆਂ ਵਿਚ ਉਹ ਬਹੁਤ ਹੀ ਮਕਬੂਲ ਸ਼ਾਇਰ ਸਨ, ਜਿਨ੍ਹਾਂ ਨੇ ਉਸ ਸਮੇਂ ਦੀ ਅਮਨ ਲਹਿਰ ਵਿਚ ਆਪਣੀ ਕਲਮ ਰਾਹੀਂ ਵੱਡੀ ਭੂਮਿਕਾ ਨਿਭਾਈ ਸੀ। ਪੰਜਾਬ ਵਿਚ ਸਾਹਿਤ ਸਭਾਵਾਂ ਦੀ ਲਹਿਰ ਦਾ ਆਗ਼ਾਜ਼ ਕਰਨ ਵਾਲੀ 'ਲਿਖਾਰੀ ਸਭਾ ਰਾਮਪੁਰ' ਦੇ ਉਹ ਸੰਸਥਾਪਕਾਂ ਵਿਚੋਂ ਸਨ। ਪ੍ਰਗਤੀਵਾਦੀ ਚਿੰਤਨ ਨਾਲ ਉਹਨਾਂ ਨੇ ਆਪਣੀ ਪ੍ਰਤੀਬੱਧਤਾ ਅਖੀਰ ਤਕ ਨਿਭਾਈ। ਸ਼ਾਇਰ ਹੋਣ ਤੋਂ ਇਲਾਵਾ ਉਹ ਬੇਹੱਦ ਨਫੀਸ ਇਨਸਾਨ ਸਨ ਜਿਨ੍ਹਾਂ ਨੇ ਕੈਨੇਡਾ ਪਰਵਾਸ ਤੋਂ ਪਿੱਛੋਂ ਉੱਥੇ ਪੰਜਾਬੀ ਭਾਸ਼ਾ ਤੇ ਸਾਹਿਤਕ ਗਤੀਵਿਧੀਆਂ ਨੂੰ ਅੱਗੇ ਵਧਾਉਣ ਲਈ ਸਾਰਥਕ ਅਗਵਾਈ ਦਿੱਤੀ। ਮਨੁੱਖ ਅਤੇ ਸ਼ਾਇਰ ਵਜੋਂ ਉਹ ਅਨੇਕਾਂ ਲੋਕਾਂ ਲਈ ਪ੍ਰੇਰਣਾ ਦਾ ਸੋਮਾ ਬਣੇ ਰਹੇ। ਪੰਜਾਬੀ ਸਾਹਿਤ ਸਭਿਆਚਾਰ ਨੂੰ ਉਹਨਾਂ ਦੀ ਵੱਡੀ ਦੇਣ ਨੂੰ ਚੇਤੇ ਕਰਦੇ ਹੋਏ ਅਸੀਂ ਗੁਰਚਰਨ ਰਾਮਪੁਰੀ ਨੂੰ ਸ਼ਰਧਾ ਭੇਟ ਕਰਦੇ ਹਾਂ।***



# ਰੁੱਤ ਨਾਂ ਬਦਲਣ ਦੀ ਆਈ: ਲੇਖ: ਬਲਜੀਤ ਬਾਸੀ

ਲੋਕ ਸਭਾ ਦੀਆਂ ਅਗਲੀਆਂ ਚੋਣਾਂ ਵਿਚ ਹਾਰ ਦੀ ਸੰਭਾਵਨਾ ਦੇਖਦਿਆਂ ਭਾਜਪਾ ਨੇ ਸ਼ਹਿਰਾਂ ਕਸਬਿਆਂ ਦੇ ਨਾਂ ਬਦਲਣ ਦੀ ਯੁੱਧਨੀਤੀ ਅਪਣਾ ਲਈ ਲਗਦੀ ਹੈ। ਉਂਝ ਇਸ ਨੀਤੀ ਦਾ ਆਰੰਭ ਦਿੱਲੀ ਦੀ ਔਰੰਗਜ਼ੇਬ ਰੋਡ ਦਾ ਨਾਂ ਬਦਲ ਕੇ 'ਏਪੀਜੇ ਅਬਦੁਲ ਕਲਾਮ ਰੋਡ' ਰੱਖਣ ਤੋਂ ਹੀ ਹੋ ਗਿਆ ਸੀ। ਇਹ ਨਾਂ ਬੀਜੇਪੀ ਦੇ ਐੱਮ.ਪੀ. ਮਹੇਸ਼ ਗਿਰੀ ਨੇ ਬਦਲਵਾਇਆ ਸੀ, ਜਿਸ ਨੂੰ ਬਾਅਦ ਵਿਚ ਸ਼ਿਵਾਜੀ ਪੁਰਸਕਾਰ ਨਾਲ ਨਵਾਜਿਆ ਗਿਆ। ਸਨਮਾਨ ਮਿਲਣ ਸਮੇਂ ਉਸ ਕਿਹਾ ਸੀ, 'ਆਜ ਕੀ ਭਾਸ਼ਾ ਮੇਂ ਔਰੰਗਜ਼ੇਬ ਟੈਰਰਿਸਟ ਹੈ'। ਫਿਰ ਹਰਿਆਣਾ ਦੇ ਗੁੜਗਾਵਾਂ ਦਾ ਨਾਂ ਬਦਲ ਕੇ ਗੁਰੂਗ੍ਰਾਮ ਰੱਖ ਦਿੱਤਾ ਗਿਆ। ਮੈਂ ਇਸ ਪ੍ਰਵਿਰਤੀ 'ਤੇ ਲਿਖਣ ਬਾਰੇ ਸੋਚ ਹੀ ਰਿਹਾ ਸਾਂ ਕਿ ਇਕ ਦਿਨ ਅਚਾਨਕ ਇਸ ਬਾਰੇ ਇਕ ਵੈੱਬ ਪਰਚੇ scrollin ਵਿਚ ਸ਼ੋਏਬ ਦਨਿਆਲ ਦੁਆਰਾ ਲਿਖਿਆ ਦਿਲਚਸਪ ਆਰਟੀਕਲ ਪੜ੍ਹਨ ਨੂੰ ਮਿਲਿਆ ਜੋ ਲਗਪਗ ਮੇਰੇ ਹੀ ਵਿਚਾਰਾਂ ਦੀ ਤਰਜਮਾਨੀ ਕਰਦਾ ਸੀ, ਮੇਰਾ ਕੰਮ ਕੁਝ ਸੁਖਾਲ਼ਾ ਹੋ ਗਿਆ।

ਹਾਲ ਹੀ ਵਿਚ ਯੂਪੀ ਦੇ ਮੁਗਲਸਰਾਇ ਰੇਲਵੇ ਸਟੇਸ਼ਨ ਦਾ ਨਾਂ ਬਦਲ ਕੇ 'ਦੀਨ ਦਿਆਲ ਉਪਾਧਿਆਇ' ਰੱਖਿਆ ਗਿਆ ਹੈ; ਫਿਰ ਅਲਾਹਾਬਾਦ ਨੂੰ ਪ੍ਰਯਾਗਰਾਜ ਅਤੇ ਫੈਜ਼ਾਬਾਦ ਜ਼ਿਲ੍ਹੇ ਨੂੰ ਅਯੋਧਿਆ ਕਿਹਾ ਜਾਣ ਦਾ ਫਰਮਾਨ ਹੋਇਆ। ਜ਼ਿਬਹ ਹੋਣ ਵਾਲੇ ਹੋਰ ਸਥਾਨ-ਨਾਂ ਹਨ: ਯੂਪੀ ਦੇ ਮੁਜ਼ੱਫਰਨਗਰ, ਆਗਰਾ, ਸੁਲਤਾਨਪੁਰ; ਤਿਲੰਗਾਨਾ ਦੇ ਹੈਦਰਾਬਾਦ, ਸਿਕੰਦਰਾਬਾਦ; ਗੁਜਰਾਤ ਦਾ ਅਹਿਮਦਾਬਾਦ। ਅਹਿਮਦਾਬਾਦ ਸ਼ਹਿਰ ਦਾ ਨਾਂ ਪੰਦ੍ਰਵੀਂ ਸਦੀ ਵਿਚ ਗੁਜਰਾਤ ਦੇ ਸੁਲਤਾਨ ਅਹਿਮਦ ਸ਼ਾਹ ਦੇ ਨਾਂ 'ਤੇ ਰੱਖਿਆ ਗਿਆ ਸੀ। ਹਿੰਦੂਤਵਵਾਦੀ ਸ਼ਕਤੀਆਂ ਅਨੁਸਾਰ 'ਇਹ ਨਾਂ ਗੁਲਾਮੀ ਦੇ ਚਿੰਨ੍ਹ ਹਨ'।

ਹਿੰਦੂਤਵਵਾਦੀ ਵਿਚਾਰਧਾਰਕਾਂ/ਇਤਿਹਾਸਕਾਰਾਂ ਅਨੁਸਾਰ ਮਧਯੁੱਗ ਦੇ ਮੁਸਲਮਾਨ ਸੁਲਤਾਨਾਂ, ਬਾਦਸ਼ਾਹਾਂ ਦੇ ਰਾਜ ਬਸਤੀਵਾਦੀ ਸਨ। ਇਹ ਲੋਕ ਅਕਸਰ ਹੀ 1200 ਸਾਲ ਦੇ ਬਦੇਸ਼ੀ ਰਾਜ ਦੀ ਗੱਲ ਕਰਦੇ ਹਨ। ਉਹ ਭੁੱਲ ਜਾਂਦੇ ਹਨ ਕਿ ਇਨ੍ਹਾਂ ਮੁਸਲਮਾਨ ਹਾਕਮਾਂ ਨੇ ਅੰਤਮ ਤੌਰ 'ਤੇ ਭਾਰਤ ਨੂੰ ਹੀ ਆਪਣਾ ਦੇਸ਼ ਅਪਣਾਇਆ; ਉਹ ਅੰਗਰੇਜ਼ ਸ਼ਾਸਕਾਂ ਦੀ ਤਰ੍ਹਾਂ ਸਾਮਰਜੀ ਨਹੀਂ ਸਨ ਜਿਨ੍ਹਾਂ ਸਾਡਾ ਦੇਸ਼ ਲੁੱਟ ਕੇ ਆਪਣਾ ਦੇਸ਼ ਭਰਿਆ। ਪਰਜਾ 'ਤੇ ਅਥਾਹ ਜ਼ੁਲਮ ਹਿੰਦੂ ਰਾਜਿਆਂ ਮਹਾਰਾਜਿਆਂ ਸਮੇਤ ਮਧਯੁੱਗ ਦੇ ਸਾਰੇ ਹੀ ਹਾਕਮ ਕਰਦੇ ਰਹੇ ਹਨ। ਤਥਾਕਥਿਤ ਇਸਲਾਮੀ ਗ਼ੁਲਾਮੀ ਦਾ ਜਿਉਂਦਾ ਜਾਗਦਾ ਸਬੂਤ ਦਰਸਾਉਣ ਲਈ ਉਹ ਕਈ ਸਥਾਨਾਂ ਦੇ ਫਾਰਸੀ ਨਾਵਾਂ 'ਤੇ ਉਂਗਲੀ ਰੱਖਦੇ ਹਨ ਕਿਉਂਕਿ ਇਨ੍ਹਾਂ ਮੁਸਲਮਾਨ ਹਾਕਮਾਂ ਨੇ ਇਸੇ ਭਾਸ਼ਾ ਦੀ ਸਰਪ੍ਰਸਤੀ ਕੀਤੀ। ਦਰਅਸਲ ਫਾਰਸੀ ਤੇ ਕੁਝ ਹੱਦ ਤੀਕ ਅਰਬੀ ਜ਼ੁਬਾਨਾਂ ਭਾਰਤੀ ਸਭਿਆਚਾਰਕ ਜ਼ਿੰਦਗੀ ਦੇ ਹਰ ਖੇਤਰ ਵਿਚ ਧਸੀਆਂ ਹੋਈਆਂ ਹਨ। ਉਰਦੂ ਦਾ ਤਾਂ ਨਿਰਮਾਣ ਹੀ ਫਾਰਸੀ ਹਿੰਦੀ ਦੇ ਮੇਲ ਤੋਂ ਹੋਇਆ ਹੈ। ਉਤਰੀ ਭਾਰਤ ਦੀਆਂ ਭਾਸ਼ਾਵਾਂ ਵਿਚ ਇਸ ਦਾ ਪ੍ਰਭਾਵ ਬਹੁਤ ਅਧਿਕ ਦੇਖਣ ਨੂੰ ਮਿਲਦਾ ਹੈ। ਇਸ ਖਿੱਤੇ ਦੇ ਬਹੁਤ ਸਾਰੇ ਸਥਾਨ-ਨਾਂ ਫਾਰਸੀ ਜਾਂ ਅਰਬੀ ਭਾਸ਼ਾ ਦੇ ਹਨ। ਵਿਡੰਬਨਾ ਹੈ ਕਿ 'ਹਿੰਦ' ਫਾਰਸੀ ਅਸਲੇ ਦਾ ਸ਼ਬਦ ਹੈ ਤੇ ਇਸ ਤੋਂ ਬਣਿਆ ਹਿੰਦੂਤਤਵ ਵੀ। ਇਸ ਤਰ੍ਹਾਂ 'ਹਿੰਦੀ, ਹਿੰਦੂ, ਹਿੰਦੁਸਤਾਨ' ਦਾ ਨਾਹਰਾ ਹੀ ਫਾਰਸੀ ਭਾਸ਼ਾ ਵਿਚ ਲਪੇਟਿਆ ਪਿਆ ਹੈ।

ਉਤਰ ਪ੍ਰਦੇਸ਼ ਦੇ 45 ਵੱਡੇ ਸ਼ਹਿਰਾਂ ਦੇ ਨਾਂ ਫਾਰਸੀ-ਅਰਬੀ ਲਫ਼ਜ਼ਾਂ ਤੋਂ ਬਣੇ ਹਨ। ਦੇਸ਼ ਦੇ ਕਈ ਸਥਾਨ-ਨਾਵਾਂ ਵਿਚ ਅਗੇਤਰ ਪਿਛੇਤਰ ਫਾਰਸੀ ਅਰਬੀ ਵਾਲੇ ਹਨ। ਮਿਸਾਲ ਵਜੋਂ

ਫਰੀਦਾਬਾਦ, ਫਤਿਹਬਾਦ ਆਦਿ ਵਿਚਲਾ 'ਆਬਾਦ'; ਸ਼ਕੂਰ ਬਸਤੀ, ਬਸੀ ਕਾਸੋ, ਬਸੀ ਦੌਲਤ ਖਾਂ, ਵਿਚਲਾ 'ਬਸਤੀ' ਜਾਂ 'ਬਸੀ', ਯੂਪੀ ਦੇ ਇਕ ਸ਼ਹਿਰ ਦਾ ਨਾਂ ਹੀ ਬਸਤੀ ਹੈ; ਪੋਰਬੰਦਰ, ਬੋਰੀਬੰਦਰ ਵਿਚਲਾ 'ਬੰਦਰ'; ਬੰਦਰਗਾਹ ਸ਼ਬਦ ਵਿਚ ਵੀ ਬੰਦਰ ਬੋਲਦਾ ਹੈ; ਰਕਾਬ ਗੰਜ, ਪਹਾੜਗੰਜ, ਹਜ਼ਰਤ ਗੰਜ, ਮਕਲੋਡ ਗੰਜ ਆਦਿ ਵਿਚਲਾ ਮਾਰਕਟ ਦੇ ਅਰਥਾਂ ਵਾਲਾ 'ਗੰਜ'; ਬੁਲੰਦਸ਼ਹਿਰ, ਸਦੂਲਸ਼ਹਿਰ ਵਿਚਲਾ 'ਸ਼ਹਿਰ'; ਚਾਰਬਾਗ, ਕਰੋਲਬਾਗ ਵਿਚਲਾ 'ਬਾਗ'; ਸਿਰਾਏ ਕਾਲੇ ਖਾਂ, ਸਰਾਇ ਰੋਹੀਲਾ ਵਿਚਲਾ 'ਸਿਰਾਇ' ਇਤਿਆਦਿ । ਉਤਰੀ ਭਾਰਤ ਦੇ ਤਾਂ ਪਿੰਡਾਂ ਕਸਬਿਆਂ ਦੇ ਨਾਵਾਂ ਵਿਚ ਵੀ ਫਾਰਸੀ ਵਸੀ ਹੋਈ ਹੈ। ਵੱਡੇ ਪਿੰਡ ਲਈ ਵਰਤਿਆ ਜਾਂਦਾ 'ਕਲਾਂ' ਜਿਵੇਂ ਰੁੜਕਾ ਕਲਾਂ ਅਤੇ ਛੋਟੇ ਪਿੰਡ ਲਈ ਵਰਤਿਆ ਜਾਂਦਾ 'ਖੁਰਦ' ਫਾਰਸੀ ਪਿਛੇਤਰ ਹਨ। ਇਸੇ ਤਰ੍ਹਾਂ ਮਾਜਰਾ/ਮਜਾਰਾ ਤੇ ਮਜਾਰਾ/ਮਜਾਰੀ ਹਨ। ਅਜੇ ਅਸੀਂ ਬਾਜ਼ਾਰਾਂ, ਚੌਕਾਂ, ਮੁਹੱਲਿਆਂ, ਗਲੀਆਂ, ਕੂਚਿਆਂ, ਪੱਤੀਆਂ ਦੇ ਨਾਵਾਂ ਦੀ ਗੱਲ ਨਹੀਂ ਛੇੜੀ।

ਸਥਾਨ-ਨਾਵਾਂ ਦੀ ਹੀ ਗੱਲ ਨਹੀਂ, ਹੋਰ ਖੇਤਰਾਂ ਦੀ ਬਹੁਤ ਸਾਰੀ ਸ਼ਬਦਾਵਲੀ ਵੀ ਇਨ੍ਹਾਂ ਜ਼ਬਾਨਾਂ ਨਾਲ ਤੁਅਲਕ ਰੱਖਦੀ ਹੈ ਜਿਵੇਂ ਪ੍ਰਸ਼ਾਸਕੀ : ਜ਼ਿਲ੍ਹਾ, ਤਹਿਸੀਲ, ਤਾਅਲੁਕਾ, ਅਦਾਲਤ, ਕੋਤਵਾਲੀ, ਆਦਿ; ਸੈਨਾ ਸੰਬੰਧੀ: ਫੌਜ, ਸਿਪਾਹੀ, ਸੂਬੇਦਾਰ, ਹਵਾਲਦਾਰ ਆਦਿ ਕਥਿਤ ਗ਼ੁਲਾਮੀ ਦੇ ਚਿੰਨ੍ਹ ਹਨ। ਸੋਲ੍ਹਵੀਂ ਸਦੀ ਦੇ ਗੋਸਵਾਮੀ ਤੁਲਸੀ ਦਾਸ ਨੇ 'ਰਾਮਚਰਿਤਮਾਨ' ਵਿਚ 'ਗਰੀਬ ਨਵਾਜ' ਸ਼ਬਦ ਵਰਤਿਆ ਹੈ ਜੋ ਫਾਰਸੀ 'ਗ਼ਰੀਬ ਨਿਵਾਜ' ਦਾ ਤਦਭਵ ਹੈ,

*ਰਘੁਵਰ ਤੁਮਕੋ ਮੇਰੀ ਲਾਜ, ਸਦਾ ਸਦਾ ਮੈਂ ਸ਼ਰਨ ਤੋਹਾਰੀ, ਤੁਮ ਹੋ ਗਰੀਬ ਨਵਾਜ।*

ਹਿੰਦੀ 'ਦੀਨ ਦਿਆਲ' ਇਸੇ ਗਰੀਬ ਨਵਾਜ ਦਾ ਹੂ-ਬ-ਹੂ ਤਰਜਮਾ ਹੈ। ਦਿਲਚਸਪ ਗੱਲ ਹੈ ਕਿ ਦਾਰਾ ਸ਼ਿਕੋਹ ਨੇ ਤੁਲਸੀ ਰਾਮਾਇਣ ਦਾ ਫਾਰਸੀ ਵਿਚ ਅਨੁਵਾਦ ਕੀਤਾ ਜੋ ਕੁਰਾਨ ਦੀ ਤਰ੍ਹਾਂ 'ਬਿਸਮਿੱਲਾ ਅਰ-ਰਹਿਮਾਨ ਅਰ-ਰਹੀਮ' ਨਾਲ ਸ਼ੁਰੂ ਹੁੰਦਾ ਹੈ। ਤੁਲਸੀ ਦਾਸ ਵੱਲੋਂ ਫਾਰਸੀ ਅਰਬੀ ਦੇ ਵਰਤੇ ਕੁਝ ਹੋਰ ਤਤਸਮ ਤਦਭਵ ਸ਼ਬਦ ਹਨ: ਸਾਹਿਬੀ, ਖੱਜਲ, ਸਹਿਨਾਈ, ਪੀਲ, ਸਰੀਕਤਾ (ਸ਼ਰੀਫ), ਮਿਸਕੀਨਤਾ, ਅਬਾਰੀ, ਬਲਾਈ, ਹਲਕ, ਅਕਾਸ, ਗਨੀ, ਤਾਜ, ਹਾਲ, ਖਾਸ, ਖਲਕ ਖਵਾਸ, ਖਸਮ, ਜਹਾਨ, ਜਮਾਤ ਬਕਸੀਸ, ਦਰਬਾਰ, ਕਸਮ, ਗੁਮਾਨ ਗਰੂਰ, ਮਸੀਹ, ਨਿਸਾਨ ਆਦਿ। ਹੋਰ ਤਾਂ ਹੋਰ 'ਸਰਦਾਰ' ਪਟੇਲ ਜਿਸ ਨੂੰ ਏਨਾ ਚੁੱਕਿਆ ਗਿਆ ਹੈ, ਵੀ ਬੌਨਾ ਰਹਿ ਜਾਵੇਗਾ; ਗਾਂਧੀ ਦੇ ਚਰਖੇ ਤੇ ਆਜ਼ਾਦ ਹਿੰਦ ਫੌਜ ਤੋਂ ਵਿਰਵੇ ਰਹਿ ਜਾਵਾਂਗੇ, ਜਵਾਹਰ ਲਾਲ ਨਹਿਰੂ ਅਤੇ ਲਾਲ ਬਹਾਦਰ ਸ਼ਾਸਤਰੀ ਦੇ ਪਹਿਲੇ ਨਾਂ ਵੀ ਇਤਿਹਾਸ 'ਚੋਂ ਮਿਟ ਜਾਣਗੇ। ਅਸੀਂ ਅਜੇ ਤਖ਼ੱਲਸਾਂ ਦੀ ਗੱਲ ਨਹੀਂ ਕਰਦੇ। ਮਧ-ਯੁੱਗ ਵਿਚ ਹੋਂਦ ਵਿਚ ਆਏ ਬਹੁਤ ਸਾਰੇ ਹਿੰਦੂਆਂ ਦੇ ਉਪਨਾਮ ਅਰਬੀ ਫਾਰਸੀ ਸ਼ਬਦਾਂ ਤੋਂ ਬਣੇ। ਮਿਸਾਲ ਵਜੋਂ ਸਰਫ਼ (ਸ਼ਰੋਫ ਤੋਂ), ਮਲਿਕ, ਮਜੂਮਦਾਰ, ਫੋਤੇਦਾਰ, ਫੜਨਵੀਸ, ਤਲੁਕਦਾਰ, ਸਰਕਾਰ, ਸਿਕਦਾਰ, ਕਾਨੂੰਗੋ, ਦਪਤਰੀ, ਦੀਵਾਨ ਆਦਿ। ਰਾਸ਼ਟਰੀ ਹਿੱਤ ਲਈ ਕਈ ਗਾਲ੍ਹਾਂ ਵੀ ਖਾਰਜ ਕਰਨੀਆਂ ਪੈਣਗੀਆਂ ਜਿਵੇਂ ਮਾਦਰ ਚੋਦ, ਗਾਂਡੂ, ਹਰਾਮਜ਼ਾਦਾ, ਕਮੀਨਾ, ਅਹਮਕ।

ਵੱਡਿਆਂ ਲਈ ਸਤਿਕਾਰ ਵਜੋਂ ਵਰਤਿਆ ਜਾਂਦਾ ਬਾਬਾ ਸ਼ਬਦ ਫਾਰਸੀ ਦਾ ਹੈ। ਦੁਰਗਾ ਮਾਤਾ ਨੂੰ 'ਸ਼ੇਰਾਂਵਾਲੀ' ਮਾਤਾ ਕਿਹਾ ਜਾਂਦਾ ਹੈ, ਇਸ ਵਿਚੋਂ ਫਾਰਸੀ ਸ਼ੇਰ ਨੂੰ ਖਾਰਜ ਕਰਕੇ ਬਣੇ 'ਸਿੰਘਾਂਵਾਲੀ' ਸ਼ਬਦ ਨੂੰ ਬੋਲ ਕੇ ਦੇਖੋ ਭਲਾ। ਪ੍ਰਧਾਨ ਮੰਤਰੀ ਮੋਦੀ ਵੱਲੋਂ ਪਹਿਨਿਆ ਜਾਂਦਾ ਕੁੜਤਾ, ਪਜਾਮਾ ਤੇ ਚਸ਼ਮਾ ਫਾਰਸੀ ਹਨ। ਸਲਵਾਰ, ਕਮੀਜ਼, ਸ਼ੇਰਵਾਨੀ, ਦਸਤਾਰ, ਗਰਗਾਬੀ, ਜੁਰਾਬਾਂ, ਸਾਬਣ, ਕਾਗਜ਼, ਤਕੀਆ, ਦੀਵਾਰ, ਪੜਦਾ, ਤੰਦੂਰ ਸਭ 1200 ਸਾਲ ਦੀ ਗੁਲਾਮੀ ਦੀ ਹੀ ਨਿਸ਼ਾਨੀ ਹਨ!

ਇਸਲਾਮ ਦੇ ਪ੍ਰਭਾਵ ਨੂੰ ਹਟਾ ਦੇਈਏ ਤਾਂ ਬੱਚਿਆਂ ਦੀ 'ਚੀਜੀ' ਸਮੇਤ ਸਾਡੇ ਕੋਲ ਸ਼ਾਇਦ



ਹੀ ਕੋਈ ਚੱਜ ਦੀ ਖਾਣ ਵਾਲੀ ਮਿੱਠੀ ਨਮਕੀਨ ਚੀਜ਼ ਰਹਿ ਜਾਵੇਗੀ। ਸਬਜ਼ੀ, ਪਿਆਜ਼, ਸ਼ਲਗਮ, ਅਨਾਰ, ਆਲੂਬੁਖਾਰਾ, ਤਰਬੂਜ਼, ਖਰਬੂਜ਼ਾ; ਹਲਵਾ, ਜਲੇਬੀ, ਬਰਫੀ, ਸਮੋਸੇ ਤੇ ਫਿਰ ਪੁਲਾਅ, ਰੋਗਨਜੋਸ਼, ਬਰਿਆਨੀ ਜਿਹੇ ਚੰਗੇ ਚੋਸੇ ਕਿਵੇਂ ਚੱਖਾਂਗੇ? ਦਾਰੂ ਤੇ ਸ਼ਰਾਬ ਨਹੀਂ ਮਿਲਣਗੇ ਤੇ ਨਾ ਹੀ ਨਾਲ ਨੂੰ ਨੁਕਲ ਤੇ ਨਮਕ।

ਮੈਂ ਅਨੁਮਾਨ ਲਾਉਂਦਾ ਹਾਂ ਕਿ ਜੇ ਫਾਰਸੀ ਅਰਬੀ ਵਾਲੇ ਨਾਂ ਜਾਂ ਲਫਜ਼ ਬਦਲਣ ਦਾ ਭੁਆਰਾ ਪੰਜਾਬ ਵਿਚ ਫੈਲ ਗਿਆ ਤਾਂ ਗੱਲ ਕਿੱਥੇ ਕੁ ਤਕ ਜਾਵੇਗੀ। ਇਸਲਾਮ ਅਤੇ ਅਰਬੀ ਫਾਰਸੀ ਦੀ ਸਭ ਤੋਂ ਵੱਧ ਮਾਰ ਤਾਂ ਪੰਜਾਬ 'ਤੇ ਪਈ ਸੀ। ਪਰ ਇਤਿਹਾਸਕ, ਭੂਗੋਲਕ ਕਾਰਨਾਂ ਕਰਕੇ ਪੰਜਾਬੀ ਅਤੇ ਸਿੱਖ ਏਨੇ ਕੱਟੜ ਨਹੀਂ ਹਨ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਨ੍ਹਾਂ ਜ਼ੁਬਾਨਾਂ ਦੇ ਲਫ਼ਜ਼ਾਂ ਨਾਲ ਲਬਰੇਜ਼ ਹੈ। ਗੁਰੂ ਨਾਨਕ ਨੇ ਤਾਂ ਇਕ ਸ਼ਬਦ ਹੀ ਫਾਰਸੀ ਵਿਚ ਰਚਿਆ ਹੈ। ਸਿੱਖ ਧਰਮ ਨਾਲ ਸੰਬੰਧਤ ਚੰਗੀ ਖਾਸੀ ਸੰਕਲਪ ਸ਼ਬਦਾਵਲੀ ਅਰਬੀ ਫਾਰਸੀ ਵਾਲੀ ਹੈ: ਬੇਗਮਪੁਰਾ, ਖਾਲਸਾ, ਸਾਹਿਬ, ਅਰਦਾਸ, ਸੱਚਾ ਪਾਤਸ਼ਾਹ, ਅਕਾਲ ਤਖ਼ਤ, ਨਜ਼ਰ, ਹੁਕਮਨਾਮਾ, ਮੀਰੀ ਪੀਰੀ, ਤਨਖਾਹ, 'ਵਾਹਿਗੁਰੂ ਜੀ ਕੀ ਫਤਿਹ' ਵਿਚਲਾ ਫਤਿਹ, ਦਰਬਾਰ, ਜ਼ਫ਼ਰਨਾਮਾ, ਨੌਵੇਂ ਗੁਰੂ ਦਾ ਨਾਂ ਤੇਗ ਬਹਾਦਰ; ਦੋ ਸਾਹਿਬਜ਼ਾਦਿਆਂ ਦੇ ਨਾਂ; ਬੰਦਾ ਬਹਾਦਰ; ਰੁਮਾਲਾ ਸਾਹਿਬ, ਦੇਗ਼, ਲੰਗਰ, ਮਹਲ, ਜਲੂਸ ਆਦਿ ਫਾਰਸੀ ਅਰਬੀ ਦੇ ਰਿਣੀ ਹਨ। ਪੰਜਾਂ ਦਰਿਆਵਾਂ ਦੀ ਧਰਤੀ 'ਪੰਜਾਬ' ਤੇ ਇਸਦੀ ਭਾਸ਼ਾ 'ਪੰਜਾਬੀ' ਫਾਰਸੀ ਸ਼ਬਦਾਂ ਪੰਜ+ਆਬ ਤੋਂ ਬਣੇ ਹਨ। ਸਭ ਗੁਰੂਆਂ, ਗੁਰਦਵਾਰਿਆਂ ਅਤੇ ਸਿੱਖਾਂ ਦੇ ਇਤਿਹਾਸਕ ਸਥਾਨਾਂ ਦੇ ਨਾਵਾਂ ਪਿੱਛੋਂ ਸਾਹਿਬ ਉਤਾਰਨਾ ਹੋਵੇਗਾ।

ਕਾਹਲੀ ਕਾਹਲੀ ਮੇਰੇ ਦਿਮਾਗ ਵਿਚ ਪੰਜਾਬ ਦੇ ਕੁਝ ਸ਼ਹਿਰਾਂ ਤੇ ਕਸਬਿਆਂ ਦੇ ਨਾਂ ਆਉਂਦੇ ਹਨ ਜਿਨ੍ਹਾਂ ਵਿਚੋਂ ਅਰਬੀ ਫਾਰਸੀ ਨਿਤਾਰਨੀ ਪਵੇਗੀ: ਫਿਰੋਜ਼ਪੁਰ, ਫਾਜ਼ਿਲਕਾ, ਫਰੀਦਕੋਟ, ਲੁਧਿਆਣਾ, ਨਵਾਂ ਸ਼ਹਿਰ, ਹੁਸ਼ਿਆਰਪੁਰ, ਜਲਾਲਾਬਾਦ, ਫਤਿਹਗੜ੍ਹ, ਬਸੀ ਪਠਾਣਾਂ, ਸੁਲਤਾਨਪੁਰ, ਕਾਦੀਆਂ, ਅਹਿਮਦਗੜ੍ਹ, ਦੌਲਤਪੁਰ, ਫਤਿਹਨੰਗਲ, ਹਾਜੀਪੁਰ, ਹੁਸੈਨੀਵਾਲਾ, ਕੋਟ ਈਸੇ ਖਾਂ, ਮਲੇਰਕੋਟਲਾ, ਮੀਰਪੁਰ, ਮੁੱਲਾਂਪੁਰ, ਨੂਰਮਹਿਲ, ਸ਼ਾਹਕੋਟ, ਅਲਾਵਾਲਪੁਰ, ਬਹਿਰਾਮਪੁਰ, ਬੇਗੋਵਾਲ ਆਦਿ। ਪੰਜਾਬ ਨੇ ਸ਼ਹਿਰਾਂ ਦੇ ਨਾਂ ਬਦਲ ਕੇ ਦੇਖ ਲਏ ਹਨ। ਭਲਾ ਮੁਹਾਲੀ ਨੂੰ 'ਸਾਹਿਬਜ਼ਾਦਾ ਅਜੀਤ ਸਿੰਘ ਨਗਰ' ਤੇ ਨਵਾਂ ਸ਼ਹਿਰ ਨੂੰ 'ਸ਼ਹੀਦ ਭਗਤ ਸਿੰਘ ਨਗਰ' ਕੌਣ ਕਹਿੰਦਾ ਹੈ? ਫਿਰ ਭਗਤ ਇਤਰਾਜ਼ ਕਰਦੇ ਹਨ ਸਰਕਾਰ ਜਾਂ ਲੋਕਾਂ ਦੀ ਮਹਾਂਪੁਰਸ਼ਾਂ ਪ੍ਰਤੀ ਸ਼ਰਧਾ ਨਹੀਂ। ਨਾਂ ਹਮੇਸ਼ਾ ਮੂੰਹ ਚੜ੍ਹਨ ਵਾਲੇ ਹੀ ਚਲਦੇ ਹਨ। ਮਹਾਂਪੁਰਸ਼ਾਂ ਜਾਂ ਇਤਿਹਾਸਕ ਘਟਨਾਵਾਂ ਦੀਆਂ ਯਾਦਗਾਰਾਂ ਲਈ ਨਵੇਂ ਸ਼ਹਿਰ, ਨਗਰ, ਬਸਤੀਆਂ, ਮਹੱਲੇ ਆਦਿ ਵਸਾਏ ਜਾ ਸਕਦੇ ਹਨ ਤੇ ਹੋਰ ਪਰਾਜੈਕਟ ਸ਼ੁਰੂ ਕੀਤੇ ਜਾ ਸਕਦੇ ਹਨ।

ਅਰਬੀ ਫਾਰਸੀ ਤੋਂ ਖਹਿੜਾ ਛੁਡਾਉਣ ਵਾਲੀ ਗੱਲ ਨਵੀਂ ਨਹੀਂ। 1955 ਵਿਚ ਕੰਮ ਕਾਜ ਲਈ ਪ੍ਰਯੁਕਤ ਸੰਸਕ੍ਰਿਤ ਆਧਾਰਤ ਸਰਕਾਰੀ ਸ਼ਬਦਾਵਲੀ ਘੜਨ ਹਿੱਤ ਕਮਿਸ਼ਨ ਗਠਤ ਕੀਤਾ ਗਿਆ ਸੀ। ਕਿਧਰ ਗਏ ਉਸ ਸਮੇਂ ਘੜੇ ਗਏ ਜੀਭ-ਦੁਖਾਊ ਸ਼ਬਦ ਵਿਦਯੁਤ ਪਰਸਾਰਨ (ਰੇਡੀਓ), ਲੋਹਪਤ ਗਮਨੀ (ਰੇਲਗੱਡੀ) ਆਦਿ? ਫਾਰਸੀ ਪਿਛੋਕੜ ਵਾਲੇ ਸ਼ਬਦ ਕਾਇਮ ਦਾਇਮ ਹਨ ਤੇ ਨਾਲ ਦੀ ਨਾਲ ਅੰਗਰੇਜ਼ੀ ਦੇ ਸ਼ਬਦ ਵੀ ਧੜਾ ਧੜ ਵੜੀ ਜਾ ਰਹੇ ਹਨ। ਭਾਸ਼ਾਵਾਂ ਅਲਹਿਦਗੀ ਵਿਚ ਨਹੀਂ ਵਿਚਰਦੀਆਂ ਤੇ ਨਾ ਹੀ ਵਧਦੀਆਂ ਫੁੱਲਦੀਆਂ ਹਨ। ਸ਼ਬਦਾਂ ਦਾ ਇਤਿਹਾਸ ਨਾਲ ਨਹੁੰ-ਮਾਸ ਵਾਲਾ ਰਿਸ਼ਤਾ ਹੁੰਦਾ ਹੈ। ਅਨੇਕਾਂ ਧਰਮਾਂ, ਜਾਤੀਆਂ, ਖਿੱਤਿਆਂ, ਜ਼ਬਾਨਾਂ ਦੇ ਮਿਲਨ ਨਾਲ ਭਾਰਤੀ ਸਭਿਅਤਾ ਅਮੀਰ ਹੋਈ ਹੈ ਤੇ ਭਾਸ਼ਾਵਾਂ ਦੀ ਅਭਿਵਿਕਤੀ ਵਿਚ ਵਾਧਾ ਹੋਇਆ ਹੈ। ਜੇ ਕਲ੍ਹ ਨੂੰ ਕੋਈ ਇਲਾਹਾਬਾਦੀ ਆਪਣੇ ਆਪ ਨੂੰ ਪਰਯਾਗਰਾਜੀ ਕਹਾਉਣ ਲੱਗ ਪਏ ਤਾਂ ਪਤਾ ਚੱਲੇਗਾ ਕਿ ਨਾਂ ਬਦਲਣ ਵਾਲੇ ਲੋਕ ਕਿੱਥੇ ਕੁ ਤਕ ਸਫਲ ਹੋਏ ਹਨ।00

***(8345 Opal Drive, Westland MI 48185 U.S.A.)***

# ਪੰਜਾਬੀ ਸਾਹਿਤ ਆਲੋਚਨਾ: ਨਿਬੰਧ: ਜੋਗਿੰਦਰ ਸਿੰਘ ਕੈਰੋਂ

ਜਦੋਂ ਤਕ ਮੈਂ ਵਿਸ਼ਵ ਸਾਹਿਤ ਆਲੋਚਨਾ ਵਿਧੀਆਂ ਤੋਂ ਵਾਕਿਫ਼ ਨਹੀਂ ਸੀ ਹੋਇਆ, ਉਸ ਸਮੇਂ ਤਕ ਮੈਂ ਪੰਜਾਬੀ ਸਾਹਿਤ ਆਲੋਚਨਾ ਨੂੰ ਬੜੀ ਠੀਕ ਅਤੇ ਪਾਏਦਾਰ ਸਮਝਦਾ ਰਿਹਾ ਸੀ। ਪਰੰਤੂ, ਸੰਸਾਰ ਪੱਧਰ ਉਪਰ ਚੱਲ ਰਹੀਆਂ ਸਾਹਿਤ ਆਲੋਚਨਾ ਵਿਧੀਆਂ ਨੂੰ ਪੜ੍ਹ ਕੇ ਇਹ ਸਮਝ ਲੱਗੀ ਹੈ ਕਿ ਪੰਜਾਬੀ ਸਾਹਿਤ ਆਲੋਚਨਾ ਪਾਸ ਕੋਈ ਵੀ ਵਿਗਿਆਨਕ ਵਿਧੀ ਨਹੀਂ, ਇਹੋ ਹੀ ਇਸ ਦੀ ਤ੍ਰਾਸਦੀ ਹੈ। ਇਸ ਦੀ ਇਕ ਤ੍ਰਾਸਦੀ ਇਹ ਵੀ ਹੈ ਕਿ ਇਹ ਆਤਮਪਰਕਤਾ ਉਪਰ ਆਧਾਰਿਤ ਰਹਿੰਦੀ ਹੈ। ਆਤਮਪਰਕਤਾ ਨੂੰ ਅਸੀਂ ਇਕ ਛੋਟੀ ਜਿਹੀ ਕਹਾਣੀ ਨਾਲ ਸਮਝਣ ਦਾ ਯਤਨ ਕਰਦੇ ਹਾਂ। ਇਕ ਵਾਰ ਇਕ ਮੁੰਡੇ ਨੂੰ ਭੁੱਖ ਲੱਗੀ ਤਾਂ ਉਸ ਨੇ ਆਪਣੇ ਪਿਓ ਦੇ ਵਾੜੇ ਵਿਚੋਂ ਇਕ ਲੇਲਾ ਚੁਰਾ ਲਿਆ ਅਤੇ ਜੰਗਲ ਵਿਚ ਜਾ ਕੇ ਭੁੰਨ ਕੇ ਖਾ ਲਿਆ। ਹੁਣ ਕਹਾਣੀ ਨੁਮਾ ਟੋਟਕੇ ਨੂੰ ਜੇਕਰ ਮਾਰਕਸਵਾਦੀ ਦ੍ਰਿਸ਼ਟੀਕੋਣ ਵਾਲਾ ਆਲੋਚਕ ਦੇਖੇਗਾ ਤਾਂ ਉਹ ਕਹੇਗਾ ਕਿ ਇੱਥੇ ਪਿਉ ਸਥਾਪਤੀ ਦਾ ਚਿਹਨ ਹੈ, ਉਹ ਬੁਰਜੂਆ ਜਮਾਤ ਨਾਲ ਸੰਬੰਧ ਰੱਖਦਾ ਹੈ। ਪੁੱਤਰ ਭੁੱਖਾ ਹੈ, ਉਹ ਪ੍ਰੋਲੇਤਾਰੀ ਜਮਾਤ ਹੈ ਜਿਸ ਨੇ ਸਥਾਪਤੀ ਦੇ ਖਿਲਾਫ਼ ਬਗ਼ਾਵਤ ਕਰਨੀ ਹੀ ਕਰਨੀ ਹੈ।

ਇਸੇ ਨੂੰ ਹੀ ਜੇਕਰ ਫਰਾਇਡਵਾਦੀ ਮਨੋਵਿਸ਼ਲੇਸ਼ਕ ਆਪਣੇ ਦ੍ਰਿਸ਼ਟੀਕੋਣ ਤੋਂ ਵੇਖੇਗਾ ਤਾਂ ਉਹ ਇਸ ਨੂੰ ਇਡੀਪਸ ਕੰਪਲੈਕਸ ਦੀ ਸੰਗਿਆ ਦੇਵੇਗਾ ਅਤੇ ਕਹੇਗਾ ਕਿ ਇਡੀਪਸ ਕੰਪਲੈਕਸ ਦੇ ਅਧੀਨ ਪੁੱਤਰ ਨੇ ਪਿਓ ਦੀ ਜਾਇਦਾਦ ਉਪਰ ਕਬਜਾ ਕਰਨਾ ਹੀ ਕਰਨਾ ਹੈ। ਇਸੇ ਲਈ ਪੁੱਤਰ ਨੇ ਭੇਡਾਂ ਦੇ ਵਾੜੇ ਵਿਚੋਂ ਲੇਲਾ ਚੁਰਾਇਆ ਹੈ। ਇੰਝ ਇਹ ਮਨੋਵਿਗਿਆਨ ਦਾ ਮਸਲਾ ਬਣਦਾ ਹੈ।

ਇਸੇ ਘਟਨਾ ਨੂੰ ਜੇਕਰ ਮਾਨਵ-ਵਿਗਿਆਨੀ, ਖਾਸ ਤੌਰ 'ਤੇ ਲੈਵੀ ਸਤਰਾਸ ਦੀ ਵਿਚਾਰਧਾਰਾ ਦਾ, ਆਲੋਚਕ ਇਸ ਦੀ ਪੜਚੋਲ ਕਰੇਗਾ ਤਾਂ ਉਹ ਨਤੀਜਾ ਕੱਢੇਗਾ ਕਿ ਮੁੰਡੇ ਨੇ ਲੇਲੇ ਨੂੰ ਭੁੰਨ ਕੇ ਖਾਧਾ ਹੈ, ਇਸ ਲਈ ਇਹ 'ਰਾਅ ਐਂਡ ਕੁੱਕਡ' ਦੀ ਸਮੱਸਿਆ ਬਣ ਜਾਂਦੀ ਹੈ। ਜੀਹਦੇ ਵਿਚ ਮੁੰਡੇ ਨੇ ਪ੍ਰਕ੍ਰਿਤੀ ਨੂੰ ਸੱਭਿਆਚਾਰ ਵਿਚ ਬਦਲਣ ਦਾ ਯਤਨ ਕੀਤਾ ਹੈ।ਮੈਂ ਇਸ ਗੱਲ ਨੂੰ ਮਹਿਸੂਸ ਕੀਤਾ ਹੈ ਕਿ ਪੰਜਾਬੀ ਸਾਹਿਤ ਅਲੋਚਨਾ ਪਾਸ ਤਾਂ ਕੋਈ ਆਲੋਚਨਾ ਵਿਧੀ ਹੀ ਨਹੀਂ।ਅਤੇ ਨਾ ਹੀ ਸਾਡੇ ਆਲੋਚਕ ਕੋਈ ਆਪਣੀ ਜਾਂ ਸੰਸਾਰ ਪੱਧਰ ਉਪਰ ਪ੍ਰਾਪਤ ਕਿਸੇ ਆਲੋਚਨਾ ਵਿਧੀ ਨੂੰ ਪੂਰਨ ਭਾਂਤ ਸਮਝ ਕੇ ਅਪਨਾ ਸਕੇ ਹਨ, ਨਾ ਹੀ ਕੋਈ ਵਿਧੀ ਉਸਾਰ ਸਕੇ ਹਨ।

ਪੰਜਾਬੀ ਸਾਹਿਤ ਆਲੋਚਨਾ ਉਪਰ ਪਹਿਲਾਂ ਪਹਿਲ ਪੱਛਮੀ ਆਲੋਚਨਾ ਨੇ ਪ੍ਰਭਾਵ ਪਾਇਆ ਅਤੇ ਪੱਛਮ ਵਿਚ ਚਿਤਰ ਕਲਾ ਵਿਚੋਂ ਸਾਹਿਤ ਵਿਚ ਆਏ ਵਾਦਾਂ ਨੇ ਸਾਹਿਤ ਵਿਚੋਂ ਵੀ ਅਜਿਹੇ ਪ੍ਰਭਾਵਾਂ ਨੂੰ ਪਛਾਨਣ ਦਾ ਯਤਨ ਕੀਤਾ। ਇਹਨਾਂ ਵਿਚ ਰੁਮਾਂਸਵਾਦ ਬਾਰੇ ਪਹਿਲਾਂ ਗੱਲ ਕੀਤੀ ਜਾ ਸਕਦੀ ਹੈ। ਰੁਮਾਂਸਵਾਦ ਦੀ ਲਹਿਰ ਅਠਾਹਰਵੀਂ ਸਦੀ ਤੋਂ ਲੈ ਕੇ ਉਨੀਵੀਂ ਸਦੀ ਦੇ ਮੱਧ ਤਕ ਪੱਛਮੀ ਜਗਤ ਵਿਚ ਚੱਲੀ। ਇਹ ਲਹਿਰ ਪ੍ਰਕ੍ਰਿਤੀ ਦੀ ਖ਼ੂਬਸੂਰਤੀ ਅਤੇ ਨਿਜੀ ਭਾਵਨਾਵਾਂ ਨੂੰ ਤਰਕ ਤੋਂ ਉਪਰ ਉਠ ਕੇ ਦੇਖਦੀ ਹੈ। ਇਹ ਮਨੁੱਖ ਦੇ ਰੌਅ (Mood) ਅਤੇ ਮਨ ਦੀਆਂ ਸ਼ਕਤੀਆਂ ਨੂੰ ਮਾਨਤਾ ਦੇਂਦੀ ਹੈ। ਇਹਦੇ ਵਿਚ ਕਿਸੇ ਨਾਇਕ ਦੀ ਬਹਾਦਰੀ ਦੀ ਕਥਾ ਕਹੀ ਜਾਂਦੀ ਹੈ।

ਅੰਗ੍ਰੇਜ਼ੀ ਸਾਹਿਤ ਵਿਚ ਇਹ ਪ੍ਰਭਾਵ ਵਿਲੀਅਮ ਵਰਡਜ਼ਰਥ ਨਾਲ ਸ਼ੁਰੂ ਹੋਇਆ ਮੰਨਿਆਜਾਂਦਾ ਹੈ। ਪੱਛਮੀ ਜਗਤ ਵਿਚ ਇਹ ਲਹਿਰ ਸਾਹਿਤ, ਕਲਾ, ਸੰਗੀਤ ਅਤੇ ਇਮਾਰਤਸਾਜ਼ੀ ਵਿਚ ਸ਼ੁਰੂ ਹੋਈ ਸੀ। ਜਿਸ ਦਾ ਪ੍ਰਭਾਵ ਸਾਹਿਤ ਆਲੋਚਨਾ ਅਤੇ ਇਤਿਹਾਸਕਾਰੀ ਉਪਰ ਵੀ ਪਿਆ। ਜਿਸ ਨੇ ਕਲਾਸਕੀ ਕਲਾ ਅਤੇ ਸਾਹਿਤ ਵਿਚ ਪਾਏ ਜਾਂਦੇ ਸਹਿਜ, ਸੰਤੋਖ, ਸਥਿਰਤਾ, ਇਕਸੁਰਤਾ ਅਤੇ ਆਦਰਸ਼ਵਾਦੀ ਧਾਰਨਾਵਾਂ ਨੂੰ ਰੱਦ ਕਰ ਦਿੱਤਾ।



ਫਰਾਂਸ ਵਿਚ ਵਿਕੋਮਤੇ ਦ ਚਾਤਿਉ ਬਰੈਂਦ (Vicomte de Chateau Briand) ਅਤੇ ਮਾਦਾਮਡਮ ਦ ਸਤੇਲ (Madame da stael) ਇਸ ਲਹਿਰ ਦੇ ਮੋਢੀਆਂ ਵਿਚੋਂ ਸਨ। ਜਰਮਨੀ ਵਿਚ ਵਿਸ਼ੇ ਅਤੇ ਸ਼ੈਲੀ ਕਰਕੇ ਵੋਨ ਗੋਥੇ, ਜਾਂ ਪਾਲ ਨੋਵਾਲਿਸ ਅਤੇ ਲੁਡਵਿਗ ਟੇਂਕ ਇਸ ਲਹਿਰ ਨਾਲ ਜੁੜਦੇ ਹਨ।ਪੰਜਾਬੀ ਸਾਹਿਤ ਆਲੋਚਨਾ ਵਾਲਿਆਂ ਨੇ ਰੋਮਾਂਟਿਸਿਜ਼ਮ ਨੂੰ ਸਿੱਧਾ ਹੀ ਰੁਮਾਂਸਵਾਦ ਬਣਾ ਲਿਆ ਹੈ ਜੋ ਕਿ ਹੁਣ ਪਿਆਰ-ਮੁਹੱਬਤ, ਜਾਂ ਇਸ਼ਕ-ਮੁਸ਼ਕ ਦੇ ਅਰਥਾਂ ਤਕ ਹੀ ਸੀਮਤ ਹੋ ਗਿਆ ਹੈ।

ਪ੍ਰਭਾਵਵਾਦ ਚਿਤਰ ਕਲਾ ਵਿਚ ਉਭਰੀ ਉਨ੍ਹੀਵੀਂ ਸਦੀ ਦੀ ਲਹਿਰ ਹੈ ਜਿਹੜੀ ਪੈਰਿਸ ਦੇ ਚਿਤਰਕਾਰਾਂ ਦੀਆਂ ਸਿਰਜਨਾਵਾਂ ਵਿਚ ਉਤਪਨ ਹੁੰਦੀ ਹੈ। ਇਸ ਲਹਿਰ ਦਾ ਨਾਮਕਰਣ ਅਤੇ ਸ਼ੈਲੀ 'ਕਲਾਦ ਮੋਨੇ' (Claude Monet) ਦੇ ਉਸ ਚਿਤਰ ਤੋਂ ਪਿਆ, ਜਿਸ ਦਾ ਨਾਮ ਉਸਨੇ ਚੜ੍ਹਦੇ ਸੂਰਜ ਦਾ ਪ੍ਰਭਾਵ (Empression Sunrise) ਰੱਖਿਆ ਸੀ।ਪ੍ਰਭਾਵਵਾਦੀ ਲਹਿਰ ਨਾਲ ਸੰਬੰਧਤ ਕਲਾਕਾਰਾਂ ਦਾ ਮੰਨਣਾ ਸੀ ਕਿ ਵਸਤੂਆਂ ਹਮੇਸ਼ਾ ਉਹੋ ਜਿਹੀਆਂ ਨਹੀਂ ਹੁੰਦੀਆਂ, ਜਿਹੋ ਜਿਹੀਆਂ ਸਾਨੂੰ ਨਜ਼ਰ ਆਉਂਦੀਆਂ ਹਨ। ਕਿਉਂਕਿ ਇਹ ਸੂਰਜ ਦੀ ਰੌਸ਼ਨੀ ਬਦਲਣ ਨਾਲ ਆਪਣਾ ਰੰਗ ਬਦਲ ਲੈਂਦੀਆਂ ਹਨ। ਇਸੇ ਵਿਚਾਰ ਨੂੰ ਲੈ ਕੇ ਕਈ ਕਲਕਾਰਾਂ ਨੇ ਇਕੋ ਹੀ ਦ੍ਰਿਸ਼ ਜਾਂ ਵਸਤੂਆਂ ਦੇ ਸੂਰਜ ਦੀ ਸਥਿਤੀ ਅਨੁਸਾਰ ਘੰਟੇ ਘੰਟੇ ਦੇ ਵਕਫ਼ੇ ਨਾਲ ਚਿਤਰ ਬਣਾਏ ਤਾਂ ਉਨ੍ਹਾਂ ਵੇਖਿਆ ਕਿ ਸਾਰੇ ਚਿਤਰਾਂ ਦੇ ਰੰਗ ਵੱਖੋ ਵੱਖਰੇ ਹਨ।

ਪ੍ਰਭਾਵਵਾਦ ਵਾਂਗ ਹੀ ਚਿਤਰ ਕਲਾ ਵਿਚੋਂ ਪ੍ਰਗਟਾਉਵਾਦ (Exppressionism) ਸਾਹਿਤ-ਆਲੋਚਨਾ ਵਿਚ ਆਇਆ। ਇਹ ਪਹਿਲਾਂ ਜਰਮਨ ਵਿਚ ਕਵਿਤਾ ਵਿਚ ਪੇਸ਼ ਹੋਇਆ। ਜਰਮਨ ਦਾ ਪ੍ਰਸਿੱਧ ਫ਼ਿਲਾਸਫਰ 'ਫ੍ਰੈਡਰਿਕ ਨੀਟਸ਼ੇ' ਇਸ ਲਹਿਰ ਦੇ ਮੋਢੀਆਂ ਵਿਚੋਂ ਸੀ, ਜਿਹੜਾ ਸੱਭਿਆਚਾਰਕ ਆਲੋਚਕ ਅਤੇ ਸ਼ਾਇਰ ਵੀ ਸੀ। ਉਸ ਦੇ ਕੰਮ ਨੇ ਪੱਛਮੀ ਫਿਲਾਸਫੀ ਅਤੇ ਆਧੁਨਿਕ ਬੌਧਿਕ ਜਗਤ ਉਪਰ ਬੜਾ ਪ੍ਰਭਾਵ ਪਾਇਆ। ਨੀਟਸ਼ੇ ਨੇ ਹੀ 'ਦ ਡੈੱਥ ਆਫ਼ ਗਾਡ' ਦਾ ਨਾਅਰਾ ਮਾਰਿਆ ਸੀ। ਭਾਵੇਂ ਉਸ ਨੇ ਇਹ ਨਾਅਰਾ ਇਹਨਾਂ ਅਰਥਾਂ ਵਿਚ ਨਹੀਂ ਸੀ ਮਾਰਿਆ ਜਿਹੜੇ ਅਸੀਂ ਹੁਣ ਲੈਂਦੇ ਹਾਂ, ਸਗੋਂ ਉਸ ਨੇ ਤਾਂ ਕਿਹਾ ਸੀ ਕਿ ਅਸੀਂ ਹੀ ਰੱਬ ਨੂੰ ਕਤਲ ਕਰ ਦਿੱਤਾ ਹੈ, ਹੁਣ ਅਸੀਂ ਉਸ ਨੂੰ ਕਿਸੇ ਵੀ ਢੰਗ ਤਰੀਕੇ ਨਾਲ ਮੁੜ ਜਿੰਦਾ ਨਹੀਂ ਕਰ ਸਕਦੇ।

ਚਿਤਰਕਾਰੀ ਦੇ ਖੇਤਰ ਵਿਚੋਂ ਇਕ ਹੋਰ ਵਾਦ ਸਾਹਿਤ ਵਿਚ ਪ੍ਰਵੇਸ਼ ਕਰਦਾ ਹੈ, ਉਹ ਹੈ ਪ੍ਰਯੋਗਵਾਦ। ਇਹ ਵਾਦ ਉਨੀਂ ਸੌ ਦਸਵਿਆਂ ਦੇ ਦਹਾਕੇ ਵਿਚ ਇਕ ਸ਼ਕਤੀਸ਼ਾਲੀ ਲਹਿਰ ਵਜੋਂ ਉਭਰ ਕੇ ਸਾਹਮਣੇ ਆਇਆ, ਜਿਸ ਵਿਚ ਕਈ ਯੂਰਪੀ ਅਤੇ ਅਮਰੀਕੀ ਲੇਖਕਾਂ ਨੇ ਸਾਹਿਤ ਦੇ ਕਈ ਰੂਪਾਂ ਵਿਚ ਕਈ ਪ੍ਰਯੋਗ ਕੀਤੇ।

ਪੰਜਾਬੀ ਸਾਹਿਤ ਅਲੋਚਨਾ ਦੇ ਪਾਸ ਜੇਕਰ ਕੋਈ ਸਾਰਥਕ ਅਲੋਚਨਾ ਹੈ, ਉਹ ਹੈ ਮਾਰਕਸਵਾਦੀ ਆਲੋਚਨਾ, ਜੋ ਮਾਰਕਸਵਾਦੀ ਸਿਧਾਂਤਾਂ ਉਪਰ ਟਿਕੀ ਹੋਈ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਮਾਰਕਸਵਾਦੀ ਆਲੋਚਨਾ ਕੋਈ ਵਿਧੀ ਨਹੀਂ, ਸਗੋਂ ਇਹ ਮਾਰਕਸ ਦੇ ਆਰਥਿਕਤਾ ਦੇ ਸਿਧਾਂਤ ਉਪਰ ਟਿਕੀ ਹੋਈ ਆਲੋਚਨਾ ਜੁਗਤ ਹੈ।ਇਸ ਲਈ ਸਾਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਪੰਜਾਬੀ ਸਾਹਿਤ ਆਲੋਚਨਾ ਵਿਚ ਅਸੀਂ ਸਿਧਾਂਤਪਰਕ ਆਲੋਚਨਾ ਹੀ ਕਰੀ ਜਾ ਰਹੇ ਹਾਂ, ਜਿਸ ਦੀ ਕਿ ਆਪਣੀ ਵੀ ਇਕ ਸੀਮਾ ਹੈ। ਦੇਖਿਆ ਗਿਆ ਹੈ ਕਿ ਪੰਜਾਬੀ ਆਲੋਚਕ ਸਾਹਿਤ ਆਲੋਚਨਾ ਲਈ ਜਾਂ ਤਾਂ ਸਿਧਾਂਤਾਂ ਦੀ ਵਰਤੋਂ ਕਰ ਰਹੇ ਹਨ ਜਾਂ ਵਾਦਾਂ ਦੀ। ਵਾਦਾਂ ਵਿਚ ਵੀ, ਰੁਮਾਂਸਵਾਦ, ਯਥਾਰਥਵਾਦ, ਪ੍ਰਭਾਵਵਾਦ, ਜਾਂ ਕਿਧਰੇ ਕਿਧਰੇ ਪੜ-ਯਥਾਰਥਵਾਦ ਦੇ ਝੌਲ਼ੇ ਪੈਂਦੇ ਹਨ।

ਜੇਕਰ ਅਸੀਂ ਸਿਧਾਂਤ ਦੀ ਗੱਲ ਵੀ ਕਰੀਏ ਤਾਂ ਸਮਝ ਪੈਂਦੀ ਹੈ ਕਿ ਅਸੀਂ ਅਜੇ ਵੀ ਉਹਨਾਂ ਸਿਧਾਂਤਾਂ ਨੂੰ ਹੀ ਚੰਬੜੇ ਹੋਏ ਹਾਂ, ਜਿਹੜੇ ਸੰਸਾਰ ਪੱਧਰ ਉਪਰ ਪੁਰਾਣੇ ਪੈ ਗਏ ਹਨ ਜਾਂ

ਰੱਦ ਹੋ ਚੁੱਕੇ ਹਨ। ਇਹਨਾਂ ਵਿਚ ਇਕ ਉਦਾਹਰਣ ਅਸੀਂ ਮਾਰਕਸਵਾਦੀ ਵਿਚਾਰਧਾਰਾ ਤੋਂ ਹੀ ਲੈਂਦੇ ਹਾਂ। ਮਾਰਕਸਵਾਦ ਸਮਾਜਕ-ਰਾਜਨੀਤਕ ਦਰਸ਼ਨ ਹੈ ਜਿਹੜਾ ਉਤਪਾਦਨ ਦੇ ਸਾਧਨਾਂ ਉਪਰ ਸਮਾਜ ਦੀ ਮਲਕੀਅਤ ਦੁਆਰਾ ਵਰਗਹੀਣ ਸਮਾਜ ਦੀ ਸਥਾਪਨਾ ਦੇ ਸੰਕਲਪ ਦੇ ਵਿਚਾਰ ਨੂੰ ਪੇਸ਼ ਕਰਦਾ ਹੈ। ਇੰਝ ਇਹ ਸਮਾਜਵਾਦੀ ਸਮਾਜ ਦੀ ਵਿਚਾਰਧਾਰਾ ਹੈ। ਮੂਲ ਰੂਪ ਵਿਚ ਮਾਰਕਸਵਾਦ ਆਰਥਿਕ-ਰਾਜਨੀਤੀ ਅਤੇ ਆਰਥਿਕ ਸਿਧਾਂਤਾਂ ਦਾ ਸੁਮੇਲ ਹੈ, ਜਿਸ ਨੂੰ ਉਨੀਵੀਂ ਸਦੀ ਵਿਚ ਕਾਰਲ ਮਾਰਕਸ, ਫ੍ਰੇਡਰਿਕ ਏਂਗਲਜ਼ ਅਤੇ ਵਲਾਦੀਮੀਰ ਲੈਨਿਨ ਨੇ ਸਮਾਜਵਾਦ ਦੇ ਵਿਗਿਆਨਕ ਆਧਾਰਾਂ ਦੀ ਪੁਸ਼ਟੀ ਲਈ ਪੇਸ਼ ਕੀਤਾ ਸੀ। ਇਹ ਦਰਸ਼ਨ ਸਿਧਾਂਤ ਅਤੇ ਅਮਲ ਦੀ ਏਕਤਾ ਵਿਚ ਵਿਸ਼ਵਾਸ ਰੱਖਦਾ ਹੈ ਅਤੇ ਕਿਸੇ ਪਰਾ-ਸ਼ਕਤੀ ਦੀ ਸਿਰਜਣਾ ਦੇ ਵਿਚਾਰਾਂ ਨੂੰ ਰੱਦ ਕਰਦਾ ਹੈ।

ਬਾਅਦ ਵਿਚ ਜਾਂ ਬੌਦਰੀਲਾਰਦ ਨੇ ਕਾਰਲ ਮਾਰਕਸ ਦੇ ਕੇਵਲ ਸਮਾਜ ਦੇ ਆਰਥਿਕ ਸੰਬੰਧਾਂ ਨੂੰ ਭਾਸ਼ਾ ਵਿਗਿਆਨਕ ਖੋਜਾਂ ਦੀ ਰੋਸ਼ਨੀ ਵਿਚ ਮੁੱਢੋਂ ਹੀ ਬਦਲ ਕੇ ਰੱਖ ਦਿੱਤਾ। ਉਸ ਦੀ ਪੀਐੱਚ.ਡੀ. ਦਾ ਸ਼ੋਧ-ਪ੍ਰਬੰਧ ਹੈ 'ਦ ਸਿਸਟਮ ਆਫ਼ ਆਬਜੈਕਟਸ', ਪੰਜਾਬੀ ਵਿਚ ਜਿਸ ਦਾ ਅਰਥ ਬਣਦਾ ਹੈ 'ਵਸਤੂਆਂ ਦਾ ਪ੍ਰਬੰਧ'। ਇਸ ਵਿਚ ਉਸ ਨੇ ਮਧਿਅਸਤਾ (Mediation) ਅਤੇ ਤਕਨਾਲੋਜੀਕਲ ਸੰਚਾਰ (Technological Communication) ਵਿਚਲੇ ਢੰਗ ਤਰੀਕਿਆਂ ਬਾਰੇ ਜ਼ਿਕਰ ਕੀਤਾ ਹੈ। ਉਸ ਨੇ ਇਸ ਗੱਲ ਦੀ ਪਛਾਣ ਕਰਨ ਦਾ ਯਤਨ ਕੀਤਾ ਹੈ ਕਿ ਤਕਨਾਲੋਜੀ ਦੇ ਵਿਕਾਸ ਨਾਲ ਸਮਾਜਕ ਰਿਸ਼ਤਿਆਂ ਉਪਰ ਕੀ ਪ੍ਰਭਾਵ ਪੈਂਦਾ ਹੈ? ਉਹ ਖਪਤਵਾਦ, ਜਿਨਸੀ ਸੰਬੰਧਾਂ, ਸਮਾਜਕ ਇਤਿਹਾਸ ਅਤੇ ਸੰਸਾਰ ਪੱਧਰ ਉਪਰ ਵਾਪਰੀਆਂ ਘਟਨਾਵਾਂ ਨੂੰ ਆਪਣੇ ਅਧਿਐਨ ਦੇ ਘੇਰੇ ਵਿਚ ਲਿਆਉਂਦਿਆਂ, ਇਨ੍ਹਾਂ ਦਾ ਉਤਰ-ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਵੱਖਰੇ ਤਰੀਕੇ ਨਾਲ ਵਿਸ਼ਲੇਸ਼ਣ ਕਰਦਾ ਹੈ। ਕਿਉਂਕਿ ਉਹ ਬਹੁਤ ਸਾਰੇ ਉਤਰ-ਸੰਰਚਨਾਵਾਦੀਆਂ ਵਾਂਗ ਸਾਰਥਿਕਤਾ ਅਤੇ ਅਰਥਾਂ ਦੀ ਧਾਰਨਾ ਸ਼ਬਦ ਜਾਂ ਚਿਹਨ ਦੇ ਅੰਤਰ-ਸੰਬੰਧਾਂ ਦੇ ਸੁਜੋੜ ਵਿਚ ਹੀ ਸਮਝਦਾ ਹੈ। ਉਸ ਦਾ ਮੰਨਣਾ ਹੈ ਕਿ ਅਰਥ ਚਿਹਨ ਪ੍ਰਬੰਧ ਵਿਚੋਂ ਹੀ ਉਜਾਗਰ ਹੁੰਦਾ ਹੈ। ਇਹ ਸੇਧ ਉਹ ਭਾਸ਼ਾ ਵਿਗਿਆਨੀ ਫਰਦੀਨੰਦ ਦ ਸਾਸਿਊਰ ਦੀਆਂ ਭਾਸ਼ਾ ਸੰਬੰਧੀ ਖੋਜਾਂ ਤੋਂ ਲੈਂਦਾ ਹੈ।

ਪਹਿਲਾਂ ਭਾਵੇਂ ਉਹ ਪੂਰੀ ਤਰ੍ਹਾਂ ਮਾਰਕਸਵਾਦ ਨਾਲ ਜੁੜਿਆ ਰਿਹਾ, ਪਰੰਤੂ, ਬਾਅਦ ਵਿਚ ਉਹ ਕਾਰਲ ਮਾਰਕਸ ਤੋਂ ਸਾਰਥਕ ਤਰੀਕੇ ਨਾਲ ਦੂਰੀ ਗ੍ਰਹਿਣ ਕਰ ਲੈਂਦਾ ਹੈ ਕਿਉਂਕਿ ਉਹ ਪੂੰਜੀਵਾਦ ਨੂੰ ਚਲਾਉਣ ਵਿਚ ਪੈਦਾਵਾਰੀ ਸਥਿਤੀਆਂ ਨਾਲੋਂ ਖਪਤਕਾਰੀ ਸਥਿਤੀਆਂ ਨੂੰ ਵਧੇਰੇ ਜ਼ਿੰਮੇਵਾਰ ਸਮਝਦਾ ਹੈ। ਉਸ ਦੇ ਅਨੁਸਾਰ ਮਾਨਵੀ ਲੋੜਾਂ ਜਨਮਜਾਤੀ ਨਹੀਂ ਹੁੰਦੀਆਂ, ਸਗੋਂ ਇਹ ਮਨੁੱਖ ਵੱਲੋਂ ਸਿਰਜਤ ਕੀਤੀਆਂ ਗਈਆਂ ਹੁੰਦੀਆਂ ਹਨ।

1980 ਤਕ ਆਪਣੇ ਕਾਰਜ ਵਿਚ ਅੱਗੇ ਵਧਦਿਆਂ ਉਸ ਨੇ ਆਰਥਿਕ ਸਿਧਾਂਤ ਤੋਂ ਮਧਿਅਸਤਤਾ ਅਤੇ ਮਾਸ-ਕਮਿਊਨੀਕੇਸ਼ਨ ਤਕ ਪਹੁੰਚ ਕੀਤੀ। ਉਸ ਨੇ ਮਾਰਸ਼ਲ ਮੈਕਲੂਹਨ ਦੇ ਕਾਰਜ ਵੱਲ ਵੀ ਧਿਆਨ ਦਿੱਤਾ, ਜਿਸ ਦਾ ਵਿਚਾਰ ਸੀ ਕਿ ਸਮਾਜਕ ਸੰਬੰਧ ਸਮਾਜ ਵੱਲੋਂ ਸੰਚਾਰ ਲਈ ਵਰਤੋਂ ਵਿਚ ਲਿਆਂਦੀਆਂ ਜੁਗਤਾਂ ਦੁਆਰਾ ਨਿਰਧਾਰਤ ਕੀਤੇ ਜਾਂਦੇ ਹਨ। ਇਹ ਕੁਝ ਕਰਦਿਆਂ ਬੋਦਰੀਲਾਰਦ ਸਾਸਿਊਰ ਅਤੇ ਰੋਲਾਂ ਬਾਰਤ ਤੋਂ ਬਹੁਤ ਅੱਗੇ ਵਧ ਗਿਆ ਅਤੇ ਉਸ ਨੇ ਸੰਰਚਨਾਤਮਕ ਚਿਹਨ ਵਿਗਿਆਨ ਦੀ ਇਤਿਹਾਸਕ ਸਮਝ ਵਿਚ ਪੇਸ਼ ਆਉਂਦੀਆਂ ਤਰੁਟੀਆਂ ਦੀ ਪਛਾਣ ਕੀਤੀ। ਉਸਨੇ ਇਸ ਗੱਲ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਕਿ ਅੱਜੋਕਾ ਸਮਾਜਕ ਵਿਕਾਸ, ਆਧੁਨਿਕਤਾ ਦੀਆਂ ਧਾਰਨਾਵਾਂ ਨੂੰ ਆਪਣੇ ਰਾਜਨੀਤਕ ਵਿਕਲਪ ਵਜੋਂ ਵਰਤੋਂ ਵਿਚ ਕਿਵੇਂ ਲਿਆਉਂਦਾ ਹੈ। ਬੋਦਰੀਲਾਰਦ ਦਲੀਲ ਦੇਂਦਾ ਹੈ ਕਿ ਇਹੋ ਜਿਹੇ ਸੰਸਾਰ ਵਿਚ ਨਾ ਹੀ ਉਦਾਰਵਾਦ ਅਤੇ ਨਾ ਹੀ ਮਾਰਕਸੀ ਯੂਟੋਪੀਏ ਵਿਚ ਬਹੁਤੀ ਦੇਰ ਵਿਸ਼ਵਾਸ ਕੀਤਾ ਜਾ ਸਕਦਾ ਹੈ।

ਬੋਦਰੀਲਾਰਦ, ਮਾਰਕਸ ਦੇ ਸਿਧਾਂਤ 'ਵਰਤੋਂ-ਮੁੱਲ' (Use Value) ਦੀ ਆਲੋਚਨਾ ਕਰਦਿਆਂ ਇਸ ਨਤੀਜੇ 'ਤੇ ਪਹੁੰਚਿਆ ਕਿ ਵਰਤੋਂ-ਮੁੱਲ ਤੋਂ ਇਲਾਵਾ ਕਿਸੇ ਵਸਤੂ ਦਾ ਚਿਹਨ-



ਮੁੱਲ (Sign-Value) ਵੀ ਹੁੰਦਾ ਹੈ। ਉਹ ਚਿਹਨ ਮੁੱਲ ਨਾਲੋਂ ਅਤੇ ਪ੍ਰਕਾਰਜ ਮੁੱਲ ਨਾਲੋਂ ਪ੍ਰਤੀਕਾਤਮਕ ਮੁੱਲ ਨੂੰ ਵਧੇਰੇ ਮਹੱਤਤਾ ਦੇਂਦਾ ਹੈ। ਇਹਦੇ ਲਈ ਉਹ ਉਸ ਪੈੱਨ ਦੀ ਉਦਾਹਰਣ ਦੇਂਦਾ ਹੈ ਜਿਹੜਾ ਕਿਸੇ ਨੂੰ ਪਿਆਰ ਤੋਹਫ਼ਾ ਮਿਲਿਆ ਹੋਵੇ। ਉਸ ਦਾ ਕਹਿਣਾ ਹੈ ਕਿ ਪਿਆਰ ਵਿਚ ਮਿਲਿਆ ਤੋਹਫ਼ਾ ਵਰਤੋਂ ਮੁੱਲ ਨਾਲੋਂ ਕਈ ਗੁਣਾਂ ਕੀਮਤੀ ਹੁੰਦਾ ਹੈ।

ਪੰਜਾਬੀ ਸਾਹਿਤ-ਆਲੋਚਨਾ ਮੁੱਢਲੇ ਦੌਰ ਵਿਚ ਵਿਆਖਿਆਤਮਕ ਸੀ, ਇਸਨੂੰ ਸਗੋਂ ਸਵੈ-ਵਿਆਖਿਆਤਮਕ ਕਹਿਣਾ ਹੀ ਠੀਕ ਹੈ। ਉਹ ਆਲੋਚਕ ਆਪਣੇ ਵਿਚਾਰਾਂ ਨੂੰ ਹੀ ਸਾਹਿਤ-ਪਾਠ ਦੀ ਆਲੋਚਨਾ ਉਪਰ ਠੋਸ ਦੇਂਦੇ ਸਨ ਅਤੇ ਬਹੁਤੀ ਵਾਰ ਉਸ ਰਚਨਾ ਨੂੰ ਉਤਮ ਮੰਨ ਲੈਂਦੇ ਸਨ, ਜੀਹਦੇ ਵਿਚ ਲੋਕਧਾਰਾ ਦੀ ਸਮੱਗਰੀ - ਅਖਾਣ, ਮੁਹਾਵਰਿਆਂ ਦੀ ਜ਼ਿਆਦਾ ਵਰਤੋਂ ਕੀਤੀ ਹੁੰਦੀ।

ਪੰਜਾਬੀ ਸਾਹਿਤ ਆਲੋਚਨਾ ਵਿਚ ਕਈ ਵਾਰ ਹਾਸੋ ਹੀਣੀਆਂ ਪਰਿਸਥਿਤੀਆਂ ਵੀ ਬਣ ਜਾਂਦੀਆਂ ਹਨ। ਇਕ ਵਾਰ ਮੇਰੀ ਯੂਨੀਵਰਸਿਟੀ ਵਿਚ ਇਕ ਇੰਟਰਵਿਊ ਸੀ, ਜਿਸ ਵਿਚ ਹਿੰਦੀ ਵਿਭਾਗ ਦਾ ਇਕ ਮੁਖੀ ਵੀ ਬੈਠਾ ਸੀ। ਯੂਨੀਵਰਸਿਟੀ ਦੇ ਵਿਭਾਗਾਂ ਦੀ ਇਕ ਤ੍ਰਾਸਦੀ ਇਹ ਵੀ ਹੈ ਕਿ ਇੱਥੇ ਲਿਆਕਤ ਨਾਲ ਨਹੀਂ ਸਗੋਂ ਸਾਲ ਗਿਣਕੇ ਮੁਖੀ ਬਣਦੇ ਹਨ। ਅਤੇ ਜਦ ਕੋਈ ਮੁਖੀ ਬਣ ਜਾਂਦਾ ਹੈ ਤਾਂ ਉਹ ਆਪਣੇ ਆਪ ਨੂੰ ਸਾਰਿਆਂ ਨਾਲੋਂ ਵੱਧ ਵਿਦਵਾਨ ਸਮਝਣ ਦਾ ਭਰਮ ਪਾਲ ਲੈਂਦਾ ਹੈ। ਖੈਰ ਉਸ ਮੁਖੀ ਨੇ ਮੈਨੂੰ ਸੁਆਲ ਕੀਤਾ, ਜੇਕਰ ਤੁਹਾਨੂੰ ਲੋਕਤਾਤਵਿਕ ਅਧਿਐਨ ਕਰਨ ਲਈ ਕਿਹਾ ਜਾਵੇ ਤਾਂ ਤੁਸੀਂ ਕਿਵੇਂ ਕਰੋਗੇ? ਮੇਰਾ ਜੁਆਬ ਸੀ, ਜਨਾਬ! ਇਹ ਲੋਕਤਾਤਵਿਕ ਅਧਿਐਨ ਕੀ ਹੁੰਦਾ ਹੈ? ਉਹ ਕਹਿਣ ਲੱਗਾ, ਤੁਸੀਂ ਆਪਣੇ ਆਪ ਨੂੰ ਲੋਕਧਾਰਾ ਵਿਗਿਆਨੀ ਕਹਿੰਦੇ ਹੋ, ਤੁਹਾਨੂੰ ਇਹ ਵੀ ਨਹੀਂ ਪਤਾ? ਮੈਂ ਕਿਹਾ, ਠੀਕ ਹੈ ਮੈਂ ਆਪ ਵੀ ਲੋਕ ਤਾਤਵਿਕ ਅਧਿਐਨ ਕਰਦਾ ਰਿਹਾ ਹਾਂ ਅਤੇ ਹੋਰ ਲੋਕ ਵੀ ਕਰੀ ਜਾ ਰਹੇ ਹਨ। ਪਰੰਤੂ, ਇਹ ਗੱਲ ਸਮਝਣੀ ਚਾਹੀਦੀ ਹੈ ਕਿ ਸਾਹਿਤ ਇਕ ਸਮੱਗਰੀ ਹੈ ਅਤੇ ਲੋਕਧਾਰਾ ਵੀ ਇਕ ਸਮੱਗਰੀ ਹੈ। ਇਕ ਸਮੱਗਰੀ ਦੂਜੀ ਸਮੱਗਰੀ ਦਾ ਅਧਿਐਨ ਕਿਵੇਂ ਕਰ ਲਵੇਗੀ? ਉਂਝ ਮੈਂ ਮੰਨਦਾ ਹਾਂ ਕਿ ਸਾਹਿਤ ਵਿਚੋਂ ਲੋਕਧਾਰਾ ਦੀ ਸਮੱਗਰੀ ਦੀਆਂ ਸੂਚੀਆਂ ਬਣਾ ਲੈਣਾ ਕੋਈ ਅਧਿਐਨ ਨਹੀਂ ਹੁੰਦਾ।

ਕਿਸੇ ਵੀ ਪਾਠ ਦੀ ਆਲੋਚਨਾ ਦਾ ਸੁਆਲ ਬੜਾ ਟੇਢਾ ਹੈ। ਕਿਉਂਕਿ ਸਾਨੂੰ ਇਹ ਸਮਝ ਨਹੀਂ ਪੈਂਦੀ ਕਿ ਆਖਰ ਅਲੋਚਕ ਅਲੋਚਨਾ ਕਿਹੜੇ ਪਾਠ ਦੀ ਕਰ ਰਿਹਾ ਹੈ? ਰੋਲਾਂ ਬਾਰਤ ਜਦ ਲੇਖਕ ਦੀ ਮੌਤ ਦਾ ਨਾਅਰਾ ਮਾਰਦਾ ਹੈ ਤਾਂ ਨਾਲ ਹੀ ਉਹ ਕਹਿੰਦਾ ਹੈ ਕਿ ਪਾਠਕ ਕਿਸੇ ਪਾਠ ਦੇ ਅਧਿਐਨ ਵੇਲੇ ਆਪ ਵੀ ਇਕ ਹੋਰ ਪਾਠ ਦੀ ਸਿਰਜਣਾ ਕਰ ਰਿਹਾ ਹੁੰਦਾ ਹੈ। ਇਸ ਲਈ ਆਲੋਚਕ ਵੀ ਕਿਸੇ ਪਾਠ ਦੀ ਆਲੋਚਨਾ ਕਰਨ ਤੋਂ ਪਹਿਲਾਂ ਉਸ ਪਾਠ ਦਾ ਪਾਠਕ ਹੁੰਦਾ ਹੈ। ਇੰਝ ਉਹ ਪ੍ਰਾਪਤ ਪਾਠ ਤੋਂ ਇਲਾਵਾ ਇਕ ਆਪਣਾ ਪਾਠ ਵੀ ਸਿਰਜ ਰਿਹਾ ਹੁੰਦਾ ਹੈ। ਇਸ ਦ੍ਰਿਸ਼ਟੀਕੋਣ ਤੋਂ ਉਹ ਲੇਖਕ ਵੱਲੋਂ ਸਿਰਜੇ ਪਾਠ ਦੀ ਆਲੋਚਨਾ ਨਹੀਂ ਕਰ ਰਿਹਾ ਹੁੰਦਾ ਸਗੋਂ ਆਪਣੇ ਸਿਰਜੇ ਹੋਏ ਪਾਠ ਦੀ ਹੀ ਆਲੋਚਨਾ ਕਰ ਰਿਹਾ ਹੁੰਦਾ ਹੈ। ਇਹੋ ਕਾਰਨ ਹੈ ਕਿ ਆਲੋਚਕ ਇਕੋ ਪਾਠ ਦੀ ਆਲੋਚਨਾ ਕਰਨ ਵੇਲੇ ਵੱਖਰੇ ਵੱਖਰੇ ਅਰਥ ਕੱਢ ਰਹੇ ਹੁੰਦੇ ਹਨ। ਪੰਜਾਬੀ ਆਲੋਚਨਾ ਦਾ ਵੀ ਇਹ ਵੱਡਾ ਨੁਕਸ ਹੈ। ਕਿ ਅਸੀਂ ਕਿਸੇ ਇਕ ਪਾਠ ਦੇ ਅਧਿਐਨ ਉਪਰੰਤ ਕਿਸੇ ਇਕ ਸਿੱਟੇ ਉਪਰ ਨਹੀਂ ਪਹੁੰਚ ਰਹੇ।

ਹੁਣ ਪੰਜਾਬੀ ਆਲੋਚਨਾ ਵਿਚ ਕੁਝ ਆਲੋਚਕ ਮੈਟਾ ਆਲੋਚਨਾ ਦੀ ਗੱਲ ਕਰ ਰਹੇ ਹਨ। ਕੀ ਉਹਨਾਂ ਨੂੰ ਸੁਆਲ ਨਹੀਂ ਕੀਤਾ ਜਾ ਸਕਦਾ ਕਿ ਉਹ ਕਿਹੜੇ ਪਾਠ ਉਪਰ ਆਲੋਚਨਾ ਕਰ ਰਹੇ ਹਨ, ਰੋਲਾਂ ਬਾਰਤ ਦੇ ਸਿਧਾਂਤ ਅਨੁਸਾਰ ਉਹ ਮੂਲ ਪਾਠ ਤੋਂ ਵੀ ਤਿੰਨ ਪੜਾਅ ਦੂਰ ਬੈਠ ਕੇ ਆਲੋਚਨਾ ਕਰ ਰਹੇ ਹਨ। ਭਾਵ ਪਹਿਲਾਂ ਆਲੋਚਕ ਨੇ ਸਿਰਜਕ ਵੱਲੋਂ ਤਿਆਰ ਪਾਠ ਉਪਰ ਆਪਣਾ ਪਾਠ ਸਿਰਜ ਕੇ ਉਸ ਦੀ ਆਲੋਚਨਾ ਕੀਤੀ ਅਤੇ ਫਿਰ ਮੈਟਾ ਆਲੋਚਨਾ ਵਾਲੇ ਆਲੋਚਕ

ਨੇ ਪਹਿਲੇ ਆਲੋਚਕ ਵੱਲੋਂ ਸਿਰਜੇ ਪਾਠ ਉਪਰ ਆਪਣੀ ਆਲੋਚਨਾ ਦਾ ਹਰਬਾ ਵਰਤਿਆ। ਇੰ ਮੂਲ ਪਾਠ ਤਾਂ ਦੂਰ ਕਿਧਰੇ ਪਿਆ ਹੀ ਰਹਿ ਗਿਆ।

ਪੰਜਾਬੀ ਆਲੋਚਨਾ ਕੋਲ ਕੋਈ ਵਿਧੀ ਹੀ ਨਹੀਂ ਹੈ। ਆਲੋਚਨਾ ਲਈ ਇਹ ਵਿਧੀ ਦੀ ਨਹੀਂ, ਸਗੋਂ ਵਾਦਾਂ ਅਤੇ ਸਿਧਾਂਤਾਂ ਦੀ ਵਰਤੋਂ ਕਰਦੇ ਹਨ, ਅਤੇ ਸਿਧਾਂਤ ਵੀ ਉਹ ਜਿਹੜੇ ਸੰਸਾਰ ਪੱਧਰ ਉਪਰ ਜਾਂ ਪੁਰਾਣੇ ਹੋ ਚੁੱਕੇ ਹਨ ਜਾਂ ਫੇਲ੍ਹ ਹੋ ਗਏ ਹਨ। ਆਲੋਚਨਾ ਨੇ ਜੇਕਰ ਸਹੀ ਦਿਸ਼ਾ ਵੱਲ ਜਾਣਾ ਜਾਂ ਪਾਠ ਦੇ ਅੰਤ੍ਰੀਵੀ ਅਰਥਾਂ ਤਕ ਪਹੁੰਚਣਾ ਹੈ ਤਾਂ ਸਾਨੂੰ ਸੰਰਚਨਾਤਮਕ ਭਾਸ਼ਾ ਵਿਗਿਆਨਕ ਵਿਧੀਆਂ ਨੂੰ ਪੂਰੀ ਤਰ੍ਹਾਂ ਸਮਝਣਾ, ਅਪਨਾਉਣਾ ਅਤੇ ਵਰਤੋਂ ਵਿਚ ਲਿਆਉਣਾ ਪਵੇਗਾ।

ਜਦ ਪੱਛਮੀ ਵਿਦਵਾਨਾਂ ਜਾਂ ਆਲੋਚਕਾਂ ਨੇ ਸਾਹਿਤ ਆਲੋਚਨਾ ਵਿਚ ਸੰਰਚਨਾਵਾਦੀ ਵਿਧੀ ਨੂੰ ਆਧਾਰ ਬਣਾ ਕੇ ਆਲੋਚਨਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਪਹਿਲਾਂ ਪਹਿਲ ਇਸ ਨਵੀਂ ਵਿਧੀ ਦੀ ਸ਼ਲਾਘਾ ਵੀ ਹੋਈ। ਪਰੰਤੂ, ਬਾਅਦ ਵਿਚ ਗਹਿਰ ਗੰਭੀਰ ਅਧਿਐਨ ਕਰਨ ਵਾਲੇ ਆਲੋਚਕਾਂ ਨੂੰ ਸਮਝ ਆਈ ਕਿ ਇਹ ਵਿਧੀ ਕਿਸੇ ਵੀ ਪਾਠ ਦਾ ਮਾਡਲ ਲੱਭਣ ਜਾਂ ਨਿਸ਼ਚਤ ਕਰਨ ਤੋਂ ਅੱਗੇ ਨਹੀਂ ਸੀ ਵਧ ਰਹੀ।

ਪ੍ਰਕਾਰਜਾਤਮਕ ਵਿਧੀ ਦਾ ਸੰਬੰਧ ਵਲਾਦੀਮੀਰ ਪਰੌਪ ਨਾਲ ਹੈ। ਪਰੌਪ ਰੂਸੀ ਭਾਸ਼ਾ ਵਿਗਿਆਨੀ ਸੀ। ਜੋ ਬਾਅਦ ਵਿਚ ਲੋਕਧਾਰਾ ਦੇ ਅਧਿਐਨ ਵੱਲ ਆ ਗਿਆ, ਅਤੇ ਉਸ ਨੇ ਪਰੀ ਕਹਾਣੀਆਂ ਵਿਚਲੇ ਪ੍ਰਕਾਰਜਾਂ ਦੀ ਪਛਾਣ ਕਰ ਕੇ ਬੜੇ ਮਹੱਤਵਪੂਰਨ ਨਤੀਜੇ ਕੱਢਦਿਆਂ ਇਹ ਕਿਹਾ ਕਿ ਕਿਸੇ ਵੀ ਪਰੀ ਕਹਾਣੀਆਂ ਵਿਚ ਪ੍ਰਕਾਰਜ ਇਕ ਦੂਜੇ ਨਾਲ ਇਕ ਨਿਸ਼ਚਤ ਤਰਤੀਬ ਨਾਲ ਜੁੜੇ ਹੁੰਦੇ ਹਨ ਅਤੇ ਇਹਨਾਂ ਦੀ ਗਿਣਤੀ ਇਕੱਤੀ ਹੁੰਦੀ ਹੈ।ਅਤੇ ਇਹ ਵੀ ਜ਼ਰੂਰੀ ਨਹੀਂ ਕਿ ਹਰੇਕ ਪਰੀ ਕਹਾਣੀ ਜਾਂ ਲੋਕ-ਕਹਾਣੀ ਵਿਚ ਇਹ ਸਾਰੇ ਇਕੱਤੀ ਦੇ ਇਕੱਤੀ ਪ੍ਰਕਾਰਜ ਹੀ ਹੋਣ, ਇਹਨਾਂ ਦੀ ਗਿਣਤੀ ਘੱਟ ਵੱਧ ਵੀ ਹੋ ਸਕਦੀ ਹੈ। ਪਰੰਤੂ, ਇਹਨਾਂ ਦੀ ਤਰਤੀਬ ਜ਼ਰੂਰ ਸਥਿਰ ਰਹਿੰਦੀ ਹੈ। ਉਸ ਨੇ ਜਿਹੜੀ ਬਹੁਤ ਹੀ ਮਹੱਤਵਪੂਰਨ ਗੱਲ ਕਹੀ, ਉਹ ਇਹ ਸੀ ਕਿ ਪਰੀ-ਕਹਾਣੀ ਜਾਂ ਲੋਕ ਕਹਾਣੀ ਵਿਚ ਸੱਤ ਕਿਸਮ ਦੇ ਚਰਿੱਤਰ ਆਪਣੀ ਆਪਣੀ ਇਕ ਸਥਿਰ ਭੂਮਿਕਾ ਨਿਭਾਉਂਦੇ ਹਨ। ਇਹਨਾਂ ਚਰਿੱਤਰਾਂ ਨੂੰ ਉਹ ਡਰਾਮਿਟਿਸਟ ਪਰਸੋਨਾ ਦੀ ਸੰਗਿਆ ਦੇਂਦਾ ਹੈ।

ਪ੍ਰਕਾਰਜਾਤਮਕ ਵਿਧੀ ਦਾ ਸੰਬੰਧ ਮੁੱਢਲੇ ਰੂਪ ਵਿਚ ਮਨੋਵਿਗਿਆਨ ਦੇ ਨਾਲ ਹੈ ਕਿਉਂਕਿ ਪ੍ਰਕਾਰਜਵਾਦੀ ਮਨੋਵਿਗਿਆਨੀ ਮਨੁੱਖੀ ਮਨ ਦੀ ਪ੍ਰਕਿਰਿਆ (processes) ਦੀ ਸਿਸਟੇਮੈਟਿਕ ਢੰਗ ਨਾਲ ਵਿਆਖਿਆ ਕਰਨ ਉਪਰ ਜ਼ੋਰ ਦੇਂਦੇ ਹਨ। ਇਹ ਵਿਦਵਾਨ ਮਨੁੱਖੀ ਚੇਤੰਨਤਾ ਅਤੇ ਵਿਹਾਰ ਦੇ ਮੰਤਵ ਉਪਰ ਆਪਣਾ ਧਿਆਨ ਕੇਂਦਰਤ ਕਰਦੇ ਹਨ। ਮਨੋਵਿਗਿਆਨ ਤੋਂ ਇਸ ਵਿਧੀ ਨੇ ਲੋਕਧਾਰਾ ਵਿਚ ਪ੍ਰਵੇਸ਼ ਕੀਤਾ ਅਤੇ ਪਹਿਲੀ ਵਾਰ 1928 ਵਿਚ ਰੂਸੀ ਭਾਸ਼ਾ ਵਿਗਿਆਨੀ ਵਿਲਾਦੀਮੀਰ ਪਰੌਪ ਨੇ ਸੌ ਦੇ ਕਰੀਬ ਲੋਕ-ਕਹਾਣੀਆਂ ਦਾ ਇਸ ਵਿਧੀ ਅਨੁਸਾਰ ਅਧਿਐਨ ਕਰ ਕੇ ਬੜੇ ਸਾਰਥਕ ਨਤੀਜੇ ਕੱਢੇ। ਭਾਵੇਂ ਰੂਸੀ ਕਾਮਰੇਡਾਂ ਨੇ ਇਸ ਦਾ ਬਹੁਤ ਜ਼ਿਆਦਾ ਵਿਰੋਧ ਕੀਤਾ। ਪਰੰਤੂ, ਜਦ ਪਰੌਪ ਦੀ ਪੁਸਤਕ 'ਮਾਰਫਾਲੋਜੀ ਆਫ਼ ਦਾ ਫੋਕਟੇਲ' ਦਾ ਅੰਗ੍ਰੇਜ਼ੀ ਅਨੁਵਾਦ ਆਇਆ (ਭਾਵੇਂ ਇਸ ਅਨੁਵਾਦ ਵਿਚ ਕੁਝ ਗ਼ਲਤੀਆਂ ਵੀ ਹਨ) ਤਾਂ ਪੱਛਮੀ ਜਗਤ ਦੇ ਲੋਕਧਾਰਾ ਦੇ ਅਧਿਐਨ ਦੇ ਖੇਤਰ ਵਿਚ ਤਹਿਲਕਾ ਮੱਚ ਗਿਆ। ਇਹਨਾਂ ਗ਼ਲਤੀਆਂ ਵਿਚ ਇਕ ਵੱਡੀ ਗ਼ਲਤੀ ਇਹ ਸੀ ਕਿ ਜਿਹੜੇ ਪਰੌਪ ਨੇ ਸੱਤ ਡਰਾਮਟਿਸਟ ਪਰਸੋਨਾ ਨਿਸ਼ਚਤ ਕੀਤੇ ਸਨ, ਉਹਨਾਂ ਨੂੰ ਅੰਗ੍ਰੇਜ਼ੀ ਵਿਚ ਅਨੁਵਾਦਕਾਂ ਨੇ ਪਾਤਰ ਕਿਹਾ ਸੀ। ਜਦ ਕਿ ਕਿਸੇ ਬਿਰਤਾਂਤ ਵਿਚ ਪਾਤਰਾਂ ਦੀ ਗਿਣਤੀ ਅਸੀਮਤ ਹੁੰਦੀ ਹੈ। ਪਰੰਤੂ ਡਰਾਮਾਟਿਸਟ ਪਰਸੋਨਾ ਦੀ ਗਿਣਤੀ ਸੀਮਤ ਅਤੇ ਸੱਤ ਹੁੰਦੀ ਹੈ ਜਿਹੜੇ ਕਿ ਆਪਣੀ ਆਪਣੀ ਨਿਸ਼ਚਤ ਭੂਮਿਕਾ ਨਿਭਾਉਂਦੇ ਹਨ।



ਪਰੌਪ ਦੇ ਇਹਨਾਂ ਡਰਾਮਾਟਿਸਟ ਪਰਸੋਨਾ ਨੂੰ ਲੈ ਕੇ ਹੀ ਬਾਅਦ ਵਿਚ ਏ.ਜੇ. ਗ੍ਰੇਮਾਸ ਨੇ ਸੱਤਾਂ ਤੋਂ ਘਟਾ ਕੇ ਛੇ ਕਰ ਲਏ ਅਤੇ ਉਨ੍ਹਾਂ ਦਾ ਨਾਮ ਫ੍ਰਾਂਸੀਸੀ ਵਿਚ ਐਕਤਾਂਤ ਰੱਖ ਦਿੱਤਾ। ਉਸ ਦੇ ਅਨੁਸਾਰ ਕਿਸੇ ਵੀ ਬਿਰਤਾਂਤ ਵਿਚ ਮੁੱਢਲੇ ਛੇ ਐਕਤਾਂਤ ਹੁੰਦੇ ਹਨ, ਜਿਨ੍ਹਾਂ ਦੇ ਸੁਜੋੜ-ਵਿਜੋੜ ਨਾਲ ਬਿਰਤਾਂਤ ਦੀ ਉਸਾਰੀ ਹੁੰਦੀ ਹੈ।

ਸਾਹਿਤਕ ਆਲੋਚਨਾ ਵਿਚ ਸੰਰਚਨਾਤਮਕ ਵਿਧੀ ਦੀ ਗੱਲ ਕਰਦੇ ਹਾਂ ਤਾਂ ਇਹ ਵਿਧੀ ਉਸੇ ਤਰ੍ਹਾਂ ਹੀ ਕਾਰਜਸ਼ੀਲ ਰਹਿੰਦੀ ਹੈ ਜਿਵੇਂ ਰਸਾਇਣ ਵਿਗਿਆਨ ਵਿਚ ਕਿਸੇ ਮੈਟਰ ਵਿਚਲੇ ਤੱਤ (Elements) ਕਾਰਜਸ਼ੀਲ ਰਹਿੰਦੇ ਹਨ। ਉਦਾਹਰਣ ਲਈ ਅਸੀਂ ਜਦ ਕਿਸੇ ਸਾਇੰਸ ਦੇ ਵਿਦਿਆਰਥੀ ਨੂੰ ਪੁੱਛਦੇ ਹਾਂ ਕਿ ਪਾਣੀ ਦੇ ਕਿੰਨੇ ਰੂਪ ਹੁੰਦੇ ਹਨ? ਤਾਂ ਉਸ ਦਾ ਜੁਆਬ ਹੋਵੇਗਾ ਕਿ ਤਿੰਨ। ਜਦ ਅਸੀਂ ਉਸ ਨੂੰ ਕਿਹੜੇ ਕਿਹੜੇ ਪੁੱਛਾਂਗੇ ਤਾਂ ਉਹ ਕਹੇਗਾ, ਤਰਲ, ਠੋਸ ਅਤੇ ਗੈਸ (ਭਾਫ਼)। ਇਹ ਤਾਂ ਬੜਾ ਸਾਦਾ ਅਤੇ ਸਿੱਧਾ ਸੁਆਲ ਹੈ ਅਤੇ ਸਿੱਧਾ ਅਤੇ ਸੌਖਾ ਜੁਆਬ ਵੀ।ਪਰੰਤੂ, ਜਦੋਂ ਅਸੀਂ ਬੱਚੇ ਨੂੰ ਪੁੱਛਦੇ ਹਾਂ ਕਿ ਪਾਣੀ ਦੀ ਕੈਮਿਸਟਰੀ ਅਨੁਸਾਰ ਸੰਰਚਨਾ ਕੀ ਹੈ? ਤਾਂ ਬੱਚੇ ਉਲਝਣ ਵਿਚ ਪੈ ਜਾਂਦੇ ਹਨ ਜਾਂ ਜੇਕਰ ਅੰਗ੍ਰੇਜ਼ੀ ਵਿਚ ਉਸ ਨੂੰ ਪਾਣੀ ਦੀ ਸਟਰਕਚਰ ਪੁੱਛੀਏ ਤਾਂ ਹੋ ਸਕਦਾ ਹੈ ਕੁਝ ਬੱਚੇ $H_2O$ ਠੀਕ ਜੁਆਬ ਦੇ ਦੇਣ। ਇਸ ਲਈ ਇਹ ਠੀਕ ਹੈ ਕਿ ਪਾਣੀ ਦੀ ਸੰਰਚਨਾ ਉਸ ਦੇ ਹਾਈਡਰੋਜਨ ਦੇ ਦੋ ਮਾਲੀਕਿਊਲ ਅਤੇ ਆਕਸੀਜਨ ਦੇ ਇਕ ਮਾਲੀਕਿਊਲ ਦੇ ਸੁਜੋੜ ਤੋਂ ਬਣਦੀ ਹੈ।

ਹੁਣ ਰਸਾਇਣ ਵਿਗਿਆਨ ਦੇ ਤੱਤਾਂ ਤੋਂ ਅਸੀਂ ਭਾਸ਼ਾ ਅਤੇ ਗਣਿਤ ਦੇ ਤੱਤਾਂ ਉਪਰ ਆਉਂਦੇ ਹਾਂ। ਭਾਸ਼ਾ ਵਿਚ ਛੋਟੇ ਤੋਂ ਛੋਟਾ ਅਤੇ ਅਣਵੰਡੀਜ ਤੱਤ ਅੱਖਰ (Phonems) ਹਨ ਅਤੇ ਗਣਿਤ ਸ਼ਾਸਤਰ ਵਿਚ ਛੋਟੇ ਤੋਂ ਛੋਟਾ ਸਾਰਥਕ ਤੱਤ ਅੰਕ ਹਨ। ਭਾਵ ਇਕ ਤੋਂ ਨੌ ਅਤੇ ਜਮਾਂ ਸਿਫ਼ਰ (zero)। ਹੁਣ ਦੇਖੋ ਅਸੀਂ ਅੱਖਰਾਂ ਦੇ ਸੁਜੋੜ ਵਿਜੋੜ ਰਾਹੀਂ ਗ੍ਰੰਥਾਂ ਦੇ ਗ੍ਰੰਥ ਲਿਖ ਲੈਂਦੇ ਹਾਂ, ਇਹ ਕਦੀ ਮੁੱਕਦੇ ਨਹੀਂ। ਇਸੇ ਤਰ੍ਹਾਂ ਅਸੀਂ ਇਕ ਤੋਂ ਨੌ ਅੰਕਾਂ ਨਾਲ ਸਿਫ਼ਰ ਨੂੰ ਲਾ ਕੇ ਸਾਰੀ ਦੁਨੀਆਂ ਦਾ ਹਿਸਾਬ ਕਿਤਾਬ ਕਰੀ ਜਾਈਏ, ਕੀ ਇਹ ਮੁੱਕ ਜਾਣਗੇ? ਕਦੀ ਵੀ ਨਹੀਂ।

ਇਸੇ ਤਰ੍ਹਾਂ ਭਾਸ਼ਾ ਵਿਗਿਆਨੀਆਂ ਨੇ ਭਾਸ਼ਾ ਦੀ ਸੰਰਚਨਾ ਵਾਂਗ ਬਿਰਤਾਂਤ ਦੇ ਮੁੱਢਲੇ ਤੱਤਾਂ ਨੂੰ ਪਛਾਣ ਲਿਆ ਹੈ। ਜਿਵੇਂ ਵਲਾਦੀਮੀਰ ਪਰੌਪ ਨੇ ਇਹਨਾਂ ਤੱਤਾਂ ਨੂੰ ਸੱਤ ਡਰਾਮਿਟਿਸਟ ਪਰਸੋਨਾ ਦੇ ਰੂਪ ਵਿਚ ਪਛਾਣਿਆ, ਜਿਨ੍ਹਾਂ ਨੂੰ ਬਾਅਦ ਵਿਚ ਗ੍ਰੇਮਾਸ ਨੇ ਆਪਣੇ ਐਕਤਾਂਸ਼ੀਅਲ ਮਾਡਲ ਵਿਚ ਘਟਾ ਕੇ ਛੇ ਐਕਤਾਂਤ ਵਿਚ ਸੀਮਤ ਕਰ ਦਿੱਤਾ। ਇਹਨਾਂ ਐਕਤਾਂਤ ਦੀ ਪਛਾਣ ਲਈ, ਇਹ ਵਿਗਿਆਨੀ ਵੱਡੇ ਤੋਂ ਵੱਡੇ ਬਿਰਤਾਂਤ ਨੂੰ ਇਕ ਸਾਧਾਰਨ ਵਾਕ ਤਕ ਘਟਾ ਲੈਂਦੇ ਹਨ। ਫਿਰ ਇਕ ਵਾਕ ਵਾਂਗ ਉਨ੍ਹਾਂ ਤੱਤਾਂ ਦੀ ਪਛਾਣ ਕਰਦੇ ਹਨ।

ਉੱਤਰ-ਸੰਰਚਨਾਵਾਦ ਭਾਸ਼ਾ ਵਿਗਿਆਨ ਦੇ ਫਲਸਫ਼ੇ ਦੀ ਉਹ ਲਹਿਰ ਹੈ ਜਿਹੜੀ ਕਿ 1960ਵਿਆਂ ਵਿਚ ਸ਼ੁਰੂ ਹੋਈ, ਜਿਸ ਨੇ ਆਪਣਾ ਪ੍ਰਭਾਵ ਨਾ ਕੇਵਲ ਫ਼ਿਲਾਸਫ਼ੀ ਉੱਪਰ ਹੀ ਪਾਇਆ, ਸਗੋਂ ਇਸ ਨੇ ਬਹੁਤ ਸਾਰੇ ਹੋਰ ਅਨੁਸ਼ਾਸਨਾਂ ਜਿਵੇਂ ਸਾਹਿਤ, ਰਾਜਨੀਤੀ, ਕਲਾ, ਸਭਿਆਚਾਰ, ਸਮਾਲੋਚਨਾ, ਇਤਿਹਾਸ ਅਤੇ ਸਮਾਜ-ਵਿਗਿਆਨ ਨੂੰ ਵੀ ਪ੍ਰਭਾਵਤ ਕੀਤਾ। ਉਤਰ-ਸੰਰਚਨਾਵਾਦ ਦਾ ਮੁਖ ਥੀਮ ਮਾਨਵ-ਵਿਗਿਆਨ ਵਿਚ ਅਸਥਿਰਤਾ ਦਾ ਹੋਣਾ ਹੀ ਹੈ ਕਿਉਂਕਿ ਮਾਨਵ ਦੀਆਂ ਆਪਣੀਆਂ ਬਹੁਤ ਸਾਰੀਆਂ ਉਲਝਣਾਂ ਹਨ, ਜਿਨ੍ਹਾਂ ਦੇ ਹੱਲ ਉਸ ਵੱਲੋਂ ਅਜੇ ਵੀ ਤਲਾਸ਼ਣੇ ਬਾਕੀ ਹਨ।

ਉਤਰ-ਸੰਰਚਨਾਵਾਦੀ ਕਿਸੇ ਪਾਠ ਨੂੰ ਬਹੁ-ਅਰਥੀ ਸਿਰਜਣਾ ਮੰਨਦੇ ਹਨ। ਉਹ ਕਿਸੇ ਪਾਠ ਨੂੰ ਇਕਹਿਰੇ ਅਰਥਾਂ ਵਿਚ ਬੱਝਿਆ ਹੋਇਆ ਨਹੀਂ ਮੰਨਦੇ, ਸਗੋਂ ਉਹ ਇਸ ਨੂੰ ਖੁਲ੍ਹੀ ਜਾਂ ਵਿਸ਼ਾਲ ਅਰਥਾਂ ਵਾਲੀ ਸਿਰਜਣਾ ਮੰਨਦੇ ਹਨ, ਜਿਸ ਵਿਚ ਪਾਠਕ ਕਿਸੇ ਪਾਠ ਦੀ ਪੜ੍ਹਤ ਵੇਲੇ

ਆਪਣਾ ਇਕ ਵੱਖਰਾ ਪਾਠ ਵੀ ਸਿਰਜ ਰਿਹਾ ਹੁੰਦਾ ਹੈ। ਇਹ ਗੱਲ ਮੰਨਣੀ ਪਵੇਗੀ ਕਿ ਉਤਰ ਸੰਰਚਨਾਵਾਦ ਨਾਲ ਸੰਬੰਧਤ ਵਿਦਵਾਨ ਅਸਲ ਵਿਚ ਪਹਿਲਾਂ ਸੰਰਚਨਾਵਾਦੀ ਹੀ ਸਨ। ਕਿਉਂਕਿ ਉਹਨਾਂ ਨੇ ਹੀ ਸਭ ਤੋਂ ਪਹਿਲਾਂ ਸੰਰਚਨਾਵਾਦ ਦੀਆਂ ਕਮੀਆਂ ਪੇਸ਼ੀਆਂ ਨੂੰ ਪਛਾਣਿਆ, ਦੇਖਿਆ ਪਰਖਿਆਂ ਅਤੇ ਇਹਨਾਂ ਕਮਜ਼ੋਰੀਆਂ ਨੂੰ ਦੂਰ ਕਰਨ ਦਾ ਯਤਨ ਕੀਤਾ।

ਦੇਖਿਆ ਜਾਵੇ ਤਾਂ ਉਤਰ-ਸੰਰਚਨਾਵਾਦ ਦਾ ਰਾਹ ਯੱਕ ਦੈਰਿਦਾ ਦਾ ਉਹ ਖੋਜ-ਪੱਤਰ ਖੋਲ੍ਹਦਾ ਹੈ ਜਿਹੜਾ ਉਸ ਨੇ ਸੱਤ੍ਹਰਵਿਆਂ ਵਿਚ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਪੜ੍ਹਿਆ ਸੀ। ਇਹ ਉਸ ਦਾ ਇਕ ਇਤਿਹਾਸਕ ਖੋਜ ਪੱਤਰ ਸੀ, ਜਿਸ ਦਾ ਨਾਮ 'ਸੰਰਚਨਾ, ਚਿਹਨ ਅਤੇ ਪ੍ਰਦਰਸ਼ਨ ਪਲੇਅ' ਸੀ।ਉਤਰ-ਸੰਰਚਨਾਵਾਦ ਦੇ ਸੰਬੰਧ ਵਿਚ ਦੈਰਿਦਾ ਦਾ ਵਿਚਾਰ ਹੈ ਕਿ ਬੁਣਤਰ ਪਾਠ ਬਣਿਆ ਕਿਵੇਂ? ਦੀ ਬਜਾਏ ਇਹ ਦੱਸਦਾ ਹੈ ਕਿ ਇਸ ਦੇ ਅਰਥ ਕਿੱਥੇ ਪਏ ਹੋਏ ਹਨ? ਇਹ ਇਕ ਸੱਚਾਈ ਹੈ ਕਿ ਪਾਠ ਸ਼ਬਦਾਂ ਦੇ ਤਾਣੇ-ਬਾਣੇ ਤੋਂ ਹੀ ਬਣਦਾ ਹੈ ਅਤੇ ਇਹੋ ਸ਼ਬਦ ਹੀ ਵੱਖੋ-ਵੱਖਰੇ ਅਰਥਾਂ ਨੂੰ ਪੇਸ਼ ਕਰਦੇ ਹਨ। ਇਸੇ ਲਈ ਬੁਣਤਰ ਨੂੰ ਹਮੇਸ਼ਾ ਬਲੀ ਦਾ ਬੱਕਰਾ ਬਣਨਾ ਪੈਂਦਾ ਹੈ। ਉਸ ਦੇ ਅਨੁਸਾਰ ਇਹ ਸ਼ਬਦਾਂ ਦੀ ਵੱਖਰਤਾ ਹੀ ਹੈ ਜਿਹੜੀ ਅਰਥਾਂ ਨੂੰ ਉਜਾਗਰ ਕਰਦੀ ਹੈ, ਜਿਸ ਨੂੰ ਉਹ ਡਿਫਰਾਂਸ ਦੀ ਸੰਗਿਆ ਦੇਂਦਾ ਹੈ। ਸ਼ਬਦ ਦੀ ਇਸੇ ਪ੍ਰਵਿਰਤੀ ਨੂੰ ਹੀ ਉਹ ਬੇਭਰੋਸਗੀ ਵਾਲੀ ਕਹਿੰਦਾ ਹੈ, ਜਿਸ ਵਿਚ ਸ਼ਬਦ ਜਗ੍ਹਾ ਬਦਲਣ ਨਾਲ ਅਰਥ ਵੀ ਬਦਲ ਲੈਂਦਾ ਹੈ। ਉਸ ਅਨੁਸਾਰ ਸ਼ਬਦ ਉਪਰ ਪੱਕਾ ਭਰੋਸਾ ਨਹੀਂ ਕੀਤਾ ਜਾ ਸਕਦਾ, ਕਿਉਂਕਿ ਉਹ ਵੱਖ-ਵੱਖ ਸਮੇਂ ਵੱਖੋ-ਵੱਖਰੇ ਅਰਥਾਂ ਨੂੰ ਉਜਾਗਰ ਕਰ ਰਿਹਾ ਹੁੰਦਾ ਹੈ। ਇਸ ਲਈ ਸ਼ਬਦ ਦੇ ਅਰਥ ਨੂੰ ਪਕੜਨ ਲਈ ਸਾਨੂੰ ਪਾਠ ਦੀ ਬੁਣਤਰ ਵਿਚ ਉਤਰਨਾ ਪੈਂਦਾ ਹੈ।

ਉਸ ਤੋਂ ਅਗਲੀ ਆਲੋਚਨਾ ਚਿਹਨ ਵਿਗਿਆਨਕ ਹੈ। ਚਿਹਨਵਾਦ ਚਿਹਨਾਂ ਦੇ ਅਧਿਐਨ ਦੀ ਉਹ ਜੁਗਤ ਹੈ ਜਿਹੜੀ ਇਹ ਸਮਝਣ ਦਾ ਯਤਨ ਕਰਦੀ ਹੈ ਕਿ ਚਿਹਨਾਂ ਰਾਹੀਂ ਕਿਸੇ ਭਾਸ਼ਾ ਦੀ ਸੰਰਚਨਾ ਕਿਵੇਂ ਕੀਤੀ ਜਾਂਦੀ ਹੈ।ਚਿਹਨ ਵਿਗਿਆਨ ਵੱਲ ਵਿਦਵਾਨਾਂ ਦਾ ਧਿਆਨ ਦ ਫਰਦੀਨੰਦ ਸਾਸਿਊਰ ਦੀਆਂ ਭਾਸ਼ਾ-ਵਿਗਿਆਨਕ ਖੋਜਾਂ ਤੋਂ ਬਾਅਦ ਹੋਇਆ। ਇਸ ਲਈ ਇਸ ਨੂੰ ਚਿਹਨਾਂ ਤੋਂ ਅਰਥ ਬਣਾਉਣ ਦਾ ਅਧਿਐਨ ਵੀ ਕਿਹਾ ਜਾਂਦਾ ਹੈ। ਇਸ ਦਾ ਸੰਬੰਧ ਭਾਸ਼ਾ-ਵਿਗਿਆਨ ਨਾਲ ਹੈ ਜੋ ਭਾਸ਼ਾ ਦੇ ਅਰਥਾਂ ਦੀ ਸੰਰਚਨਾ ਬਾਰੇ ਵਿਆਖਿਆ ਕਰਦਾ ਵਿਗਿਆਨ ਹੈ। ਇਹ ਭਾਸ਼ਾ-ਬਾਹਰੀ ਭਾਵ ਅਣ-ਭਾਸ਼ਾਈ ਵਰਤਾਰਿਆਂ ਅਤੇ ਚਿਹਨਾਂ ਦੇ ਪ੍ਰਬੰਧ ਬਾਰੇ ਵੀ ਦੱਸਦਾ ਹੈ, ਕਿਉਂਕਿ ਇਸ ਨੇ ਮਾਨਵ-ਵਿਗਿਆਨ ਵਿਚ ਵੀ ਵੱਖ-ਵੱਖ ਖੇਤਰਾਂ ਨੂੰ ਆਪਣੇ ਕਲਾਵੇ ਵਿਚ ਲੈਣ ਦਾ ਯਤਨ ਕੀਤਾ ਹੈ।ਚਿਹਨ ਆਪਣਾ ਮੁੱਲ ਸਮਾਜਕ ਵਰਤੋਂ ਵਿਚ ਗ੍ਰਹਿਣ ਕਰਦੇ ਹਨ। ਕਿਉਂਕਿ ਪੂਰੇ ਸਮਾਜ ਨੇ ਇਕ ਅਦਿੱਖ ਸਰਬ ਸਾਂਝੇ ਸਮਝੌਤੇ ਰਾਹੀਂ ਸ਼ਬਦਾਂ/ਚਿਹਨਾਂ ਦੇ ਆਪਣੇ ਅਰਥ/ਮੁੱਲ ਨਿਸ਼ਚਤ ਕੀਤੇ ਹੁੰਦੇ ਹਨ।

ਚਿਹਨ ਵਿਗਿਆਨ ਨੂੰ ਹਰ ਉਸ ਸਭਿਆਚਾਰਕ ਵਰਤਾਰੇ ਉਪਰ ਲਾਗੂ ਕੀਤਾ ਜਾ ਸਕਦਾ ਹੈ ਜੋ ਕਿ ਅਰਥ ਉਜਾਗਰ ਕਰਦਾ ਹੋਵੇ। ਇੱਥੋਂ ਤਕ ਕਿ ਇਸ ਦੀ ਵਰਤੋਂ ਅਸੀਂ ਮਾਸ-ਮੀਡੀਆ ਵਿਚ ਆਉਂਦੇ ਪਾਠਾਂ (ਟੈਲੀਵੀਜ਼ਨ, ਰੇਡੀਓ ਪ੍ਰੋਗਰਾਮਾਂ, ਫ਼ਿਲਮਾਂ, ਕਾਰਟੂਨ, ਅਖ਼ਬਾਰਾਂ, ਰਸਾਲਿਆਂ ਦੇ ਲੇਖਾਂ ਅਤੇ ਇਸ਼ਤਿਹਾਰਾਂ ਆਦਿ) ਦੇ ਅਧਿਐਨ ਵਿਚ ਵੀ ਕਰ ਸਕਦੇ ਹਾਂ।ਸਾਹਿਤ ਆਲੋਚਕਾਂ ਲਈ ਵੀ ਇਹ ਬਹੁਤ ਉਪਯੋਗੀ ਸਿੱਧ ਹੋ ਸਕਦੀ ਹੈ ਕਿਉਂਕਿ ਇਸ ਵਿਚ ਅਸੀਂ ਸਭਿਆਚਾਰਕ ਸੰਦਾਂ ਨੂੰ ਭਾਸ਼ਾ ਵਿਚਲੇ ਸ਼ਬਦਾਂ ਵਾਂਗ ਅਰਥ ਉਜਾਗਰ ਕਰਦੇ ਦੇਖਦੇ ਅਤੇ ਪਹਿਚਾਣਦੇ ਹਾਂ।

ਮੈਂ ਮਹਿਸੂਸ ਕਰਦਾ ਹਾਂ ਕਿ ਪੰਜਾਬੀ ਆਲੋਚਨਾ ਨੂੰ ਉੱਪਰ ਦੱਸੀਆਂ ਆਲੋਚਨਾ ਵਿਧੀਆਂ ਨੂੰ ਆਧਾਰ ਬਣਾ ਕੇ ਹੀ ਸਾਹਿਤ ਆਲੋਚਨਾ ਕਰਨੀ ਚਾਹੀਦੀ ਹੈ।000

***(Email: js_kairon@yahoo.co.in)***



# ਆਉਣ ਵਾਲੀ ਕਲ੍ਹ ਦਾ ਵੇਰਵਾ-ਹੋਮੋ ਡਿਊਸ

**ਬਲਜਿੰਦਰ ਨਸਰਾਲੀ**

ਭਵਿੱਖ ਵਿਚ ਹੋਣ ਵਾਲੀਆਂ ਘਟਨਾਵਾਂ ਦਾ ਅਨੁਮਾਨ ਲਗਾਉਣਾ ਬਹੁਤ ਔਖਾ ਕਾਰਜ ਹੈ। ਇਸ ਦੇ ਬਾਵਜੂਦ ਵੱਧ ਸਿਆਣੇ ਲੋਕ ਭਵਿੱਖ ਦੀਆਂ ਸਰਗਰਮੀਆਂ ਨੂੰ ਵਰਤਮਾਨ ਵਿਚ ਹੋ ਰਹੀ ਸਰਸਰਾਹਟ ਵਿਚੋਂ ਪਛਾਣ ਲੈਣ ਦਾ ਯਤਨ ਕਰਦੇ ਹਨ। ਯੁਵਲ ਨੋਹ ਹਰਾਰੀ ਵਿਸ਼ਵ ਚਿੰਤਨ ਵਿਚ ਇਸ ਵੇਲੇ ਚਰਚਿਤ ਨਾਮ ਹੈ। ਆਪਣੀ ਵਿਸ਼ਵ ਪ੍ਰਸਿੱਧ ਕਿਤਾਬ 'ਸੇਪੀਅਨਜ਼' ਤੋਂ ਬਾਅਦ ਉਹ ਆਪਣੀ ਨਵੀਂ ਕਿਤਾਬ 'ਹੋਮੋ ਡਿਊਸ' ਨਾਲ ਪੇਸ਼ ਹੋਇਆ ਹੈ। ਇਸ ਕਿਤਾਬ ਵਿਚ ਉਸ ਨੇ ਬੀਤੇ ਇਤਿਹਾਸ ਅਤੇ ਸਮਕਾਲੀ ਰੁਝਾਨਾਂ ਦੇ ਆਧਾਰ 'ਤੇ ਭਵਿੱਖ ਦੀਆਂ ਘਟਨਾਵਾਂ ਅਤੇ ਮਾਨਵੀ ਸਮਾਜ ਦੇ ਚਿਹਰੇ ਮੋਹਰੇ ਦੀ ਤਸਵੀਰ ਬਣਾਉਣ ਦਾ ਯਤਨ ਕੀਤਾ ਹੈ।

ਉਸ ਦੀ ਧਾਰਨਾ ਹੈ ਕਿ ਇਤਿਹਾਸ ਮੁੱਠੀ ਭਰ ਅਗਾਂਹ ਵੇਖਣ ਦੀ ਸਮਰੱਥਾ ਰੱਖਣ ਵਾਲੇ ਲੋਕਾਂ ਵੱਲੋਂ ਸਿਰਜਿਆ ਜਾਂਦਾ ਹੈ, ਲੱਖਾਂ ਪਿਛਾਂਹ ਖਿੱਚੂ ਲੋਕਾਂ ਵੱਲੋਂ ਨਹੀਂ। ਦਸ ਹਜ਼ਾਰ ਸਾਲ ਪਹਿਲਾਂ ਬਹੁਤੇ ਮਨੁੱਖ ਸ਼ਿਕਾਰੀ ਕਬੀਲਿਆਂ ਦੇ ਰੂਪ ਵਿਚ ਵਿਚਰ ਰਹੇ ਸਨ ਜਦਕਿ ਬਹੁਤ ਥੋੜ੍ਹੇ ਜਿਹੇ ਲੋਕਾਂ ਨੇ ਮੱਧ ਪੂਰਬ ਵਿਚ ਖੇਤੀਬਾੜੀ ਦੀ ਸ਼ੁਰੂਆਤ ਕਰਕੇ ਨਵੇਂ ਯੁੱਗ ਦੀ ਸ਼ੁਰੂਆਤ ਕਰ ਦਿੱਤੀ ਸੀ। 1850 ਦੇ ਆਸ ਪਾਸ ਸੰਸਾਰ ਦੇ 90 % ਲੋਕ ਖੇਤੀਬਾੜੀ 'ਤੇ ਨਿਰਭਰ ਸਨ। ਗੰਗਾ, ਨੀਲ ਤੇ ਯਾਂਗਸੀ ਦਰਿਆਵਾਂ ਦੇ ਮੈਦਾਨਾਂ ਵਿਚ ਰਹਿੰਦੇ ਕਿਸਾਨਾਂ ਨੂੰ ਨਹੀਂ ਪਤਾ ਸੀ ਕਿ ਭਵਿੱਖ ਦੀ ਮਾਨਤਾ ਦੀ ਜੀਵਨ ਸ਼ੈਲੀ ਦਾ ਫ਼ੈਸਲਾ ਮਾਨਚੈਸਟਰ ਅਤੇ ਬਰਮਿੰਘਮ ਸ਼ਹਿਰਾਂ ਵਿਚ ਹੋ ਰਿਹਾ ਸੀ।

ਹਰਾਰੀ ਅਨੁਸਾਰ ਮਨੁੱਖ ਲੱਖਾਂ ਸਾਲਾਂ ਤੋਂ ਭੁੱਖਮਰੀ, ਮਹਾਂਮਾਰੀਆਂ ਤੇ ਹਿੰਸਾ ਦਾ ਸ਼ਿਕਾਰ ਰਿਹਾ ਹੈ। ਬਹੁਤੀਆਂ ਮੌਤਾਂ ਇਨ੍ਹਾਂ ਤਿੰਨਾਂ ਸਦਕਾ ਹੁੰਦੀਆਂ ਰਹੀਆਂ ਹਨ। 'ਇਕੋ ਪੀੜ੍ਹੀ ਤੋਂ ਬਾਅਦ ਦੂਜੀ ਪੀੜ੍ਹੀ, ਮਨੁੱਖ ਨੇ ਹਰ ਦੇਵਤੇ, ਫਰਿਸ਼ਤੇ ਅਤੇ ਸੰਤ ਨੂੰ ਪ੍ਰਾਰਥਨਾ ਕੀਤੀ। ਨਵੇਂ ਸੰਦ, ਸੰਸਥਾਵਾਂ ਅਤੇ ਸਮਾਜਕ ਪ੍ਰਬੰਧ ਘੜੇ। ਫਿਰ ਵੀ ਇਨਸਾਨ ਭੁੱਖਮਰੀ, ਮਹਾਂਮਾਰੀ ਅਤੇ ਹਿੰਸਾ ਦਾ ਸ਼ਿਕਾਰ ਹੁੰਦਾ ਰਿਹਾ।' ਪਰ ਤੀਜੀ ਦਹਿਸਦੀ ਦੇ ਸ਼ੁਰੂ ਹੋਣ ਤੋਂ ਪਹਿਲਾਂ ਵੀਹਵੀਂ ਸਦੀ ਦੇ ਆਖ਼ਰੀ ਦਹਾਕਿਆਂ ਵਿਚ ਮਨੁੱਖ ਨੇ ਇਨ੍ਹਾਂ ਤਿੰਨਾਂ ਸਮੱਸਿਆਵਾਂ ਉਪਰ ਕਿਸੇ ਹੱਦ ਤਕ ਕਾਬੂ ਪਾ ਲਿਆ ਹੈ। ਅਜੇ ਵੀ ਭਾਵੇਂ ਬਹੁਤ ਸਾਰੇ ਲੋਕ ਇਨ੍ਹਾਂ ਸਮੱਸਿਆਵਾਂ ਨਾਲ ਜੂਝ ਰਹੇ ਹਨ ਪਰ ਪਿਛਲੀਆਂ ਸਦੀਆਂ ਦੇ ਮੁਕਾਬਲੇ ਹਾਲਾਤ ਬਹੁਤ ਜ਼ਿਆਦਾ ਸੁਧਰ ਗਏ ਹਨ। ਸੰਸਾਰ ਦੀ ਬਹੁਤੀ ਵਸੋਂ ਵਧੇਰੇ ਖਾਣ ਅਤੇ ਮੋਟਾਪੇ ਦੀ ਸਮੱਸਿਆ ਨਾਲ ਜੂਝ ਰਹੀ ਹੈ। '2010 ਵਿਚ ਸਮੁੱਚੇ ਸੰਸਾਰ ਵਿਚ ਇਕ ਮਿਲੀਅਨ ਲੋਕ ਭੁੱਖਮਰੀ ਅਤੇ ਮਾੜੀ ਖੁਰਾਕ ਕਾਰਨ ਮਰੇ, ਜਦੋਂ ਕਿ ਤਿੰਨ ਮਿਲੀਅਨ ਲੋਕ ਮੋਟਾਪੇ ਕਾਰਨ ਮਾਰੇ ਗਏ।'

ਇਸ ਸਮੇਂ ਮੌਤ ਦਰ ਵਿਚ ਏਨੀ ਕਮੀ ਆਈ ਹੈ ਕਿ ਸਿਰਫ਼ 5 % ਬੱਚੇ ਹੀ ਬਾਲਗ ਹੋਣ ਤੋਂ ਪਹਿਲਾਂ ਮਰਦੇ ਹਨ। ਇਕ ਸਮਾਂ ਸੀ ਜਦੋਂ ਰਾਜਿਆਂ, ਮਹਾਰਾਜਿਆਂ ਦੇ ਘਰਾਂ ਵਿਚ ਵੀ ਅੱਧੇ ਤੋਂ ਵੱਧ ਬੱਚਿਆਂ ਦਾ ਮਰ ਜਾਣਾ ਆਮ ਗੱਲ ਸੀ। ਦੂਜੀ ਦਹਿਸਦੀ ਦੇ ਸ਼ੁਰੂ ਵਿਚ ਇੰਗਲੈਂਡ ਦੇ ਮਹਾਰਾਜੇ ਦੇ ਮਹਿਲ ਵਿਚ ਤਮਾਮ ਸਹੂਲਤਾਂ ਦੇ ਬਾਵਜੂਦ 18 ਵਿਚੋਂ 17 ਬੱਚਿਆਂ ਦੀ ਮੌਤ ਹੋ ਗਈ।

1979 ਵਿਚ ਵਿਸ਼ਵ ਸਿਹਤ ਸੰਸਥਾ ਨੇ ਸੰਸਾਰ ਵਿਚ ਚੇਚਕ ਦੇ ਖ਼ਾਤਮੇ ਦਾ ਐਲਾਨ ਕਰ ਦਿੱਤਾ। ਕਿਸੇ ਮਹਾਂਮਾਰੀ ਦੇ ਸੰਸਾਰ ਵਿਚੋਂ ਖਾਤਮੇ ਦਾ ਇਹ ਪਹਿਲਾ ਐਲਾਨ ਸੀ। ਸਮੁੱਚੇ ਸੰਸਾਰ ਦੇ ਇਕਜੁੱਟ ਹੋ ਜਾਣ ਦਾ ਇਕ ਹਾਂ-ਪੱਖੀ ਸੰਕੇਤ ਵੀ ਸੀ। ਇਹ ਵੱਖਰੀ ਗੱਲ ਹੈ ਕਿ ਏਡਜ਼,

ਸਾਰਸ, ਬਰਡ ਫਲੂ, ਸਵਾਈਨ ਫਲੂ ਆਦਿ ਵਰਗੀਆਂ ਮਹਾਂਮਾਰੀਆਂ ਅਜੇ ਵੀ ਸਮੇਂ ਸਮੇਂ 'ਤੇ ਸਿਰ ਚੁੱਕਦੀਆਂ ਰਹਿੰਦੀਆਂ ਹਨ। ਮੈਡੀਕਲ ਸਾਇੰਸ ਦੇ ਇਤਿਹਾਸ ਵਿਚ ਏਡਜ਼ ਦਾ ਇਲਾਜ ਨਾ ਲੱਭ ਸਕਣਾ ਬਹੁਤ ਵੱਡੀ ਅਸਫ਼ਲਤਾ ਹੈ। ਉਂਝ ਇਹ ਪਲੇਗ ਵਰਗੀਆਂ ਤਬਾਹਕੁਨ ਮਹਾਂਮਾਰੀਆਂ ਨਹੀਂ ਬਣ ਸਕੀਆਂ। ਹਰਾਰੀ ਅਨੁਸਾਰ ਕਦੀ ਮੌਤ ਪਾਦਰੀਆਂ ਦਾ ਮਸਲਾ ਸੀ ਪਰ ਹੁਣ ਇਹ ਡਾਕਟਰਾਂ ਤੇ ਇੰਜੀਨੀਅਰਾਂ ਦਾ ਮਸਲਾ ਬਣ ਚੁੱਕੀ ਹੈ। ਮਨੁੱਖ ਬਹੁਤ ਜਲਦੀ ਹੇਠ ਲਿਖੀਆਂ ਤਿੰਨ ਸਮੱਸਿਆਵਾਂ ਨੂੰ ਬਦਲਣ ਜਾ ਰਿਹਾ ਹੈ: Famine ਭੁੱਖਮਰੀ ਨੂੰ ਅਮਰਤਾ ਵਿਚ (Immortal), Plague ਮਹਾਂਮਾਰੀ ਨੂੰ ਖ਼ੁਸ਼ੀ ਵਿਚ (Happiness), Violence ਹਿੰਸਾ ਨੂੰ ਚੰਗਿਆਈ ਵਿਚ (Divinity)।

ਸੰਯੁਕਤ ਰਾਸ਼ਟਰ ਨੇ ਜਿਹੜੇ ਮਨੁੱਖੀ ਅਧਿਕਾਰਾਂ ਨੂੰ ਮਾਨਤਾ ਦਿੱਤੀ ਹੈ, ਉਨ੍ਹਾਂ ਵਿਚੋਂ 'ਜਿਉਣ ਦਾ ਅਧਿਕਾਰ' ਇਕ ਹੈ। ਇਸ ਅਧਿਕਾਰ ਦੀ ਉਲੰਘਣਾ ਜਦੋਂ ਕੋਈ ਮਨੁੱਖ ਕਰਦਾ ਹੈ ਤਾਂ ਉਸ ਨੂੰ ਸਜ਼ਾ ਦਿੱਤੀ ਜਾਂਦੀ ਹੈ, ਪਰ ਜਦੋਂ ਮੌਤ ਖ਼ੁਦ ਆ ਜਾਵੇ ਤਾਂ ਸਜ਼ਾ ਕਿਸ ਨੂੰ ਦਿੱਤੀ ਜਾਵੇ? ਇਸ ਲਈ ਸਮੁੱਚੀ ਮਨੁੱਖਤਾ ਨੇ ਮੌਤ ਨੂੰ ਖ਼ਤਮ ਕਰਨ ਲਈ ਇਸ ਦੇ ਖਿਲਾਫ਼ ਜੰਗ ਵਿੱਢ ਦਿੱਤੀ ਹੈ। 'ਪੂਰੇ ਇਤਿਹਾਸ ਵਿਚ ਧਰਮਾਂ ਅਤੇ ਵਿਚਾਰਧਾਰਾਵਾਂ ਨੇ ਕਦੇ ਵੀ ਮਨੁੱਖ ਨੂੰ ਪਵਿੱਤਰ ਨਹੀਂ ਮੰਨਿਆ। ਉਸ ਨੇ ਹਮੇਸ਼ਾ ਧਰਤੀ ਉਪਰਲੀ ਕਿਸੇ ਸ਼ੈਅ ਨੂੰ ਪਵਿੱਤਰ ਮੰਨਿਆ। ਮੌਤ ਪ੍ਰਤੀ ਬੰਦਾ ਹਮੇਸ਼ਾ ਸਹਿਣਸ਼ੀਲ ਬਣਿਆ ਰਿਹਾ।' ਪੁਰਾਤਨ ਬੰਦੇ ਨੇ ਮੌਤ ਨੂੰ ਪਰਮਾਤਮਾ ਦੀ ਰਜ਼ਾ ਮੰਨਿਆ ਹੈ ਪਰ ਸਮਕਾਲੀ ਬੰਦੇ ਨੇ ਇਸ ਨੂੰ ਤਕਨੀਕੀ ਮਸਲੇ ਵਜੋਂ ਲੈਣਾ ਸ਼ੁਰੂ ਕਰ ਦਿੱਤਾ ਹੈ। ਐਕਸੀਡੈਂਟ ਵਿਚ ਮਰੇ ਬੰਦੇ ਦੀ ਮੌਤ ਨੂੰ ਇਲਾਹੀ ਇੱਛਾ ਵਜੋਂ ਸਮਝਣ ਦੀ ਥਾਂ 'ਐਕਸੀਡੈਂਟ ਕਿਸ ਕਾਰਨ ਹੋਇਆ', ਇਹ ਸਮਝਣ 'ਤੇ ਜ਼ੋਰ ਦਿੱਤਾ ਜਾਂਦਾ ਹੈ। ਸੜਕ ਸੁਰੱਖਿਆ ਦੇ ਨਿਯਮਾਂ 'ਤੇ ਜ਼ੋਰ ਦਿੱਤਾ ਜਾਣ ਲੱਗਾ ਹੈ। ਉਨ੍ਹਾਂ ਵਿਗਿਆਨੀਆਂ ਦੀ ਗਿਣਤੀ ਵਧਣ ਲੱਗੀ ਹੈ ਜਿਹੜੇ ਮੌਤ ਨੂੰ ਹਰਾਉਣ ਤੇ ਮਨੁੱਖ ਨੂੰ ਲੰਮੀ ਉਮਰ ਦੇਣ ਲਈ ਤੱਤਪਰ ਹਨ।

ਵੈਸੇ ਤਾਂ ਸਮੁੱਚਾ ਵਿਗਿਆਨ ਹੀ ਮਨੁੱਖ ਦੀ ਲੰਮੀ ਉਮਰ ਕਰਨ ਲਈ ਯਤਨਸ਼ੀਲ ਹੈ ਪਰ ਕੁਝ ਨਵੀਂ ਤਰਜ਼ ਦੀਆਂ ਕੰਪਨੀਆਂ ਨੇ ਇਸ ਸੰਬੰਧੀ ਨਵੀਂ ਤਰਜ਼ ਦੇ ਯਤਨ ਸ਼ੁਰੂ ਕਰ ਦਿੱਤੇ ਹਨ। ਗੂਗਲ ਨੇ ਕੈਲੀਕੋ (Calico) ਨਾਮ ਦੀ ਕੰਪਨੀ ਸ਼ੁਰੂ ਕੀਤੀ ਹੈ ਜਿਸ ਦਾ ਮਿਸ਼ਨ 'ਮੌਤ ਦਾ ਹੱਲ' (to solve death) ਹੈ। ਵਿਗਿਆਨੀਆਂ ਨੂੰ ਆਪਣੇ ਇਸ ਉਦੇਸ਼ ਵਿਚ ਯਕੀਨ ਇਸ ਕਰਕੇ ਹੈ ਕਿਉਂਕਿ ਬੰਦਾ ਪਿਛਲੀ ਇਕ ਸਦੀ ਵਿਚ ਕਈ ਚਮਤਕਾਰ ਕਰ ਚੁੱਕਾ ਹੈ। ਸੰਨ 1900 ਦੇ ਨੇੜੇ ਵਿਸ਼ਵ ਪੱਧਰ 'ਤੇ ਔਸਤਨ ਉਮਰ 40 ਸਾਲ ਦੇ ਲਗਪਗ ਸੀ। ਉਦੋਂ ਜਿਹੜੇ ਭੁੱਖਮਰੀ, ਮਹਾਂਮਾਰੀਆਂ ਅਤੇ ਹਿੰਸਾ ਤੋਂ ਬਚ ਜਾਂਦੇ ਸਨ, ਉਹ ਜ਼ਰੂਰ 70-80 ਸਾਲ ਤਕ ਜਿਉਂ ਜਾਂਦੇ ਸਨ। 'ਅਸਲ ਵਿਚ ਆਧੁਨਿਕ ਦਵਾਈਆਂ ਨੇ ਮਨੁੱਖ ਦੀ ਕੁਦਰਤੀ ਉਮਰ ਨਹੀਂ ਵਧਾਈ, ਇਸ ਦੀ ਵੱਡੀ ਪ੍ਰਾਪਤੀ ਇਹ ਹੈ ਕਿ ਇਸ ਨੇ ਸਾਨੂੰ ਸਮੇਂ ਤੋਂ ਪਹਿਲਾਂ ਆਉਣ ਵਾਲੀ ਮੌਤ ਤੋਂ ਬਚਾਇਆ ਹੈ ਤੇ ਸਾਨੂੰ ਪੂਰੀ ਉਮਰ ਭੋਗਣ ਦੇ ਯੋਗ ਬਣਾਇਆ ਹੈ।' ਪਰ ਜੀਨ ਵਿਗਿਆਨ ਅਤੇ ਅੰਗ ਟਰਾਂਸਪਲਾਂਟ ਨੇ ਵਿਗਿਆਨੀਆਂ ਨੂੰ ਮੌਜੂਦਾ ਉਮਰ ਨੂੰ ਘਟੋ-ਘੱਟ 150 ਸਾਲ ਵਧਾਉਣ ਬਾਰੇ ਸੋਚਣ ਦੇ ਯੋਗ ਬਣਾਇਆ ਹੈ।

ਬੰਦਾ ਮਨੁੱਖੀ ਜਾਮੇ ਨੂੰ ਏਨਾ ਪਿਆਰ ਕਰਦਾ ਹੈ ਕਿ ਉਹ ਇਸ ਨੂੰ ਛੱਡਣਾ ਨਹੀਂ ਚਾਹੁੰਦਾ। ਜਦੋਂ ਉਸ ਨੂੰ ਮੌਤ ਸੱਚ ਜਾਪਦੀ ਹੈ ਤਾਂ ਉਹ ਅਜਿਹੇ ਕੰਮ ਕਰਦਾ ਹੈ ਜਿਸ ਨਾਲ ਉਹ ਲੰਮਾ ਸਮਾਂ ਧਰਤੀ 'ਤੇ ਆਪਣਾ ਨਾਮ ਜਿਉਂਦਾ ਰੱਖ ਸਕੇ। ਉਜ਼ਬੇਕ ਭਾਸ਼ਾ ਤੋਂ ਪੰਜਾਬੀ ਵਿਚ ਅਨੁਵਾਦ ਹੋਏ ਨਾਵਲ ਵਿਚ ਬਾਬਰ ਆਪਣੇ ਇਰਾਨ ਤੋਂ ਪੜ੍ਹ ਕੇ ਆਏ ਆਰਕੀਟੈਕਟ ਨੂੰ ਆਖਦਾ ਹੈ ਕਿ ਉਸ ਸਾਹਮਣੇ ਵਾਲੇ ਪਹਾੜ 'ਤੇ ਕਿਲ੍ਹਾ ਬਣਵਾ ਤਾਂ ਕਿ ਮੇਰਾ ਨਾਮ ਘੱਟੋ-ਘੱਟ ਪੰਜ ਸੌ ਸਾਲ ਜਿਉਂਦਾ ਰਹੇ। ਪੁਰਾਤਨ ਸਮਿਆਂ ਵਿਚ ਯੂਨਾਨੀ ਚਿੰਤਕ ਐਪੀਕਿਊਰਸ (Epicurus) ਨੇ ਦੇਵਤਿਆਂ ਦੀ



ਪੂਜਾ ਨੂੰ ਸਮਾਂ ਨਸ਼ਟ ਕਰਨ ਵਾਲਾ ਕੰਮ ਕਿਹਾ ਸੀ। ਉਸ ਨੇ ਮੌਤ ਤੋਂ ਬਾਅਦ ਜੀਵਨ ਤੋਂ ਇਨਕਾਰ ਕੀਤਾ ਸੀ। ਉਦੋਂ ਭਾਵੇਂ ਐਪੀਕਿਊਰੀਵਾਦ (Epicureanism) ਨੂੰ ਬਹੁਗਿਣਤੀ ਵੱਲੋਂ ਰੱਦ ਕਰ ਦਿੱਤਾ ਗਿਆ ਸੀ ਪਰ ਹੁਣ ਬਹੁਤ ਸਾਰੀਆਂ ਧਿਰਾਂ ਵੱਲੋਂ ਇਨ੍ਹਾਂ ਵਿਚਾਰਾਂ ਨੂੰ ਮੰਨ ਲਿਆ ਗਿਆ ਹੈ। ਉਸ ਦਾ ਵਿਚਾਰ ਸੀ ਕਿ ਜ਼ਿੰਦਗੀ ਦਾ ਅਸਲ ਮਕਸਦ ਖ਼ੁਸ਼ੀ ਦੀ ਤਲਾਸ਼ ਹੈ। ਗੁਰੂ ਤੇਗ਼ ਬਹਾਦਰ ਜੀ ਅਨੁਸਾਰ ਆਮ ਮਾਤ ਲੋਕੀ ਬੰਦਾ ਵੀ ਬਹੁਤੇ ਯਤਨ ਖ਼ੁਸ਼ੀ ਪ੍ਰਾਪਤ ਕਰਨ ਲਈ ਹੀ ਕਰਦਾ ਹੈ:

*ਯਤਨ ਬਹੁਤ ਸੁਖ ਕਿ ਕੀਏ ਦੁੱਖ ਕੋ ਕੀਏ ਨਾ ਕੋਇ।।*

ਅੱਜੋਕੇ ਚਿੰਤਕਾਂ ਨੇ ਮਾਨਵੀ ਖ਼ੁਸ਼ੀ ਨੂੰ ਇਕ ਬਹੁ-ਮਾਨਵੀ ਪ੍ਰਾਜੈਕਟ ਬਣਾ ਲਿਆ ਹੈ। ਇਕ ਪਾਸੇ ਦੇਸ਼ਾਂ ਦੇ ਵਧਦੇ ਆਕਾਰ ਨੂੰ ਹੀ ਵਧਦੀ ਤਾਕਤ ਮੰਨਿਆ ਜਾਂਦਾ ਰਿਹਾ। ਕੁਲ ਘਰੇਲੂ ਪੈਦਾਵਾਰ ਨੂੰ ਸਮਕਾਲੀ ਸਮੇਂ ਵਿਚ ਦੇਸ਼ਾਂ ਦੇ ਅਮੀਰ ਹੋਣ ਦਾ ਸਬੂਤ ਸਮਝਿਆ ਜਾਂਦਾ ਹੈ। 'ਇਸ ਨਜ਼ਰੀਏ ਤੋਂ ਸਿੰਗਾਪੁਰ ਕੋਸਟਾਰੀਕਾ ਤੋਂ ਵਧੇਰੇ ਔਸਤਨ 56,000 ਡਾਲਰ ਦੀਆਂ ਪ੍ਰਤੀ ਵਿਅਕਤੀ ਚੀਜ਼ਾਂ ਅਤੇ ਸੇਵਾਵਾਂ ਪੈਦਾ ਕਰਕੇ ਵਧੇਰੇ ਕਾਮਯਾਬ ਹੈ, ਜਦਕਿ ਕੋਸਟਾਰੀਕਾ ਸਿਰਫ਼ 14,000 ਡਾਲਰ ਹੀ ਪੈਦਾ ਕਰਦਾ ਹੈ। ਪਰ ਅੱਜੋਕੇ ਸਮੇਂ ਦੇ ਚਿੰਤਕ, ਸਿਆਸਤਦਾਨ ਅਤੇ ਇੱਥੋਂ ਤਕ ਕਿ ਅਰਥ ਸ਼ਾਸਤਰੀ ਵੀ ਜੀਡੀਪੀ ਦੀ ਥਾਂ ਜੀਡੀਐਚ (Gross Domestic Happiness) ਨੂੰ ਦੇਖਣ ਲੱਗੇ ਹਨ।... ਇਕ ਸਰਵੇਖਣ ਅਨੁਸਾਰ ਕੋਸਟਾਰੀਕਾ ਦੇ ਵਸਨੀਕਾਂ ਦਾ ਖ਼ੁਸ਼ੀ ਦਾ ਪੱਧਰ ਸਿੰਗਾਪੁਰੀਆਂ ਨਾਲੋਂ ਜ਼ਿਆਦਾ ਹੈ।' ਪੈਦਾਵਾਰ ਤਾਂ ਖ਼ੁਸ਼ੀ ਤਕ ਪਹੁੰਚਣ ਦਾ ਸਾਧਨ ਮਾਤਰ ਹੈ, ਅੰਤਮ ਨਿਸ਼ਾਨਾ ਨਹੀਂ। ਅੰਤਮ ਨਿਸ਼ਾਨਾ ਖ਼ੁਸ਼ੀ ਹੈ ਜਿਹੜੀ ਕੋਸਟਾਰੀਕਾ ਦੇ ਲੋਕਾਂ ਨੇ ਘੱਟ ਪੈਦਾਵਾਰ ਦੇ ਬਾਵਜੂਦ ਪ੍ਰਾਪਤ ਕਰ ਲਈ ਹੈ।

ਹਰਾਰੀ ਅਨੁਸਾਰ ਪੀਰੂ, ਗੁਆਟੇਮਾਲਾ, ਫਿਲਪਾਈਨਜ਼ ਤੇ ਅਲਬਾਨੀਆ ਵਰਗੇ ਗ਼ਰੀਬ ਅਤੇ ਰਾਜਨੀਤਕ ਤੌਰ 'ਤੇ ਅਸਥਿਰ ਵਿਕਾਸਸ਼ੀਲ ਦੇਸ਼ਾਂ ਵਿਚ ਇਕ ਲੱਖ ਬੰਦਿਆਂ ਪਿੱਛੇ ਸਾਲ ਵਿਚ ਇਕ ਬੰਦਾ ਆਤਮ ਹੱਤਿਆ ਕਰਦਾ ਹੈ ਜਦੋਂਕਿ ਸਵਿਟਰਜ਼ਰਲੈਂਡ, ਫਰਾਂਸ, ਜਾਪਾਨ ਤੇ ਨਿਊਜ਼ੀਲੈਂਡ ਵਰਗੇ ਅਮੀਰ ਅਤੇ ਸ਼ਾਂਤ ਦੇਸ਼ਾਂ ਵਿਚ ਇਕ ਲੱਖ ਦੀ ਆਬਾਦੀ ਪਿਛੇ 25 ਬੰਦੇ ਹਰ ਸਾਲ ਆਤਮ ਹੱਤਿਆ ਕਰਦੇ ਹਨ। 1985 ਦੇ ਗ਼ਰੀਬ ਤੇ ਅਨਪੜ੍ਹ ਦੱਖਣੀ ਕੋਰੀਆ ਵਿਚ ਇਕ ਲੱਖ ਦੀ ਜਨਸੰਖਿਆ ਪਿੱਛੇ 9 ਬੰਦ ਆਤਮ ਹੱਤਿਆ ਕਰਦੇ ਸਨ ਜਦਕਿ ਅੱਜੋਕੇ ਅਮੀਰ, ਵਿਕਸਤ, ਪੜ੍ਹੇ ਲਿਖੇ ਦੱਖਣੀ ਕੋਰੀਆ ਵਿਚ ਤਿੰਨ ਗੁਣਾ ਵੱਧ ਆਤਮ ਹਤਿਆਵਾਂ ਹੁੰਦੀਆਂ ਹਨ।

ਖ਼ੁਸ਼ੀ ਦਾ ਇਕ ਲੱਛਣ ਇਹ ਹੈ ਕਿ 'ਇਹ ਬਹੁਤੀ ਦੇਰ ਰਹਿੰਦੀ ਨਹੀਂ'। ਇੱਛਾਵਾਂ ਦੀ ਪੂਰਤੀ ਹੁੰਦੇ ਸਾਰ ਹੀ ਨਵੀਆਂ ਇੱਛਾਵਾਂ ਪੈਦਾ ਹੋ ਜਾਂਦੀਆਂ ਹਨ। ਇਸੇ ਲਈ ਮਹਾਤਮਾ ਬੁੱਧ ਨੇ ਕਿਹਾ ਸੀ ਕਿ ਜ਼ਿਆਦਾ ਸੁੱਖ ਦੁੱਖਾਂ ਦਾ ਘਰ ਹੈ।'

ਅਸੀਂ ਅਮੀਬਾ ਤੋਂ ਰੀਂਗਣ ਵਾਲੇ ਜੀਵ ਬਣੇ, ਰੀਂਗਣ ਵਾਲਿਆਂ ਤੋਂ ਥਣਧਾਰੀ ਬਣੇ। ਮੌਜੂਦਾ ਹੋਮੋ ਸੇਪੀਅਨ ਨਸਲ ਲੱਖਾਂ ਸਾਲਾਂ ਦੇ ਲੜੀਵਾਰ ਵਿਕਾਸ ਦਾ ਨਤੀਜਾ ਹੈ। ਹੋਮੋ ਸੇਪੀਅਨ ਨਸਲ ਆਖ਼ਰੀ ਪੜਾਅ ਨਹੀਂ ਹੈ। ਹਰਾਰੀ ਇਹ ਖ਼ਦਸ਼ਾ ਪ੍ਰਗਟ ਕਰਦਾ ਹੈ ਕਿ ਸੰਭਵ ਤੌਰ 'ਤੇ ਧਰਤੀ ਉਪਰ ਹੁਣ ਜਿਉਂਦੀ ਮਨੁੱਖ ਦੀ ਇਕੋ ਇਕ ਨਸਲ ਹੋਮੋ ਸੇਪੀਅਨ ਨੇੜੇ ਭਵਿੱਖ ਵਿਚ ਖ਼ਤਮ ਹੋ ਸਕਦੀ ਹੈ। ਇਸ ਦੀ ਥਾਂ ਦੇਵਤਿਆਂ ਵਰਗੀ ਨਸਲ ਹੋਮੋ ਡਿਊਸ ਲੈ ਸਕਦੀ ਹੈ। ਇਹ ਨਸਲ ਸੰਭਵ ਤੌਰ 'ਤੇ ਸੁਪਰ ਹਿਊਮਨ ਹੋਵੇਗੀ। ਬਹੁਤ ਸਾਰੀਆਂ ਹਾਲੀਵੁੱਡ ਫ਼ਿਲਮਾਂ ਇਸ ਨਸਲ ਦੇ ਨੈਣ ਨਕਸ਼ਾਂ ਦੀ ਚਿੱਤਰਕਾਰੀ ਕਰ ਚੁੱਕੀਆਂ ਹਨ। ਇਹ ਨਸਲ ਸੁਧਰੇ ਹੋਏ ਬਿਮਾਰੀ ਰਹਿਤ ਜੀਨਾਂ ਨਾਲ ਤਿਆਰ ਹੋਵੇਗੀ। ਇਸ ਦਾ ਨਿਸ਼ਾਨਾ ਭਰਾ ਮਾਰੂ ਜੰਗ ਨਹੀਂ ਬਲਕਿ ਬ੍ਰਹਿਮੰਡ ਹੋਵੇਗਾ।

ਭਵਿੱਖ ਬਾਰੇ ਅਨੁਮਾਨ ਲਗਾਉਂਦਾ ਲੇਖਕ ਇਸ ਗੱਲ ਬਾਰੇ ਵੀ ਚੇਤਨ ਹੈ ਕਿ ਇਤਿਹਾਸ ਤੋਂ ਭਵਿੱਖ ਦਾ ਅਨੁਮਾਨ ਲਗਾਉਣਾ ਹਮੇਸ਼ਾ ਠੀਕ ਨਹੀਂ ਹੁੰਦਾ। 'ਜਿੰਨਾ ਜ਼ਿਆਦਾ ਅਸੀਂ ਇਤਿਹਾਸ ਨੂੰ ਜਾਣਦੇ ਹਾਂ, ਓਨੀ ਹੀ ਤੇਜ਼ੀ ਨਾਲ ਇਤਿਹਾਸ ਆਪਣਾ ਰਸਤਾ ਬਦਲ ਲੈਂਦਾ ਹੈ। ਸਾਡਾ ਗਿਆਨ

ਓਨਾ ਹੀ ਬੇਹਾ ਹੋ ਜਾਂਦਾ ਹੈ।' ਫਿਰ ਇਤਿਹਾਸ ਪੜ੍ਹਿਆ ਕਿਉਂ ਜਾਂਦਾ ਹੈ? ਇਤਿਹਾਸ ਇਸ ਲਈ ਪੜ੍ਹਿਆ ਜਾਂਦਾ ਤਾਂ ਕਿ ਸਾਡੀਆਂ ਕਲਪਨਾਵਾਂ ਦੇ ਦਿਸਹੱਦੇ ਹੋਰ ਵਿਸ਼ਾਲ ਹੋ ਜਾਣ। ਇਤਿਹਾਸ ਸਾਨੂੰ ਉਨ੍ਹਾਂ ਸੰਭਾਵਨਾਵਾਂ ਤੋਂ ਜਾਣੂ ਕਰਾਉਂਦਾ ਹੈ ਜਿਹੜੀਆਂ ਭਵਿੱਖ ਵਿਚ ਹੋ ਸਕਦੀਆਂ ਹਨ।

ਇਤਿਹਾਸ ਦੁਹਰਾਉਣ ਲਈ ਨਹੀਂ ਪੜ੍ਹਿਆ ਜਾਂਦਾ। ਇਹ ਅਤੀਤ ਤੋਂ ਆਜ਼ਾਦ ਹੋਣ ਲਈ ਪੜ੍ਹਿਆ ਜਾਂਦਾ ਹੈ। ਇਤਿਹਾਸ ਪੜ੍ਹਦਿਆਂ ਅਚਾਨਕ ਵਾਪਰਦੀਆਂ ਘਟਨਾਵਾਂ ਦੀ ਲੜੀ ਨੂੰ ਵੇਖਦਿਆਂ ਅਸੀਂ ਸਮਝ ਜਾਂਦੇ ਹਾਂ ਕਿ ਸਾਡੇ ਵਿਚਾਰ ਅਤੇ ਸੁਪਨੇ ਕਿਵੇਂ ਹੋਂਦ ਗ੍ਰਹਿਣ ਕਰਦੇ ਹਨ। ਇਹ ਸਮਝਣ ਤੋਂ ਬਾਅਦ ਅਸੀਂ ਵੱਖਰੀ ਤਰ੍ਹਾਂ ਸੋਚਣ ਤੇ ਸੁਪਨੇ ਲੈਣ ਦੇ ਯੋਗ ਹੋ ਜਾਂਦੇ ਹਾਂ। ਇਤਿਹਾਸ ਇਹ ਨਹੀਂ ਸਿਖਾਉਂਦਾ ਕਿ ਤੁਹਾਨੂੰ ਕੀ ਚੁਣਨਾ ਚਾਹੀਦਾ ਬਲਕਿ ਇਹ ਸਾਨੂੰ ਹੋਰ ਬਦਲ ਜ਼ਰੂਰ ਸੁਝਾਉਂਦਾ ਹੈ। ਇਤਿਹਾਸ ਤੋਂ ਤੁਸੀਂ ਪੂਰੀ ਤਰ੍ਹਾਂ ਆਜ਼ਾਦ ਨਹੀਂ ਹੋ ਸਕਦੇ। ਅਸੀਂ ਆਪਣੇ ਆਪ ਨੂੰ ਇਤਿਹਾਸ ਦੁਆਰਾ ਤਰਾਸ਼ੇ ਜਾਣ ਤੋਂ ਰੋਕ ਨਹੀਂ ਪਾਉਂਦੇ ਪਰ ਥੋੜ੍ਹੀ ਆਜ਼ਾਦੀ ਬਿਲਕੁਲ ਨਾ ਹੋਣ ਨਾਲੋਂ ਤਾਂ ਚੰਗੀ ਹੀ ਹੁੰਦੀ ਹੈ।

ਭੂਮਿਕਾ ਵਰਗੇ ਚੈਪਟਰ (The New Human Agenda) ਤੋਂ ਬਾਅਦ ਹਰਾਰੀ ਕਿਤਾਬ ਦੇ ਪਹਿਲੇ ਚੈਪਟਰ 'ਤੇ ਪਹੁੰਚਦਾ ਹੈ। ਉਹ ਸਮਝਣਾ ਚਾਹੁੰਦਾ ਹੈ ਕਿ ਭਵਿੱਖ ਦੇ ਸੁਪਰ ਹਿਊਮਨ ਦੇ ਅੱਜ ਦੇ ਹੋਮੋ ਸੇਪੀਅਨ ਬੰਦੇ ਨਾਲ ਸੰਬੰਧ ਕਿਹੋ ਜਿਹੇ ਹੋਣਗੇ। ਸੰਭਵ ਹੈ ਇਹ ਵਧੀਆ ਹੋਣ ਪਰ ਹੋਰਨਾਂ ਸੰਭਾਵਨਾਵਾਂ ਨੂੰ ਸਾਹਮਣੇ ਰੱਖਣ ਲਈ ਧਰਤੀ ਉਪਰ ਮੌਜੂਦ ਇਕੋ ਇਕ ਮਨੁੱਖੀ ਨਸਲ ਹੋਮੋ ਸੇਪੀਅਨਜ਼ ਦੇ ਆਪਣੇ ਤੋਂ ਘੱਟ ਦਿਮਾਗ਼ੀ ਸਮਰੱਥਾ ਵਾਲੇ ਜੀਵਾਂ ਨਾਲ ਸੰਬੰਧਾਂ ਨੂੰ ਸਮਝ ਲੈਣਾ ਚੰਗਾ ਰਹੇਗਾ। ਉਸ ਦੇ ਅਧਿਐਨ ਅਨੁਸਾਰ ਧਰਤੀ ਉਪਰਲੇ ਬਹੁਤ ਜੀਵ ਮਨੁੱਖ ਨੇ ਖ਼ਤਮ ਕਰ ਦਿੱਤੇ ਹਨ, ਜਿਹੜੇ ਬਚੇ ਹਨ ਉਨ੍ਹਾਂ ਵਿਚ 90 % ਪਾਲਤੂ (Domesticated) ਹਨ ਤੇ ਸਿਰਫ਼ 10 % ਜੰਗਲੀ ਹਨ। ਜਦੋਂ ਦਾ ਧਰਤੀ ਉਪਰ ਜੀਵ ਸੰਸਾਰ ਪੈਦਾ ਹੋਇਆ ਹੈ, ਉਦੋਂ ਦਾ ਮਨੁੱਖ ਨੂੰ ਛੱਡ ਕੇ ਹੋਰ ਕਿਸੇ ਜੀਵ ਨੇ ਕੁਦਰਤੀ ਵਾਤਾਵਰਣ ਨੂੰ ਨਹੀਂ ਬਦਲਿਆ। ਇਹ ਵਾਤਾਵਰਣ ਤਬਦੀਲੀਆਂ ਕੁਦਰਤੀ ਆਫ਼ਤਾਂ ਨੂੰ ਜਨਮ ਦੇਣ ਲੱਗੀਆਂ ਹਨ।

ਹਰਾਰੀ ਜੀਵ ਜੰਤੂਆਂ ਦੇ ਹੱਕ ਵਿਚ ਸਖ਼ਤ ਪੈਂਤੜਾ ਮੱਲਦਾ ਹੋਇਆ ਅਲਗੋਰਿਦਮਜ਼ (ਸਥਿਤੀ ਅਨੁਸਾਰ ਹਿਸਾਬ ਕਰਕੇ ਫ਼ੈਸਲਾ) ਦੀ ਕਾਰਜ ਸ਼ੈਲੀ ਸਮਝਾਉਂਦਾ ਹੈ। ਮਨੁੱਖ ਵਾਂਗ ਹੀ ਜੀਵ ਜੰਤੂ ਖ਼ਤਰਾ ਭਾਂਪ ਕੇ ਹੀ ਤਰਕਸ਼ੀਲ ਫ਼ੈਸਲਾ ਲੈਂਦੇ ਹਨ। ਲੰਗੂਰ ਸ਼ੇਰ ਦੇ ਨੇੜੇ ਹੁੰਦਿਆਂ ਕੇਲੇ ਤੋੜਨ ਦਾ ਖ਼ਤਰਾ ਤਾਂ ਹੀ ਲਵੇਗਾ ਜੇਕਰ ਉਹ ਭੁੱਖ ਨਾਲ ਮਰਨ ਲਈ ਬਿਲਕੁਲ ਤਿਆਰ ਹੋਵੇ। ਮਨੁੱਖ ਪਸ਼ੂਆਂ ਨੂੰ ਤੰਗ ਕਰਨ ਅਤੇ ਮਾਰਨ ਲਈ ਇਸ ਲਈ ਤਿਆਰ ਹੁੰਦਾ ਹੈ ਕਿਉਂਕਿ ਉਹ ਸਮਝਦਾ ਹੈ ਕਿ ਪਸ਼ੂਆਂ-ਪੰਛੀਆਂ ਵਿਚ ਸੋਚ ਸ਼ਕਤੀ ਨਹੀਂ ਹੁੰਦੀ। ਹਰਾਰੀ ਅਨੁਸਾਰ ਪਸ਼ੂਆਂ ਵਿਚ ਵੀ ਉਹੀ ਅਲਗੋਰਿਦਮਜ਼ ਕੰਮ ਕਰਦਾ ਹੈ ਜੋ ਮਨੁੱਖ ਵਿਚ ਹੈ। ਬੰਦੇ ਨੂੰ ਜੀਵ ਜਗਤ ਅਤੇ ਕੁਦਰਤ ਦੇ ਦੁਜੈਲੇ ਸਥਾਨ 'ਤੇ ਰੱਖ ਕੇ ਆਪਣੇ ਆਪ ਅਤੇ ਰੱਬ ਨੂੰ ਕੇਂਦਰੀ ਪਾਤਰ ਬਣਾ ਲਿਆ।

ਖੇਤੀਬਾੜੀ ਯੁੱਗ ਸ਼ੁਰੂ ਹੋਣ ਤੋਂ ਪਹਿਲਾਂ ਘੁੰਮਤਰੂ ਬੰਦਾ ਜਾਨਵਰਾਂ ਪ੍ਰਤੀ ਓਨਾ ਜ਼ਾਲਮ ਨਹੀਂ ਸੀ ਜਿੰਨਾ ਖੇਤੀਬਾੜੀ ਯੁੱਗ ਦਾ ਬੰਦਾ ਹੋ ਗਿਆ। ਖੇਤੀਬਾੜੀ ਯੁੱਗ ਨੇ ਹੀ ਬੰਦਿਆਂ ਅਤੇ ਪਸ਼ੂਆਂ ਦੀ ਗ਼ੁਲਾਮੀ ਦੀ ਸ਼ੁਰੂਆਤ ਕੀਤੀ। ਖੇਤੀਬਾੜੀ ਨੇ ਜੀਵ ਅਤੇ ਰੁੱਖਾਂ ਨੂੰ ਖ਼ਾਮੋਸ਼ ਕਰ ਦਿੱਤਾ। 'ਦੁਨੀਆਂ ਹੁਣ ਇਕ ਬੰਦੇ ਦਾ ਤਮਾਸ਼ਾ ਬਣ ਕੇ ਰਹਿ ਗਈ ਹੈ। ਬਿਨਾਂ ਕਿਸੇ ਨੂੰ ਖ਼ੁਸ਼ ਕਰਿਆਂ, ਬਿਨਾਂ ਕਿਸੇ ਨਾਲ ਸਮਝੌਤਾ ਕਰਿਆਂ, ਸਿਰਫ਼ ਆਪਣੇ ਆਪ ਨਾਲ ਸਲਾਹ ਕਰਦਿਆਂ ਬੇਥਾਹ ਤਾਕਤ ਦੀ ਮਾਲਕ ਬਣਦੀ ਹੋਈ ਖਾਲੀ ਸਟੇਜ ਉਤੇ ਮਨੁੱਖਤਾ ਇਕੱਲੀ ਰਹਿ ਗਈ ਹੈ।'

ਵਿਸ਼ਵ ਦੇ ਇਕ ਰੱਬੀ (Monotheist) ਧਰਮਾਂ ਨੇ ਵੀ ਇਹ ਮੰਨ ਲਿਆ ਹੈ ਕਿ ਆਤਮਾ ਸਿਰਫ਼ ਮਨੁੱਖ ਅੰਦਰ ਹੁੰਦੀ ਹੈ। ਸਿਰਫ਼ ਮਨੁੱਖੀ ਆਤਮਾ ਹੀ ਸਵਰਗ ਜਾਂ ਨਰਕ ਦਾ ਵਾਸ ਕਰਦੀ ਹੈ। ਜੀਵਾਂ ਅੰਦਰ ਆਤਮਾ ਦੀ ਹੋਂਦ ਨਹੀਂ ਹੈ। ਕੁਝ ਸਦੀਆਂ ਪਹਿਲਾਂ ਤਕ ਬੰਦਾ ਸਾਰੀਆਂ ਅਣਸਮਝੀਆਂ



ਗੁੰਝਲਾਂ ਦਾ ਕਾਰਨ ਰੱਬ ਦੇ ਕੌਤਕ ਨੂੰ ਮੰਨਦਾ ਸੀ। ਹੁਣ ਦੁਨੀਆਂ ਦੇ ਸਾਰੇ ਖੇਤਰਾਂ ਦੇ ਉਪਰਲੇ ਵਿਗਿਆਨੀ ਰੱਬ ਉਪਰ ਕੁਝ ਨਹੀਂ ਛੱਡਦੇ। ਉਹ ਹਰ ਵਰਤਾਰੇ ਦਾ ਕਾਰਨ ਤਲਾਸ਼ਦੇ ਹਨ।

ਹਰਾਰੀ ਮਨੁੱਖ ਦੀ ਇਸ ਬੇਥਾਹ ਸਫ਼ਲਤਾ ਦਾ ਰਾਜ਼ ਇਸ ਦੇ ਇਕੱਠੇ ਹੋਣ ਤੇ ਇਕ ਦੂਜੇ ਨਾਲ ਹੋਰਾਂ ਨਾਲੋਂ ਬਿਹਤਰ ਤਾਲਮੇਲ ਕਰਨ ਵਿਚ ਮੰਨਦਾ ਹੈ। ਮਨੁੱਖਾਂ ਵਿਚ ਵੀ ਉਹੀ ਧੜੇ ਵਧੇਰੇ ਕਾਮਯਾਬ ਹੁੰਦੇ ਹਨ ਜਿਹੜੇ ਦੂਜੇ ਧੜਿਆਂ ਦੇ ਮੁਕਾਬਲੇ ਜ਼ਿਆਦਾ ਵਧੀਆ ਤਾਲਮੇਲ ਕਰਦੇ ਹਨ। ਰੋਮਾਨੀਆ ਦਾ ਭ੍ਰਿਸ਼ਟ ਕਮਿਊਨਿਸਟ ਰਾਸ਼ਟਰਪਤੀ ਨਿਕੋਲ ਸੀਆਸੀਏਸੂ ਇਸ ਲਈ ਚਾਲੀ ਸਾਲ ਸਫ਼ਲਤਾ ਨਾਲ ਰਾਜ ਕਰੀ ਗਿਆ ਕਿਉਂਕਿ ਉਹ ਆਪਣੀ ਸਰਕਾਰ ਵਿਚ ਹਰ ਥਾਂ ਆਪਣੇ ਵਰਗੇ ਭ੍ਰਿਸ਼ਟ ਤੇ ਨਿੱਜੀ ਬੰਦੇ ਹੀ ਲਗਾਉਂਦਾ ਸੀ। 21 ਦਸੰਬਰ 1989 ਵਾਲੇ ਦਿਨ ਨਿਕੋਲ ਸੀਆਸੀਏਸੂ ਇਸ ਲਈ ਸੱਤਾ ਤੋਂ ਹਟਾ ਕੇ ਕਤਲ ਕਰ ਦਿੱਤਾ ਗਿਆ ਕਿਉਂਕਿ ਉਲਟ ਇਨਕਲਾਬੀ (ਜਾਂ ਇਨਕਲਾਬੀ) ਭੀੜ ਕਮਿਊਨਿਸਟ ਫ਼ੌਜ ਅਤੇ ਪੁਲਿਸ ਨਾਲੋਂ ਬਿਹਤਰ ਤਰੀਕੇ ਨਾਲ ਤਾਲਮੇਲ ਕਰ ਸਕੀ। ਬਾਅਦ ਵਿਚ ਲੋਕਤੰਤਰੀ ਤਰੀਕੇ ਨਾਲ ਬਣੀ ਸਰਕਾਰ ਵਿਚ ਭ੍ਰਿਸ਼ਟ ਸਾਬਕਾ ਕਮਿਊਨਿਸਟ ਇਸ ਲਈ ਸੱਤਾ ਦੇ ਭਾਈਵਾਲ ਬਣ ਗਏ ਕਿਉਂਕਿ ਉਨ੍ਹਾਂ ਨੇ ਵਿਦਰੋਹੀਆਂ ਨਾਲੋਂ ਵਧੇਰੇ ਚੰਗੇ ਤਰੀਕੇ ਨਾਲ ਤਾਲਮੇਲ ਕੀਤਾ ਸੀ। ਪੂੰਜੀਵਾਦੀ ਰੋਮਾਨੀਆਂ ਵਿਚ ਸਾਬਕਾ ਕਮਿਊਨਿਸਟ ਇਸ ਲਈ ਸਾਰੀਆਂ ਵੱਡੀਆਂ ਜਾਇਦਾਦਾਂ ਅਤੇ ਕੰਪਨੀਆਂ ਦੇ ਮਾਲਕ ਬਣ ਗਏ ਕਿਉਂਕਿ ਉਨ੍ਹਾਂ ਨੇ ਤਾਲਮੇਲ ਨਾਲ ਕਮਿਊਨਿਸਟ ਰੋਮਾਨੀਆਂ ਵਿਚ ਧਨ ਕਮਾਇਆ ਸੀ।

ਲੇਖਕ ਅਨੁਸਾਰ ਮਨੁੱਖ ਮਿਥਾਂ ਬਣਾਉਂਦਾ ਹੈ, ਫਿਰ ਉਨ੍ਹਾਂ ਦੇ ਸੱਚ ਹੋਣ ਵਿਚ ਯਕੀਨ ਕਰਦਾ ਹੈ। ਇਸ ਨੇ 20ਵੀਂ ਸਦੀ ਵਿਚ ਮਨੁੱਖੀ ਸਵਰਗ ਸਿਰਜਣ ਲਈ ਮਹਾਨ ਰਾਜਨੀਤਕ ਅਰਥ ਸ਼ਾਸਤਰੀ ਕਾਰਲ ਮਾਰਕਸ ਦੇ ਸਿਧਾਂਤਾਂ ਦੇ ਆਧਾਰ 'ਤੇ ਸੋਵੀਅਤ ਯੂਨੀਅਨ ਨਾਮ ਦਾ ਦੇਸ਼ ਬਣਾਇਆ। ਜਿਹੜਾ ਦੇਸ਼ ਇਕ ਸਮੇਂ ਸਾਰੀ ਦੁਨੀਆਂ ਨੂੰ ਤਬਾਹ ਕਰਨ ਦੀ ਸਮਰੱਥਾ ਰਖਦਾ ਸੀ, ਉਹ 8 ਦਸੰਬਰ 1991 ਨੂੰ ਦੁਪਹਿਰ 2 ਵਜੇ ਬਿਸਕੁਲੀ ਦੇ ਨੇੜੇ ਇਕ ਸਰਕਾਰੀ ਡਾਚੇ ਵਿਚ ਰਸ਼ੀਆ, ਯੂਕਰੇਨ ਅਤੇ ਬੇਲਾਰੂਸ ਦੇ ਲੀਡਰਾਂ ਵੱਲੋਂ ਚਾਰ ਸਤਰਾਂ ਦੇ ਐਲਾਨ ਨਾਲ ਅਰਾਮ ਨਾਲ ਖ਼ਤਮ ਕਰ ਦਿੱਤਾ ਗਿਆ। ਇਸ ਤੋਂ ਬਾਅਦ ਦੁਨੀਆਂ ਦੀ ਮਹਾਂਸ਼ਕਤੀ ਸੋਵੀਅਤ ਯੂਨੀਅਨ ਦਾ ਅੰਤ ਹੋ ਗਿਆ।

ਇਸ ਤਰ੍ਹਾਂ ਮਨੁੱਖ ਦਹਾਕਿਆਂ ਬੱਧੀ, ਸਦੀਆਂ ਬੱਧੀ ਵਿਸ਼ਵਾਸਾਂ ਦਾ ਜਾਲ ਬੁਣਦਾ ਗਿਆ ਤੇ ਤੋੜਦਾ ਗਿਆ। ਇਤਿਹਾਸ ਪੜ੍ਹਨ ਦਾ ਅਰਥ ਹੈ, ਮਿੱਥਾਂ ਦੇ ਜਾਲ ਨੂੰ ਬੁਣਦਿਆਂ ਦੇਖਣਾ ਤੇ ਫਿਰ ਟੁੱਟਦਿਆਂ ਦੇਖਣਾ। ਇਕ ਪੀੜ੍ਹੀ ਲਈ ਜਿਹੜੀ ਚੀਜ਼ ਸਭ ਤੋਂ ਮਹੱਤਵਪੂਰਨ ਹੁੰਦੀ ਹੈ, ਅਗਲੀਆਂ ਪੀੜ੍ਹੀਆਂ ਲਈ ਉਸ ਦਾ ਕੋਈ ਅਰਥ ਨਹੀਂ ਹੁੰਦਾ।

ਜਿੱਥੇ ਜਾਨਵਰਾਂ ਕੋਲ ਦੋ ਸੱਚ ਹੁੰਦੇ ਹਨ, ਉੱਥੇ ਮਨੁੱਖ ਕੋਲ ਤਿੰਨ ਸੱਚ ਹੁੰਦੇ ਹਨ। ਜਾਨਵਰਾਂ ਕੋਲ ਦਰੱਖ਼ਤਾਂ, ਪਹਾੜਾਂ ਤੇ ਦਰਿਆਵਾਂ ਦੀ ਹੋਂਦ (objective) ਦਾ ਸੱਚ ਹੁੰਦਾ ਹੈ, ਦੂਜਾ ਉਨ੍ਹਾਂ ਕੋਲ ਇਨ੍ਹਾਂ ਨਾਲ ਆਪਣੇ ਨਿੱਜੀ ਤਜਰਬੇ (subjective experience) ਜਿਵੇਂ ਡਰ, ਆਨੰਦ, ਇੱਛਾ ਆਦਿ ਦਾ ਅਨੁਭਵ ਹੁੰਦਾ ਹੈ। ਮਨੁੱਖ ਕੋਲ ਇਨ੍ਹਾਂ ਦੋ ਸੱਚਾਂ ਤੋਂ ਬਿਨਾਂ ਤੀਜੇ ਕਾਲਪਨਿਕ ਸੱਚ ਪੈਸਾ, ਸੋਨਾ, ਰੱਬ, ਰਾਸ਼ਟਰ ਤੇ ਕਾਰਪੋਰੇਸ਼ਨ ਵੀ ਹੁੰਦੇ ਹਨ। ਪੱਥਰ ਯੁੱਗ ਦੇ ਲੋਕ ਭੂਤ ਅਤੇ ਆਤਮਾਵਾਂ ਨੂੰ ਓਨਾ ਹੀ ਸਚਮੁੱਚ ਮੰਨਦੇ ਸਨ ਜਿੰਨਾ ਗੂਗਲ ਅਤੇ ਮਾਈਕ੍ਰੋਸਾਫ਼ਟ ਨੂੰ ਅਸੀਂ ਮੰਨਦੇ ਹਾਂ।

ਭਵਿੱਖ ਵਿਚ ਕਿਹੜੀਆਂ ਸਭਿਆਤਾਵਾਂ ਅੱਗੇ ਜਾਣਗੀਆਂ? ਲੇਖਕ ਅਨੁਸਾਰ ਇਸ ਬਾਰੇ ਪੱਕਾ ਖਿਆਲ ਕਰਨਾ ਬਹੁਤ ਔਖਾ ਹੈ। ਇਕ ਸਮਾਂ ਸੀ ਜਦੋਂ ਮਿਸਰ ਨੇ ਦੁਨੀਆਂ ਨੂੰ ਟੈਕਸੇਸ਼ਨ, ਸਿੰਜਾਈ ਅਤੇ ਪਿਰਾਮਿਡਾਂ ਦੇ ਆਧਾਰ 'ਤੇ ਅਗਵਾਈ ਦਿੱਤੀ ਪਰ ਫਿਰ ਉਸ ਦਾ ਕੀ ਬਣਿਆ।

ਅੱਜ ਦੁਨੀਆਂ ਦੇ ਸਾਰੇ ਦੇਸ਼ਾਂ ਦਾ ਇਕੋ ਇਕ ਉਦੇਸ਼ ਬਣ ਗਿਆ ਹੈ ਵਿਕਾਸ, ਵਿਕਾਸ ਤੇ ਹੋਰ ਵਿਕਾਸ। ਇਕ ਸਮਾਂ ਸੀ ਜਦੋਂ ਕੋਈ ਦੂਜਿਆਂ ਤੋਂ ਖੋਹ ਕੇ ਵਿਕਾਸ ਕਰਦਾ ਸੀ ਪਰ 21ਵੀਂ ਸਦੀ ਦੀਆਂ ਆਰਥਿਕਤਾਵਾਂ ਹੋਰ ਵੱਧ ਪੈਦਾ ਕਰਕੇ ਵਿਕਾਸ ਕਰਦੀਆਂ ਹਨ। ਹਰਾਰੀ ਅਨੁਸਾਰ ਭਾਰਤ

ਦਾ ਪ੍ਰਧਾਨ ਮੰਤਰੀ 2014 ਵਿਚ ਵਿਕਾਸ ਦੇ ਮੁੱਦੇ 'ਤੇ ਚੋਣ ਜਿੱਤਦਾ ਹੈ। ਜਾਪਾਨ ਜਿਹੇ ਵਿਕਸਿਤ ਦੇਸ਼ਾਂ ਦਾ ਪ੍ਰਧਾਨ ਮੰਤਰੀ ਸ਼ਿੰਜ਼ੋ ਐਬੇ 2012 ਵਿਚ ਇਹ ਵਾਅਦਾ ਕਰਦਾ ਹੈ ਕਿ ਉਹ ਦੇਸ਼ ਦੀ ਦੋ ਦਹਾਕਿਆਂ ਦੀ ਆਰਥਿਕਤਾ ਦੀ ਖੜੋਤ ਨੂੰ ਤੋੜੇਗਾ। ਚੀਨ ਦੀ ਰਾਜ ਕਰ ਰਹੀ ਕਮਿਊਨਿਸਟ ਪਾਰਟੀ ਆਪਣੇ ਸਿਧਾਂਤਾਂ ਦਾ ਸਿਰਫ਼ ਓਪਰਾ ਜਿਹਾ ਰਟਨ ਕਰਦੀ ਹੋਈ ਸ਼ੀਪਿੰਗ ਦੇ ਇਸ ਸਿਧਾਂਤ 'ਤੇ ਚਲਦੀ ਹੈ ਕਿ ਇਸ ਵਿਚ ਕੋਈ ਫ਼ਰਕ ਨਹੀਂ ਕਿ ਬਿੱਲੀ ਕਾਲੀ ਹੈ ਕਿ ਚਿੱਟੀ, ਉਹ ਬਸ ਚੂਹੀ ਨੂੰ ਪਕੜਦੀ ਹੋਵੇ। ਵਿਕਾਸ ਹੀ ਅਸਲ ਸਚਾਈ ਹੈ।

21ਵੀਂ ਸਦੀ ਦੀ ਇਸ ਵਿਕਾਸ ਦੌੜ ਨੇ ਪਰਿਵਾਰ ਦੀ ਸੰਸਥਾ ਨੂੰ ਤੋੜ ਕੇ ਰੱਖ ਦਿੱਤਾ ਹੈ। ਜਦੋਂ ਕੋਈ ਬੰਦਾ ਸਾਫ਼ਟ ਵੇਅਰ ਇੰਜੀਨੀਅਰ ਬਣ ਕੇ ਕਿਸੇ ਦੂਜੀ ਥਾਂ ਜਾ ਕੇ ਵਧੇਰੇ ਕਮਾਈ ਕਰਦਾ ਹੈ ਤਾਂ ਉਹ ਕਿਉਂ ਬਜ਼ੁਰਗਾਂ ਦੀ ਸੇਵਾ ਵਾਸਤੇ ਰੁਕੇਗਾ। ਬਜ਼ੁਰਗਾਂ ਦਾ ਧਿਆਨ ਕੋਈ ਟਰੇਂਡ ਕੇਅਰ ਟੇਕਰ ਹੋਰ ਵਧੀਆ ਤਰੀਕੇ ਨਾਲ ਰੱਖ ਸਕਦਾ ਹੈ। ਇਸ ਪ੍ਰਕਾਰ ਬਜ਼ੁਰਗਾਂ ਦਾ ਧਿਆਨ ਰੱਖਣ ਲਈ ਨੈਤਿਕਤਾ ਸਾਇੰਸ ਅਤੇ ਆਰਥਿਕਤਾ ਦੇ ਹੱਥੋਂ ਹਾਰ ਰਹੀ ਹੈ। ਮੌਜੂਦਾ ਸਮੇਂ ਦੀਆਂ ਬਹੁਤੀਆਂ ਕੰਪਨੀਆਂ ਨੇ ਧਾਰਮਿਕ ਪਛਾਣ ਤੋਂ ਪਰੇ ਹਟਣਾ ਸ਼ੁਰੂ ਕਰ ਦਿੱਤਾ ਹੈ। ਜਿੱਥੇ ਪੁਰਾਣੇ ਧਰਮ 'ਰੋਟੀ' ਦਾ ਸਥਾਨ ਅਸਮਾਨ ਵਿਚ ਮੰਨਦੇ ਹਨ, ਉੱਥੇ ਅੱਜੋਕੇ ਸਮੇਂ ਦਾ ਧਰਮ ਪੂੰਜੀਵਾਦ 'ਰੋਟੀ' ਦਾ ਸਥਾਨ ਵਿਕਾਸ ਵਿਚ ਦਰਸਾਉਂਦਾ ਹੈ। ਪੂੰਜੀਵਾਦ ਦੀ ਇਸ ਵਿਕਾਸ ਦੌੜ ਨੇ ਹਿੰਸਾ, ਭੁੱਖਮਰੀ ਤੇ ਮਹਾਂਮਾਰੀਆਂ ਨੂੰ ਘਟਾਇਆ ਹੈ। ਆਰਥਿਕਤਾ ਪੁਰਾਣੀਆਂ ਖੇਡਾਂ ਨੂੰ ਪਛਾੜ ਕੇ ਨਵੀਆਂ ਕੰਪਿਊਟਰ ਗੇਮਾਂ ਵਿਚ ਵੀ ਦਾਖ਼ਲ ਹੋ ਗਈ ਹੈ। ਗੇਮ ਖੇਡਦੇ ਬੱਚੇ ਹੋਰ ਇਨਵੈਸਟਮੈਂਟ ਕਰ ਸਕਦੇ ਹਨ ਅਤੇ ਆਪਣੇ ਸਾਧਨਾਂ ਨੂੰ ਅਪਗਰੇਡ ਕਰ ਸਕਦੇ ਹਨ।

ਵਿਕਾਸ ਦੌੜ ਵਿਚ ਪਏ ਹੋਏ ਦੁਨੀਆਂ ਦੇ ਸਮੁੱਚੇ ਦੇਸ਼ ਪ੍ਰਦੂਸ਼ਤ ਹੋ ਰਹੇ ਵਾਤਾਵਰਣ ਬਾਰੇ ਚਿੰਤਾ ਤਾਂ ਜ਼ਾਹਰ ਕਰ ਰਹੇ ਹਨ ਪਰ ਅਸਲੀਅਤ ਵਿਚ ਇਸ ਦਾ ਹੱਲ ਕੱਢਣ ਤੋਂ ਭੱਜ ਰਹੇ ਹਨ। ਮਨੁੱਖਤਾ ਸਾਹਮਣੇ ਵਾਤਾਵਰਣ ਦਾ ਮਸਲਾ ਵੱਡਾ ਖਤਰਾ ਬਣ ਕੇ ਖੜ੍ਹ ਗਿਆ ਹੈ। ਪਿਛਲੀਆਂ ਸਦੀਆਂ ਵਿਚ ਜਿੱਥੇ ਇਕ ਸਮਾਜਕ-ਰਾਜਨੀਤਕ ਪ੍ਰਬੰਧ ਕਈ ਕਈ ਪੀੜ੍ਹੀਆਂ ਵੱਲੋਂ ਹੰਢਾਇਆ ਜਾਂਦਾ ਸੀ, ਉੱਥੇ ਹੁਣ ਹਰ ਪੀੜ੍ਹੀ ਪੁਰਾਣੇ ਨੂੰ ਢਾਹ ਕੇ ਨਵਾਂ ਉਸਾਰਨਾ ਚਾਹੁੰਦੀ ਹੈ। ਅੱਜੋਕਾ ਮਨੁੱਖ ਕਿਸੇ ਵੀ ਸਮੇਂ ਦੇ ਮਨੁੱਖ ਨਾਲੋਂ ਵਧੇਰੇ ਤਾਕਤਵਰ, ਸ਼ਾਂਤੀ ਪਸੰਦ ਤੇ ਆਪਸੀ ਭਾਈਚਾਰੇ ਦਾ ਹਾਮੀ ਹੈ।

ਅੱਜੋਕੇ ਸਮੇਂ ਵਿਚ ਧਰਮ ਕਮਜ਼ੋਰ ਹੋ ਰਹੇ ਹਨ ਤੇ ਵਿਗਿਆਨ ਵਧੇਰੇ ਤਾਕਤਵਰ ਬਣ ਚੁੱਕਾ ਹੈ। ਪੁਰਾਤਨ ਸਮਿਆਂ ਵਿਚ ਵੱਡੇ ਵੱਡੇ ਪੈਗ਼ੰਬਰ ਇਹ ਦਾਅਵਾ ਕਰਦੇ ਸਨ ਕਿ ਜੇਕਰ ਮਨੁੱਖ ਰੱਬ ਦੀ ਭਗਤੀ ਨਹੀਂ ਕਰੇਗਾ ਤਾਂ ਤਬਾਹ ਹੋ ਜਾਵੇਗਾ। ਅਜਿਹਾ ਕੁਝ ਵੀ ਨਹੀਂ ਵਾਪਰਿਆ। ਹਰਾਰੀ ਅਨੁਸਾਰ 'ਧਰਮ ਨਿਰਪੱਖ ਨੀਂਦਰਲੈਂਡ ਦੇ ਮੁਕਾਬਲੇ ਰੱਬ ਤੋਂ ਡਰਨ ਵਾਲਾ ਸੀਰੀਆ ਵਧੇਰੇ ਹਿੰਸਕ ਹੈ।' ਹਰਾਰੀ ਅਨੁਸਾਰ ਧਰਮਾਂ ਦੀ ਮਨੁੱਖ ਉਪਰ ਪਕੜ ਕਮਜ਼ੋਰ ਪੈਂਦੀ ਜਾ ਰਹੀ ਹੈ। ਉਸ ਦੀ ਥਾਂ ਧਰਮ ਨਿਰਪੱਖਤਾ, ਲੋਕਤੰਤਰ ਤੇ ਸਮਾਜਵਾਦ ਜਿਹੇ ਨਵੇਂ ਧਰਮ ਪੈਦਾ ਹੋ ਚੁੱਕੇ ਹਨ। ਕਮਿਊਨਿਸਟ ਭਾਵੇਂ ਆਪਣੇ ਆਪ ਨੂੰ ਅਧਾਰਮਿਕ ਹੋਣ ਦਾ ਦਾਅਵਾ ਕਰਦੇ ਹਨ ਪਰ ਹਰਾਰੀ ਅਨੁਸਾਰ ਮਾਰਕਸਵਾਦ ਵੀ ਆਪਣੇ ਆਪ ਵਿਚ ਧਰਮ ਵਾਂਗ ਹੀ ਵਿਚਰਦਾ ਹੈ। ਹਰਾਰੀ ਇਹ ਦਾਅਵਾ ਕਰਦਾ ਹੈ ਕਿ ਮਾਰਕਸਵਾਦ ਆਪਣੀ ਅਉਧ ਹੰਢਾ ਚੁੱਕਾ ਹੈ। ਭਵਿੱਖ ਵਿਚ ਕੁਝ ਹੋਰ ਨਵੇਂ ਧਰਮ ਉਭਰਦੇ ਦਿਖਾਈ ਦੇ ਰਹੇ ਹਨ। ਇਨ੍ਹਾਂ ਵਿਚੋਂ ਇਸ ਸਮੇਂ ਮਨੁੱਖਤਾਵਾਦ (humanism) ਸਭ ਤੋਂ ਵੱਧ ਪ੍ਰਚਲਤ ਹੋ ਰਿਹਾ ਹੈ। ਇਹ ਵਿਸ਼ਵ ਵਿਆਪੀ ਧਰਮ ਦੇ ਤੌਰ 'ਤੇ ਉਭਰ ਰਿਹਾ ਹੈ। ਅੱਜ ਬਹੁਤ ਸਾਰੇ ਸ਼ੁਭ ਕੰਮ ਰੱਬ ਦੇ ਨਾਂ 'ਤੇ ਹੋਣ ਦੀ ਥਾਂ ਮਨੁੱਖਤਾ (humanity) ਦੇ ਨਾਂ 'ਤੇ ਹੋ ਰਹੇ ਹਨ। ਹਰਾਰੀ ਇੰਟਰਨੈੱਟ ਰਾਹੀਂ ਬੁਣੇ ਜਾ ਰਹੇ ਜਾਲ ਵਿਚ ਸਮੁੱਚੇ ਮਾਨਵ ਨੂੰ ਇਕ ਦੂਸਰੇ ਦੇ ਕਰੀਬ ਆਉਂਦਾ ਦੇਖਦਾ ਹੈ। ਹਰ ਸਾਲ ਵੱਧ ਤੋਂ ਵੱਧ ਡਾਟਾ ਅਪਲੋਡ ਹੋ ਰਿਹਾ ਹੈ। ਉਹ ਡਾਟਾਇਜ਼ਮ (dataism) ਨੂੰ ਭਵਿੱਖ ਦੇ ਸੰਭਾਵੀ ਧਰਮ ਵਜੋਂ ਦੇਖਦਾ ਹੈ।



ਇਕ ਰੱਬਵਾਦੀ (Monotheist) ਧਰਮ ਅਤੇ ਬਹੁ-ਰੱਬਵਾਦੀ (polytheist) ਧਰਮ ਆਪਣੇ ਦੀ ਥਾਂ ਅਸਮਾਨ ਵਿਚ ਸਥਿਤ ਸ਼ਕਤੀ ਬਾਰੇ ਸੋਚਣ 'ਤੇ ਜ਼ੋਰ ਦਿੰਦੇ ਸਨ। ਆਧੁਨਿਕ ਸਿੱਖਿਆ ਪ੍ਰਬੰਧ ਸਿਖਿਆਰਥੀ ਨੂੰ ਸਵੈ ਬਾਰੇ ਸੋਚਣ 'ਤੇ ਜ਼ੋਰ ਦਿੰਦੇ ਹਨ। ਉਹ ਅਸਮਾਨ ਜਿਹੜਾ ਕਦੀ ਭੂਤਾਂ, ਪਰੀਆਂ, ਦੇਵਤਿਆਂ ਤੇ ਰੱਬਾਂ ਨਾਲ ਭਰਿਆ ਹੋਇਆ ਸੀ, ਅੱਜੋਕੇ ਮਨੁੱਖ ਲਈ ਖਾਲੀ ਥਾਂ ਬਣ ਗਿਆ ਹੈ। ਬਾਹਰਲੀ ਥਾਂ ਦੀ ਜਗ੍ਹਾ ਮਨੁੱਖ ਦੇ ਅੰਦਰਲੀ ਗੁਫਾ ਵਧੇਰੇ ਡੂੰਘੀ ਤੇ ਮਹੱਤਵਪੂਰਨ ਬਣ ਗਈ ਹੈ। ਦੇਵ ਅਤੇ ਦੈਂਤ ਬਾਹਰਲੀ ਦੁਨੀਆਂ ਦੇ ਪਾਤਰਾਂ ਦੀ ਥਾਂ ਮਨੁੱਖ ਦੀ ਮਾਨਸਿਕਤਾ ਵਿਚਲੇ ਪਾਤਰ ਬਣ ਗਏ ਹਨ। ਬੱਦਲਾਂ ਤੋਂ ਉਪਰਲੇ ਸਵਰਗ ਥੱਲੇ ਆ ਕੇ ਮਨੁੱਖ ਦੀ ਮਨੋਸਥਿਤੀ ਦੇ ਪੈਮਾਨੇ ਬਣ ਗਏ ਹਨ। ਨਰਕ ਨੂੰ ਤੁਸੀਂ ਹੰਕਾਰੇ ਤੇ ਫੁੰਕਾਰੇ ਮਾਰਦੇ ਮਾਨਵ ਵਿਚ ਦੇਖ ਸਕਦੇ ਹੋ ਤੇ ਸਵਰਗ ਨੂੰ ਤੁਸੀਂ ਉਦੋਂ ਮਹਿਸੂਸ ਕਰਦੇ ਹੋ, ਜਦੋਂ ਤੁਸੀਂ ਕਿਸੇ ਨੂੰ ਮਾਫੀ ਦਿੰਦੇ ਹੋ ਜਾਂ ਆਪਣਾ ਧਨ ਕਿਸੇ ਲੋੜਵੰਦ ਨਾਲ ਸਾਂਝਾ ਕਰਦੇ ਹੋ।

ਭਵਿੱਖ ਦਾ ਬੰਦਾ ਵਧੇਰੇ ਸੰਵੇਦਨਸ਼ੀਲ ਹੋਵੇਗਾ। ਤਜਰਬਾ ਅਤੇ ਸੰਵੇਦਨਸ਼ੀਲਤਾ ਅੰਤਹੀਣ ਚੱਕਰ ਵਿਚ ਚਲਦੇ ਹੋਏ ਇਕ ਦੂਸਰੇ ਨੂੰ ਬਣਾਉਂਦੇ ਹਨ। ਤੁਹਾਨੂੰ ਓਨਾ ਚਿਰ ਕਿਸੇ ਚੀਜ਼ ਦਾ ਤਜਰਬਾ ਨਹੀਂ ਹੋ ਸਕਦਾ ਜਿੰਨਾ ਚਿਰ ਤੁਹਾਡੇ ਕੋਲ ਸੰਵੇਦਨਸ਼ੀਲਤਾ ਨਹੀਂ ਹੈ। ਤੁਹਾਡੀ ਸੰਵਦੇਸ਼ਨਸ਼ੀਲਤਾ ਓਨਾ ਚਿਰ ਵਿਕਸਤ ਨਹੀਂ ਹੋ ਸਕਦੀ, ਜਿੰਨਾ ਚਿਰ ਤੁਸੀਂ ਅਲੱਗ ਕਿਸਮਾਂ ਦੇ ਤਜਰਬਿਆਂ ਵਿਚੋਂ ਨਹੀਂ ਲੰਘਦੇ।

ਬਹੁਤ ਸਾਰੇ ਲੋਕ ਸੋਚਦੇ ਹਨ ਕਿ ਅੱਜੋਕੀ ਦੁਨੀਆਂ ਰੁੱਖੀ ਤੇ ਮਸ਼ੀਨੀ ਹੈ। ਬੰਦਾ ਮਸ਼ੀਨ ਬਣਦਾ ਜਾ ਰਿਹਾ ਹੈ। ਹਰਾਰੀ ਦਾਅਵਾ ਕਰਦਾ ਹੈ ਕਿ ਇਤਿਹਾਸ ਵਿਚ ਅੱਜ ਤਕ ਕਿਸੇ ਵੀ ਸਭਿਆਚਾਰ ਵਿਚ ਮਨੁੱਖੀ ਭਾਵਨਾਵਾਂ, ਇੱਛਾਵਾਂ ਅਤੇ ਤਜਰਬਿਆਂ ਨੂੰ ਏਨੀ ਮਹੱਤਤਾ ਨਹੀਂ ਦਿੱਤੀ ਗਈ, ਜਿੰਨੀ ਅੱਜ ਦਿੱਤੀ ਜਾ ਰਹੀ ਹੈ। ਮਨੁੱਖ ਦ੍ਰਿਸ਼ਟੀ ਨੂੰ ਸਭ ਤੋਂ ਵੱਧ ਸਵੀਕਾਰਿਆ ਜਾਣ ਲੱਗਾ ਹੈ। ਸਰਕਾਰ ਵੋਟਰਾਂ ਦੀ ਮਰਜ਼ੀ ਨਾਲ ਬਣਦੀ ਹੈ ਕਿਉਂਕਿ ਕਿਸੇ ਦੇਸ਼ ਦਾ ਵੋਟਰ ਆਪਣੇ ਸਮਾਜਕ ਹਾਲਾਤ ਅਨੁਸਾਰ ਹਮੇਸ਼ਾ ਠੀਕ ਵੋਟਿੰਗ ਕਰਦਾ ਹੈ। ਬਾਜ਼ਾਰ ਵਿਚ ਚੀਜ਼ ਗਾਹਕ ਦੀ ਪਸੰਦ ਅਨੁਸਾਰ ਵਿਕਦੀ ਹੈ ਕਿਉਂਕਿ ਗਾਹਕ ਸਮੇਂ ਅਤੇ ਸਥਿਤੀ ਅਨੁਸਾਰ ਹਮੇਸ਼ਾ ਠੀਕ ਹੁੰਦਾ ਹੈ। ਟ੍ਰੈਵਲ ਏਜੰਟ ਅਤੇ ਰਸੋਈਏ ਟਿਕਟ ਤੇ ਖਾਣੇ ਨਹੀਂ ਵੇਚ ਰਹੇ ਬਲਕਿ ਆਪਣੇ ਤਜਰਬੇ ਵੇਚ ਰਹੇ ਹਨ।

ਜਿੱਥੇ ਪੂਰਵ ਆਧੁਨਿਕ ਸਾਹਿਤ ਬਾਹਰੀ ਗਤੀਵਿਧੀਆਂ ਦੀ ਪੇਸ਼ਕਾਰੀ ਕਰਦਾ ਰਿਹਾ ਹੈ, ਉੱਥੇ ਆਧੁਨਿਕ ਸਾਹਿਤ ਅੰਦਰੂਨੀ ਭਾਵਾਂ ਦੀ ਪੇਸ਼ਕਾਰੀ ਵੱਲ ਰੁਝਿਆ ਹੋਇਆ ਹੈ।

ਸੁਪਰਮੈਨ ਦੇ ਪੈਦਾ ਹੋਣ ਨੂੰ ਸਮਕਾਲੀ ਸਰਕਾਰਾਂ ਅਤੇ ਧਰਮ ਰੋਕਦੇ ਹਨ। ਇਹ ਖ਼ਦਸ਼ਾ ਪਾਇਆ ਜਾਂਦਾ ਹੈ ਕਿ ਜਨੈਟੀਕਲੀ ਸੋਧਿਆ ਬੰਦਾ ਏਨਾ ਤਾਕਤਵਰ ਹੋਵੇਗਾ ਕਿ ਮੌਜੂਦਾ ਮਨੁੱਖੀ ਨਸਲ ਦਾ ਨੁਕਸਾਨ ਕਰਨ ਤਕ ਜਾਵੇਗਾ।

ਹਰਾਰੀ ਡਾਰਵਿਨ ਦੇ ਵਿਕਾਸਵਾਦ ਦੇ ਹਵਾਲੇ ਨਾਲ ਕਹਿੰਦਾ ਹੈ ਕਿ ਜੰਗ ਸਿਰਫ਼ ਦੁਖਾਂਤ ਹੀ ਪੈਦਾ ਨਹੀਂ ਕਰਦੀ ਸਗੋਂ ਆਨੰਦ ਵੀ ਪੈਦਾ ਕਰਦੀ ਹੈ। ਵਿਸ਼ਵ ਜੰਗਾਂ ਵਿਚੋਂ ਬਚੇ ਕੁਝ ਲੋਕਾਂ ਨੇ ਜੰਗ ਦੇ ਆਨੰਦ ਦੀ ਗੱਲ ਕੀਤੀ ਹੈ। ਜੰਗ ਕੁਦਰਤੀ ਚੋਣ (Natural selection) ਦੇ ਸਿਧਾਂਤ ਨੂੰ ਮੌਕਾ ਪ੍ਰਦਾਨ ਕਰਦੀ ਹੈ। ਜੰਗ ਤਕੜੇ ਨੂੰ ਜਿਤਾ ਕੇ ਮਾੜੇ ਦਾ ਖ਼ਾਤਮਾ ਕਰਦੀ ਹੈ। ਸਿਰਫ਼ ਯੋਗ ਜੀਵ ਹੀ ਜਿਉਂਦੇ ਰਹਿੰਦੇ ਹਨ। ਨੀਤਸ਼ੇ ਨੇ ਜੰਗ ਨੂੰ 'ਜੀਵਨ ਦੀ ਪਾਠਸ਼ਾਲਾ' ਕਹਿੰਦਿਆਂ ਕਿਹਾ ਕਿ ਜੋ ਉਸ ਨੂੰ ਮਾਰ ਨਹੀਂ ਸਕੀ, ਉਹ ਉਸ ਨੂੰ ਹੋਰ ਤਾਕਤਵਰ ਬਣਾ ਗਈ। ਕੁਦਰਤੀ ਚੋਣ ਦੇ ਸਿਧਾਂਤ ਅਧੀਨ ਹੀ ਬੰਦੇ ਨੇ ਬਹੁਤ ਸਾਰੇ ਖ਼ਤਰਨਾਕ ਤੇ ਤਾਕਤਵਰ ਜੀਵਾਂ ਨੂੰ ਖ਼ਤਮ ਕੀਤਾ ਤੇ ਤਕੜੇ ਮਨੁੱਖੀ ਕਬੀਲਿਆਂ ਨੇ ਮਾੜਿਆਂ ਨੂੰ ਆਪਣੇ ਅਧੀਨ ਕੀਤਾ। ਇਹੀ ਕਾਰਨ ਹੈ ਕਿ ਅੱਜੋਕਾ ਬੰਦਾ ਏਨਾ ਤਾਕਤਵਰ ਬਣ ਗਿਆ ਹੈ ਕਿ ਉਹ ਆਪਣੇ ਤੋਂ ਤਾਕਤਵਰ ਨਸਲ ਦੇ ਸੁਪਰਮੈਨ ਨੂੰ ਪੈਦਾ ਕਰਨ ਦੇ ਯੋਗ ਹੋ ਗਿਆ ਹੈ। ਜੇਕਰ ਕੁਦਰਤੀ ਚੋਣ ਦੇ ਸਿਧਾਂਤ ਨੂੰ ਮਨੁੱਖੀ ਅਧਿਕਾਰਾਂ ਦੇ

ਨਾਮ 'ਤੇ ਰੋਕਿਆ ਗਿਆ ਤਾਂ ਇਹ ਮਨੁੱਖੀ ਨਸਲ ਦੇ ਖ਼ਾਤਮੇ ਦਾ ਕਾਰਨ ਵੀ ਬਣ ਸਕਦਾ ਹੈ।

ਹਰਾਰੀ ਸਾਰੇ ਮਨੁੱਖਾਂ ਨੂੰ ਸਰੀਰਕ ਅਤੇ ਦਿਮਾਗ਼ੀ ਤਾਕਤ ਦੇ ਪੱਖ ਤੋਂ ਬਰਾਬਰ ਨਹੀਂ ਮੰਨਦਾ। ਕੁਝ ਮਨੁੱਖ ਕਮਜ਼ੋਰ ਹੁੰਦੇ ਹਨ ਅਤੇ ਕੁਝ ਤਾਕਤਵਰ, ਇਹੀ ਸਿਧਾਂਤ ਉਹ ਕਬੀਲਿਆਂ ਅਤੇ ਮਨੁੱਖੀ ਸਮੂਹਾਂ 'ਤੇ ਲਾਗੂ ਕਰਦੇ ਹਨ। 'ਉਹ ਵੱਧ ਸਿਆਣੇ ਬੰਦੇ ਕੌਣ ਹਨ ਜਿਹੜੇ ਸੁਪਰਮੈਨ ਦੀ ਆਮਦ ਦੀ ਸੂਚਨਾ ਦਿੰਦੇ ਹਨ? ਉਹ ਸਮੁੱਚੀ ਮਨੁੱਖ ਜਾਤੀ ਹੋ ਸਕਦੀ ਹੈ, ਕੁਝ ਖ਼ਾਸ ਕਬੀਲੇ ਹੋ ਸਕਦੇ ਹਨ ਅਤੇ ਕੋਈ ਵਿਸ਼ੇਸ਼ ਤੇਜ਼ ਦਿਮਾਗ਼ ਵਿਅਕਤੀ ਵੀ ਹੋ ਸਕਦੇ ਹਨ। ਉਹ ਜੋ ਵੀ ਹੋਣ, ਉਨ੍ਹਾਂ ਕੋਲ ਹੋਰਨਾਂ ਨਾਲੋਂ ਵਧੀਆ ਯੋਗਤਾਵਾਂ, ਨਵਾਂ ਗਿਆਨ ਸਿਰਜਣ ਦੀ ਸ਼ਕਤੀ, ਜ਼ਿਆਦਾ ਨਵੀਨ ਤਕਨੀਕ, ਜ਼ਿਆਦਾ ਖ਼ੁਸ਼ਹਾਲ ਸਮਾਜ ਤੇ ਜ਼ਿਆਦਾ ਸੋਹਣੀ ਕਲਾ ਹੈ ਜਿਹੜੀ ਉਨ੍ਹਾਂ ਨੂੰ ਬਿਹਤਰ ਬਣਾਉਂਦੀ ਹੈ।'

ਸਮਕਾਲੀ ਸਮੇਂ ਦੀ ਸਭ ਤੋਂ ਵੱਧ ਸਵੀਕਾਰੀ ਜਾਂਦੀ ਰਾਜਨੀਤਕ ਵਿਚਾਰਧਾਰਾ ਉਦਾਰਵਾਦ (liberalism) ਖੱਬੇ ਪੱਖੀ ਅਤੇ ਸੱਜੇ ਪੱਖੀ ਵਿਚਾਰਧਾਰਾਵਾਂ ਦੇ ਟਕਰਾਉ ਵਿਚੋਂ ਹੀ ਬਚ ਕੇ ਜਿਉਂਦੀ ਨਿਕਲ ਆਈ ਹੈ। ਬਹੁਤ ਸਾਰੀਆਂ ਪੱਛਮੀ ਯੂਨੀਵਰਸਿਟੀਆਂ ਵਿਚ ਉਦਾਰਵਾਦ ਗਾਲ੍ਹ ਸਮਝਿਆ ਜਾਂਦਾ ਸੀ। 19ਵੀਂ ਸਦੀ ਦੇ ਪਹਿਲੇ ਦਹਾਕਿਆਂ ਵਿਚ ਉਦਾਰਵਾਦ ਦਾ ਉਦੈ ਹੋਇਆ। ਜੇਕਰ 1914 ਵਿਚ ਸੁੱਤਾ ਬੰਦਾ 2014 ਵਿਚ ਜਾਗੇ ਤਾਂ ਉਹ ਸੋਚੇਗਾ ਕਿ ਘਰ ਵਿਚ ਹੀ ਹਾਂ। ਉਸ ਨੂੰ ਨਹੀਂ ਪਤਾ ਕਿ 1914 ਤੋਂ ਬਾਅਦ ਕਿੰਨੀ ਵਾਰ ਲੀਹੋਂ ਲੱਥ ਕੇ, 80 ਸਾਲਾਂ ਵਿਚ ਤਿੰਨ ਜੰਗਾਂ ਲੜ ਕੇ ਇਹ ਮਸਾਂ ਹਾਈਵੇ 'ਤੇ ਚੜ੍ਹਿਆ ਹੈ। ਫਿਰ ਵੀ ਇਸ ਸਮੇਂ ਨੇ ਵੀ ਮਨੁੱਖ ਨੂੰ ਐਂਟੀਬਾਇਓਟਿਕਸ, ਨਿਊਕਲੀਅਰ ਐਨਰਜੀ, ਕੰਪਿਊਟਰ, ਨਾਰੀਵਾਦ, ਕਲੋਨੀਆਂ ਤੋਂ ਮੁਕਤੀ ਅਤੇ ਸੈਕਸ ਦੀ ਆਜ਼ਾਦੀ ਵਰਗੀਆਂ ਕੀਮਤੀ ਸ਼ੈਆਂ ਦਿੱਤੀਆਂ ਹਨ।

ਹੁਣ ਤਕ ਉਦਾਰਵਾਦ ਪੈਕੇਜ ਦੇ ਵਿਅਕਤੀਵਾਦ, ਮਨੁੱਖੀ ਅਧਿਕਾਰਾਂ, ਲੋਕਤੰਤਰ ਅਤੇ ਖੁੱਲ੍ਹੀ ਮੰਡੀ ਨੂੰ ਕੋਈ ਬਦਲਵੀਂ ਚੁਣੌਤੀ ਨਹੀਂ ਹੈ। ਪੱਛਮੀ ਦੁਨੀਆਂ ਵਿਚ 2011 ਦੇ ਵਾਲ ਸਟਰੀਟ ਅਤੇ ਸਪੈਨਿਸ਼ 15-ਐਮ ਦੇ ਵਿਦਰੋਹਾਂ ਤੋਂ ਇਸ ਪੈਕੇਜ ਨੂੰ ਕੋਈ ਖਤਰਾ ਨਹੀਂ। ਇਹ ਵਿਦਰੋਹ ਤਾਂ ਵੱਡੀਆਂ ਕਾਰਪੋਰੇਸ਼ਨਾਂ ਤੇ ਬੈਂਕਾਂ ਦਾ ਵਿਰੋਧ ਕਰਦੇ ਹਨ। ਇਨ੍ਹਾਂ ਆਵਾਜ਼ਾਂ ਨੇ ਆਮ ਬੰਦੇ ਦੀ ਭਾਗੀਦਾਰੀ ਅਤੇ ਸੱਚਮੁੱਚ ਦੇ ਲੋਕਤੰਤਰ ਅਤੇ ਖੁੱਲ੍ਹੀ ਮੰਡੀ ਦੀ ਮੰਗ ਨੂੰ ਉਭਾਰਿਆ ਹੈ।

ਇਕ ਮੰਡੀ ਵਜੋਂ ਚੀਨ ਪੱਛਮੀ ਦੁਨੀਆਂ ਲਈ ਚੁਣੌਤੀ ਜ਼ਰੂਰ ਹੈ। ਹਾਲਾਂਕਿ ਵਿਚਾਰਧਾਰਕ ਤੌਰ 'ਤੇ ਚੀਨ ਵੱਲੋਂ ਕੋਈ ਚੁਣੌਤੀ ਨਹੀਂ ਹੈ। ਕਿਸੇ ਨੂੰ ਨਹੀਂ ਪਤਾ ਕਿ ਚੀਨੀ ਕਿਵੇਂ ਸੋਚਦੇ ਹਨ। ਇਸ ਪੈਕੇਜ ਨੂੰ ਇਸਾਈਅਤ, ਯਹੂਦੀ, ਇਸਲਾਮ ਤੇ ਹਿੰਦੂਵਾਦ ਦੇ ਮੁੜ ਉਭਾਰ ਤੋਂ ਖਤਰਾ ਮਹਿਸੂਸ ਕੀਤਾ ਜਾਂਦਾ ਹੈ ਪਰ ਹਰਾਰੀ ਅਨੁਸਾਰ ਧਰਮ ਵੱਡਾ ਖਤਰਾ ਨਹੀਂ ਹਨ। ਧਰਮ ਅਤੇ ਤਕਨੀਕ ਇਕ ਦੂਜੇ ਦੀ ਵਰਤੋਂ ਆਪਣੇ ਫ਼ਾਇਦੇ ਲਈ ਕਰਨਾ ਜਾਣ ਜਾਂਦੇ ਹਨ। ਨਵੀਆਂ ਤਕਨੀਕਾਂ ਪੁਰਾਣੇ ਰੱਬਾਂ ਨੂੰ ਮਾਰ ਕੇ ਨਵੇਂ ਰੱਬਾਂ ਨੂੰ ਪੈਦਾ ਕਰ ਦਿੰਦੀਆਂ ਹਨ। ਇਸੇ ਲਈ ਘੁੰਮਤਰੂ ਸ਼ਿਕਾਰੀ (hunter gatherer) ਦੇ ਦੇਵੀ ਦੇਵਤੇ ਖੇਤੀਬਾੜੀ ਵਾਲੇ ਕਿਸਾਨ ਨਾਲੋਂ ਵੱਖਰੇ ਸਨ।

ਇਕ ਸਮੇਂ 19ਵੀਂ ਸਦੀ ਵਿਚ ਇਕ ਪਾਸੇ ਕਾਰਲ ਮਾਰਕਸ, ਏਂਗਲਜ਼ ਤੇ ਲੈਨਿਨ ਵਰਗਿਆਂ ਦਾ ਉਭਾਰ ਹੋ ਰਿਹਾ ਸੀ, ਦੂਜੇ ਪਾਸੇ ਭਾਰਤ ਵਿਚ ਦਿਆਨੰਦ, ਚੀਨ ਵਿਚ ਹੌਂਗ ਵਰਗਿਆਂ ਦੀ ਧਾਰਮਿਕ ਵਿਚਾਰਧਾਰਾ ਹਵਾ ਛਕ ਰਹੀ ਸੀ। ਅੱਜ ਦੁਨੀਆਂ ਵਿਚ ਦਿਆਨੰਦ ਅਤੇ ਹੌਂਗ ਦੀ ਥਾਂ ਸਿਰਫ਼ ਕਾਰਲ ਮਾਰਕਸ ਧੜੇ ਨੂੰ ਮਾਨਤਾ ਦਿੱਤੀ ਜਾਵੇਗੀ ਕਿਉਂਕਿ ਉਨ੍ਹਾਂ ਨੇ ਧਰਮ ਨੂੰ ਛੱਡ ਕੇ ਤਕਨੀਕੀ ਯੁੱਗ ਦੇ ਉਭਾਰ ਨੂੰ ਸਮਝਣ ਸਮਝਾਉਣ ਦਾ ਯਤਨ ਕੀਤਾ। ਹਰਾਰੀ ਅਨੁਸਾਰ ਜਿਹੜੇ ਲੋਕ ਅੱਜ ਵੀ ਮਾਰਕਸ ਨੂੰ ਪੜ੍ਹ ਰਹੇ ਹੋਣਗੇ, ਉਹ ਉਹੀ ਗਲਤੀ ਕਰ ਰਹੇ ਹੋਣਗੇ ਜਿਹੜੀ ਦਿਆਨੰਦ ਅਤੇ ਹੌਂਗ ਦੇ ਚੇਲੇ ਕਰ ਰਹੇ ਸਨ।

21ਵੀਂ ਸਦੀ ਵਿਚ ਤਕਨੀਕੀ ਵਿਕਾਸ ਸਿਰਫ਼ ਬੁਲੇਟ ਟਰੇਨਾਂ, ਕੱਪੜਾ ਮਿੱਲਾਂ ਤੇ ਗੱਡੀਆਂ ਹੀ ਪੈਦਾ ਨਹੀਂ ਕਰ ਰਿਹਾ ਹੋਵੇਗਾ, ਇਹ ਸਰੀਰ, ਦਿਮਾਗ਼ ਅਤੇ ਮਨਾਂ ਦਾ ਉਤਪਾਦਨ ਵੀ ਕਰ



ਰਿਹਾ ਹੋਵੇਗਾ। ਜਿਹੜੇ ਇਸ ਨਵੀਂ ਤਕਨੀਕ ਦਾ ਫ਼ਾਇਦਾ ਉਠਾ ਸਕਣਗੇ, ਉਹ ਬਚ ਕੇ ਸੁਪਰਮੈਨ ਜਾਂ ਸੁਪਰ ਹਿਊਮਨ ਦਾ ਰੁਤਬਾ ਲੈ ਲੈਣਗੇ। ਜਿਹੜੇ ਫ਼ਾਇਦਾ ਨਹੀਂ ਉਠਾ ਸਕਣਗੇ, ਉਹ ਖ਼ਾਤਮੇ ਦਾ ਸ਼ਿਕਾਰ ਹੋ ਜਾਣਗੇ। ਬਚਣ ਤੇ ਖ਼ਤਮ ਹੋਣ ਵਾਲਿਆਂ ਵਿਚ ਫਾਸਲਾ ਉਸ ਤੋਂ ਵੱਧ ਹੋਵੇਗਾ ਜਿੰਨਾ ਡਿਕਨਜ਼ ਦੇ ਇੰਗਲੈਂਡ ਅਤੇ ਹੌਂਗ ਦੇ ਚੀਨੀ ਬਾਸ਼ਿੰਦਿਆਂ ਵਿਚ ਸੀ।

ਸਭਿਆਚਾਰ ਵਿਗਿਆਨ ਦਾ ਸਿਧਾਂਤ ਹੈ ਕਿ ਲੋਕ ਨਵੀਆਂ ਤਬਦੀਲੀਆਂ ਤੇ ਕਦਰਾਂ-ਕੀਮਤਾਂ ਦੀ ਆਮਦ ਤੋਂ ਡਰਦੇ ਹਨ। ਉਹ ਪੁਰਾਣੇ ਚੱਲ ਰਹੇ ਸਥਾਪਤ ਪ੍ਰਬੰਧ ਅਨੁਸਾਰ ਹੀ ਜਿਉਣਾ ਚਾਹੁੰਦੇ ਹਨ ਪਰ ਨਵਾਂ ਪ੍ਰਬੰਧ ਕਿਉਂਕਿ ਵਧੀਆ ਹੁੰਦਾ ਹੈ, ਇਸ ਲਈ ਉਹ ਦਾਖ਼ਲ ਹੋਣ ਵਿਚ ਕਾਮਯਾਬ ਹੋ ਜਾਂਦਾ ਹੈ। 1793 ਵਿਚ ਯੂਰਪ ਦੇ ਰਾਜਿਆਂ ਨੇ ਫਰਾਂਸੀਸੀ ਇਨਕਲਾਬ ਦਬਾਉਣ ਲਈ ਰਜਵਾੜਾਸ਼ਾਹੀ ਫ਼ੌਜਾਂ ਭੇਜੀਆਂ ਸਨ। ਯੁੱਧ ਤੋਂ ਬਾਅਦ ਇਹ ਲਿਖਿਆ ਗਿਆ ਕਿ ਲੋਕਾਂ ਦੁਆਰਾ ਚੁਣੀ ਫ਼ੌਜ ਵਧੇਰੇ ਚੰਗੇ ਤਰੀਕੇ ਨਾਲ ਲੜੀ। ਇਸ ਜੰਗ ਵਿਚ ਪਹਿਲੀ ਵਾਰ ਔਰਤਾਂ ਨੇ ਭਾਗ ਲਿਆ। ਉਨ੍ਹਾਂ ਨੇ ਭਾਵੇਂ ਫਰੰਟ ਦੀ ਥਾਂ 'ਤੇ ਵਰਦੀਆਂ ਬਣਾਉਣ ਅਤੇ ਹਸਪਤਾਲਾਂ ਦਾ ਕੰਮ ਸੰਭਾਲਿਆ ਪਰ ਉਨ੍ਹਾਂ ਨੇ ਬਹੁਤ ਸਾਰੇ ਮਰਦਾਂ ਨੂੰ ਵਿਹਲੇ ਕਰਕੇ ਫਰੰਟ 'ਤੇ ਭੇਜਿਆ। ਭਵਿੱਖ ਵਿਚ ਜੰਗ ਦੀਆਂ ਸੰਭਾਵਨਾਵਾਂ ਘਟ ਜਾਣਗੀਆਂ। ਫ਼ੌਜਾਂ ਛੋਟੀਆਂ ਪਰ ਪੂਰੀ ਤਰ੍ਹਾਂ ਕੰਪਿਊਟਰਾਈਜ਼ ਹੋਣਗੀਆਂ। ਇਕ ਸਮਾਂ ਸੀ ਜਦੋਂ ਸੰਸਾਰ ਵਿਚ ਲੱਖਾਂ ਕਬੀਲੇ ਸਨ ਅਤੇ ਇਨ੍ਹਾਂ ਵਿਚੋਂ ਬਹੁਤੇ ਇਕ ਦੂਜੇ ਨਾਲ ਲੜਦੇ ਸਨ। ਰਾਜਾਸ਼ਾਹੀ ਦੇ ਸ਼ੁਰੂ ਹੋਣ ਨਾਲ ਕਬੀਲਿਆਂ ਦੀਆਂ ਲੜਾਈਆਂ ਘਟ ਗਈਆਂ। ਲੱਖਾਂ ਕਬੀਲਿਆਂ ਦੀ ਥਾਂ ਹਜ਼ਾਰਾਂ ਰਾਜਿਆਂ ਨੇ ਲੈ ਲਈ। ਇਹ ਰਾਜੇ ਆਪਸ ਵਿਚ ਲੜਦੇ ਰਹਿੰਦੇ ਸਨ। ਇਨ੍ਹਾਂ ਲੜਾਈਆਂ ਵਿਚ ਲੱਖਾਂ ਲੋਕਾਂ ਦਾ ਮਾਰਿਆ ਜਾਣਾ ਆਮ ਗੱਲ ਸੀ। ਮਹਾਰਾਜਿਆਂ ਤੇ ਸਾਮਰਾਜਾਂ ਦੇ ਆਰੰਭ ਨਾਲ ਛੋਟੇ ਰਾਜਿਆਂ ਦਾ ਅੰਤ ਹੋ ਗਿਆ। ਹਰਾਰੀ ਅਨੁਸਾਰ ਵਪਾਰ, ਧਰਮ ਤੇ ਜੇਤੂ ਰਾਜੇ ਲੋਕਾਈ ਨੂੰ ਜੋੜਦੇ ਹਨ। ਹੁਣ ਇੰਟਰਨੈੱਟ ਦੁਨੀਆਂ ਨੂੰ ਜੋੜਨ ਵਾਲਾ ਵਾਹਨ ਬਣ ਗਿਆ ਹੈ।

ਦੁਨੀਆਂ ਵਿਚ ਭੌਤਿਕ ਪਦਾਰਥ ਅਤੇ ਸ਼ਕਤੀ (energy) ਦੋ ਪ੍ਰਮੁੱਖ ਸਰੋਤ ਮੰਨੇ ਜਾਂਦੇ ਹਨ। ਇਹ ਦੋਵੇਂ ਸਰੋਤ ਵਰਤਣ ਨਾਲ ਘਟ ਜਾਂਦੇ ਹਨ। ਹੁਣ ਤੀਜਾ ਸਰੋਤ ਗਿਆਨ ਬਣ ਗਿਆ ਹੈ ਜਿਹੜਾ ਵਰਤਣ ਨਾਲ ਵਧਦਾ ਹੈ। ਵਿਸ਼ਵ ਦੇ ਸਮੁੱਚੇ ਧਰਮਾਂ ਨੇ ਲੰਮਾ ਸਮਾਂ ਗਿਆਨ ਦਾ ਰਸਤਾ ਰੋਕੀ ਰੱਖਿਆ। ਇਨ੍ਹਾਂ ਨੇ ਮਨੁੱਖ ਨੂੰ ਇਹ ਵਿਸ਼ਵਾਸ ਦਿਵਾਇਆ ਕਿ ਮਨੁੱਖ ਨੂੰ ਜਿੰਨੇ ਗਿਆਨ ਦੀ ਲੋੜ ਹੈ, ਉਹ ਉਨ੍ਹਾਂ ਦੇ ਆਪਣੇ ਧਾਰਮਿਕ ਗ੍ਰੰਥਾਂ ਵਿਚ ਉਪਲਬਧ ਹੈ। ਹੋਰ ਵੱਧ ਗਿਆਨ ਦੀ ਲੋੜ ਨਹੀਂ।

ਭਵਿੱਖ ਵਿਚ ਹੋਣ ਵਾਲੀਆਂ ਵੱਡੀਆਂ ਤਬਦੀਲੀਆਂ ਸੰਬੰਧੀ ਹਰਾਰੀ 'The Great Decoupling' ਸਿਰਲੇਖ ਵਾਲੇ ਪਾਠ ਵਿਚ ਬੌਧਿਕਤਾ ਦੇ ਚੇਤਨਾ ਤੋਂ ਵੱਖ ਹੋ ਜਾਣ ਦੀ ਗੱਲ ਕਰਦਾ ਹੈ। ਨਕਲੀ ਬੌਧਿਕਤਾ ਮਨੁੱਖ ਦੇ ਬਹੁਤ ਸਾਰੇ ਕੰਮਾਂ 'ਤੇ ਕਾਬਜ਼ ਹੋਈ ਜਾ ਰਹੀ ਹੈ। ਨਕਲੀ ਬੌਧਿਕਤਾ (Artificial Intelligence) ਅਸਲੀ ਬੌਧਿਕਤਾ (Human Intelligence) ਤੋਂ ਵਧੇਰੇ ਵਧੀਆ ਤਰੀਕੇ ਨਾਲ ਕੰਮ ਕਰੇਗੀ। ਡਰਾਈਵਰ, ਅਧਿਆਪਕ, ਕਲਰਕ, ਵਕੀਲ, ਜੱਜ, ਫ਼ੌਜੀ, ਡਾਕਟਰ ਆਦਿ ਅਨੇਕਾਂ ਕਿੱਤੇ ਖ਼ਤਮ ਹੋਣ ਦੇ ਕਗਾਰ 'ਤੇ ਹਨ। ਸੰਭਵ ਹੈ, ਇਹ ਲੋਕ ਇਕੱਠੇ ਹੋ ਕੇ ਵੱਡੇ ਪੱਧਰ 'ਤੇ ਵਿਰੋਧ ਕਰਨ। ਕੰਪਿਊਟਰ ਐਲਗੋਰਿਦਮ ਖ਼ੁਦ ਮਾਲਕ ਬਣ ਜਾਣ ਦੀ ਸੰਭਾਵਨਾ ਵੀ ਰੱਖਦਾ ਹੈ। ਜਿਸ ਤਰ੍ਹਾਂ ਉਦਯੋਗਕ ਕ੍ਰਾਂਤੀ ਨੇ ਵੱਡੇ ਇਨਕਲਾਬਾਂ ਨੂੰ ਜਨਮ ਦਿੱਤਾ, ਉਸੇ ਤਰ੍ਹਾਂ ਕੰਪਿਊਟਰ ਐਲਗੋਰਿਦਮ ਦੇ ਹਰ ਜਗ੍ਹਾ ਫੈਲਣ ਨਾਲ ਵਿਹਲੀ ਹੋਈ ਮਾਨਵਤਾ ਕੁਝ ਵੀ ਕਰ ਸਕਦੀ ਹੈ। ਹੁਣ ਦੇ ਪੜ੍ਹੇ ਹੋਏ ਬਹੁਤ ਬੱਚੇ ਭਵਿੱਖ ਦੀ ਜੌਬ ਮਾਰਕੀਟ ਵਿਚ ਨਿਕੰਮੇ ਸਾਬਤ ਹੋ ਜਾਣਗੇ। ਹਰ ਖੇਤਰ ਵਿਚ ਸਿਰਫ਼ ਸਿਖਰਲੇ ਹੀ ਬਚ ਸਕਣਗੇ।

ਇਕ ਸਮਾਂ ਸੀ ਜਦੋਂ ਕਿਸੇ ਵਿਅਕਤੀ ਦੇ ਨਿਜੀ ਫ਼ੈਸਲੇ ਪਰਿਵਾਰ ਅਤੇ ਸਮਾਜ ਵੱਲੋਂ ਲਏ ਜਾਂਦੇ ਸਨ। ਵਿਅਕਤੀਵਾਦ ਦੇ ਦੌਰ ਵਿਚ ਇਹ ਅਧਿਕਾਰ ਵਿਅਕਤੀ ਕੋਲ ਆ ਗਿਆ। ਭਵਿੱਖ ਵਿਚ ਇਹ ਅਧਿਕਾਰ ਐਲਗੋਰਿਦਮ ਕੋਲ ਜਾਣ ਵਾਲਾ ਹੈ। ਫੇਸਬੁੱਕ ਤੇ ਗੂਗਲ ਵਰਗੀਆਂ

ਕੰਪਨੀਆਂ ਤੁਹਾਨੂੰ ਤੁਹਾਡੀਆਂ ਪਸੰਦਾਂ, ਨਾਪਸੰਦਾਂ ਦੇ ਆਧਾਰ ’ਤੇ ਨਿਜੀ ਤੇ ਜ਼ਰੂਰੀ ਫ਼ੈਸਲੇ ਲੈਣ ਵਿਚ ਸਲਾਹ ਦੇਣ ਦੇ ਸਮਰੱਥ ਹੋਣਗੀਆਂ। ਉਹ ਇੱਥੋਂ ਤਕ ਯੋਗ ਹੋਣਗੀਆਂ ਕਿ ਤੁਹਾਨੂੰ ਦੱਸ ਸਕਣ ਕਿ ਕਿਹੜੀ ਪ੍ਰੇਮਿਕਾ ਜਾਂ ਪਤਨੀ ਤੁਹਾਡੇ ਲਈ ਵਧੀਆ ਰਹੇਗੀ। ਜੇਕਰ ਤੁਸੀਂ ਉਨ੍ਹਾਂ ਨੂੰ ਆਪਣੇ ਸਰੀਰ ਦੀ ਕਾਰਜਸ਼ੀਲਤਾ ‘ਤੇ ਨਜ਼ਰ ਰੱਖਣ ਦੀ ਆਗਿਆ ਦੇਵੋਗੇ ਤਾਂ ਉਹ ਤੁਹਾਡੇ ਸਰੀਰ ਵਿਚ ਪੈਦਾ ਹੋਣ ਵਾਲੀ ਹਰ ਸਮੱਸਿਆ ਤੋਂ ਤੁਹਾਨੂੰ ਅਗਾਊਂ ਸੂਚਤ ਕਰਨ ਦੇ ਸਮਰੱਥ ਹੋਣਗੇ।

ਐਲਗੋਰਿਦਮ ਵਾਸਤੇ ਜੇਕਰ ਮਨੁੱਖ ਦਾ ਮਨ ਪੜ੍ਹਨਾ ਸੰਭਵ ਹੈ ਤਾਂ ਜੀਵ ਸੰਸਾਰ ਦਾ ਮਨ ਪੜ੍ਹਨਾ ਵੀ ਅਸੰਭਵ ਨਹੀਂ ਰਹੇਗਾ। ਮਨੁੱਖ ਅਤੇ ਹੋਰ ਜੀਵਾਂ ਵਿਚਕਾਰਲੀ ਸਦੀਆਂ ਪੁਰਾਣੀ ਦੂਰੀ ਭਵਿੱਖ ਵਿਚ ਦੂਰ ਹੋਣ ਦੀ ਸੰਭਾਵਨਾ ਹੈ। ਵੇਲ੍ਹ ਮੱਛੀ ਸੰਬੰਧੀ ਹੋਏ ਅਧਿਐਨ ਤੋਂ ਇਹ ਸਾਹਮਣੇ ਆਇਆ ਹੈ ਕਿ ਮਨੁੱਖ ਵਾਂਗ ਹੀ ਉਹ ਵੀ ਗੀਤ ਰਚਦੀ ਤੇ ਗਾਉਂਦੀ ਹੈ। ਵਿਗਿਆਨੀਆਂ ਦੁਆਰਾ ਕੰਪਿਊਟਰ ਦੀ ਮਦਦ ਨਾਲ ਇਹ ਗੀਤ ਰਿਕਾਰਡ ਕੀਤੇ ਜਾਂਦੇ ਹਨ। ਕੋਈ ਗੀਤ ਏਨਾ ਸੁਪਰਹਿੱਟ ਹੋ ਜਾਂਦਾ ਹੈ ਕਿ ਦੂਰ ਦੁਰਾਡੇ ਦੀਆਂ ਹੋਰ ਵੇਲ੍ਹ ਮੱਛੀਆਂ ਵੀ ਉਸ ਨੂੰ ਗਾਉਂਦੀਆਂ ਹਨ।

ਮਨੁੱਖ ਡਾਟੇ ਨੂੰ ਸੂਚਨਾ ਵਿਚ, ਸੂਚਨਾ ਨੂੰ ਗਿਆਨ ਵਿਚ ਅਤੇ ਗਿਆਨ ਨੂੰ ਬੌਧਿਕਤਾ ਵਿਚ ਤਬਦੀਲ ਕਰਦਾ ਹੈ। ਡਾਟਾ ਪਸ਼ੂਆਂ ਅਤੇ ਮਸ਼ੀਨ ਵਿਚਲੀ ਕੰਧ ਨੂੰ ਤੋੜਦਾ ਹੈ। ਮਨੁੱਖ ਦੇ ਸਰੀਰ ਅੰਦਰਲੀਆਂ ਗਤੀਵਿਧੀਆਂ ਨੂੰ ਡਾਟਾ ਵਿਚ ਤਬਦੀਲ ਕਰਕੇ ਉਨਾਂ ’ਤੇ ਕੰਟਰੋਲ ਕੀਤਾ ਜਾ ਸਕਦਾ ਹੈ। ਹਰਾਰੀ ਸਰੀਰ ਅੰਦਰਲੀਆਂ ਗਤੀਵਿਧੀਆਂ ਨੂੰ ਐਲਗੋਰਿਦਮ ਦਾ ਨਾਮ ਹੀ ਦਿੰਦਾ ਹੈ। ਇਸੇ ਲਈ ਉਹ ਇਹ ਸੰਭਾਵਨਾ ਪ੍ਰਗਟ ਕਰਦਾ ਹੈ ਕਿ ਭਵਿੱਖ ਵਿਚ ਐਲਗੋਰਿਦਮ ਮਨੁੱਖ ਨੂੰ ਖ਼ਤਮ ਕਰਕੇ ਆਪ ਇਸ ਦੀ ਥਾਂ ਲੈ ਸਕਦਾ ਹੈ।

ਪੂੰਜੀਵਾਦੀ ਪ੍ਰਬੰਧ ਵਾਲੇ ਦੇਸ਼ਾਂ ਵਿਚ ਡਾਟਾ ਆਜ਼ਾਦ ਹੁੰਦਾ ਹੈ ਤੇ ਇਸ ਹੱਦ ਤਕ ਕੋਈ ਵੀ ਪਹੁੰਚ ਕਰ ਸਕਦਾ ਹੈ। ਕਮਿਊਨਿਸਟ ਦੇਸ਼ਾਂ ਵਿਚ ਡਾਟਾ ਕੇਂਦਰੀਕ੍ਰਿਤ ਹੁੰਦਾ ਹੈ, ਇਹੀ ਕਾਰਨ ਹੈ ਕਿ ਇਹ ਦੇਸ਼ ਅਸਫ਼ਲ ਹੋ ਗਏ। ਸੋਵੀਅਨ ਯੂਨੀਅਨ ਵਿਚ ਬਰੈੱਡ ਕਿੰਨਾ ਪਕਾਉਣਾ ਹੈ, ਇਸ ਦਾ ਫ਼ੈਸਲਾ ਇਕ ਵਿਭਾਗ ਵੱਲੋਂ ਕੀਤਾ ਜਾਂਦਾ ਸੀ। ਇਸ ਦੇ ਬਾਵਜੂਦ ਬਰੈੱਡ ਦੀਆਂ ਦੁਕਾਨਾਂ ਅੱਗੇ ਕਤਾਰਾਂ ਲੱਗੀਆਂ ਰਹਿੰਦੀਆਂ ਸਨ। ਦੂਜੇ ਪਾਸੇ ਇੰਗਲੈਂਡ ਵਿਚ ‘ਬਰੈੱਡ’ ਉਤਪਾਦਨ ਉਪਰ ਕਿਸੇ ਵਿਭਾਗ ਦੀ ਕੋਈ ਨਿਗਰਾਨੀ ਨਹੀਂ। ਇੰਗਲੈਂਡ ਵਿਚ ਇਸ ਦਾ ਫ਼ੈਸਲਾ ਖੁੱਲ੍ਹੀ ਮੰਡੀ ਕਰਦੀ ਹੈ।

ਭਵਿੱਖ ਵਿਚ ਸਰਕਾਰਾਂ ਦੀ ਪਕੜ ਘਟਦੀ ਜਾਵੇਗੀ ਤੇ ਇੰਟਰਨੈੱਟ ਦੀ ਪਕੜ ਵਧਦੀ ਜਾਵੇਗੀ। ਵਿਸ਼ਵ ਭਰ ਦੇ ਸਿਆਸਤਦਾਨਾਂ ਕੋਲ਼ ਕੁਝ ਵੀ ਨਵਾਂ ਨਹੀਂ ਹੈ। ਬਹੁਤ ਨੇੜੇ ਦੇ ਭਵਿੱਖ ਦੀ ਦੁਨੀਆਂ ਅੱਜ ਦੀ ਦੁਨੀਆਂ ਨਾਲੋਂ ਬਹੁਤ ਵੱਖਰੀ ਹੋਵੇਗੀ।

ਭਵਿੱਖ ਵਿਚ ਡਾਟਾ ਦਾ ਵਹਿਣ ਏਨਾ ਜ਼ਿਆਦਾ ਹੋ ਜਾਵੇਗਾ ਕਿ ਹਰ ਕੋਈ ਹਰ ਕਿਸੇ ਨਾਲ ਜੁੜਿਆ ਹੋਵੇਗਾ। ਜੇ 1789 ਦੀ ਫਰਾਂਸੀਸੀ ਕ੍ਰਾਂਤੀ ਆਜ਼ਾਦੀ ਦੀ ਲੜਾਈ ਸੀ ਤਾਂ ਹੁਣ ਡਾਟਾ ਦੀ ਆਜ਼ਾਦੀ ਦੀ ਲੜਾਈ ਸ਼ੁਰੂ ਹੋ ਗਈ ਹੈ। ਅਮਰੀਕਾ ਦਾ 26 ਸਾਲਾ ਨੌਜਵਾਨ ਹੈਕਰ ਐਰੋਨ ਸਵਾਰਟਜ਼ ਡਾਟਾ ਦੀ ਆਜ਼ਾਦੀ ਦੀ ਲੜਾਈ ਵਿਚ ਮਾਰਿਆ ਜਾਣ ਵਾਲਾ ਪਹਿਲਾ ਸ਼ਹੀਦ ਹੈ। ਉਹ ਹਰ ਕਿਸਮ ਦੀ ਸੂਚਨਾ ਨੂੰ ਪੂਰੇ ਸੰਸਾਰ ਨਾਲ ਸਾਂਝੀ ਕਰਨ ਦੇ ਹੱਕ ਵਿਚ ਸੀ।

ਹਰਾਰੀ ਅਨੁਸਾਰ 70,000 ਸਾਲ ਪਹਿਲਾਂ ਦੱਖਣੀ ਅਫ਼ਰੀਕਾ ਵਿਚ ਜਿਸ ਹੋਮੋ ਸੇਪੀਅਨ ਮਨੁੱਖ ਨੇ ਪੂਰੀ ਧਰਤੀ ਉਪਰ ਫੈਲਣਾ ਸ਼ੁਰੂ ਕੀਤਾ ਸੀ, ਉਹ ਹੁਣ ਵੱਡੀ ਤਬਦੀਲੀ ਦਾ ਸਾਹਮਣਾ ਕਰਨ ਲਈ ਤਿਆਰ ਹੈ। ਇਸ ਪੁਸਤਕ ਦਾ ਪਾਠਕ ਭਵਿੱਖ ਵਿਚ ਹੋਣ ਵਾਲੀਆਂ ਤਬਦੀਲੀਆਂ ਵਿਚ ਠੀਕ ਤਰੀਕੇ ਨਾਲ ਗੁਜ਼ਰਨ ਵਿਚ ਮਦਦਗਾਰ ਹੋ ਸਕਦਾ ਹੈ।000

***(ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ)***



# ਗੁਰਦਿਆਲ ਸਿੰਘ ਦੇ ਸਿਰਜਣਾਤਮਕ ਸਰੋਕਾਰ

**ਸਤਿੰਦਰਪਾਲ ਸਿੰਘ ਬਾਵਾ**

ਪੰਜਾਬੀ ਅਦਬ ਦੇ ਖੇਤਰ ਵਿਚ ਪ੍ਰੋ ਗੁਰਦਿਆਲ ਸਿੰਘ (10 ਜਨਵਰੀ 1933 - 16 ਅਗਸਤ 2016) ਇਕ ਮਾਣ ਮੱਤੀ ਸਖਸ਼ੀਅਤ ਹਨ। ਪੰਜਾਬੀ ਅਦਬ ਵਿਚ ਉਹਨਾਂ ਦਾ ਨਾਮ ਬੜੇ ਸਤਿਕਾਰ ਅਤੇ ਅਪਣੱਤ ਨਾਲ ਲਿਆ ਜਾਂਦਾ ਹੈ ਇਸ ਦਾ ਵੱਡਾ ਕਾਰਨ ਹੈ ਕਿ ਉਹਨਾਂ ਨੇ ਪੰਜਾਬੀ ਅਦਬ ਦੇ ਖੇਤਰ ਨੂੰ ਵਸੀਹ ਕੀਤਾ ਅਤੇ ਦੇਸ਼ ਵਿਦੇਸ਼ ਦੇ ਮੁਕਾਬਲੇ ਦਾ ਪੰਜਾਬੀ ਸਾਹਿਤ ਰਚ ਕੇ ਇਕ ਮਿਸਾਲ ਸਥਾਪਿਤ ਕੀਤੀ ਹੈ। ਪ੍ਰੋ. ਗੁਰਦਿਆਲ ਸਿੰਘ ਨੇ ਪੰਜਾਬੀ ਗਲਪ ਦੇ ਖੇਤਰ ਵਿਚ ਮਿਆਰੀ ਤੇ ਮੁਲਵਾਨ ਕਿਰਤਾਂ ਦਿੱਤੀਆਂ ਹਨ ਇਸੇ ਕਾਰਨ ਉਹਨਾਂ ਨੂੰ ਪਦਮਸ਼੍ਰੀ (1998) ਅਤੇ ਗਿਆਨ ਪੀਠ (1999) ਵਰਗੇ ਵਕਾਰੀ ਰਾਸ਼ਟਰੀ ਸਨਮਾਨਾਂ ਨਾਲ ਵੀ ਨਿਵਾਜ਼ਿਆ ਗਿਆ ਹੈ। ਜਿਹੜਾ ਨਾ ਕੇਵਲ ਉਹਨਾਂ ਦੀ ਸਿਰਣਾਤਮਕ ਪ੍ਰਤਿਭਾ ਦਾ ਤਸਦੀਕੀ ਪ੍ਰਮਾਣ ਪੇਸ਼ ਕਰਦਾ ਹੈ, ਸਗੋਂ ਉਹਨਾਂ ਨੇ ਇਹਨਾਂ ਸਨਮਾਨਾਂ ਨਾਲ ਪੰਜਾਬੀ ਜ਼ੁਬਾਨ ਦਾ ਮਾਣ ਵੀ ਵਧਿਆ ਹੈ। ਪ੍ਰੋ. ਗੁਰਦਿਆਲ ਸਿੰਘ ਪੰਜਾਬੀ ਸਾਹਿਤ ਦੇ ਖੇਤਰ ਵਿਚ 'ਪੰਜ ਦਰਿਆ' ਦੇ ਸਤੰਬਰ 1957 ਵਿਚ ਛਪੀ ਕਹਾਣੀ 'ਭਾਗਾ ਵਾਲੇ' ਨਾਲ ਪ੍ਰਵੇਸ਼ ਕਰਦੇ ਹਨ। ਇਸ ਹਿਸਾਬ ਨਾਲ ਕਰੀਬ ਛੇ ਦਹਾਕੇ ਉਹਨਾਂ ਦਾਸਾਹਿਤ ਰਚਨ ਕਾਲ ਮਿਥਿਆ ਜਾ ਸਕਦਾ ਹੈ। ਇਸ ਸਮੇਂ ਦੌਰਾਨ ਉਹਨਾਂ ਨੇ ਪੰਜਾਬੀ ਸਾਹਿਤ ਦੀਆਂ ਹੋਰ ਵਿਧਾਵਾਂ 'ਤੇ ਵੀ ਕੰਮ ਕੀਤਾ ਪਰ ਪ੍ਰਮੁਖਤਾ ਪੰਜਾਬੀ ਗਲਪ ਸਿਰਜਣ ਨੂੰ ਹੀ ਦਿੱਤੀ। ਇਸ ਦੀ ਇਕ ਪੁਖਤਾ ਮਿਸਾਲ ਉਹਨਾਂ ਦਾ ਬਹੁ-ਚਰਚਿਤ ਨਾਵਲ 'ਮੜੀ ਦਾ ਦੀਵਾ' (1964) ਹੈ ਜਿਸ ਦਾ ਅਨੁਵਾਦ ਅਨੇਕਾਂ ਦੇਸੀ ਅਤੇ ਵਿਦੇਸ਼ੀ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕਾ ਹੈ।

ਜਦੋਂ ਕੋਈ ਪਾਠਕ ਕਿਸੇ ਪ੍ਰਸਿਧ ਲੇਖਕ ਦੀ ਰਚਨਾ ਪੜ੍ਹਦਾ ਹੈ ਤਾਂ ਸੁਭਾਵਿਕ ਹੈ ਕਿ ਲੇਖਕ ਦੇ ਵਿਅਕਤੀਤਵ ਬਾਰੇ ਵੀ ਜਾਣਨ ਦੀ ਇੱਛਾ ਪਾਠਕ ਦੇ ਮਨ ਵਿਚ ਉਮੜਦੀ ਹੈ ਕਿ ਲੇਖਕਦਾ ਵਿਹਾਰਕਜੀਵਨ ਵਿਚ ਕਿਸ ਤਰ੍ਹਾਂ ਦਾ ਰਿਹਾ ਹੈ, ਉਹ ਕਿਹੜੇ ਕਾਰਨ ਸਨ ਜਿਹਨਾ ਨੇ ਉਸ ਨੂੰ ਸਾਹਿਤ ਰਚਨਾ ਵੱਲ ਮੋੜ ਦਿੱਤਾ। ਸਾਹਿਤ ਦੇ ਖੇਤਰ ਵਿਚ ਇਹਨਾਂ ਸੁਆਲਾਂ ਵਿਚੋਂ ਹੀ ਜੀਵਨੀਆਂ ਅਤੇ ਸਾਹਿਤਕ ਸਵੈ-ਜੀਵਨੀਆਂ ਪੈਦਾ ਹੁੰਦੀਆਂ ਹਨ। ਪ੍ਰੋ. ਗੁਰਦਿਆਲ ਸਿੰਘ ਨੇ ਵੀ ਆਪਣੇ ਪਾਠਕਾਂ ਦੇ ਇਹਨਾਂਸੁਆਲਾਂ ਦਾ ਉੱਤਰ ਦੇਣ ਦਾ ਯਤਨ ਕੀਤਾ ਹੈ। ਨਤੀਜੇ ਵਜੋਂ ਉਸ ਦੀ ਸਵੈ-ਜੀਵਨੀ 'ਨਿਆਣ ਮੱਤੀਆਂ' (1999) ਅਤੇ 'ਦੂਜੀ ਦੇਹੀ' (2000) ਦੋ ਭਾਗਾਂ ਵਿਚ ਪ੍ਰਕਾਸ਼ਤ ਹੋ ਚੁੱਕੀ ਹੈ। ਜਿਸ ਵਿਚ ਉਸਦੇਸੰਘਰਸ਼ਮਈ ਅਤੇ ਸਿਰੜੀ ਜੀਵਨ ਦਾ ਚਿੱਤਰ ਸਾਕਾਰ ਹੁੰਦਾ ਹੈ ਕਿ ਕਿਸ ਤਰ੍ਹਾਂ ਉਹ ਮਿਹਨਤ ਮਜ਼ਦੂਰੀ ਤੋਂ ਆਰੰਭ ਕਰਕੇ ਅਕਾਦਮਿਕਤਾ ਦੇ ਖੇਤਰ ਦੀ ਸਭ ਤੋਂ ਉਚੇਰੀ ਪਦਵੀ ਪ੍ਰੋਫੈਸਰ ਆਫ ਐਮੀਨੈਂਸ ਤੱਕ ਦਾ ਸਫਰ ਤਹਿ ਕਰਦੇ ਹਨ। ਸਿਰਜਣਾਤਮਕ ਪੱਖਾਂ ਪਹਿਲੂਆਂ ਦਾ ਜ਼ਿਕਰ ਉਹਨਾਂ ਦੀਆਂ ਦੋ ਪੁਸਤਕਾਂ 'ਲੇਖਕ ਦਾ ਅਨੁਭਵ ਤੇ ਸਿਰਜਣ-ਪਰਕਿਰਿਆ' (1995) ਅਤੇ 'ਜੀਵਨ ਤੇ ਸਾਹਿਤ' (2005) ਵਿਚ ਵਿਤਸਾਰ ਨਾਲ ਕੀਤਾ ਗਿਆ ਹੈ। ਸਾਡੇ ਖੋਜ-ਪੱਤਰ ਦਾ ਮਰਕਜ਼ ਵੀ ਇਹ ਪਿਛਲੀਆਂ ਦੋ ਪੁਸਤਕਾਂ ਹੀ ਬਣਦੀਆਂ ਹਨ। ਭਾਵੇਂ ਵਿਧਾ ਦੇ ਤੌਰ 'ਤੇ ਇਹ ਦੋਵੇਂ ਪੁਸਤਕਾਂ ਖੋਜ-ਪ੍ਰਾਜੈਕਟਾਂ ਨਾਲ ਸਰੋਕਾਰ ਰੱਖਦੀਆਂ ਹਨ ਪਰ ਇਹਨਾਂ ਵਿਚਲੀ ਵਿਸ਼ਾ-ਸਮਗਰੀ ਲੇਖਕ ਦੀ ਸਾਹਿਤਕ ਸਵੈ-ਜੀਵਨੀ ਦਾ ਹੀ ਭੁਲੇਖਾ ਸਿਰਜਦੀ ਹੈ ਕਿਉਂਕਿ ਦੋਨਾਂ ਹੀ ਪੁਸਤਕਾਂ ਵਿਚ ਲੇਖਕ ਨੇ ਆਪਣੇ ਸਾਹਿਤ ਰਚਣ ਦੇ ਮਨੋਰਥ ਅਤੇ ਸਾਹਿਤਕ

ਸਿਰਜਣ ਪ੍ਰਕਿਰਿਆ ਬਾਰੇ ਕਾਫ਼ੀ ਜਾਣਕਾਰੀ ਦਿੱਤੀ ਹੈ। ਇਸ ਲਈ ਅਸੀਂ ਇਹਨਾਂ ਪੁਸਤਕਾਂ ਨੂੰ ਸਾਹਿਤਕ ਸਵੈ-ਜੀਵਨੀ ਦੇ ਘੇਰੇ ਵਿਚ ਵੀ ਰੱਖ ਸਕਦੇ ਹਾਂ। ਇਸ ਦਾ ਮੂਲ ਕਾਰਨ ਇਹ ਹੈ ਕਿ ਇਹਨਾਂ ਨਿਬੰਧਾਂ ਦੀ ਸ਼ੈਲੀ ਵਿਸ਼ਲੇਸ਼ਣੀ ਨਹੀਂ ਵਰਣਨੀ ਹੈ। ਭਾਵੇਂ ਇਹਨਾਂ ਦਾ ਮੂਲ ਵਿਸ਼ਾ ਖੋਜ ਦੇ ਵਿਸ਼ੇ ਨਾਲ ਸਰੋਕਾਰ ਰੱਖਦਾ ਹੈ ਪਰ ਉਹਨਾਂ ਉਪਰ ਖੋਜ ਵਿਧੀ ਵਾਲੀ ਨਿਯਮਾਵਲੀ ਇਕਸਾਰਤਾ ਨਾਲ ਲਾਗੂ ਨਹੀਂ ਹੁੰਦੀ। ਇਹ ਗੱਲ ਵੱਖਰੀ ਹੈ ਕਿ ਲੇਖਕ ਦੁਆਰਾ ਚੁਣੇ ਗਏ ਵਿਸ਼ਾ ਦਾ ਖੇਤਰ ਨਿਸ਼ਚੇ ਹੀ ਵਿਸ਼ਾਲ ਅਤੇ ਵਿਸਾਹ ਹੈ। ਇਸ ਲਈ ਉਹ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਵਿਸ਼ਵ ਪ੍ਰਸਿੱਧ ਚਿੰਤਕਾਂ ਅਤੇ ਲੇਖਕਾਂ ਦੇ ਹਵਾਲੇ ਥਾਂ ਪਰ ਥਾਂ ਦਰਜ ਕਰਦਾ ਹੈ। ਜਿਹਨਾਂ ਵਿਚੋਂ ਜੀ. ਪਲੈਖਾਨੋਵ, ਮੈਕਸਿਮ ਗੋਰਕੀ, ਏ. ਪੀ ਚੈਖਵ, ਐਫ਼. ਐਮ. ਦਾਸਤੋਵਸਕੀ, ਐਮ. ਖਰੈਪਚੈਂਕੋ, ਸਟੀਅਨਬੈਕ, ਮੁਨਸ਼ੀ ਪ੍ਰੇਮ ਚੰਦ, ਨਾਨਕ ਸਿੰਘ ਆਦਿ ਪ੍ਰਮੁੱਖ ਹਨ।ਪ੍ਰੋ ਗੁਰਦਿਆਲ ਸਿੰਘ ਆਪਣੀ ਵਿਚਾਰ ਅਧੀਨ ਵਿਸ਼ੇ ਨੂੰ ਬਾਦਲੀਲ, ਪ੍ਰਮਾਣਿਕ ਅਤੇ ਰੋਚਕ ਬਣਾਉਣ ਲਈ ਇਹਨਾਂ ਲੇਖਕਾਂ ਦੀਆਂ ਸਾਹਿਤ ਤੇ ਸਮਾਜ ਬਾਰੇ ਸਥਾਪਨਾਵਾਂ ਅਤੇ ਸਿਰਜਣਾਤਮਕ ਸਰੋਕਾਰਾਂ ਦੇ ਵਿਭਿੰਨ ਹਾਲ-ਹਵਾਲਿਆਂ ਦੀ ਵਰਤੋਂ ਸੁਚੇਤ ਹੋ ਕਰਦੇ ਹਨ।

ਹਥਲੇ ਅਧਿਐਨ ਲਈ ਚੁਣੀਆਂ ਗਈਆਂ ਪੁਸਤਕਾਂ 'ਲੇਖਕ ਦਾ ਅਨੁਭਵ ਤੇ ਸਿਰਜਣ-ਪਰਕਿਰਿਆ' ਅਤੇ 'ਜੀਵਨ ਤੇ ਸਾਹਿਤ' ਦਾ ਪ੍ਰਥਮ ਸਰੋਕਾਰ ਵੀ ਸਿਰਜਣਾਤਮਕ ਸਰੋਕਾਰਾਂ ਦੇ ਵਿਭਿੰਨ ਪਰਿਪੇਖਾਂ ਨਾਲ ਜਾ ਜੁੜਦਾ ਹੈ। ਇਸੇ ਕਰਕੇ ਨਿਬੰਧਾਂ ਦੀ ਕੇਂਦਰੀ ਸੁਰ ਸਿਰਜਣਾਤਮਕ ਪ੍ਰਕਿਰਿਆ ਦੇ ਰਹੱਸਾਂ ਨੂੰ ਖੋਲ੍ਹਣ ਦੀ ਹੈ ਪਰ ਇਸ ਕਾਰਜ ਪੂਰਤੀ ਲਈ ਕਿਧਰੇ ਵੀ ਕਰੜੇ ਤੇ ਕਠੋਰ ਸਿਧਾਂਤਕ ਨਿਯਮਾਂ ਨੂੰ ਨਸ਼ਰ ਨਹੀਂ ਕੀਤਾ ਗਿਆ, ਸਗੋਂ ਸਿਰਜਣਾਤਮਕ ਪ੍ਰਕਿਰਿਆ ਨੂੰ ਅਮਲੀ ਅਤੇ ਵਿਹਾਰਕ ਰੂਪ ਸਪਸ਼ਟ ਕਰਨ ਲਈ ਅਨੇਕਾਂ ਉਦਾਹਰਨਾਂ ਪ੍ਰੋ. ਗੁਰਦਿਆਲ ਸਿੰਘ ਆਪਣੇ ਨਿੱਜੀ ਅਨੁਭਵ ਦੇ ਆਧਾਰ 'ਤੇ ਬਿਆਨ ਕਰਦੇ ਹਨ ਅਤੇ ਨਾਲੋਂ ਨਾਲ ਮਨੁੱਖੀ ਚਿੰਤਨ ਦੇ ਵਿਕਾਸ ਪੜਾਵਾਂ ਨੂੰ ਰੇਖਾਂਕਿਤ ਵੀ ਕਰਦੇ ਹਨ। ਭਾਵੇਂ ਪਹਿਲੀ ਪੁਸਤਕ 'ਲੇਖਕ ਦਾ ਅਨੁਭਵ ਤੇ ਸਿਰਜਣ-ਪਰਕਿਰਿਆ' ਮੂਲ ਰੂਪ ਵਿਚ ਪ੍ਰੋ. ਗੁਰਦਿਆਲ ਸਿੰਘ ਦੇ ਸੇਵਾ ਮੁਕਤ ਹੋਣ ਉਪਰੰਤ ਕੀਤਾ 'ਖੋਜ-ਕਾਰਜ' ਹੈ। ਜਿਹੜਾ ਲੇਖਕ ਨੇ ਪੰਜਾਬੀ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਨੇਪਰੇ ਚਾੜ੍ਹਿਆ ਹੈ ਜਦੋਂ ਯੂਨੀਵਰਸਿਟੀ ਨੇ ਲੇਖਕ ਦੇ ਸੇਵਾ ਕਾਲ ਵਿਚ ਦੋ ਸਾਲ ਦਾ ਵਾਧਾ ਦਰਜ਼ ਕੀਤਾ ਸੀ। ਪਰ ਵਿਚਨਿੱਜੀ ਜੀਵਨ ਵਿਚੋਂ ਪ੍ਰਸਤੁਤ ਉਦਾਹਰਨਾਂ ਕਾਰਨ ਇਹ ਵਿਧੀ ਖੋਜ-ਕਾਰਜ ਦੇ ਪ੍ਰਵਾਨਿਤ ਪੈਟਰਨ ਵਿਚ ਨਹੀਂ ਢਲਦੀ, ਸਗੋਂ ਉਸ ਤੋਂ ਅੱਡਰੇ ਪਰ ਨਿੱਖੜਵੇ ਅਤੇ ਨਿਤਰੇ ਰੂਪ ਵਿਚ ਸਾਕਾਰ ਹੋ ਜਾਂਦੀ ਹੈ। ਜਿਸ ਵਿਚ ਲੇਖਕ 'ਮਨੁੱਖੀ ਅਨੁਭਵ: ਸਰੂਪ ਅਤੇ ਸਰੋਤ', 'ਕਲਾ ਸਿਰਜਣਾ ਦੀਆ ਸਮੱਸਿਆਵਾਂ', 'ਅਨੁਭਵ ਤੇ ਰਚਨਾ-ਪਰਕਿਰਿਆ' ਅਤੇ 'ਗਲਪ-ਦ੍ਰਿਸ਼ਟੀ ਤੇ ਸਿਰਜਣ-ਪਰਕਿਰਿਆ' ਦੇ ਸਿਰਲੇਖਾਂ ਰਾਹੀਂ ਲੇਖਕ ਦੇ ਅਨੁਭਵ ਅਤੇ ਸਿਰਜਣ-ਪਰਕਿਰਿਆ ਦੀਆਂ ਉਹਨਾਂ ਮਹੀਨ ਪਰਤਾਂ ਦਾ ਉਲੇਖ ਕਰਦਾ ਹੈ; ਜਿਹਨਾਂ ਰਾਹੀਂ ਕੋਈ ਸੰਵੇਦਨਸ਼ੀਲ ਮਨੁੱਖ ਸਮਾਜ ਵਿਚਰਦਿਆਂ ਹੋਇਆ ਕਲਾ ਰਾਹੀਂ ਅਤੇ ਵਿਸ਼ੇਸ਼ ਕਰਕੇ ਸਾਹਿਤ ਰਾਹੀਂ ਤਤਕਾਲੀ, ਸਮਕਾਲੀ ਅਤੇ ਭਵਿੱਖਕਾਲੀ ਚਣੌਤੀਆਂ ਨੂੰ ਗਲਪ ਰਚਨਾ ਦੇ ਮਾਧਿਅਮ ਰਾਹੀਂ ਮੁਖਾਤਿਬ ਹੁੰਦਾ ਹੈ। ਇਸੇ ਤਰ੍ਹਾਂ ਦੂਜੀ ਪੁਸਤਕ ਵੀ ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰੋਫ਼ੈਸਰ ਆਫ ਐਮੀਨੈਂਟਸ ਦੀ ਉਪਾਧੀ ਦੇ ਕਾਰਜ ਕਾਲ ਦੌਰਾਨ 'ਜੀਵਨ ਤੇ ਸਾਹਿਤ' ਨਾਮੀ ਪ੍ਰੋਜੈਕਟ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ।

ਪ੍ਰੋ. ਗੁਰਦਿਆਲ ਸਿੰਘ ਦਾ ਮਤ ਹੈ ਕਿ ਅਨੁਭਵ ਨਿਰੋਲ ਨਿੱਜੀ ਗਿਆਨ ਤੱਕ ਹੀ



ਸੀਮਤ ਨਹੀਂ ਹੁੰਦਾ, ਸਗੋਂ ਇਸ ਨੂੰ ਜੀਵਨ ਦੇ ਹਰ ਨਿੱਕੇ ਤੋਂ ਨਿੱਕੇ ਪੱਖ ਵਿਚੋਂ ਤਲਾਸ਼ਿਆ ਜਾ ਸਕਦਾ ਹੈ। ਉਹਨਾਂ ਦਾ ਮਤ ਹੈ ਕਿ ਮਨੁੱਖੀ ਰਿਸ਼ਤਿਆਂ, ਸਮਾਜਕ ਦਬਾਵਾਂ, ਖ਼ਿਆਲਾਂ, ਰਸਮਾਂ ਰਿਵਾਜ਼ਾਂ ਲੜਾਈ-ਝਗੜਿਆਂ, ਬੰਦਨਾਂ ਖੁੱਲਾਂ ਆਦਿ ਦੀਆਂ ਭਾਵਨਾਵਾਂ ਰਾਹੀਂ ਜਿਹੜੇ ਵੀ ਵਿਚਾਰਾਂ ਦਾ ਨਿਰਮਾਣ ਹੁੰਦਾ ਹੈ ਉਹ ਸਭ ਕੁਝ ਸਾਡੇ ਅਨੁਭਵ ਦੇ ਘੇਰੇ ਵਿਚ ਹੀ ਸ਼ਾਮਲ ਹੁੰਦਾ ਹੈ। ਇਕ ਸੰਵੇਦਨਸ਼ੀਲ ਲੇਖਕ ਇਹਨਾਂ ਸਮੁੱਚੀਆਂ ਕਿਰਿਆਵਾਂ/ਪ੍ਰਤਿਕਿਰਿਆਵਾਂ ਬਾਰੇ ਜਿਹੜਾ ਪ੍ਰਤਿਕਰਮ ਗਲਪੀ ਰੂਪ ਵਿਚ ਦਿੰਦਾ ਹੈ ਉਹ ਹੀ ਲੇਖਕ ਦੀ ਸਿਰਜਣ ਪ੍ਰਕਿਰਿਆ ਦਾ ਆਧਾਰ ਬਣਦਾ ਹੈ। ਉਹਨਾਂ ਦਾ ਮਤ ਹੈ ਕਿ ਗਲਪ ਰਚਨਾ ਰਾਹੀਂ ਕੋਈ ਲੇਖਕ ਸਮਾਜਿਕ ਜੀਵਨ ਨੂੰ ਚਿਤਰਦਿਆਂ ਆਪਣੇ ਨਿੱਜੀ ਅਨੁਭਵ ਨੂੰ ਹੀ ਨਹੀਂ ਉਲੀਕ ਰਿਹਾ ਹੁੰਦਾ, ਸਗੋਂ ਸਾਰਵਜਨਿਕ ਜੀਵਨ-ਮੁੱਲਾਂ ਭਾਵਨਾਵਾਂ ਅਤੇ ਵਿਚਾਰਾਂ ਨੂੰ ਵੀ ਪ੍ਰਸਤੁਤ ਕਰ ਰਿਹਾ ਹੁੰਦਾ ਹੈ। ਇਸ ਲਈ ਕਿਸੇ ਲੇਖਕ ਦੇ ਨਿੱਜੀ ਵਿਅਕਤੀਤਵ ਨੂੰ ਕਿਸੇ ਗਲਪ ਰਚਨਾ ਵਿਚੋਂ ਲੱਭਣਾ ਅਸਲੋਂ ਹੀ ਉਦੇਸ਼ਹੀਣ ਕਾਰਜ ਹੈ ਕਿਉਂਕਿ ਵਿਅਕਤੀ ਵਿਸ਼ੇਸ਼ ਦਾ ਅਨੁਭਵ ਵੀ ਸਮਾਜਕ ਹੁੰਦਾ ਹੋਇਆ ਸਮੁੱਚੇ ਸਮਾਜਕ ਪ੍ਰਬੰਧ ਵਿਚ ਹੀ ਸੰਚਾਲਿਕ ਹੁੰਦਾ ਹੈ ਅਤੇ ਸਾਹਿਤ ਰਚਨਾ ਰਾਹੀਂ ਉਸੇ ਸਮਾਜਕ ਪ੍ਰਬੰਧ ਦਾ ਹੀ ਪ੍ਰਤਿਰੂਪ ਸਾਕਾਰ ਕੀਤਾ ਜਾਂਦਾ ਹੈ।

ਇਹ ਨਿਰਣਾ ਕਰਨਾ ਕਿ ਕਿਸੇ ਗਲਪੀ ਜਗਤ ਰਾਹੀਂ ਲੇਖਕ ਦਾ ਨਿੱਜੀ ਅਨੁਭਵ ਹੀ ਪ੍ਰਸਤੁਤ ਹੋ ਰਿਹਾ ਹੈ ਪੂਰਨ ਤੌਰ 'ਤੇ ਗ਼ਲਤ ਧਾਰਨਾ ਪ੍ਰਚਲਨ ਹੈ। ਪ੍ਰੋ. ਗੁਰਦਿਆਲ ਸਿੰਘ ਇਸ ਨਿਖੇੜ ਨੂੰ ਸਪਸ਼ਟ ਕਰਨ ਲਈ ਬੁੱਤਕਾਰ ਅਤੇ ਬੁੱਤ ਦੀ ਉਦਾਹਰਨ ਦਿੰਦੇ ਹਨ।ਉਹਨਾਂ ਦੇ ਸ਼ਬਦਾਂ ਵਿਚ, 'ਉਹਦੀ (ਲੇਖਕ ਦੀ) ਕਿਸੇ ਰਚਨਾ ਨੂੰ ਨਿਰਾ ਉਹਦੇ ਨਿੱਜੀ ਜੀਵਨ ਦਾ ਪ੍ਰਤੀਬਿੰਬ ਮੰਨ ਲੈਣਾ ਉਂਜ ਹੀ ਗ਼ਲਤ ਹੈ, ਜਿਵੇਂ ਕਿਸੇ ਬੁੱਤ ਦੀ ਸ਼ਕਲ ਨਾਲ ਬੁੱਤਕਾਰ ਦੀ ਸ਼ਕਲ ਨੂੰ ਮੇਲਣ ਦਾ ਯਤਨ ਕਰਨਾ।'(1995:7)ਨਿਰਸੰਦੇਹ ਇਸ ਮਿਸਾਲ ਰਾਹੀਂ ਜਿਥੇ ਰਚਨਾਕਾਰ ਅਤੇ ਰਚਨਾ ਵਿਚ ਨਿਖੇੜ ਸਥਾਪਤ ਕਰਦੀ ਹੈ,ਉਥੇ ਇਸ ਧਾਰਨਾ ਪ੍ਰਤਿ ਲੇਖਕ ਦੀ ਸਪਸ਼ਟ ਦ੍ਰਿਸ਼ਟੀ ਦਾ ਵੀ ਪਤਾ ਚਲਦਾ ਹੈ ਕਿ ਪ੍ਰੋ. ਗੁਰਦਿਆਲ ਸਿੰਘ ਕਿੰਨੀ ਬਰੀਕ ਬਾਨੀ ਨਾਲ ਇਹ ਸਪਸ਼ਟ ਕਰਨ ਵਿਚ ਸਫਲ ਹੁੰਦੇ ਹਨ ਕਿ ਰਚਨਾ ਅਤੇ ਰਚਨਾਕਾਰ ਦਾ ਵਿਚ ਕੀ ਅੰਤਰ ਹੈ। ਅਸਲ ਵਿਚਕਿਸੇ ਰਚਨਾ ਵਿਚਲਾ ਗਲਪ ਸੰਸਾਰ/ਪ੍ਰਸਤੁਤ ਜੀਵਨ ਲੇਖਕ ਦੀ ਦ੍ਰਿਸ਼ਟੀਗਤ ਵਿਲੱਖਣਤਾ ਵਿਚੋਂ ਸਾਕਾਰ ਰੂਪ ਧਾਰਨ ਕਰਦਾ ਹੈ ਕਿਉਂਕਿ ਇਸ ਵਿਚ ਯਥਾਰਥ ਦੀ ਪੁਨਰ ਪ੍ਰਸਤੁਤੀ ਰਾਹੀਂ ਦਾਰਸ਼ਨਿਕ, ਧਾਰਮਿਕ ਤੇ ਰਾਜਨੀਤਿਕ ਵਿਚਾਰਾਂ ਤੇ ਜੀਵਨ ਮੁੱਲਾਂ ਦੇ ਸਭਿਆਚਾਰਕ ਆਧਾਰਾਂ ਦਾ ਜਿਹੜਾ ਦ੍ਰਿਸ਼ ਚਿਤਰਿਆ ਜਾਂਦਾ ਹੈ, ਉਹ ਭਾਵੇਂ ਲੇਖਕ ਦੇ ਅਨੁਭਵ ਦਾ ਹੀ ਪ੍ਰਗਟਾਵਾ ਹੁੰਦਾ ਹੈ ਪਰੰਤੂ ਇਸ ਵਿਚ ਲੇਖਕ ਦੀ ਸਿਰਜਣਾਤਮਕ ਪ੍ਰਤਿਭਾ ਵੀ ਸ਼ਾਮਲ ਹੁੰਦੀ ਹੈ। ਕਿਉਂਕਿ ਪ੍ਰੋ ਗੁਰਦਿਆਲ ਸਿੰਘ ਦਾ ਮੰਨਣਾ ਹੈ ਕਿ 'ਮਨੁੱਖ ਦੀਆਂ ਸਮਾਜਿਕ ਕਿਰਿਆਵਾਂ ਤੇ ਉਹਦੇ ਚਿੰਤਨ (ਸਿਧਾਂਤਾਂ, ਵਿਚਾਰਾਂ, ਦ੍ਰਿਸ਼ਟੀਕੋਣਾਂ) ਦਾ ਰਿਸ਼ਤਾ ਦਵੰਦਾਤਮਿਕ ਹੀ ਹੋ ਸਕਦਾ ਹੈ, ਇਕ-ਪਾਸੜ ਨਹੀਂ।' (1995:19) ਇਸ ਲਈ ਕੋਈ ਰਚਨਾ ਕਿਸੇ ਲੇਖਕ ਦੇ ਨਿੱਜੀ ਜੀਵਨ ਨੂੰ ਪੁਨਰ ਪ੍ਰਸਤੁਤ ਨਹੀਂ ਕਰਦੀ, ਸਗੋਂ ਉਸਦੇ ਜੀਵਨ ਦ੍ਰਿਸ਼ਟੀ ਨੂੰ ਅਤੇ ਉਸਦੇ ਵਿਅਤਕਤੀਤਵ ਦੀ ਸਮੁੱਚਤਾ ਨੂੰ ਗਲਪੀ ਜਗਤ ਰਾਹੀਂ ਪ੍ਰਸਤੁਤ ਕਰਦੀ ਹੈ। ਜਿਸ ਵਿਚ ਉਸਦਾ ਨਿੱਜੀ ਅਨੁਭਵ ਵੀ ਸ਼ਾਮਲ ਹੁੰਦਾ ਹੈ ਅਤੇ ਸਮਾਜਕ ਅਨੁਭਵ ਵੀ ਸ਼ਾਮਲ ਹੁੰਦਾ ਹੈ। ਪ੍ਰੋ. ਗੁਰਦਿਆਲ ਸਿੰਘ ਵਾਸਤਵ ਵਿਚ ਲੇਖਕ ਦਾ ਅਨੁਭਵ ਅਤੇ ਸਿਰਜਣ-ਪਰਕਿਰਿਆ ਰਾਹੀਂ ਇਹ ਦ੍ਰਿੜ ਕਰਾਵਾਉਣ ਦਾ ਉਪਰਾਲਾ ਕਰਦੇ ਹਨ ਕਿ ਲੇਖਕ ਦਾ ਅਨੁਭਵ ਸਮਾਜਕ ਅਨੁਭਵ ਦੀ ਹੀ ਇਕ ਸ਼ਾਖਾ ਹੈ।ਉਹ ਇਸ ਗੱਲ ਦੀ ਪ੍ਰਮਾਣਿਤਾ ਲਈ ਅਨੇਕਾਂ ਉਦਾਹਰਨਾਂ ਪ੍ਰਸਤੁਤ ਕਰਦੇ ਹਨ ਜਿਸ

ਵਿਚ ਉਹ ਹੋਰ ਲੇਖਕਾਂ ਦੇ ਅਨੁਭਵ ਅਤੇ ਵਿਚਾਰਾਂ ਦਾ ਉਲੇਖ ਵੀ ਕਰਦੇ ਹਨ ਪਰ ਇਥੇ ਅਸੀਂ ਉਹਨਾਂ ਦੇ ਨਿੱਜੀ ਅਨੁਭਵ ਦੇ ਆਧਾਰ 'ਤੇ ਕੇਵਲ ਇਕ ਵਾਕ ਨੂੰ ਹੀ ਦੁਹਰਾਉਣਾ ਚਾਹੁੰਦੇ ਹਾਂ, ਜਿਹੜਾ ਉਹਨਾਂ ਨੇ ਆਪਣੇ ਮਾਮੇ ਕਰਤਾਰ ਸਿੰਘ ਨੂੰ ਕਿਹਾ ਸੀ ਕਿ 'ਜਿਸ ਬੰਦੇ ਨੂੰ ਜਿੰਨਾ ਵੀ ਚੰਗਾ ਮਕਾਨ ਤੇ ਪਹਿਨਣ-ਖਾਣ ਨੂੰ ਮਿਲੇ, ਓਨਾ ਹੀ ਚੰਗਾ ਉਹਦਾ ਜੀਵਨ ਹੁੰਦਾ ਹੈ।'(1995:23) ਇਸ ਵਾਕ ਦਾ ਸਿਰਜਣ-ਪਛੋਕੜ ਲੇਖਕ ਦੇ ਸਵੈ-ਅਨੁਭਵ ਦਾ ਹਾਸਲ ਹੈ। ਲੇਖਕ ਦੁਆਰਾ ਕੀਤੀ ਕਰੜੀ ਮਿਹਨਤ, ਤੰਗੀ-ਤੁਰਸ਼ੀ ਤੇ ਪੜ੍ਹਾਈ ਛੱਡਣ ਦੀਆਂ ਮਜ਼ਬੂਰੀਆਂ ਨੇ ਉਸ ਦੀ ਮਨੋ ਸਥਿਤੀ ਅਜਿਹੀ ਬਣਾ ਦਿੱਤੀ ਸੀ ਕਿ ਉਹ ਸਮਾਜ ਵਿਚਲੇ ਪਾੜੇ ਨੂੰ ਸਹਿਜੇ ਹੀ ਸਮਝਣ ਦੇ ਸਮਰੱਥ ਹੋ ਗਿਆ ਸੀ। ਭਾਵੇਂ ਇਹ ਉਸਦਾ ਨਿੱਜੀ ਅਨੁਭਵ ਸੀ ਪਰ ਇਸ ਨੇ ਸ਼੍ਰੇਣਿਕ ਚੇਤਨਾ ਅਤੇ ਸ਼੍ਰੇਣੀਕ ਸੀਮਾਵਾਂ ਦਾ ਬੋਧ ਲੇਖਕ ਨੂੰ ਛੋਟੀ ਉਮਰ ਵਿਚ ਹੀ ਕਰਵਾ ਦਿੱਤੀ ਸੀ, ਜਿਸ ਤੋਂ ਲੇਖਕ ਦੇ ਸਿਰਜਣਾਤਮਕ ਆਪੇ ਦਾ ਵੀ ਪਤਾ ਚਲਦਾ ਹੈ। ਸ਼ਾਇਦ ਇਹੀ ਕਾਰਨ ਹੈਕਿ ਉਸ ਦਾ ਮਾਮਾ ਲੇਖਕ ਨੂੰ ਆਪਣੇ ਅੰਤਲੇ ਸਾਹਾਂ ਤੱਕ 'ਸਿਆਣਾ ਭਾਣਜਾ' (1995:23) ਸੱਦਦਾ ਰਿਹਾ ਸੀ।

ਇਥੇ ਇਸ ਗੱਲ ਦਾ ਜ਼ਿਕਰ ਕਰਨਾ ਵੀ ਲਾਜ਼ਮੀ ਜਾਪਦਾ ਹੈ ਕਿ ਲੇਖਕ ਨੇ ਆਪਣੀਆਂ ਸਾਹਿਤਕ ਰਚਨਾਵਾਂ ਰਾਹੀਂ ਉਹਨਾਂ ਸਮੱਸਿਆਵਾਂ ਦਾ ਹੀ ਗਲਪੀਕਰਨ ਕੀਤਾ ਹੈ ਜਿਹਨਾਂ ਦਾ ਸਰੋਕਾਰ ਸਿੱਧਾ ਸਾਡੇ ਵਿਹਾਰਕ ਜੀਵਨ ਨਾਲ ਜੁੜਿਆ ਹੋਇਆਹੈ। ਭਾਵੇਂ ਲੇਖਕ ਸਮੱਚੇ ਵਰਤਾਰੇ ਦੇ ਵਿਭਿੰਨ ਪੱਖਾਂ ਪਹਿਲੂਆਂ ਦੀ ਸੋਝੀ ਬਾਰੇ ਕੋਈ ਸਿੱਧੀ ਬੇਬਾਕ ਟਿੱਪਣੀ ਨਹੀਂ ਕਰਦਾ ਪਰ ਸਮੁੱਚੇ ਸਮਾਜਕ, ਆਰਥਿਕ ਅਤੇ ਸਿਆਸੀ ਵਰਤ ਵਰਤਾਰਿਆਂ ਤਹਿ ਵਿਚ ਕਾਰਜਸ਼ੀਲ ਨਿਯਮਾਵਲੀ ਪ੍ਰਤਿ ਲੇਖਕ ਬਹੁਤ ਸੁਚੇਤ ਰਹਿੰਦਾ ਹੈ। ਇਸ ਬਾਰੇ ਪ੍ਰੋ. ਗੁਰਦਿਆਲ ਸਿੰਘ ਦਾ ਮਤ ਹੈ ਕਿ (ਸਾਹਿਤ ਦਾ ਅਧਿਐਨ ਕਰਦਿਆਂ) 'ਅਜਿਹੇ ਸੁਆਲਾਂ ਨਾਲ ਵੀ ਖੌਜਣ ਲੱਗ ਪਿਆ ਕਿ ਜ਼ਿੰਦਗੀ ਦਾ ਮਤਲਬ ਤੇ ਮਨੋਰਥ ਕੀ ਹੈ? ਕੀ ਬੰਦਾ ਖੋਤੇ ਵਾਂਗ ਸਾਰੀ ਉਮਰ ਭੱਠੇ ਦੀਆਂ ਇੱਟਾਂ ਢੋ ਕੇ ਮਰਨ ਲਈ ਹੀ ਆਉਂਦਾ ਹੈ?'(2005:13) ਇਹ ਅਜਿਹੇ ਸੁਆਲ ਹਨ ਜਿਹਨਾਂ ਦਾ ਸਿੱਧਾ ਸਰੋਕਾਰ ਪ੍ਰੋ. ਗੁਰਦਿਆਲ ਸਿੰਘ ਦੀ ਗਲਪ ਦ੍ਰਿਸ਼ਟੀ ਨਾਲ ਵੀ ਜਾ ਜੁੜਦਾ ਹੈ ਅਤੇ ਜਿਹਨਾਂ ਦਾ ਉੱਤਰ ਲੱਭਣ ਲਈ ਉਸਦੇ ਵਿਲੱਖਣਤੇ ਵਿਕਲੋਤਰੇ ਪਾਤਰ, ਥਾਂ ਪਰ ਥਾਂ ਚੇਤਨਸ਼ੀਲ ਪਾਠਕਾਂ ਨੂੰ ਟੁੰਬਦੇ ਰਹਿੰਦੇ ਹਨ।

ਇਸੇ ਤਰ੍ਹਾਂ ਹੀ ਉਹਨਾਂ ਦੀ ਦੂਜੀ ਪੁਸਤਕ ਜੀਵਨ ਤੇ ਸਾਹਿਤ ਵੀ ਸਿਰਜਣਾਤਮਕ ਸਰੋਕਾਰਾਂ ਨੂੰ ਕੇਂਦਰ ਵਿਚ ਰੱਖਦੀ ਹੈ। ਸਾਹਿਤ ਵਿਚ ਇਸ ਪੁਸਤਕ ਦੇ ਮਹੱਤਵ ਬਾਰੇ ਸੁਪ੍ਰਸਿੱਧ ਆਲੋਚਕ ਡਾ. ਧਨਵੰਤ ਕੌਰ ਦਾ ਮਤ ਹੈ 'ਹਥਲੀ ਪੁਸਤਕ 'ਜੀਵਨ ਤੇ ਸਾਹਿਤ' ਵਾਸਤਵ ਵਿਚ ਉਹਨਾਂ ਦੀ ਸਿਰਜਣ ਪ੍ਰਕਿਰਿਆ ਬਾਰੇ ਹੈ। ਉਹਨਾਂ ਦੀਆਂ ਸ਼ਾਹਕਾਰ ਰਚਨਾਵਾਂ ਦੇ ਪਿਛੋਕੜ ਅਤੇ ਉਹਨਾਂ ਦੇ ਯਾਦਗਾਰੀ ਪਾਤਰਾਂ ਦੇ ਚਿਹਰੇ-ਮੋਹਰੇ ਇਸ ਰਚਨਾ ਵਿਚ ਇਕ ਪਰਿਪੇਖ ਬਣਦੇ ਹਨ। ਆਪਣੇ ਸਮਕਾਲੀ ਯਥਾਰਥ ਨੂੰ ਆਪਣੀ ਵਿਅਕਤੀਗਤ ਪ੍ਰਤਿਭਾ ਨਾਲ ਉਹਨਾਂ ਨੇ ਇਸ ਤਰ੍ਹਾਂ ਪ੍ਰਤੱਖਿਆ ਕਿ ਉਹਨਾਂ ਦੇ ਗਲਪ ਵੇਰਵੇ ਇਤਿਹਾਸ ਦੇ ਵਾਪਰਨ ਵਾਲੇ ਵਰਤਾਰਿਆਂ ਦੀ ਭਰਪੂਰ ਸੋਝੀ ਪ੍ਰਦਾਨ ਕਰਦੇ ਹਨ।...ਬਾਹਰੀ ਰੂਪ ਵਿਚ ਭਾਵੇਂ ਇਹ ਪੁਸਤਕ ਪ੍ਰੋ. ਗੁਰਦਿਆਲ ਸਿੰਘ ਦੀ ਆਪਣੀ ਸਿਰਜਣ ਪ੍ਰਕਿਰਿਆ ਬਾਰੇ ਜਾਪੇ ਪਰ ਇਸ ਦੇ ਅੰਦਰੂਨੀ ਹਵਾਲੇ ਜ਼ਿੰਦਗੀ ਦੇ ਮਾਨਵੀ-ਅਮਾਨਵੀ ਵਰਤਾਰਿਆਂ, ਸਮਾਜ ਦੀ ਮਾਨਸਿਕਤਾ ਅਤੇ ਚਿੰਤਕ ਦੀ ਪ੍ਰਤਿਭਾ ਅਤੇ ਸਮਰੱਥਾ ਬਾਰੇ ਭਰਪੂਰ ਸੋਝੀ ਪ੍ਰਦਾਨ ਕਰਦੇ ਹਨ।' (2005:7-8) ਇਸ ਪੁਸਤਕ ਵਿਚ ਕੁਲ ਬਾਰਾਂ ਨਿਬੰਧ ਹਨ ਜਿਸ ਵਿਚ ਮੜ੍ਹੀ ਦਾ ਦੀਵਾ, ਅਣਹੋਏ, ਆਥਣ ਉੱਘਣ, ਰੇਤ ਦੀ ਇਕ ਮੁਠ, ਕੁਵੇਲਾ ਅਤੇ ਪਰਸਾ ਨਾਵਲ ਦੇ ਵਿਭਿੰਨ ਸਿਰਜਣਾਤਮਕ



ਪੱਖਾਂ ਨੂੰ ਪਾਠਕਾਂ ਨਾਲ ਸਾਂਝਾ ਕੀਤਾ ਗਿਆ ਹੈ।

ਉਪਰੋਕਤ ਦੋਹਾਂ ਪੁਸਤਕਾਂ ਦੇ ਨਿਬੰਧਾਂ ਵਿਚ ਕਿਧਰੇ ਇਤਿਹਾਸ ਮਿਥਿਹਾਸ ਦੀਆਂ ਪਰਤਾਂ ਦਾ ਜ਼ਿਕਰ ਹੈ,ਕਿਧਰੇ ਇਹਨਾਂ ਵਿਚ ਬੌਧਿਕ ਚਿੰਤਨ ਦਾ ਮੁਹਾਵਰਾ ਸਾਕਾਰ ਹੋਇਆ ਮਿਲਦਾ ਹੈ, ਕਿਧਰੇ ਪੰਜਾਬੀ ਸਭਿਆਚਰਕ ਅਤੇ ਵਿਹਾਰਕ ਜੀਵਨ ਦੀਆਂ ਅਨੇਕਾਂ ਰੀਤਾਂ ਤੇ ਰੂੜ੍ਹੀਆਂ ਦਾ ਉਲੇਖ ਹੈ, ਕਿਧਰੇ ਚੇਤਨੀ/ਅਵਚੇਤਨੀ ਸਾਰ ਸਰੋਕਾਰਾਂ ਉਪਰ ਚਿੰਤਨ ਮੰਥਨ ਹੈ,ਕਿਧਰੇ ਪੰਜਾਬੀ ਦੀ ਨਿਰੋਲ ਮਾਲਵਈ ਉਪਭਾਸ਼ਾ ਦੇ ਸ਼ਬਦਾਂ ਦਾ ਵਿਸਤਾਰ ਹੈ ਅਤੇ ਗੱਲ ਨੂੰ ਸੁਖਾਲੇ ਤਰੀਕੇ ਨਾਲ ਬਿਆਨ ਕਰਨ ਲਈ ਪੰਜਾਬੀ ਜੀਵਨ ਵਿਚੋਂ ਅਨੇਕਾਂ ਮਿਸਾਲਾਂ ਦੇ ਕੇ ਵਿਸ਼ੇ ਨੂੰ ਸਮਝਣਯੋਗ ਬਣਾਇਆ ਗਿਆ ਹੈ। ਪ੍ਰੋ. ਗੁਰਦਿਆਲ ਸਿੰਘ ਦੀ ਇਹ ਪ੍ਰਾਪਤੀ ਹੀ ਕਹੀ ਜਾ ਸਕਦੀ ਹੈ ਕਿ ਉਹ ਸਗਲੇ ਸਾਰ-ਸਰੋਕਾਰਾਂ ਨੂੰ ਵਿਸ਼ਲੇਸ਼ਣੀ ਸੁਰ ਵਿਚ ਨਹੀਂਬਿਆਨਦੇ, ਸਗੋਂ ਸਰਲ ਸੁਗਮ ਭਾਸ਼ਾ ਤੇ ਖਾਸ ਕਰਕੇ ਪੰਜਾਬੀ ਜੀਵਨ ਜਾਚ ਦੇ ਨੇੜਲੇ ਅਨੁਭਵ ਦੀ ਭਾਸ਼ਾ ਰਾਹੀਂ ਬਿਆਨਦੇ ਹਨ। ਇਸ ਦਾ ਵੱਡਾ ਕਾਰਨ ਇਹ ਹੈ ਕਿ ਲੇਖਕ ਆਪਣੇ ਅਨੁਭਵਾਂ ਨੂੰ ਪੰਜਾਬੀ ਜ਼ੁਬਾਨ ਦੇ ਪਾਠਕਾਂ ਨੂੰ ਧਿਆਨ ਵਿਚ ਰੱਖ ਕੇ ਬਿਆਨਦਾ ਹੈ। ਇਸ ਕਥਨ ਨੂੰ ਵਿਹਾਰਕ ਰੂਪ ਵਿਚ ਪ੍ਰਮਾਣਿਕ ਬਣਾਉਣ ਲਈ ਅਸੀਂ ਨਿਮਨ ਲਿਖਿਤ ਪੈਰੇ ਦੀ ਭਾਸ਼ਾ ਸ਼ੈਲੀ ਨੂੰ ਵਿਚਾਰ ਸਕਦੇ ਹਾਂ ਜਿਸ ਵਿਚ ਨਿੱਜੀ ਅਨੁਭਵ ਦੇ ਨਾਲ ਨਾਲ ਸਿਰਜਣ ਪ੍ਰਕਿਰਿਆ ਸਮੇਂ ਸਮਾਜਕ ਯਥਾਰਥ ਨੂੰ ਵੀ ਅੱਖੋਂ ਉਹਲੇ ਨਾ ਕਰਨ ਦੀ ਚਿਤਾਵਨੀ ਦਿੱਤੀ ਗਈ ਹੈ:

'ਆਪਣਾ ਅੰਦਰ' ਤਾਂ ਕੁਝ ਸ਼ਾਇਦ ਹੁੰਦਾ ਹੀ ਨਹੀਂ। ਜੰਮਣ ਤੋਂ ਲੈ ਕੇ ਸਾਰੀ ਉਮਰ ਜੋ ਕੁਝ ਬਾਹਰਲੇ ਸੰਸਾਰ ਦੇ ਪ੍ਰਭਾਵਾਂ ਅਧੀਨ ਕੰਡਿਆਂ, ਛਿਲਤਰਾਂ, ਸੂਲਾਂ ਜਾਂ ਫੇਰ ਕਦੇ-ਕਦਾਈ ਕੋਮਲ ਗੰਦਲ੍ਹਾਂ, ਸਰੋਂ ਦੇ ਫੁੱਲ ਤੇ ਪੀਲਾਂ ਆਦਿ ਤੇ ਹੋਰ ਪਤਾ ਨਹੀਂ ਸੰਸਾਰ ਦੀਆਂ ਕਿਹੋ ਜਿਹੀਆਂ ਵਸਤਾਂ ਤੇ ਵਰਤਾਰਿਆਂ ਨਾਲ ਅੰਦਰ ਭਰਿਆ ਹੁੰਦਾ ਹੈ, ਉਹ ਵੀ ਤਾਂ ਬਾਹਰ ਆਉਂਦਾ ਹੈ। ...ਜਿਸ ਨੇ ਕਦੇ ਕੰਡੇ ਦੀ ਪੀੜ ਨਹੀਂ ਸਹਾਰੀ ਉਹ ਗਿੱਟੇ-ਗੋਡੇ ਛਿਲਵਾ ਕੇ ਮੁੜ ਉਠਣ ਜੋਗਾ ਵੀ ਨਹੀਂ ਰਹਿੰਦਾ। ਜਦ ਤੱਕ ਸਭ ਕੁਝ ਝੱਲ ਕੇ ਪੈਰਾਂ ਤੋਂ ਸਿਰ ਤਕ ਵਾਲ ਵਾਲ ਜ਼ਿੰਦਗੀ ਦੀਆਂ ਸੂਲਾਂ ਨਾਲ ਪੱਛਿਆ ਨਾ ਹੋਵੇ, ਉਦੋਂ ਤੱਕ ਦੂਜਿਆਂ ਦੇ ਪੈਰ ਵਿਚ ਖੁੱਭੀਆਂ ਸੂਲਾਂ ਦਾ ਕੀ ਅਹਿਸਾਸ ਹੋ ਸਕਦਾ ਹੈ।(2005:101)

ਇਸ ਪੈਰੇ ਵਿਚ ਆਏ ਸ਼ਬਦ ਕੰਡੇ, ਛਿਲਤਰਾਂ, ਸੂਲਾਂ, ਕੋਮਲ ਗੰਦਲ੍ਹਾਂ, ਸਰੋਂ ਦੇ ਫੁੱਲ ਤੇ ਪੀਲਾਂ ਆਦਿ ਦੀ ਸੂਝ ਸਮਝ ਪੰਜਾਬੀ ਜ਼ੁਬਾਨ ਦੇ ਹਰ ਪਾਠਕ ਨੂੰ ਚੰਗੀ ਤਰ੍ਹਾਂ ਹੈ। ਇਸ ਨਾਲ ਜਿਥੇ ਅਨੁਭਵ ਦੇ ਮਹੱਤਵ ਨੂੰ ਬਾਦਲੀਲ ਬਿਆਨਿਆ ਗਿਆ ਹੈ ਉਥੇ ਨਾਲ ਹੀ ਪ੍ਰੋ. ਗੁਰਦਿਆਲ ਸਿੰਘ ਦੀ ਪੰਜਾਬੀ ਜ਼ੁਬਾਨ 'ਤੇ ਪਕੜ ਅਤੇ ਇਸ ਦੀ ਢੁਕਵੀਂ ਵਰਤੋਂ ਕਰਨ ਦੀ ਜਾਚ ਦਾ ਵੀ ਪਤਾ ਚਲਦਾ ਹੈ ਕਿ ਉਹ ਕਿਸੇ ਗੱਲ ਨੂੰ ਕਿਵੇਂ ਸਰਲ ਭਾਸ਼ਾ ਵਿਚ ਸਮਝਾਉਣ ਦੀ ਸਮਰੱਥਾ ਰੱਖਦੇ ਸਨਕਿ ਉਹਨਾਂ ਦੀਆਂ ਲਿਖਤਾਂ ਵਿਚ 'ਜ਼ਿੰਦਗੀ ਦੀਆਂ ਸੂਲਾਂ' ਨਾਲ ਪੱਛੇ ਲੋਕਾਂ ਦਾ ਦਰਦ ਪ੍ਰਸਤੁਤ ਹੋਇਆ ਹੈ।

ਨਾਵਲਾਂ ਕਹਾਣੀਆਂ ਦੀ ਸਿਰਜਣ ਪ੍ਰਕਿਰਿਆ ਬਾਰੇ ਦੱਸਦਿਆਂ ਪ੍ਰੋ. ਗੁਰਦਿਆਲ ਸਿੰਘ ਕਹਿੰਦੇ ਹਨ ਕਿ ਉਹਨਾਂ ਦੀ ਪ੍ਰਵਰਿਸ਼ ਇਕ ਕਿਰਤੀ ਪਰਿਵਾਰ ਵਿਚ ਹੋਣ ਕਰਕੇ ਉਹਨਾਂ ਦਾ ਰੁਝਾਨ ਪਿੰਡ ਦੀਆਂ ਦਲਿਤ ਜਾਤੀਆਂ ਦੇ ਲੋਕਾਂ ਅਤੇ ਸਧਾਰਨ ਕਿਸਾਨਾਂ ਨਾਲ ਹੋਣ ਕਾਰਨ ਉਹਨਾਂ ਦੀਆਂ ਰਚਨਾਵਾਂ ਵਿਚ ਵੀ ਇਹਨਾਂ ਪਾਤਰਾਂ ਨਾਲ ਸੰਬੰਧਿਤ ਜੀਵਨ ਸੰਘਰਸ਼ਾਂ, ਲੋੜਾਂ-ਥੋੜ੍ਹਾਂ, ਵਿਸ਼ਵਾਸਾਂ ਅਤੇ ਉਹਨਾਂ ਦੇ ਵਿਅਕਤੀਤਵ ਦੀਆਂ ਅਨੇਕ ਮਹੀਨ ਪਰਤਾਂ ਦਾ ਗਲਪੀਕਰਨ ਵਧੇਰੇ ਹੋਇਆ ਹੈ। ਆਪਣੇ ਪਹਿਲੇ ਨਾਵਲ ਮੜ੍ਹੀ ਦਾ ਦੀਵਾ ਦੇ ਪਾਤਰਾਂ ਬਾਰੇ ਗੱਲ ਕਰਦਿਆਂ ਉਹ ਕਹਿੰਦੇ ਹਨ ਕਿ 'ਫਿਰ ਵੀ ਇਕ ਗੱਲ ਦੀ ਪੂਰੀ ਸਮਝ ਨਹੀਂ ਸੀ

ਆਉਂਦੀ ਕਿ ਪਹਿਲਾ ਨਾਵਲ ਲਿਖਣ ਲਈ ਦਲਿਤ ਜਾਤੀ ਦੇ ਸੀਰੀ ਦੇ ਜੀਵਨ ਦੀ ਹੀ ਚੋਣ ਕਿਉਂ ਕੀਤੀ ਸੀ। ਇਸਦਾ ਕਾਰਨ ਤਾਂ ਉਦੋਂ ਵੀ ਠੀਕ-ਠੀਕ ਪਤਾ ਨਹੀਂ ਸੀ, ਪਰ ਜਾਪਦਾ ਸੀ ਕਿ ਨਿੱਜੀ ਅਨੁਭਵ ਕਾਰਨ ਈ ਸਮਾਜਿਕ ਤੇ ਲੋਕਾਂ ਦੇ ਨਿੱਜੀ ਜੀਵਨ ਬਾਰੇ ਜੋ ਦ੍ਰਿਸ਼ਟੀਕੋਣ ਬਣ ਚੁੱਕਿਆ ਸੀ, ਸ਼ਾਇਦ ਉਸੇ ਕਰਕੇ ਅਜਿਹੇ ਬੰਦਿਆਂ ਬਾਰੇ ਲਿਖਣ ਦਾ ਰੁਝਾਨ ਵਧ ਰਿਹਾ ਸੀ।' (2005:24) ਇਸ ਹਵਾਲੇ ਨਾਲ ਇਥੇ ਲੇਖਕ ਦੀ ਗਲਪ ਦ੍ਰਿਸ਼ਟੀ ਬਾਰੇ ਇਕ ਗੱਲ ਕਰਨੀ ਲਾਜ਼ਮੀ ਜਾਪਦੀ ਹੈ ਕਿ ਨਿਕਟ ਅਨੁਭਵ ਕਾਰਨ ਭਾਵੇਂ ਲੇਖਕ ਨੂੰ ਦਲਿਤ ਤੇ ਦਮਿਤ ਸ਼੍ਰੇਣੀਆਂ ਬਾਰੇ ਲੋੜੀਂਦੀ ਜਾਣਕਾਰੀ ਪ੍ਰਾਪਤ ਸੀ ਜਿਹੜੀ ਉਸ ਦੇ ਅਨੁਭਵ ਦਾ ਵੀ ਅੰਗ ਸੀ ਪਰ ਫਿਰ ਵੀ ਉਹ ਇਸ ਸ਼੍ਰੇਣੀ ਦੇ ਪਾਤਰਾਂ ਜਾਂ ਹੋਰ ਪਾਤਰਾਂ ਦੇ ਉਹਨਾਂ ਨਾਲ ਸੰਬੰਧਾਂ ਦਾ ਗਲਪੀਕਰਨ ਕਰਨ ਸਮੇਂ ਉਸੇ ਵਿਹਾਰਕ ਤੇ ਵਾਸਤਵਿਕ ਜੀਵਨ ਨੂੰ ਕਹਾਣੀਆਂ ਜਾਂ ਨਾਵਲਾਂ ਵਿਚ ਨਹੀਂ ਸੀ ਢਾਲਦਾ ਸਗੋਂ ਉਹਨਾਂ ਦੀ ਪੇਸ਼ਕਾਰੀ ਸਮੇਂ ਵਿਸ਼ੇਸ਼ ਉਹਲਾ ਸਿਰਜ ਕੇ ਸਮਾਜਕ ਸੰਘਰਸ਼ਾਂ ਨੂੰ ਚਿਤਰਦਾ ਸੀ। ਮਿਸਾਲ ਦੇ ਤੌਰ 'ਤੇ ਲੇਖਕ ਆਪਣੇ ਚਰਚਿਤ ਨਾਵਲ ਮੜੀ ਦਾ ਦੀਵਾ (1964) ਦੇ ਪਾਤਰ ਰੌਣਕੀ ਮਹਿਰੇ ਵੱਲੋਂ ਨਾਵਲ ਦੇ ਨਾਇਕ ਜਗਸੀਰ ਦੇ ਹੱਥੋਂ ਕੌਲ਼ਾ ਖੋਹ ਕੇ ਰੌਣਕੀ ਮਹਿਰੇ ਵੱਲੋਂ ਆਪ ਮਾਂਜਣ ਦੀ ਘਟਨਾ ਦੀ ਸਿਰਜਣ-ਪ੍ਰਕਿਰਿਆ ਬਾਰੇ ਦੱਸਦਾ ਹੈ ਕਿ ਭਾਵੇਂ ਵਿਹਾਰਕ ਜੀਵਨ ਵਿਚ ਇਹ ਘਟਨਾ ਸੰਭਵ ਨਹੀਂ ਸੀ ਕਿਉਂਕਿ ਜਗਸੀਰ ਦੀ ਜਾਤ ਅਛੂਤ ਹੈ ਅਤੇ ਰੌਣਕੀ ਮਹਿਰਾ ਜਿਹੜਾ ਉਚ ਜਾਤੀ ਦੇ ਘਰਾਂ ਵਿਚ ਵੀ ਪਾਣੀ ਭਰਨ ਜਾਂਦਾ ਹੈ ਉਸ ਵੱਲੋਂ ਕੀਤਾ ਅਜਿਹਾ ਕਾਰਜ ਨਿਸ਼ਚੇ ਹੀ ਉਸ ਦੇ ਰੋਜ਼ਗਾਰ ਨੂੰ ਵੀ ਹਾਨੀ ਪਹੁੰਚਾ ਸਕਦਾ ਹੈ। ਪਰ ਲੇਖਕ ਦੱਸਦਾ ਹੈ ਕਿ 'ਜਿਸ ਰੂਪ ਵਿਚ ਉਸਨੂੰ (ਜਗਸੀਰ ਨੂੰ) ਨਾਵਲ ਵਿਚ ਪੇਸ਼ ਕੀਤਾ ਗਿਆ ਹੈ, ਉਹਦਾ ਮਨੋਰਥ ਇਹੋ ਸੀ ਕਿ ਭਾਰਤੀ ਸਮਾਜ ਦੇ ਹੱਡੀਂ-ਰਚੀਆਂ ਅਨੇਕ ਸਭਿਆਚਾਰਕ, ਧਾਰਮਕ, ਇਤਿਹਾਸਕ ਕਮਜ਼ੋਰੀਆਂ ਦੀ ਚੇਤਨਾ ਪੈਦਾ ਹੋ ਸਕੇ।' (2005:28) ਇਸ ਨਾਵਲ ਦੇ ਕੇਂਦਰੀ ਪਾਤਰ ਜਗਸੀਰ ਬਾਰੇ ਦੱਸਦਿਆਂ ਪ੍ਰੋ. ਗੁਰਦਿਆਲ ਸਿੰਘ ਕਹਿੰਦੇ ਹਨ ਕਿ ਉਸਦੇ ਅੰਦਰ ਤਤਕਾਲੀ ਸਮਾਜਕ ਸਥਿਤੀਆਂ ਪ੍ਰਤਿ ਰੋਹ ਤੇ ਵਿਦਰੋਹ ਤਾਂ ਪੈਦਾ ਹੁੰਦਾ ਹੈ ਪਰ ਨਾਵਲੀ ਪਾਠ ਵਿਚ ਚੇਤਨ ਤੌਰ ਤੇ ਇਹਨਾਂ ਵਿਰੁਧ ਕੋਈ ਬਗਾਵਤੀ ਸਰੂਪ ਨਜ਼ਰ ਨਹੀਂ ਪੈਂਦਾ ਕਿਉਂਕਿ ਉਹ ਆਪਣੇ ਪਾਤਰ ਨੂੰ ਸਭਿਆਚਾਰਕ, ਧਾਰਮਿਕ ਤੇ ਇਤਿਹਾਸਕ ਸੰਦਰਭ ਵਿਚ ਹੀ ਰੱਖ ਕੇ ਚਿਤਰਨਾ ਚਾਹੁੰਦਾ ਹਾਂ। ਦੂਜੇ ਪਾਸੇ ਜਗਸੀਰ ਦਲਿਤ ਸਮਾਜ ਦਾ ਪ੍ਰਤਿਨਿਧ ਪਾਤਰ ਹੈ ਜਿਹੜਾ ਅਨੇਕਾਂ ਵਿਤਕਰਿਆਂ ਨੂੰ ਆਪਣੇ ਪਿੰਡੇ 'ਤੇ ਹੰਢਾਉਂਦਾ ਹੈ ਪਰ ਬਗਾਵਤ ਨਹੀਂ ਕਰਦਾ। ਉਸ ਪਿੱਛੇ ਲੇਖਕ ਦਾ ਨਜ਼ਰੀਆ ਹੈ ਕਿ ਉਸ ਨੂੰ ਕਿਸੇ ਕ੍ਰਾਂਤੀਕਾਰੀ ਵਿਚਾਰਧਾਰਾ ਦਾ ਵਾਹਕ ਬਣਾ ਕੇ ਉਹ ਆਪਣੀ ਰਚਨਾ ਨੂੰ 'ਨਿਰਾਰਥਕ'(2005:28) ਨਹੀਂ ਬਣਾਉਣਾ ਚਾਹੁੰਦੇ ਸਨ।

ਪ੍ਰੋ. ਗੁਰਦਿਆਲ ਸਿੰਘ ਭਾਰਤ ਵਿਚ ਦਲਿਤਾਂ ਦੀ ਸਮਾਜਕ ਅਤੇ ਰਾਜਨੀਤਿਕ ਸਥਿਤੀ ਤੋਂ ਪੂਰਨ ਸੁਚੇਤ ਸਨ। ਉਹ ਭਾਰਤ ਵਿਚ ਦਲਿਤਾਂ ਦੀ ਰਾਜਨੀਤਿਕ ਸਥਿਤੀ ਪ੍ਰਤਿ ਦਲੀਲ ਦਿੰਦੇ ਹੋਏ ਕਹਿੰਦੇ ਹਨ ਕਿ ਦਲਿਤਾਂ ਨੂੰ ਭਾਰਤ ਦੀਆਂ ਪ੍ਰਮੁਖ ਰਾਜਨੀਤਿਕ ਪਾਰਟੀਆਂ ਆਪਣੇ ਨਿੱਜੀ ਹਿੱਤਾਂ ਲਈ ਹੀ ਵਰਤਦੀਆਂ ਹਨ। 'ਮੜੀ ਦਾ ਦੀਵਾ' ਨਾਵਲ ਦੇ ਸੰਦਰਭ ਵਿਚ ਹੀ ਉਹ ਸਮਕਾਲੀ ਰਾਜਨੀਤੀ ਉਪਰ ਬੜੀ ਬੇਬਾਕ ਟਿੱਪਣੀ ਕਰਦਾ ਕਹਿੰਦਾ ਹੈ ਕਿ ਭਾਰਤ ਵਿਚ ਦਲਿਤ ਰਾਜਨੀਤਿਕ ਪਾਰਟੀਆਂ ਨੇ ਵੀ ਇਸ ਸ਼੍ਰੇਣੀ ਦੇ ਹਿੱਤਾਂ ਅਤੇ ਹੱਕਾਂ ਦੀ ਗੱਲ ਨਹੀਂ ਕੀਤੀ ਸਗੋਂ ਰਾਜਨੀਤਿਕ ਹੱਥਕੰਡੇ ਅਪਣਾਉਂਦਿਆਂ ਆਪਣੀ ਸੱਤਾ ਨੂੰ ਸਥਾਪਿਤ ਕਰਨ ਅਤੇ ਇਸ ਦੀ ਔਧ ਲੰਮੇਰੀ ਕਰਨ ਵਿਚ ਰੁਝੀਆਂ ਹੋਈਆਂ ਹਨ। ਉਹਨਾਂ ਮੰਨਣਾ ਹੈ ਕਿ 'ਆਜ਼ਾਦ ਭਾਰਤ ਦੇ ਵਿਧਾਨ ਵੀ ਮਾਇਆਵਤੀ ਦੀ ਉਤਰ ਪ੍ਰਦੇਸ਼ ਦੀ ਤਿੰਨ ਵਾਰ ਮੁੱਖ



ਮੰਤਰੀ ਬਣ ਜਾਣ ਦੀ ਲਾਲਸਾ ਨੇ ਇਸ ਨੂੰ ਖਤਮ ਨਹੀਂ ਹੋਣ ਦਿੱਤਾ। ਬੀ. ਐਸ. ਪੀ. ਵੀ ਹੌਲੀ ਹੌਲੀ ਦੂਜੀਆਂ ਰਾਜਨੀਤਿਕ ਪਾਰਟੀਆਂ ਵਾਲੇ ਹੱਥਕੰਡੇ ਵਰਤ ਕੇ ਦਲਿਤ ਜਾਤੀਆਂ ਅੰਦਰ ਭਾਰਤੀ ਉੱਚ-ਜਾਤੀਆਂ ਦੀ ਅਰਾਜੇਦਾਰੀ ਵਿਰੁਧ ਨਾ ਵਿਰੋਧ ਪੈਦਾ ਕਰ ਸਕੀ ਨਾ ਵਿਦਰੋਹ। ਆਬਾਦੀ ਦੇ ਵਧਣ ਤੇ ਸਰਮਾਏਦਾਰੀ ਨੂੰ ਪੱਕੇ-ਪੈਰੀਂ ਕਰਨ ਵਾਲਿਆਂ ਅਖਾਉਤੀ ਧਰਮ-ਨਿਰਪੇਖ ਤੇ ਲੋਕਤੰਤਰਿਕ ਰਾਜਨੀਤਿਕ ਪਾਰਟੀਆਂ ਨੇ ਦਲਿਤ ਜਾਤੀਆਂ ਦੇ ਦੁਖ-ਕਸ਼ਟ ਵਧਾਏ ਹਨ, ਘਟਾਏ ਨਹੀਂ। ਕੁਝ ਅਜਿਹੀਆਂ ਕਠੋਰ ਸੱਚਾਈਆਂ ਕਾਰਨ ਹੀ ਜਗਸੀਰ ਵਰਗਾ ਕਾਠਾ ਬੰਦਾ, ਭਾਰਤੀ ਸਭਿਆਚਾਰ ਦੀ ਜਕੜ ਵਿਚ ਏਨੀਂ ਬੁਰੀ ਤਰ੍ਹਾਂ ਗ੍ਰੱਸਿਆ ਹੋਇਆ ਹੈ ਕਿ ਉਹਦੀ ਦਲੇਰੀ, ਤਕੜਾਈ, ਵਿਰੋਧ ਅਤੇ ਵਿਦਰੋਹ ਸਭ ਮਿੱਟੀ ਵਿਚ ਮਿਲ ਜਾਂਦੇ ਹਨ।' (2005:27)ਪਰ ਆਪਣੇ ਗਲਪੀ ਸੰਸਾਰ ਰਾਹੀਂ ਪ੍ਰੋ. ਗੁਰਦਿਆਲ ਸਿੰਘ ਅਨੇਕਾਂ ਸੁਝਾਵਾਂ, ਸੰਕੇਤਾਂ ਤੇ ਰਮਜ਼ਾਂ ਰਾਹੀਂਪਾਠਕਾਂ ਇਹ ਅੰਦਰ ਚੇਤਨਾ ਜ਼ਰੂਰ ਪੈਦਾ ਕਰਦੇ ਹਨ ਕਿ ਸਮਕਾਲੀ ਸਮਾਜਕ, ਆਰਿਥਕ ਅਤੇ ਰਾਜਨੀਤਿਕ ਸਥਤੀਆਂ ਕਰਵਟ ਲੈਣ ਤਾਂ ਜੋ ਜਗਸੀਰ ਵਰਗਿਆਂ ਥੁੜ੍ਹਿਆਂ ਟੁੱਟਿਆਂ, ਨਿਮਾਣਿਆਂ ਨਿਉਟਿਆਂ ਤੇ ਹਾਸ਼ੀਆਕ੍ਰਿਤ ਕੀਤੇ ਲੋਕਾਂ ਅੰਦਰ ਸਮਾਜਕ ਬਰਾਬਰੀ ਦਾ ਅਹਿਸਾਸ ਪੈਦਾ ਹੋ ਸਕੇ। ਇਸ ਲਈ ਉਹ ਦਲਿਤ ਪਾਤਰਾਂ ਬਾਰੇ ਜਿਹੜੀ ਰਾਇ ਪਾਠਕ ਨਾਲ ਬਣਾਉਂਦੇ ਹਨ ਉਸ ਵਿਚ ਹੀ ਉਹਨਾਂ ਦੀ ਗਲਪ ਦ੍ਰਿਸ਼ਟੀ ਸਾਕਾਰ ਹੁੰਦੀ ਹੈ। ਪ੍ਰੋ. ਗੁਰਦਿਆਲ ਸਿੰਘ ਆਪਣੇ ਨਾਵਲਾਂ ਕਹਾਣੀਆਂ ਵਿਚ ਪਾਤਰਾਂ ਰਾਹੀਂ ਤਤਕਾਲੀ, ਸਮਕਾਲੀ ਰਾਜਨੀਤਿਕ ਤੇ ਸਮਾਜਕ ਸਰੋਕਾਰਾਂ ਨੂੰ ਬੜੀ ਯਥਾਰਥਵਾਦੀ ਦ੍ਰਿਸ਼ਟੀ ਰਾਹੀਂ ਚਿਤਰਦੇ ਹਨ। ਉਹ ਆਪਣੇ ਪਾਤਰਾਂ ਦਾ ਆਦਰਸ਼ੀਕਰਨ ਨਹੀਂ ਕਰਦੇ ਅਤੇ ਨਾ ਹੀ ਉਹਨਾਂ ਦੇ ਨੂੰ ਮਿਥ ਕੇ ਕਿਸੇ ਵਿਚਾਰਧਾਰਾ ਦਾ ਵਾਹਕ ਬਣਾਉਂਦੇ ਹਨ, ਸਗੋਂ ਉਹਨਾਂ ਨੂੰਕਮੀਆਂ ਤੇ ਖੂਬੀਆਂ ਸਮੇਤ ਆਪਣੀਆਂ ਗਲਪਰਚਨਾਵਾਂ ਵਿਚ ਢਾਲਦੇ ਹਨ। ਪਰਬਿਰਤਾਂਤਕ ਪ੍ਰਕਿਰਿਆ ਵਿਚ ਢਾਲੇ ਪਾਤਰਾਂ ਦੀ ਸਮਾਜਕ, ਆਰਥਿਕ ਅਤੇ ਰਾਜਸੀ ਸਥਿਤੀ ਨੂੰ ਲੈ ਕੇ ਜਿਹੜੀ ਸੰਘਰਸ਼ ਚੇਤਨਾ ਪਾਠਕਾਂ ਦੇ ਬੋਧ ਦਾ ਹਿੱਸਾ ਹੋ ਨਿੱਬੜਦੀ ਹੈ, ਸਹੀ ਅਰਥਾਂ ਵਿਚ ਇਹੀ ਉਹਨਾਂ ਦੀ ਪ੍ਰਾਪਤੀ ਹੈ। ਪ੍ਰੋ. ਗੁਰਦਿਆਲ ਸਿੰਘ ਦਾ ਮੰਨਣਾ ਹੈ ਕਿ 'ਮੇਰੇ ਜਿਹਾ ਕੋਈ ਸਧਾਰਨ ਲੇਖਕ ਇਸਦਾ (ਸੰਘਰਸ਼ਾਂ ਦੇ ਪੜਾਅਵਾਂ ਦਾ) ਸਹੀ ਉਤਰ ਨਹੀਂ ਦੇ ਸਕਦਾ; ਸਿਰਫ ਵਿਸ਼ਵਾਸ ਹੀ ਕਰ ਸਕਦਾ ਹੈ ਕਿ ਜਦੋਂ ਤਕ ਸੰਸਾਰ ਦੀ ਪੌਣੀ ਤੋਂ ਵਧੇਰੇ ਆਬਾਦੀ ਇਹ ਦੰਭ ਤੇ ਨਾਬਰਾਬਰੀ ਦੀਆਂ ਦੀਵਾਰਾਂ ਢਾਹ ਨਹੀਂ ਦਿੰਦੀ ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ।'(2005:54) ਨਿਰਸੰਦੇਹ ਇਹ ਕਥਨ ਲੇਖਕ ਦੀ ਆਸ਼ਾਵਾਦੀ ਦ੍ਰਿਸ਼ਟੀ ਅਤੇ ਸਕਾਰਾਤਮਕ ਸੂਝ ਸਮਝ ਦਾ ਨਿਰਮਾਣ ਕਰਦਾ ਹੈ।

ਪ੍ਰੋ. ਗੁਰਦਿਆਲ ਸਿੰਘ ਦਾ ਮਤ ਹੈ ਕਿ ਇਕ ਲੇਖਕ ਲਈ ਭਾਰਤੀ ਸਮਾਜ ਵਿਚ ਚੇਤਨੀ ਅਤੇ ਅਵਚੇਤਨੀ ਪੱਧਰ ਤੇ ਜਿਹੜੇ ਜਾਤੀ ਅਤੇ ਜਮਾਤੀ ਵਿਤਕਰੇ ਤੇ ਵਖਰੇਵੇਂ ਰੂੜ੍ਹ ਹੋ ਚੁੱਕੇ ਹਨ ਉਹਨਾਂ ਦੀ ਸੋਝੀ ਹੋਣੀ ਅਤਿ-ਆਵੱਸ਼ਕ ਹੈ। ਉਹ ਭਾਰਤੀ ਸਮਾਜ ਵਿਚ ਚੇਤਨੀ ਅਤੇ ਅਵਚੇਤਨੀ ਰਮਜ਼ਾਂ ਨੂੰ ਬਾਖੂਬ ਪਛਾਣਦੇ ਹਨ ਇਸ ਲਈ ਉਹਅਨੇਕਾਂ ਵਾਰ 'ਵਰਗ-ਸਮਾਜ' ਦੇ ਸੰਬੰਧਾਂ ਨੂੰ 'ਦਵੰਦਾਤਮਿਕ ਦ੍ਰਿਸ਼ਟੀ' ਤੋਂ ਵਿਆਖਿਆਤਮਕ ਸੁਰ ਵਿਚ ਬਿਆਨਦੇ ਹਨ। ਨਿਰਸੰਦੇਹ ਉਹਨਾਂ ਦੀ ਵਿਚਾਰਧਾਰਕ ਟੇਕ ਸਮਾਜਵਾਦੀ ਦ੍ਰਿਸ਼ਟੀ ਦੇ ਵਧੇਰੇ ਨੇੜੇ ਹੈ ਕਿਉਂਕਿ ਉਹਨਾਂ ਦਾ ਅਟੁੱਟ ਵਿਸ਼ਵਾਸ ਹੈ ਕਿ 'ਜਦੋਂ ਤੱਕ ਇਹ ਇਤਿਹਾਸਕ ਸਥਿਤੀਆਂ ਅਤੇ ਇਹਨਾਂ ਅਨੁਸਾਰ ਪੈਦਾ ਹੋਈਆਂ ਉੱਚ ਸ਼੍ਰੇਣੀਆਂ ਰਾਜ-ਸੱਤਾ ਉੱਤੇ ਕਾਬਜ਼ ਰਹਿਣਗੀਆਂ, ਉਦੋਂ ਤੱਕ ਨਾ ਸਮਾਜ ਅੰਦਰ ਅਮੀਰ ਗ਼ਰੀਬ ਦਾ ਪਾੜਾ ਮਿਟ ਸਕਦਾ ਹੈ ਤੇ ਨਾ ਹੀ ਕਰੋੜਾਂ ਲੋਕ ਮਨੁੱਖਾਂ ਵਰਗਾ ਜੀਵਨ ਜਿਉਣ ਦੇ ਸਮਰੱਥ ਹੋ ਸਕਦੇ ਹਨ।'(1995:45) ਇਸ ਲਈ ਆਪਣੇ

ਵਾਸਤਵਿਕ ਜੀਵਨ ਵਿਚੋਂ ਅਤੇ ਕਲਪਿਤ ਗਲਪ ਸੰਸਾਰ ਦੇ ਪਾਤਰਾਂ ਦੀਆਂ ਅਨੇਕਾਂ ਉਦਾਹਰਨਾਂ ਰਾਹੀਂ ਲੇਖਕ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਮਨੁੱਖ ਦੇ ਆਰਥਿਕ, ਰਾਜਨੀਤਿਕ, ਸਮਾਜਿਕ ਕਾਰਨਾਂ ਦੀ ਠੋਸ ਸੋਝੀ ਗ੍ਰਹਿਣ ਕੀਤੇ ਬਿਨਾਂ ਤੇ ਉਹਨਾਂ ਦੇ ਕਾਰਨ ਜਾਣੇ ਬਿਨਾਂ ਜਿਹੜੀ ਵੀ ਸਾਹਿਤ ਰਚਨਾ ਕੀਤੀ ਜਾਵੇਗੀ ਉਹ ਅਨਯਥਾਰਥਕ ਤੇ ਅਰਥਹੀਣ ਹੋਏਗੀ। ਇਸ ਲਈ ਲੇਖਕ ਕੋਲ 'ਪ੍ਰਿਜ਼ਮ ਵਰਗੀ ਵਿਚਾਰਧਾਰਕ ਦ੍ਰਿਸ਼ਟੀ' (1995:46) ਦਾ ਹੋਣਾ ਜ਼ਰੂਰੀ ਹੈ ਤਾਂ ਜੋ ਉਹ ਜਿਥੇ ਸਮਾਜਕ, ਆਰਥਿਕ, ਰਾਜਨੀਤਿਕ ਤੇ ਸਭਿਆਚਾਰਕ ਦਵੰਦਾਂ ਤੇ ਸੰਘਰਸ਼ਾਂ ਨੂੰ ਖੁਦ ਸਮਝਣ ਦੇ ਸਮਰੱਥ ਹੋ ਸਕੇ ਉਥੇ ਇਹਨਾਂ ਨੂੰ ਆਪਣੀ ਵਿਲੱਖਣ ਜੀਵਨ ਦ੍ਰਿਸ਼ਟੀ ਨਾਲ ਸਾਹਿਤ ਰੂਪਾਂ ਵਿਚ ਵੀ ਢਾਲ ਸਕੇ ਅਤੇ ਪਾਠਕਾਂ ਨੂੰ ਚੇਤਨ ਕਰਨ ਵਿਚ ਆਪਣਾ ਯੋਗਦਾਨ ਦੇ ਸਕੇ। ਇਸ ਲਈ ਪ੍ਰੋ. ਗੁਰਦਿਆਲ ਸਿੰਘ ਦਾ ਮੰਨਣਾ ਹੈ ਕਿ 'ਅਸੀਂ ਹਰ ਉਤਮ ਰਚਨਾ ਤੋਂ ਇਹੋ ਮੰਗ ਕਰਾਂਗੇ ਕਿ ਉਹ ਆਪਣੀ ਗਲਪ-ਦ੍ਰਿਸ਼ਟੀ ਰਾਹੀਂ ਸਾਡੀ ਜੀਵਨ-ਦ੍ਰਿਸ਼ਟੀ ਨੂੰ ਇਸ ਗਹਿਰਾਈ ਤੱਕ ਲੈ ਜਾਏ ਕਿ ਵਰਤਮਾਨ ਸਮਾਜ ਦੇ ਦੁਖ-ਕਸ਼ਟ ਤੇ ਕੁਹਜ ਸਾਡੀ ਸਮਝ ਹੀ ਨਾ ਪੈਣ ਸਗੋਂ ਉਹਨਾਂ ਨੂੰ ਨਸ਼ਟ ਕਰਨ ਲਈ ਸਮਾਜ ਅਜਿਹੀ ਚੇਤਨਾ ਪੈਦਾ ਹੋ ਸਕੇ ਕਿ ਉਹ ਸਮੂਹਿਕ ਬਲ ਨਾਲ ਉਸ ਸੰਘਰਸ਼ ਵੱਲ ਵਧ ਸਕੇ ਜਿਹੜਾ ਸੋਹਜਾਤਮਕ ਤੇ ਨਿਰਵਿਕਾਰ, ਵਰਗਹੀਣ, ਮਨੁੱਖੀ ਬਰਾਬਰਤਾ ਵਾਲੇ ਤੇ ਮਨੁੱਖੀ ਗੌਰਵ ਨੂੰ ਕਾਇਮ ਕਰਨ ਵਾਲੇ ਸਮਾਜ ਦੀ ਸਿਰਜਣਾ ਵੱਲ ਲਿਜਾ ਸਕੇ।' (1995:86) ਇਸ ਲਈ ਲੇਖਕ ਦੀ ਗਲਪ ਦ੍ਰਿਸ਼ਟੀ ਵਿਚੋਂ ਪੈਦਾ ਹੁੰਦੀ ਜੀਵਨ ਦ੍ਰਿਸ਼ਟੀ ਨੂੰ ਧਿਆਨ ਵਿਚ ਰੱਖ ਕੇ ਸਾਹਿਤ ਸਰੋਕਾਰਾਂ ਬਾਰੇ ਚੇਤਨਾ ਕਰਦਾ ਹੈ।

ਪ੍ਰੋ ਗੁਰਦਿਆਲ ਸਿੰਘ ਢੁਕਵੀਂ ਸ਼ਬਦ ਚੋਣ ਬਾਰੇ ਬੇਹੱਦ ਸੁਚੇਤ ਸਨ। ਉਹਨਾਂ ਦਾ ਮੰਨਣਾ ਸੀ ਕਿ ਹਰ ਰਚਨਾ ਵਿਚ ਇਕ ਇਕ ਸ਼ਬਦ ਦਾ ਵਿਸ਼ੇਸ਼ ਤੇ ਮਹੱਤਵਸ਼ੀਲ ਪਰਿਪੇਖ ਬਣਦਾ ਹੈ। ਇਸ ਲਈ ਕਿਸੇ ਲੇਖਕ ਨੂੰ ਇਸ ਬਾਰੇ ਵਧੇਰੇ ਸੁਚੇਤ ਹੋਣ ਦੀ ਲੋੜ ਹੈ। ਆਪਣੇ ਨਾਵਲ ਪਰਸਾ (1991) ਬਾਰੇ ਉਹਨਾਂ ਦਾ ਇਕ ਕਥਨ ਇਥੇ ਦੇਣਾ ਮੁਨਾਸਿਬ ਹੋਵੇਗਾ ਜਿਹੜਾ ਉਹਨਾਂ ਦੀ ਸ਼ਬਦ ਚੋਣ ਬਾਰੇ ਬਹੁਤ ਕੁਝ ਬਿਆਨ ਕਰਦਾ ਹੈ ਕਿ 'ਸ਼ਾਇਦ ਪਾਠਕਾਂ ਨੂੰ ਇਹ ਅਤਿਕਥਨੀ ਜਾਪੇ, ਮੁਖਤਿਆਰ ਕੌਰ ਦੇ ਰਾਤ ਸਮੇਂ, ਪਰਸੇ ਕੋਲ ਆਉਣ ਦਾ ਦ੍ਰਿਸ਼ (ਜੋ ਸਿਰਫ ਇਕ ਪਹਿਰਾ ਹੈ) ਬਾਰ-ਬਾਰ ਲਿਖਣ ਉਤੇ ਪੂਰਾ ਇਕ ਹਫਤਾ ਲੱਗ ਗਿਆ ਸੀ। ਹਰ ਲਿਖੇ ਸ਼ਬਦ ਬਾਰੇ ਮੁੜ-ਮੁੜ ਸੋਚਣਾ ਪੈਂਦਾ ਸੀ। ਇਹੋ ਸੋਚਦਾ ਰਹਿੰਦਾ ਕਿ ਅਜਿਹੇ ਦ੍ਰਿਸ਼ ਵਿਚ, ਕਿਸੇ ਸ਼ਬਦ ਨਾਲ ਜੇ ਅਸ਼ਲੀਲਤਾ ਦਾ ਅੰਸ਼ ਮਾਤਰ ਵੀ ਪ੍ਰਭਾਵ ਪੈ ਗਿਆ ਤਾਂ ਪੂਰੇ ਨਾਵਲ ਉਤੇ ਕੀਤੀ ਮਿਹਨਤ ਜਾਇਆ ਜਾਏਗੀ।' (2005:90) ਇਸ ਟਿੱਪਣੀ ਵਿਚ ਸਪਸ਼ਟ ਹੋ ਚੁੱਕਾ ਹੈ ਕਿ ਉਹ ਸ਼ਬਦ ਚੋਣ ਬਾਰੇ ਕਿੰਨੇ ਸੁਚੇਤ ਸਨ ਕਿ ਉਹਨਾਂ ਨੂੰ ਇਕ ਗ਼ਲਤ ਸ਼ਬਦ ਨਾਲ ਵੀ ਨਾਵਲ ਦੇ ਸਮੁੱਚੇ ਪ੍ਰਭਾਵ ਦੇ ਤਿੜਕਣ ਦਾ ਡਰ ਸੀ।

ਅੰਤ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਪ੍ਰੋ. ਗੁਰਦਿਆਲ ਸਿੰਘ ਦੀ ਗਲਪ ਦ੍ਰਿਸ਼ਟੀ ਨੂੰ ਸਮਝਣ ਲਈ ਇਹ ਦੋਵੇਂ ਪੁਸਤਕਾਂ ਮੁਲਵਾਨ ਦਸਤਾਵੇਜ਼ ਹਨ ਜਿਹੜੀਆਂ ਨਾ ਕੇਵਲ ਉਹਨਾਂ ਦੇ ਰਚਨਾ ਸੰਸਾਰ ਨੂੰ ਸਮਝਣ ਲਈ ਆਧਾਰ ਸਮਗਰੀ ਮੁਹੱਈਆ ਕਰਵਾਉਂਦੀਆਂ ਹਨ ਬਲਕਿ ਸਾਹਿਤ ਅਤੇ ਜੀਵਨ ਬਾਰੇ ਸਟੀਕ ਜਾਣਕਾਰੀ ਰਾਹੀਂ ਸੰਤੁਲਿਤ ਚਿੰਤਨ ਦੀ ਉਸਾਰੀ ਵੀ ਕਰਦੀਆਂ ਹਨ।000

***(1885/VII-B/5, ਤਿਲਕ ਨਗਰ, ਮੁਕਤਸਰ- 152 026)***





## ਬਿਨ ਮਾਂਗੇ ਮੋਤੀ ਮਿਲੇ: ਰੀਵਿਊ ਨਿਬੰਧ: ਅਵਤਾਰ ਸਿੰਘ ਬਿਲਿੰਗ

ਆਤਮਕਥਾ ਲਿਖਣੀ ਔਖਾ ਕਾਰਜ ਹੈ।ਆਪਣੇ ਜੀਵਨ ਪੰਧ ਨੂੰ ਇਕ ਵਿੱਥ ਉੱਤੇ ਖੜੋ ਕੇ ਬਿਗਾਨਿਆਂ ਵਾਂਗ ਦੇਖਣਾ, ਵਾਚਣਾ ਅਤੇ ਬਿਆਨ ਕਰਨਾ। ਆਪਣੀ ਵਡਿਆਈ ਕਰੋਗੇ ਤਾਂ ਅਭਿਮਾਨੀ, ਬਦਖੋਹੀ ਕਰੋਗੇ ਤਾਂ ਸਵੈ ਨਾਲ ਗਿਲਾਨੀ। ਫੇਰ ਆਪਣਿਆਂ ਦੀ ਨਰਾਜ਼ਗੀ ਸਹੇੜਨ ਦਾ ਡਰ। ਐਪਰ ਜਿਹੜਾ ਆਪਣੇ ਜੀਵਨ ਸੰਘਰਸ਼ ਨੂੰ ਬੇਬਾਕੀ ਨਾਲ ਚਿੱਤਰ ਜਾਵੇ ਉਸ ਦੀ ਸਵੈ ਕਥਾ ਪਾਠਕ ਨੂੰ ਪ੍ਰਭਾਵਤ ਹੀ ਨਹੀਂ ਕਰਦੀ, ਸਗੋਂ ਹਾਲਾਤ ਨਾਲ ਜੂਝਣ ਦੀ ਪ੍ਰੇਰਨਾ ਵੀ ਦਿੰਦੀ ਹੈ। ਕਈ ਸਾਲ ਪਹਿਲਾਂ ਪੜ੍ਹੀ ਡਾਕਟਰ ਐੱਸ. ਐੱਸ. ਜੌਹਲ ਦੀ 'ਰੰਗਾਂ ਦੀ ਗਾਗਰ' ਅਤੇ ਬਲਬੀਰ ਮਾਧੋਪੁਰੀ ਦੀ 'ਛਾਂਗਿਆ ਰੁੱਖ' ਬਹੁਤ ਦਿਲਚਸਪ ਅਤੇ ਪ੍ਰਭਾਵਸ਼ਾਲੀ ਰਚਨਾਵਾਂ ਜਾਪੀਆਂ। ਇਸ ਪੱਖ ਤੋਂ ਹੁਣੇ ਛਪੀ ਤੀਜੀ ਸੰਭਾਲਣਯੋਗ ਸਵੈਜੀਵਨੀ 'ਬਿਨ ਮਾਂਗੇ ਮੋਤੀ ਮਿਲੇ' ਸਾਡੇ ਉੱਘੇ ਸਾਹਿਤਕਾਰ ਗੁਲਜ਼ਾਰ ਸਿੰਘ ਸੰਧੂ ਦੀ ਹੈ। ਇਸ ਵੱਡ ਆਕਾਰੀ ਪੁਸਤਕ ਦਾ ਮੀਰੀ ਗੁਣ ਇਸ ਦੀ readability ਜਾਂ ਰੈਲਾਪਣ ਹੈ। ਪੁਸਤਕ ਪੜ੍ਹਨੀ ਸ਼ੁਰੂ ਕਰੋ ਸਹੀ, ਮੂਹਰੇ ਭੱਜ ਲੈਂਦੀ ਹੈ। ਇਹ ਆਤਮਕਥਾ ਜਿੱਥੇ ਲੇਖਕ ਦੁਆਰਾ ਹੰਢਾਏ ਰੰਗ ਬਰੰਗੇ ਜੀਵਨ ਦਾ ਦਸਤਾਵੇਜ਼ ਹੈ, ਉੱਥੇ ਇਕ ਸਫਲ ਸਫ਼ਰਨਾਮੇ ਵਾਲੇ ਗੁਣ ਵੀ ਰੱਖਦੀ ਹੈ। ਜੀਵਨ ਵਿਚ ਜੋ ਜਿਵੇਂ ਮਿਲਿਆ ਜਾਂ ਪ੍ਰਾਪਤ ਕੀਤਾ, ਸਪਸ਼ਟ ਦੱਸ ਦਿੱਤਾ, ਕੋਈ ਲੁਕ ਲਪੇਟ ਨਹੀਂ। ਕਿਸੇ ਬੇਗਰਜ਼ ਤੇ ਬੇਪਰਵਾਹ ਬਾਬੇ ਵਾਂਗ ਜੋ ਉਮਰ ਦੇ ਇਕ ਪੜਾਅ ਉੱਤੇ ਆ ਕੇ ਆਪਣੇ ਬਾਰੇ, ਆਪਣੇ ਮਾਪਿਆਂ ਬਾਰੇ, ਸੰਗੀਆਂ-ਸਾਥੀਆਂ ਬਾਰੇ ਨਝਿਜਕ, ਨਿਰਸੰਕੋਚ ਹੋ ਕੇ ਸਾਰੀ ਹੱਡਬੀਤੀ ਨੂੰ ਸਹਿਜ ਸੁਭਾਵਕ ਸਾਖੀ ਵਾਂਗ ਸੁਣਾ ਦਿੰਦਾ ਹੈ। ਇਹ ਗੁਣ ਵਡੇਰੀ ਉਮਰੇ ਕਿਸੇ ਵਿਰਲੇ ਵਿਅਕਤੀ ਵਿਚ ਉਦੋਂ ਆਉਂਦਾ ਹੈ ਜਦੋਂ ਉਹ 'ਆਸਾ ਮਨਸਾ ਸਗਲ ਤਿਆਗਹੁ' ਜਾਂ 'ਵੈਰੀ ਮੀਤ ਸਮਾਨ' ਵਾਲੀ ਅਵਸਥਾ ਦੇ ਨੇੜੇ ਤੇੜੇ ਪਹੁੰਚ ਗਿਆ ਹੋਵੇ।

ਟਾਈਟਲ 'ਬਿਨ ਮਾਂਗੇ ਮੋਤੀ ਮਿਲੇ'( ਸਫ਼ੇ 516, ਮੁੱਲ 400 ਰੁਪਏ, ਲੋਕ ਗੀਤ ਪ੍ਰਕਾਸ਼ਨ, ਮੋਹਾਲੀ) ਤੋਂ ਜਾਪਦਾ ਹੈ ਜਿਵੇਂ ਲੇਖਕ ਨੂੰ ਸਾਰਾ ਕੁਝ ਬਗ਼ੈਰ ਉੱਦਮ ਤੋਂ ਹੀ ਮਿਲਦਾ ਰਿਹਾ ਹੋਵੇ, ਪਰ ਪੁਸਤਕ ਗਵਾਹ ਹੈ ਕਿ ਗੁਲਜ਼ਾਰ ਸਿੰਘ ਸੰਧੂ ਨੇ ਵੀ ਉਹੀ ਤੱਪੜ ਮਾਰਕਾ ਸਕੂਲੀ ਸੰਘਰਸ਼ ਭੋਗਿਆ ਹੈ ਜੋ ਡਾਕਟਰ ਜੌਹਲ ਵਾਂਗ ਇਸ ਸਮੁੱਚੀ ਪੀਹੜੀ ਦੇ ਹਿੱਸੇ ਆਇਆ। ਅਸਲ ਵਿਚ ਸੰਧੂ ਹੋਰਾਂ ਦਾ ਨਜ਼ਰੀਆ ਆਸ਼ਾਵਾਦੀ ਰਿਹਾ ਹੈ। ਪੁਸਤਕ ਦੇ ਮੁੱਢਲੇ 'ਦੋ ਸ਼ਬਦ' ਬੜਾ ਕੁਝ ਬੋਲਦੇ ਸੁਝਾਉਂਦੇ ਹਨ: "ਜ਼ਿੰਦਗੀ ਰੰਗ ਰੰਗੀਲੀ ਰਹੀ। ਵੱਡੇ ਬੰਦਿਆਂ ਦੀ ਸਰਪ੍ਰਸਤੀ ਵੀ ਮਿਲੀ ਤੇ ਛੋਟੇ ਬੰਦਿਆਂ ਦੀ ਝਿਕ ਝਿਕ ਵੀ। ਧੱਕੇ ਖਾਧੇ ਪਰ ਮੌਜਾਂ ਮਾਣੀਆਂ। ਵੰਨ ਸੁਵੰਨੇ ਕਾਰਜ ਤੇ ਭਾਂਤ ਸੁਭਾਂਤੇ ਧੰਦੇ। ਮਜ਼ਾ ਆ ਗਿਆ। ਸੇਧ ਠੀਕ ਸੀ।..ਹਾਂ ਪੱਖੀ ਰਹੀ।"

ਗੁਲਜ਼ਾਰ ਸਿੰਘ ਸੰਧੂ ਆਪਣੇ ਨਾਨਕਿਆਂ ਦਾ 'ਬੱਲਾ ਬਲਬੀਰ' ਅਤੇ ਦਾਦਕਿਆਂ ਦਾ 'ਗੁਲਜ਼ਾਰਾ' ਹੈ। ਪਹਿਲੀ ਤੋਂ ਦਸਵੀਂ ਤਕ ਨਾਨਕਾ ਪਿੰਡ ਕੋਟਲਾ ਬਡਲਾ ਜਾਂ ਸਾਕ ਸਕੀਰੀਆਂ ਵਿਚ ਬਾਹੋਮਾਜਰਾ ਜਾਂ ਇਕੋਲਾਹਾ ਰਹਿਣਾ, ਆਪਣੇ ਹਮਉਮਰ ਤੇ ਜਮਾਤੀ ਮਾਮਾ ਸਵਰਨ ਭੰਗੂ ਦੇ ਸਾਥ ਵਿਚ 10 ਕਿਲੋਮੀਟਰ ਪੈਰੀਂ ਤੁਰ ਕੇ ਆਰੀਆ ਸਕੂਲ ਖੰਨਾ ਜਾਣਾ, ਜਾਂਦੇ ਹੋਏ ਦੁੱਧ ਦੀ ਢੋਲੀ ਸ਼ਹਿਰ ਵੇਚਣ ਲਈ ਲਿਜਾਣੀ, ਆਉਂਦੇ ਵਕਤ ਸਿਰ ਉੱਪਰ ਖਲ ਜਾਂ ਵੰਡ ਵੜੇਵੇਂ ਦੀ

ਬੋਰੀ ਚੁੱਕ ਕੇ ਲਿਆਉਣੀ, ਸਿਰਫ ਕੱਛਾ ਕਮੀਜ਼ ਪਹਿਨ ਕੇ, ਪਗੜੀ ਵਜੋਂ ਮਾਂ ਦੀ ਮਲਮਲ ਦੀ ਚੁੰਨੀ ਬੰਨ੍ਹ ਕੇ ਗੁਜ਼ਾਰਾ ਕਰਨਾ ਬੜੀ ਕਸ਼ਟਮਈ ਜ਼ਿੰਦਗੀ ਸੀ। ਨਾਨੇ ਦਾ ਸ਼ਾਹੂਕਾਰਾ ਖੁੱਸ ਜਾਣ

ਕਾਰਨ ਨਾਨਕਿਆਂ ਵੱਲੋਂ ਫੀਸ ਨਾ ਦੇਣ ਦੀ ਹਾਲਤ ਵਿਚ ਬਾਹੋਮਾਜਰਾ ਦੇ ਨਿਸ਼ਕਾਮ ਟੀਚਰ ਬਾਬਾ ਨੱਥਾ ਸਿੰਘ ਕੋਲ ਮੁਫ਼ਤ ਪੜ੍ਹਨਾ ਪਿਆ, ਜਿਸ ਨੂੰ ਲੇਖਕ ਨੇ ਆਪਣੇ ਨਾਨਕਿਆਂ, ਦਿੱਲੀ ਵਾਲੇ ਹਮਦਰਦ ਮਦਦਗਾਰ ਦੇਸ ਰਾਜ ਗੋਇਲ ਜਾਂ ਅਜੀਤ ਕੌਰ ਵਾਂਗ ਜਾਂ ਸੰਤ ਸਿੰਘ ਸੇਖੋਂ, ਬਰਜਿੰਦਰ ਸਿੰਘ ਹਮਦਰਦਦ, ਜਮਾਤੀ ਪ੍ਰੇਮ ਪ੍ਰਕਾਸ਼ ਜਾਂ ਮੁਸੀਬਤ ਵਿਚ ਸਾਥ ਦੇਣ ਵਾਲੇ ਡਾਕਟਰ ਰਘਬੀਰ ਸਿੰਘ ਵਾਂਗ ਬੜੇ ਮੋਹ ਨਾਲ ਯਾਦ ਕੀਤਾ ਹੈ:

"ਖੰਨਾ ਵਿਖੇ ਪੜ੍ਹਨ ਸਮੇਂ ਤੇ ਬਾਹੋਮਾਜਰਾ ਰਹਿਣ ਸਮੇਂ ਤਕ ਮਾਇਕ ਤੰਗੀ ਤਾਂ ਸਿਖ਼ਰਾਂ ਉੱਤੇ ਸੀ ਪਰ ਮਿੱਤਰ ਮੋਹ ਦਾ ਕੋਈ ਜਵਾਬ ਨਹੀਂ ਸੀ।..ਉਹ (ਪ੍ਰੇਮ ਪ੍ਰਕਾਸ਼) ਪੰਜਵੀਂ ਤੋਂ ਅੱਠਵੀਂ ਤਕ ਸਾਡਾ ਹਮਜਮਾਤੀ ਰਿਹਾ।..ਪੰਜਾਬੀ ਕਹਾਣੀਕਾਰ ਦੇ ਤੌਰ ਉੱਤੇ ਉਹ ਮੇਰੇ ਨਾਲੋਂ ਵੱਧ ਪ੍ਰਵਾਨ ਹੋਇਆ।ਇਹ ਗੱਲ ਵੱਖਰੀ ਹੈ ਕਿ ਮਾਣ ਸਨਮਾਨ ਦੀ ਘਾਟ ਮੈਨੂੰ ਵੀ ਨਹੀਂ ਰਹੀ, ਜਿਸ ਨੂੰ ਮੈਂ 'ਬਿਨ ਮਾਂਗੇ ਮੋਤੀ ਮਿਲੇ' ਕਹਿੰਦਾ ਹਾਂ।.. ਸਾਡੇ ਪਿੰਡਾਂ ਦੇ ਲੋਕ ਊਠ ਵਾਹੁੰਦੇ ਸਨ.. ਰਾਜਪੂਤਾਂ ਦੀ ਲੰਬੜਦਾਰੀ ਸੀ ..ਬਾਕੀ ਸਾਰੇ ਮਾਰੂਸ।.. ਮੇਰੇ ਮਾਪੇ ਮੇਰੇ ਨਾਨਕਿਆਂ ਦੇ ਦੇਣਦਾਰ ਸਨ। ਨਾਨਕੇ ਮੈਨੂੰ ਪੜ੍ਹਾ ਰਹੇ ਸਨ। ਮੇਰੇ ਮਾਪਿਆਂ ਨਾਲੋਂ ਵੱਧ ਪੜ੍ਹੇ ਹੋਏ ਸਨ। ਜੇ ਮੈਨੂੰ ਨਾਨਕਾ ਪਰਿਵਾਰ ਨਾ ਪੜ੍ਹਾਉਂਦਾ ਤਾਂ ਮੈਂ ਅਨਪੜ੍ਹ ਰਹਿ ਜਾਣਾ ਸੀ।ਉਂਝ ਮੇਰੇ ਨਾਨਕਿਆਂ ਵਿਚ ਮੇਰੇ ਪਿਤਾ ਦੀ ਪੁੱਛ ਪ੍ਰਤੀਤ ਸੀ।..ਮੇਰੀ ਨਾਨੀ ਉਸ ਨੂੰ ਹਰੀ ਸਿੰਘ ਨਲੂਆ ਕਹਿੰਦੀ ਤੇ ਦੱਸਦੀ..

"ਸੰਤ ਸਿੰਘ ਸੇਖੋਂ ਮੈਨੂੰ ਆਪਣੇ ਨਾਲ ਬਾਡੀਗਾਰਡ ਵਾਂਗ ਰੱਖਦਾ।..ਇਹ ਮੇਰੇ ਲਈ ਬੰਧਨ ਵੀ ਸੀ ਤੇ ਖੁਸ਼ੀ ਵੀ।..ਖੁਸ਼ੀ ਇਸ ਗੱਲ ਦੀ ਕਿ ਉਸ ਦੀ ਪੁੱਛ ਪ੍ਰਤੀਤ ਏਨੀ ਕਿ ਖਾਤਰ ਵੀ ਉਚੇਚੀ ਹੁੰਦੀ ਸੀ। ਮੇਰੀ ਵੀ ਹੁੰਦੀ ਰਹੀ।..ਕਾਨਫਰੰਸ ਦਾ ਪੂਰਾ ਸਮਾਂ ਲੱਕੜੀ ਸੰਗ ਲੋਹਾ ਵੀ ਤਰਦਾ ਰਿਹਾ।..

"...(ਪੰਜਾਬੀ ਟ੍ਰਿਬਿਊਨ ਦੀ ਐਡੀਟਰੀ ਛੱਡਣ ਤੋਂ) ਦੂਜੇ ਦਿਨ ਮੇਰੇ ਘਰ ਡਾਕਟਰ ਅਤਰ ਸਿੰਘ, ਰਘਬੀਰ ਸਿੰਘ ਸਿਰਜਣਾ ਤੇ ਉਸ ਦੀ ਘਰ ਵਾਲੀ ਸੁਲੇਖਾ ਉਚੇਚੇ ਤੌਰ 'ਤੇ ਮਿਲਣ ਆਏ।..ਸ਼ਿੰਗਾਰਾ ਸਿੰਘ ਭੁੱਲਰ ਦਫ਼ਤਰ ਜਾਣ ਸਮੇਂ ਉਚੇਚਾ ਮਿਲ ਕੇ ਗਿਆ।ਮੈਨੂੰ ਉਦੋਂ ਅਹਿਸਾਸ ਹੋਇਆ ਕਿ ਹਮਦਰਦੀ ਤੁਹਾਡਾ ਹੌਸਲਾ ਕਾਇਮ ਰੱਖਣ ਵਿਚ ਕੀ ਯੋਗਦਾਨ ਪਾਉਂਦੀ ਹੈ..।"

ਬੀ. ਏ. ਕਰਨ ਮਗਰੋਂ ਲੇਖਕ ਨੂੰ ਪੜ੍ਹਾਈ ਛੱਡ ਕੇ ਦਿੱਲੀ ਜਾਣਾ ਪਿਆ। "ਉੱਥੇ ਮੇਰੀ ਮਾਂ ਦੇ ਤਿੰਨ ਭੂਆ ਦੇ ਪੁੱਤ ਅਤੇ ਚਾਰ ਮਾਮੇ ਦੇ ਪੁੱਤ ਟੈਕਸੀਆਂ ਚਲਾਉਂਦੇ ਸਨ।..ਮੈਂ ਟੈਕਸੀ ਡਰਾਈਵਰੀ ਲਈ ਤਿਆਰ ਸਾਂ।..ਪਰ ਸੁਖਦੇਵ ਮਾਮਾ ਮੈਨੂੰ ਡਰਾਈਵਰ ਨਹੀਂ ਸੀ ਬਣਾਉਣਾ ਚਾਹੁੰਦਾ।..ਸਰਬਦਿਆਲ ਨੇ ਮੈਨੂੰ ਪਜਾਮੇ ਦੀ ਥਾਂ ਪੈਂਟ ਪਹਿਨਣ ਲਾਇਆ। ਪਗੜੀ ਬੰਨ੍ਹ ਕੇ ਲੜ ਛੱਡਣਾ ਮਨ੍ਹਾਂ ਕੀਤਾ। ਮੈਂ ਕਮੀਜ਼ ਦੇ ਬਟਣਾਂ ਨੂੰ ਗਦਾਮ ਕਹਿੰਦਾ ਸਾਂ। ਏਸ ਗੱਲੋਂ ਬਹੁਤ ਖਫ਼ਾ ਹੁੰਦਾ।"

ਪਰ ਦਿੱਲੀ ਵਿਚ ਨੌਕਰੀ ਲੈਣੀ ਵੀ ਸੁਖਾਲੀ ਨਹੀਂ ਸੀ। ਲੇਖਕ ਨੂੰ ਦੋ ਰਸਾਲਿਆਂ 'ਫਤਿਹ' ਤੇ 'ਪ੍ਰੀਤਮ' ਦੀ ਬਹੁਤ ਘੱਟ ਤਨਖਾਹ ਵਾਲੀ ਉਪ ਸੰਪਾਦਕ ਦੀ ਨੌਕਰੀ ਮਿਲ ਗਈ। ਕੁਝ ਸਮਾਂ ਤਨਖਾਹ ਨਾ ਮਿਲਣ ਤੇ ਜ਼ਿਆਦਾ ਕੰਮ ਕਾਰਨ ਲੇਖਕ ਖਫ਼ਾ ਵੀ ਹੋਇਆ ।"ਮੈਨੂੰ ਚੁੱਪ ਵੇਖ ਉਸ ਨੇ ਦੋ ਗੱਲਾਂ ਹੋਰ ਵੀ ਕਹੀਆਂ। ਪਹਿਲੀ ਇਹ ਕਿ ਮੇਰੇ ਵਾਲੀ ਕੁਰਸੀ ਵਾਲੇ ਬਹੁਤ ਤਰੱਕੀ ਕਰਦੇ ਨੇ। ਦੂਜੀ ਇਹ ਕਿ ਮੈਨੂੰ ਹੋਰ ਤਜਰਬੇ ਦੀ ਲੋੜ ਸੀ।"

ਮੈਂ ਇਹ ਪੁਸਤਕ ਪੜ੍ਹੀ ਕਾਹਦੀ, ਘਰ ਬੈਠੇ ਬਿਠਾਏ ਇਸ ਨੇ ਮੈਨੂੰ ਪੂਰੇ ਭਾਰਤ, ਲਗ ਪਗ ਸਾਰੇ ਸਟੇਟਾਂ, ਗੁਆਂਢੀ ਮੁਲਕਾਂ, ਗੱਲ ਕੀ ਸੰਸਾਰ ਭਰ ਦੀ ਸੈਰ ਕਰਵਾ ਦਿੱਤੀ। ਕੋਈ ਵਿਅਕਤੀ



'ਚਲਦੀ ਫਿਰਦੀ ਡਿਕਸ਼ਨਰੀ' ਹੁੰਦਾ। ਪਰ ਗੁਲਜ਼ਾਰ ਸਿੰਘ ਸੰਧੂ ਹੈ- ਚਲਦਾ ਫਿਰਦਾ ਸਫ਼ਰਨਾਮਾ! ਤੇ ਜਮਾਂਦਰੂ ਪੱਤਰਕਾਰ! ਏਨਾ ਸਫਰ ਸ਼ਾਇਦ ਹੀ ਕਿਸੇ ਹੋਰ ਲੇਖਕ ਨੇ ਕੀਤਾ ਹੋਵੇ। ਇਸ ਪੱਖ ਤੋਂ ਉਹ ਭਾਗਸ਼ਾਲੀ ਵੀ ਹੈ। ਬਿਨ ਮਾਂਗੇ ਮੋਤੀ ਕਿਸਦੇ ਬੇਚਾਰੇ, ਹੀਰੇ ਜਵਾਹਰਾਤ ਮਿਲਦੇ ਰਹੇ ਹਨ। ਸੰਧੂ ਸਾਹਿਬ ਅਤੇ ਉਹਨਾਂ ਦੀ ਜੀਵਨ ਸਾਥਣ ਡਾਕਟਰ ਸੁਰਜੀਤ ਕੌਰ ਉਦੋਂ ਅਮਰੀਕਾ ਕੈਨੇਡਾ ਬਰਤਾਨੀਆਂ ਘੁੰਮ ਆਏ ਜਦੋਂ ਸਾਡੇ ਢਾਹੇ ਦੇ ਇਲਾਕੇ, ਜਿਸ ਵਿਚ ਸੰਧੂ ਸਾਹਿਬ ਦਾ ਨਾਨਕਾ ਪਿੰਡ ਕੋਟਲਾ ਬਡਲਾ ਪੈਂਦਾ ਹੈ, ਨੇ ਇਹਨਾਂ ਮੁਲਕਾਂ ਦਾ ਸੁਫਨਾ ਵੀ ਨਹੀਂ ਲਿਆ ਹੋਣਾ। ਉਹਨਾਂ ਦੇ ਦਾਦਕੇ ਤਾਂ ਬੇਸ਼ੱਕ ਸੱਠਵਿਆਂ ਵਿਚ ਵਲਾਇਤ ਨੂੰ ਤੁਰ ਪਏ ਸਨ। ਲੇਖਕ ਦਾ ਕਹਾਣੀ ਕਹਿਣ ਦਾ ਢੰਗ ਤਰੀਕਾ ਵੀ ਉਹੀ ਹੈ ਜੋ ਸਾਡੇ ਵਡਾਰੂ ਬਾਤਾਂ ਸੁਣਾਉਣ ਵੇਲੇ ਅਪਣਾਉਂਦੇ ਸਨ। ਕਥਾ ਰਸ ਨਾਲ ਭਰਪੂਰ!

ਸਮੁੱਚੀ ਆਤਮਕਥਾ ਵਿਚੋਂ ਸਾਡੇ ਉੱਚ ਦੁਮਾਲੜੇ ਸਾਹਿੱਤਕਾਰ ਦੀ ਲੇਖਣੀ ਦੇ ਕਈ ਰੰਗ ਲਿਸ਼ਕਾਰੇ ਮਾਰਦੇ ਹਨ। ਬਤੌਰ ਪੱਤਰਕਾਰ ਸੰਧੂ ਹੋਰਾਂ ਦੇ ਕੈਮਰੇ ਦੀ ਅੱਖ ਨੇ ਉਹ ਸਾਰਾ ਕੁਝ ਆਪਣੇ ਅੰਦਰ ਸੰਭਾਲ ਲਿਆ ਹੈ ਜੋ ਬੇਹੱਦ ਮਹੱਤਵਪੂਰਨ ਸੀ। ਬਤੌਰ ਸੈਲਾਨੀ ਉਹਨਾਂ ਘੌਲ ਨਹੀਂ ਕੀਤੀ, ਹਰ ਥਾਂ ਗਏ, ਜਿੱਥੇ ਜਾ ਸਕਦੇ ਸੀ। ਔਖ ਸੌਖ ਝੱਲ ਕੇ ਵੀ! ਉਹ ਜਿੱਥੇ ਵੀ ਗਏ, ਉੱਥੋਂ ਦੇ ਲੋਕਾਂ ਬਾਰੇ, ਮਿਸਾਲ ਵਜੋਂ ਪੰਜਾਬੀਆਂ,ਹਰਿਆਣਵੀਆਂ ਬਾਰੇ, ਕਸ਼ਮੀਰੀਆਂ, ਪਾਕਿਸਤਾਨੀਆਂ, ਅਮਰੀਕਨਾਂ, ਜਰਮਨਾਂ, ਨੀਦਰਲੈਂਡੀਆਂ,ਹਾਲੈਂਡੀਆਂ ਆਦਿ ਬਾਰੇ ਅਜਿਹੀਆਂ ਬੇਬਾਕ ਟਿੱਪਣੀਆਂ ਕੀਤੀਆਂ ਹਨ ਜੋ ਇਕ ਪ੍ਰੌਢ ਪੱਤਰਕਾਰ ਅਤੇ ਚਿੰਤਕ ਜਾਂ ਸਮਾਜ ਵਿਗਿਆਨੀ ਹੀ ਕਰ ਸਕਦਾ ਹੈ।ਪ੍ਰਵਚਨ ਕੋਈ ਨਹੀਂ। ਫਰੌਟੀ ਜਾਂ ਫੋਕੀ ਫੜ੍ਹ ਵੀ ਨਹੀਂ ਮਾਰੀ। ਕਿਸੇ ਦੀ ਖੁਸ਼ਾਮਦ ਨਹੀਂ। ਹਉਮੈਂ, ਦਿਖਾਵਾ, ਫੋਕੀ ਟੌਹਰ ਕਿਤੇ ਨਹੀਂ। ਦਾਅਵਤਾਂ, ਮੈਖਾਨਿਆਂ, ਸਾਕੀਆਂ, ਮਹਿਮਾਨਨਿਵਾਜ਼ੀਆਂ ਦਾ ਜਾਇਜ਼ ਜ਼ਿਕਰ ਹੈ। ਪਰ ਬਹੁਤੇ ਦੇ ਸੋਹਿਲੇ ਨਹੀਂ ਗਾਏ ਜੋ ਆਮ ਸਫਰਨਾਮਿਆਂ ਦਾ ਔਗੁਣ ਬਣ ਦਾਲ ਵਿਚਲੇ ਕੋਕੜੂਆਂ ਵਾਂਗ ਰੜਕਦੇ ਰਹਿੰਦੇ ਹਨ।ਗੱਲ ਘਰ ਤੋਂ ਅਰਥਾਤ ਲੇਖਕ ਵੱਲੋਂ ਪੰਜਾਬ ਹਰਿਆਣੇ ਬਾਰੇ ਕੀਤੀ ਟਿੱਪਣੀ ਤੋਂ ਸ਼ੁਰੂ ਕਰਦੇ ਹਾਂ:

"ਅਜੋਕਾ ਪੰਜਾਬ ਅਤੇ ਹਰਿਆਣਾ ਮੰਜ਼ਿਲ ਤੋਂ ਭਟਕੇ ਰਾਜ ਹਨ।..'ਖਾਧਾ ਪੀਤਾ ਲਾਹੇ ਦਾ, ਰਹਿੰਦਾ ਅਹਿਮਦਸ਼ਾਹੇ ਦਾ' ਲੋਕਾਂ ਦੀ ਮਾਨਸਿਕਤਾ ਰਹੀ ਹੈ। ਹੁਣ ਹਰੀ ਕ੍ਰਾਂਤੀ ਨੇ ਇਸ ਨੂੰ ਨਵੇਂ ਖੰਭ ਲਾ ਦਿੱਤੇ ਹਨ। ਯੁਵਾ ਪੀਹੜੀ ਦੀ ਹਰੀਆਂ ਚਰਾਂਦਾਂ ਵੱਲ ਝਾਕ ਲੱਗ ਚੁੱਕੀ ਹੈ। ਪਿੱਛੇ ਰਹਿ ਜਾਣ ਵਾਲੇ ਚਿੱਟੇ ਕਾਲਰਾਂ ਵਾਲੀ ਨੌਕਰੀ ਚਾਹੁੰਦੇ ਹਨ। ਜਦੋਂ ਨਹੀਂ ਮਿਲਦੀ ਤਾਂ ਨਸ਼ਿਆਂ ਦਾ ਸ਼ਿਕਾਰ ਹੋ ਜਾਂਦੇ ਹਨ।" ਦੇਖੋ ਪੰਜਾਬ ਕੀ, ਉੱਤਰੀ ਖਿੱਤੇ ਦਾ ਸੰਕਟ ਸਵੈਜੀਵਨੀ ਲੇਖਕ ਨੇ ਥੋੜ੍ਹੇ ਸ਼ਬਦਾਂ ਵਿਚ ਕਿਵੇਂ ਬਿਆਨ ਕਰ ਦਿੱਤਾ ਹੈ।

ਕਸ਼ਮੀਰ ਦਾ ਸਫ਼ਰ ਕਰਦਿਆਂ ਚਾਹ ਪੀਣ ਦੀ ਇੱਛਾ ਜਾਗੀ ਪਰ ਲੇਖਕ ਦੀ ਕਾਰ ਦੀ ਝਾਂਟੀ ਲੈਣ ਵਾਲਾ, ਉਸ ਇਲਾਕੇ ਵਿਚ ਹੋਟਲਾਂ ਦਾ ਕਾਰੋਬਾਰ ਕਰਨ ਵਾਲਾ ਸਰਦਾਰ ਸੀ। ਉਸ ਨੇ ਇਲਾਕੇ ਵਿਚ ਪੈਂਦੀ ਕਿਸੇ ਮੁਸਲਮਾਨੀ ਦੁਕਾਨ ਦੀ ਦੱਸ ਪਾਉਣ ਤੋਂ ਗੁਰੇਜ਼ ਕੀਤਾ। ਲੇਖਕ ਦੇ ਸ਼ਬਦਾਂ ਵਿਚ: "ਸਰਦਾਰ ਨੇ ਸਾਨੂੰ ਚਾਹ ਦੀ ਦੁਕਾਨ ਬਾਰੇ ਇਸ ਲਈ ਨਹੀਂ ਸੀ ਦੱਸਿਆ ਕਿ ਇਸਦਾ ਮਾਲਕ ਮੁਸਲਮਾਨ ਸੀ। ਅੱਜ ਦੇ ਦਿਨ ਕਸ਼ਮੀਰ ਦੀ ਖ਼ੂਬਸੂਰਤੀ ਨੂੰ ਜਿਸ ਤਰ੍ਹਾਂ ਦੀ ਸੋਚ ਨੇ ਗੰਧਲਾ ਛੱਡਿਆ ਹੈ, ਉਸਦਾ ਕਾਰਨ ਵੀ ਏਹੀਓ ਹੈ।"

"ਉੱਤਰ ਪ੍ਰਦੇਸ਼ ਦੀ ਬਹੁ-ਪਸਾਰੀ ਸ਼ਕਤੀ ਦਾ ਸੋਮਾ ਇਸ ਵਿਚੋਂ ਦੀ ਵਹਿੰਦੀ ਗੰਗਾ ਨਦੀ ਹੈ।.. ਹੈ ਕੋਈ ਹੋਰ ਭਾਸ਼ਾ ਏਨੀ (ਉਰਦੂ ਜਿੰਨੀ) ਅਸਰ ਭਰਪੂਰ ਤੇ ਸਲੀਕੇ ਵਾਲੀ? ਇਸਦਾ ਕਤਲ ਵੀ ਇਸ ਰਾਜ ਵਿਚ ਹੋਇਆ।"

ਲੇਖਕ ਕੋਲ ਥੋੜ੍ਹੇ ਸ਼ਬਦਾਂ ਨਾਲ ਤਸਵੀਰਾਂ ਵਾਹੁਣ ਦਾ ਅਨੋਖਾ ਹੁਨਰ ਹੈ: "ਸੂਤਨਾ ਦੇ ਮੂਰਤੀਚੋਰ ਪ੍ਰਸਿੱਧ ਹਨ, ਖੁਜਰਾਹੋ ਦੇ ਨਗਨ ਮੂਰਤੀ ਮੰਦਰ ਤੇ ਛਤਰਪੁਰ ਦੀ ਖੇਤੀ।..ਖੁਜਰਾਹੋ ਦੇ ਮੰਦਰ ਆਪਣੀ ਨਗਨਤਾ ਦੇ ਬਾਵਜੂਦ ਅਸ਼ਲੀਲ ਨਹੀਂ।..ਖੁਜਰਾਹੋ ਦੇ ਇਕ ਪਾਸੇ ਸਤਨਾ ਦੇ ਮੂਰਤੀ ਚੋਰਾਂ ਦੀ ਅਮੀਰੀ ਹੈ ਦੂਜੇ ਪਾਸੇ ਪਛੜੀ ਹੋਈ ਕਿਸਾਨੀ ਦੀ ਗ਼ਰੀਬੀ। ..ਅਸੀਂ ਸੜਕ ਕੰਢੇ ਉਹ ਹਰਟ ਵਗਦਾ ਤੱਕਿਆ ਜਿਸਦੀ ਗਾਧੀ, ਕੁੱਤਾ, ਬੈੜ ਤੇ ਪਾੜਛਾ ਲੱਕੜੀ ਦਾ ਸੀ। ਉਸ ਦੀ ਮਾਲ੍ਹ ਨਾਲ ਵੀ ਲੋਹੇ ਦੀਆਂ ਟਿੰਡਾਂ ਦੀ ਥਾਂ ਮਿੱਟੀ ਦੇ ਕਟੋਰੇ ਬੰਨ੍ਹੇਂ ਹੋਏ ਸਨ।..ਚਿੱਤਰਕੂਟ ਉਹ ਸਥਾਨ ਹੈ ਜਿੱਥੇ ਰਾਮ ਚੰਦਰ, ਸੀਤਾ ਤੇ ਲਛਮਣ ਨੂੰ ਬਨਬਾਸ ਦੇ ਦਿਨ ਕੱਟਣੇ ਪਏ ਸਨ। ਇਸ ਸਥਾਨ ਵਿਚ ਗ਼ਰੀਬੀ ਦੇ ਦ੍ਰਿਸ਼ ਤਾਂ ਹਨ ਪਰ ਇਕਾਂਤ ਤੇ ਸ਼ਾਂਤੀ ਮਾਣਿਆਂ ਹੀ ਜਾਣੀ ਜਾ ਸਕਦੀ ਹੈ।..ਮੈਂ ਬਸਤਰ ਖੇਤਰ ਵੀ ਗਿਆ ਹਾਂ। ਇੱਥੋਂ ਦੇ ਆਦਿਵਾਸੀਆਂ ਨੂੰ ਮਿਲਿਆ ਹਾਂ। ਉਨ੍ਹਾਂ ਦੀਆਂ ਅੱਖਾਂ ਵਿਚ ਚਮਕ ਸੀ ਤੇ ਦਿਲ ਵੱਡੇ।..ਗ਼ਰੀਬੀ ਉਨ੍ਹਾਂ ਦੇ ਪਹਿਰਾਵੇ ਵਿਚ ਤਾਂ ਸੀ ਅੱਖਾਂ ਵਿਚ ਨਹੀਂ.. ਨੱਚਣਾ ਤੇ ਗਾਉਣਾ ਉਨ੍ਹਾਂ ਦੀ ਜਿੰਦ ਜਾਨ ਹੈ।"

ਲੇਖਕ ਨੇ ਕਿੰਨੇ ਉੱਚ ਅਹੁਦਿਆਂ ਉੱਤੇ ਸੇਵਾ ਨਿਭਾਈ ਹੈ। ਸੂਝ ਸਿਆਣਪ ਅਤੇ ਅਫਸਰੀ ਸੂਝ ਦੀ ਇਕ ਮਿਸਾਲ ਹਾਜ਼ਰ ਹੈ: "ਮੇਰੇ ਬਿਹਾਰ ਦੌਰੇ ਦਾ ਮੁੱਖ ਮੰਤਵ ਕੇਂਦਰੀ ਸਰਕਾਰ ਵੱਲੋਂ ਵਿਕਾਸ ਕੰਮਾਂ ਲਈ ਦਿੱਤੀ ਰਾਸ਼ੀ ਦੀ ਖਪਤ ਬਾਰੇ ਜਾਣਕਾਰੀ ਪ੍ਰਾਪਤ ਕਰਨਾ ਸੀ.. ਕਿਧਰੇ ਵਿਕਾਸ ਨਾਂ ਦਾ ਨਿਸ਼ਾਨ ਨਹੀਂ ਸੀ..ਪੁੱਛਣ 'ਤੇ ਉੱਤਰ ਮਿਲਦਾ ਕਿ ਖੂਹ ਤਾਂ ਪੁੱਟਿਆ ਸੀ ਪਰ ਹਨੇਰੀ ਦੀ ਰੇਤ ਨੇ ਪੂਰ ਦਿੱਤਾ ਜਾਂ ਸੜਕ ਤਾਂ ਬਣੀ ਸੀ ਪਰ ਵਰਖਾ ਦੇ ਪਾਣੀਆਂ ਨੇ ਹੜ੍ਹਾ ਦਿੱਤੀ।..ਅਨਪੜ੍ਹ ਤੇ ਗ਼ਰੀਬ ਪਰਜਾ ਅੱਧਪੜ੍ਹੇ ਤੇ ਅਮੀਰ ਸਾਸ਼ਕਾਂ ਦੀ ਲਾਪਰਵਾਹੀ ਥੱਲੇ ਸਹਿਜ ਤੇ ਪੂਰਨ ਸੰਤੁਸ਼ਟ ਜਾਪੇ।ਇਸਦੀ ਅਸਲ ਸਮਝ ਮੈਨੂੰ ਦੋ ਦਹਾਕੇ ਦਾ ਸਮਾਂ ਬੀਤਣ ਤੋਂ ਪਿੱਛੋਂ ਉਦੋਂ ਲੱਗੀ ਜਦੋਂ ਲੱਖਾਂ ਕਰੋੜਾਂ ਰੁਪਏ ਦਾ ਚਾਰਾ ਘੁਟਾਲਾ ਵੀ ਸਾਸ਼ਕਾਂ ਦਾ ਕੁਝ ਨਹੀਂ ਵਿਗਾੜ ਸਕਿਆ।"

ਇਕ ਹੋਰ ਉਦਾਹਰਣ: "ਰਾਜ (ਬੰਗਾਲ) ਦੇ ਲੋਕ ਈਮਾਨਦਾਰ ਤੇ ਮਿਹਨਤੀ ਹਨ।..ਜ਼ਿਲ੍ਹੇ ਦੀ ਇਕ ਬਲਾਕ ਸੰਮਤੀ ਦਾ ਪ੍ਰਧਾਨ ਮੀਟਿੰਗ ਵਿਚ ਆਇਆ ਤਾਂ ਉਸ ਨੇ ਬਹੁਤ ਹੀ ਸਾਧਾਰਨ ਕੁੜਤਾ ਪਜਾਮਾ ਤੇ ਆਮ ਜੇਹੀ ਚੱਪਲੀ ਪਹਿਨੀ ਹੋਈ ਸੀ। ਉਸਦੇ ਜ਼ਿਲ੍ਹੇ ਵਿਚ ਅੱਧੇ ਹਰਿਆਣਾ ਰਾਜ ਜਿੰਨੇ ਬਲਾਕ ਸਨ। ਉਹ ਹਰਿਆਣਾ ਦੀ ਲਗ ਪਗ ਅੱਧੀ ਵਸੋਂ ਜਿੰਨੀ ਲੋਕਾਈ ਦੇ ਵਿਕਾਸ ਲਈ ਜ਼ਿੰਮੇਵਾਰ ਸੀ। ਬਹੁਤ ਹੀ ਸਾਧਾਰਨ ਦਿੱਖ ਵਾਲੇ ਇਸ ਲੋਕ ਸੇਵਕ ਤੋਂ ਮੈਂ ਬੜਾ ਪ੍ਰਭਾਵਤ ਹੋਇਆ।"

"ਮਨੀਪੁਰ ਰਾਜ ਵਿਚ ਕਮਾਉਣ ਵਾਲੀ ਇਸਤਰੀ ਹੈ.. ਮਨੀਪੁਰ ਰਾਜ ਦੇ ਉਲਟ ਇਸ ਰਾਜ (ਨਾਗਾਲੈਂਡ) ਵਿਚ ਮਰਦਾਂ ਦੀ ਪ੍ਰਧਾਨਗੀ ਹੈ।.. ਨਾਗਾ ਲੋਕ ਮਿਥੁਨ ਨਾਂ ਦੇ ਜੰਗਲੀ ਪਸ਼ੂ ਦਾ ਸ਼ਿਕਾਰ ਕਰ ਕੇ ਇਸਦਾ ਮਾਸ ਵੱਡੇ ਜਸ਼ਨਾਂ ਸਮੇਂ ਖਾਣ ਲਈ ਵਰਤਾਉਂਦੇ ਹਨ।..ਘਰ ਦੇ ਦਰਵਾਜ਼ੇ ਤੇ ਬਨੇਰੇ ਉੱਤੇ ਮਿਥੁਨ ਦੀਆਂ ਖੋਪਰੀਆਂ ਅਤੇ ਸਿੰਗ ਅਮੀਰੀ ਦਾ ਚਿੰਨ੍ਹ ਹਨ।.. ਜਿਵੇਂ ਨਾਗਾਲੈਂਡ ਦੀ ਰਾਜਧਾਨੀ ਉੱਥੋਂ ਦੇ ਈਸਾਈ ਕਬਰਸਤਾਨ ਲਈ ਜਾਣੀ ਜਾਂਦੀ ਹੈ, ਮੇਘਾਲਿਆ ਦੀ ਰਾਜਧਾਨੀ ਸ਼ਿਲਾਂਗ ਉੱਥੋਂ ਦੇ ਗਿਰਜਾਘਰਾਂ ਲਈ ਪ੍ਰਸਿੱਧ ਹੈ।"

ਭਾਰਤ ਦੇ ਹੋਰ ਸੂਬਿਆਂ ਬਾਰੇ ਲੇਖਕ ਦਾ ਸੁਆਦਲਾ ਬਿਰਤਾਂਤ ਤਾਂ ਆਪ ਪੜ੍ਹੇ ਬਗੈਰ ਗੱਲ ਨਹੀਂ ਬਣਦੀ। ਪਰ ਲੂਣ ਮਿਰਚ ਦਿਖਾਉਣ ਵਜੋਂ ਇਹਨਾਂ ਦਿਲਚਸਪ ਟਿੱਪਣੀਆਂ ਵਿਚੋਂ ਕੁਝ ਕੁ ਹਾਜ਼ਰ ਹਨ:

"ਰਾਜਸਥਾਨ ਜਸ਼ਨਾਂ ਦੀ ਧਰਤੀ ਹੈ। ਇੱਥੇ ਪਗੜੀ ਬੰਨ੍ਹਣ ਤੋਂ ਲੈ ਕੇ ਊਠਾਂ ਦੀਆਂ ਦੌੜਾਂ ਤਕ ਦੇ ਮੁਕਾਬਲੇ ਹੁੰਦੇ ਹਨ।..ਪਠਾਣੀ, ਕਸ਼ਮੀਰੀ, ਹਿਮਾਚਲੀ ਤੇ ਉਤਰਾਂਚਲੀ ਲੋਕ ਸਮੇਂ ਸਮੇਂ ਪੰਜਾਬ ਦੀ ਧਰਤੀ ਵੱਲ ਨੂੰ ਉਤਰਨ ਦੇ ਆਦੀ ਹਨ ਪਰ ਰਾਜਸਥਾਨੀ ਲੋਕ.. ਸਾਡੇ ਪੰਜਾਬ ਦੀਆਂ ਪੌੜੀਆਂ ਚੜ੍ਹਨ ਨੂੰ ਤਿਆਰ ਨਹੀਂ।"



"ਦੇਸ਼ ਦੀ ਇਕ ਤਿਹਾਈ ਮੂੰਗਫਲੀ ਤੇ ਇਕ ਤਿਹਾਈ ਕਪਾਹ ਪੈਦਾ ਕਰਨ ਵਾਲਾ ਗੁਜਰਾਤ ਰਾਜ ਸੂਤੀ ਕਪੜੇ ਦੇ ਕਾਰਖਾਨਿਆਂ ਲਈ ਕੱਚਾ ਮਾਲ ਵੀ ਦਿੰਦਾ ਹੈ।..ਮੁੰਬਈ ਭਾਰਤ ਦੀ ਵਪਾਰਕ ਰਾਜਧਾਨੀ ਹੈ।.. ਜੇ ਧਰਮ ਸਥਾਨ ਰੂਹ ਨੂੰ ਸ਼ਾਂਤੀ ਪ੍ਰਦਾਨ ਕਰਦੇ ਹਨ ਤਾਂ ਪੈਸਾ ਜਿਸਮਾਨੀ ਲੋੜਾਂ ਪੂਰੀਆਂ ਕਰਨ ਲਈ ਜ਼ਰੂਰੀ ਹੈ। ਮੈਂ ਨੋਟਾਂ ਦੇ ਜੁੱਗ ਦੀ ਪੈਦਾਵਾਰ ਹਾਂ ਤੇ ਨੋਟ ਨਾਸਿਕ ਦੇ ਛਾਪੇਖਾਨੇ ਵਿਚ ਛਪਦੇ ਹਨ।"

"ਮਾਲਾਬਾਰ (ਕੇਰਲ) ਦਾ ਇਲਾਕਾ ਇਕ ਅਜਿਹੀ ਸਭਿਅਤਾ ਦਾ ਘਰ ਹੈ ਜਿਹੜੀ ਸਾਰੇ ਭਾਰਤ ਨਾਲੋਂ ਵੱਖਰੀ ਹੈ। ਇੱਥੇ ਔਰਤ ਨੂੰ ਮਰਦ ਨਹੀਂ ਵਿਆਹ ਕੇ ਲਿਆਉਂਦਾ, ਸਗੋਂ ਮਰਦ ਨੂੰ ਔਰਤ ਵਿਆਹੁੰਦੀ ਹੈ।"

ਗੁਲਜ਼ਾਰ ਸਿੰਘ ਸੰਧੂ ਹੋਰਾਂ ਵੱਲੋਂ ਆਪਣੇ ਨਿੱਜ ਬਾਰੇ ਕੀਤੀਆਂ ਟਿੱਪਣੀਆਂ ਬੇਬਾਕ ਹਨ ਪਰ ਘੱਟ ਦਿਲਚਸਪ ਨਹੀਂ: "ਜੀਵਨ ਭਰ ਕਾਂਗਰਸ ਸਰਕਾਰ ਦਾ ਮੁਲਾਜ਼ਮ ਹੋਣ ਦੇ ਬਾਵਜੂਦ ਮੈਂ ਕਮਿਊਨਿਸਟਾਂ ਦਾ ਹਮਦਰਦ ਰਿਹਾ ਹਾਂ।..ਮੇਰੀ ਸ਼ਖ਼ਸੀਅਤ ਦੇ ਵਿਕਾਸ ਵਿਚ ਮੇਰੇ ਮਾਪਿਆਂ ਤੇ ਮੇਰੇ ਧਰਮ ਤੋਂ ਬਿਨਾਂ ਜਿਨ੍ਹਾਂ ਤਿੰਨ ਸ਼ਖ਼ਸੀਅਤਾਂ ਦਾ ਵਿਸ਼ੇਸ਼ ਪ੍ਰਭਾਵ ਹੈ, ਉਹ ਗੁਰਬਖਸ਼ ਸਿੰਘ ਪ੍ਰੀਤਲੜੀ, ਪੰਡਿਤ ਨਹਿਰੂ ਤੇ ਕਾਮਰੇਡ ਨੰਬੂਦਰੀਪਾਦ ਹਨ। ਗੁਰਬਖਸ਼ ਸਿੰਘ ਨੇ ਮੇਰੇ ਬਚਪਨ ਨੂੰ ਸੇਧ ਦਿੱਤੀ, ਨਹਿਰੂ ਨੇ ਜੀਵਨੀ ਨੂੰ ਤੇ ਨੰਬੂਦਰੀਪਾਦ ਨੇ ਮੇਰੀਆਂ ਸੋਚਾਂ ਨੂੰ।"

ਜੀਵਨ ਦੇ ਮੁੱਢਲੇ ਚੌਦਾਂ ਸਾਲ ਲੇਖਕ ਨੇ ਨਾਨਕਿਆਂ ਦੇ ਇਲਾਕੇ ਵਿਚ ਹੀ ਗੁਜ਼ਾਰੇ।ਸੋ ਜਿੱਥੇ ਇਸ ਸਵੈਜੀਵਨੀ ਵਿਚੋਂ ਆਰਥਿਕ ਤੇ ਰਾਜਨੀਤਕ ਜੀਵਨ ਦੀਆਂ ਝਾਕੀਆਂ ਦੇਖਣ ਨੂੰ ਮਿਲਦੀਆਂ ਹਨ, ਉੱਥੇ ਦੇਸ ਵਿਦੇਸ਼ ਦਾ ਸਮਾਜਕ,ਧਾਰਮਿਕ ਜੀਵਨ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ: "ਮੇਰੇ ਜਨਮ ਸਮੇਂ ਮੇਰਾ ਜੱਦੀ ਪਿੰਡ ਸੂਨੀ (ਹੁਸ਼ਿਆਰਪੁਰ) ਤੇ ਨਾਨਕਾ ਪਿੰਡ ਕੋਟਲਾ ਬਡਲਾ (ਲੁਧਿਆਣਾ ) ਦੇ ਸਾਰੇ ਘਰ ਕੱਚੇ ਸਨ। ਸਿਰਫ਼ ਦੋ ਹੀ ਘਰ ਪੱਕੇ ਸਨ। ਇਕ ਨਾਨਕਾ ਪਿੰਡ ਦੇ ਹਟਵਾਣੀਏ ਦਾ ਦੂਜਾ ਦਾਦਕਾ ਪਿੰਡ ਦੇ ਹਟਵਾਣੀਏ ਦਾ। ਪੈਸੇ ਸਿਰਫ਼ ਹਟਵਾਣੀਏ ਕੋਲ ਹੁੰਦੇ ਸਨ। ਕਿਰਤੀ ਕਿਸਾਨ ਤਾਂ ਪੈਸੇ ਦਾ ਮੂੰਹ ਹਾੜ੍ਹੀ ਸਾਉਣੀ ਦੀ ਫਸਲ ਵੱਢਿਆਂ ਹੀ ਦੇਖਦੇ ਸਨ। ਮੈਂ ਕੱਚੇ ਘਰਾਂ ਦਾ ਜੰਮਪਲ ਹਾਂ।..ਗਰਮ ਰੁੱਤ ਵਿਚ ਸਾਰੇ ਘਰਾਂ ਵਾਲੇ ਕੋਠਿਆਂ ਉੱਤੇ ਸੌਂਦੇ। ਜੇ ਗੁਆਂਢੀ ਨਾਲ ਸੁਲ੍ਹਾ ਹੁੰਦੀ ਤਾਂ ਕਿੰਨੀ ਦੇਰ ਤਕ ਗੱਲਾਂ ਕਰਦੇ।..ਪਖਾਨੇ ਲਈ ਘਰਾਂ ਵਿਚ ਕੋਈ ਥਾਂ ਨਹੀਂ ਸੀ ਹੁੰਦੀ। ਸਾਰੇ ਲੋਕ ਖੇਤਾਂ ਵਿਚ ਜਾਂਦੇ।..ਜੇ ਘਰ ਦੇ ਨੇੜੇ ਕੋਈ ਵੱਡਾ ਪਿੱਪਲ ਜਾਂ ਬੋਹੜ ਹੁੰਦਾ ਤਾਂ ਮਰਦ ਉਸ ਦੇ ਥੱਲੇ ਮੰਜੀਆਂ ਡਾਹ ਕੇ ਆਰਾਮ ਕਰਦੇ ਤੇ ਦਿਨ ਵੇਲੇ ਕੀਤੇ ਕੰਮ ਦਾ ਲੇਖਾ ਜੋਖਾ ਆਪਣੇ ਸਾਥੀਆਂ ਨਾਲ ਸਾਂਝਾ ਕਰਦੇ.. ਹਰ ਘਰ ਵਿਚ ਆਟਾ ਪੀਹਣ ਦੀ ਚੱਕੀ ਹੁੰਦੀ...ਪੀਣ ਵਾਲੇ ਪਾਣੀ ਲਈ ਹਰ ਪੱਤੀ ਵਿਚ ਖੂਹ ਸੀ ਜਿਸ ਵਿਚੋਂ ਪਾਣੀ ਕੱਢ ਕੇ ਘਰਾਂ ਵਿਚ ਪਹੁੰਚਾਉਣ ਦਾ ਕੰਮ ਮਹਿਰਾ ਕਰਦਾ..ਨਹਾਉਣ ਲਈ ਘਰਾਂ ਵਿਚ ਕੋਈ ਪ੍ਰਬੰਧ ਨਹੀਂ ਸੀ। ਮਰਦ ਵਿਹਲ ਮਿਲਣ 'ਤੇ ਆਪਣੀ ਲੱਜ ਬਾਲਟੀ ਲਿਜਾ ਕੇ ਪਿੰਡ ਦੀ ਖੂਹੀ ਉੱਤੇ ਨਹਾ ਆਉਂਦੇ ਸਨ। ਜ਼ਨਾਨੀਆਂ ਘਰ ਵਿਚ ਮਹਿਰੀ ਦੇ ਦਿੱਤੇ ਪਾਣੀ ਨਾਲ ਸਾਰ ਲੈਂਦੀਆਂ। ਮੇਰੀ ਮਾਂ ਇਕ ਗੜਵੀ ਪਾਣੀ ਨਾਲ ਨਹਾ ਲੈਂਦੀ ਸੀ।..ਕਪੜੇ ਧੋਣ ਵਾਲਾ ਸਾਬਣ ਨਹੀਂ ਸੀ ਆਇਆ। ਬਹੁਤੇ ਲੋਕ ਪੱਕੇ ਰੀਠਿਆਂ ਦਾ ਛਿਲਕਾ ਉਬਾਲ ਕੇ ਵਸਤਰ ਉਹਦੇ ਨਾਲ ਧੋਂਦੇ ਸਨ। ...ਗ਼ਰੀਬ ਲੋਕ ਗੋਕੇ (ਗਊ ਦੇ) ਗੋਹੇ ਨਾਲ ਕਪੜੇ ਧੋ ਲੈਂਦੇ ਸਨ।..ਮੇਰੇ ਨਾਨਕੇ ਪਿੰਡ ਗੁਰਦੁਆਰਾ ਨਹੀਂ ਸੀ। ਪਿੰਡ ਦੇ ਟੋਭੇ ਕੰਢੇ ਇਕ ਸ਼ਿਵਦੁਆਲਾ ਹੁੰਦਾ ਸੀ । ਸਾਰੇ ਉੱਥੇ ਹੀ ਮੱਥਾ ਟੇਕਦੇ। ਹਿੰਦੂ, ਸਿੱਖ ਤੇ ਮੁਸਲਮਾਨ। ਦਾਦਕੇ ਪਿੰਡ ਦੇ ਸਿੱਖ ਆਪਣੇ ਵੱਡੇ ਵਡੇਰਿਆਂ ਦੀ ਸਸਕਾਰ ਵਾਲੀ ਥਾਂ ਨੂੰ ਬਾਬੇ ਸ਼ਹੀਦ ਕਹਿੰਦੇ ਸਨ ਤੇ ਉੱਥੇ ਹੀ ਮੱਥਾ ਟੇਕ ਕੇ ਸੁੱਖਾਂ ਸੁੱਖ ਕੇ ਸਾਰ ਲੈਂਦੇ ਸਨ।..ਮੇਰੀ ਨਾਨੀ ਦੇ ਪੇਕੇ ਨਾਮਧਾਰੀ ਸਨ। ਉਸਨੂੰ ਕੂਕਿਆਂ ਦੀ ਧੀ ਹੋਣ ਦਾ ਮਾਣ ਸੀ।.. 'ਮੈਂ ਕੂਕਿਆਂ ਦੀ ਧੀ ਹਾਂ ਸਰਦਾਰਾ। ਜ਼ਰਾ ਸੰਭਲ

ਕੇ ਗੱਲ ਕਰ', ਉਹ ਨਾਨੇ ਦੀ ਉਸ ਸ਼ਾਹੂਕਾਰੀ ਨੂੰ ਵੀ ਕੁਝ ਨਾ ਜਾਣਦੀ ਜਿਸ ਦਾ ਸਦਕਾ ਏਨਾ ਵੱਡਾ ਪਰਿਵਾਰ ਖੁੱਲ੍ਹ ਖੇਡ ਮਾਣਦਾ।" ਉਸ ਸਮੇਂ ਦੇ ਸਾਂਝੇ ਪਰਿਵਾਰਾਂ, ਕਿੱਸੇ ਕਵੀਸ਼ਰਾਂ, ਸੰਨ ਸੰਤਾਲੀ ਦਾ ਪੰਜਾਬ,ਕਈ ਪਿੰਡਾਂ ਵਿਚ ਰਹਿ ਕੇ ਪ੍ਰਵਾਨ ਚੜ੍ਹਾਈ ਸਕੂਲੀ ਵਿੱਦਿਆ ਤੇ ਨੌਕਰੀ ਲੈਣ ਲਈ ਕੀਤਾ ਸੰਘਰਸ਼, ਉੱਚੇ ਅਹੁਦਿਆਂ ਦੀਆਂ ਖੁੱਲ੍ਹੀਆਂ ਗੱਲਾਂ, ਪੱਤਰਕਾਰੀ ਦੇ ਰੰਗ, ਵੱਖੋ ਵੱਖਰੇ ਅਖ਼ਬਾਰਾਂ ਦੀ ਐਡੀਟਰੀ, ਯੂਨੀਵਰਸਿਟੀ ਦੀ ਪ੍ਰੋਫ਼ੈਸਰੀ, ਆਪਣੇ ਸਾਹਿਤ ਦੇ ਸੋਮਿਆਂ ਜਾਂ ਰੀਸੋਰਸ ਪਰਸਨਜ਼ ਬਾਰੇ ਵੀ ਲੇਖਕ ਨੇ ਬਹੁਤ ਰੌਚਿਕ ਬਿਰਤਾਂਤ ਸਿਰਜਿਆ ਹੈ।

ਲਹਿੰਦੇ ਪੰਜਾਬ ਲਈ ਲੇਖਕ ਦੇ ਮਨ ਵਿਚ ਵਿਸ਼ੇਸ਼ ਲਗਾਉ ਹੈ। ਇਕ ਤਾਂ ਉਹਨਾਂ ਸੰਤਾਲੀ ਤੋਂ ਪਹਿਲਾਂ ਦਾ ਹਿੰਦੂ, ਮੁਸਲਮਾਨਾਂ ਤੇ ਸਿੱਖਾਂ ਦਾ ਸਾਂਝਾ ਭਾਈਚਾਰਾ ਦੇਖਿਆ ਹੈ। ਦੂਜੇ ਉਹਨਾਂ ਦੀ ਜੀਵਨ ਸਾਥਣ ਦਾ ਪਿਛੋਕੜ ਲਹਿੰਦੇ ਪੰਜਾਬ ਨਾਲ ਜੁੜਦਾ ਹੈ। ਇਸ ਜੋੜੀ ਦੀ ਪਾਕਿਸਤਾਨ ਫੇਰੀ ਸਮੇਂ ਡਾਕਟਰ ਐਸ ਕੇ ਪੰਨੂੰ ਸੰਧੂ ਦੇ ਵਡਾਰੂਆਂ ਦੇ ਘਰ "ਵਕੀਲਾਂ ਦੀ ਹਵੇਲੀ" ਵਾਲਾ ਦ੍ਰਿਸ਼ ਪੜ੍ਹਦਾ ਮਾਣਦਾ, ਸੰਤਾਲੀ ਤੋਂ ਬਹੁਤ ਬਾਅਦ ਜਨਮਿਆ ਪਾਠਕ ਵੀ ਭਾਵੁਕ ਹੋਏ ਬਗ਼ੈਰ ਨਹੀਂ ਰਹਿ ਸਕਦਾ। ਜਿਹਨਾਂ ਉਹ ਸਮੇਂ ਦੇਖੇ, ਜਿਹਨਾਂ ਨੂੰ ਉਹ ਇਲਾਕਾ ਛੱਡਣਾ ਪਿਆ ਜਾਂ ਏਧਰੋਂ ਉਧਰ ਜਾਣਾ ਪਿਆ, ਉਹਨਾਂ ਦੀ ਕੀ ਹਾਲਤ ਹੋਵੇਗੀ, ਅੰਦਾਜ਼ਾ ਲਾਉਣਾ ਕਠਿਨ ਨਹੀਂ: "ਜਦੋਂ ਚੌਧਰੀ ਗ਼ੁਲਾਮ ਹੈਦਰ, (ਪਿੰਡ ਦਾ ਮੋਹਤਬਰ) ਸਾਨੂੰ ਵਕੀਲਾਂ ਦੀ ਹਵੇਲੀ ਦੇ ਦਰਵਾਜ਼ੇ ਉੱਤੇ ਲੈ ਕੇ ਪਹੁੰਚੇ ਤਾਂ ਸੁਰਜੀਤ ਦੀਆਂ ਅੱਖਾਂ ਵਿਚ ਹੰਝੂ ਆ ਗਏ। ਉਸ ਦੇ ਚੇਤੇ ਅਨੁਸਾਰ ਦਰਵਾਜ਼ੇ ਵਿਚ ਪਹਿਲਾਂ ਵਾਲੀ ਚਮਕ ਦਮਕ ਨਹੀਂ ਸੀ। ਅੰਦਰ ਵੱਲ ਝਾਤ ਮਾਰਿਆਂ ਵੀ ਇੰਝ ਜਾਪਦਾ ਸੀ ਜਿਵੇਂ ਇਸ ਵਿਚ ਕਈ ਪਰਿਵਾਰ ਰਹਿ ਰਹੇ ਹੋਣ। ਉਹ ਕਿਧਰ ਨੂੰ ਪੈਰ ਪੁੱਟੇ ਉਸਨੂੰ ਸਮਝ ਨਹੀਂ ਸੀ ਆ ਰਹੀ। 'ਘਰਾਂ ਵਾਲਿਓ, ਹਵੇਲੀ ਦੇ ਅਸਲੀ ਮਾਲਕ ਆਏ ਹਨ' ਗ਼ੁਲਾਮ ਹੈਦਰ ਨੇ ਮੁਹੰਮਦ ਸ਼ਰੀਫ਼ ਦੇ ਪਰਿਵਾਰ ਨੂੰ ਚੇਤੰਨ ਕਰ ਦਿੱਤਾ। ਇਸ ਇਕੋ ਵਾਕ ਨੇ ਸੁਰਜੀਤ ਦੀ ਉਦਾਸੀ ਖ਼ਤਮ ਕਰ ਦਿੱਤੀ। ਜਦੋਂ ਉਸ ਨੇ (ਘਰ ਦੱਸਣ ਆਏ ਚੌਧਰੀ ਨੇ) ਮਾਮਾ ਚਰਨਜੀਤ ਸਿੰਘ ਦੇ ਚੁਬਾਰੇ ਦੀਆਂ ਪੌੜੀਆਂ ਚੜ੍ਹੀਆਂ ਤਾਂ ਉਸ ਦੇ ਕਦਮਾਂ ਵਿਚ ਨੌਜਵਾਨੀ ਫੁਰਤੀ ਸੀ। 'ਚੌਧਰੀ ਸਾਹਬ ਤੁਸੀਂ ਆਪਣੇ ਆਪ ਨੂੰ ਬੁੱਢਾ ਕਹਿ ਰਹੇ ਹੋ ਪਰ ਤੁਹਾਡੀ ਚਾਲ ਤਾਂ ਜਵਾਨਾਂ ਵਾਲੀ ਹੈ', ਮੈਂ ਕਿਹਾ। 'ਇਹ ਸ਼ਕਤੀ ਤਾਂ ਬੀਬੀ ਦੀ ਆਮਦ ਨਾਲ ਆਈ ਹੈ। ਪਿੰਡ ਦੀ ਦੋਹਤਰੀ ਅੱਧੀ ਸਦੀ ਪਿੱਛੋਂ ਆਪਣੇ ਨਾਨਕੇ ਪਿੰਡ ਆਈ ਹੋਵੇ ਤੇ ਸਾਡੇ ਵਿਚ ਹਰਕਤ ਨਾ ਆਵੇ?' ਗ਼ੁਲਾਮ ਹੈਦਰ ਨੇ ਪੌੜੀਆਂ ਚੜ੍ਹ ਕੇ ਸਾਹ ਲੈਂਦਿਆਂ ਉੱਤਰ ਦਿੱਤਾ। ਇਕ ਵਡੇਰੀ ਉਮਰ ਦੀ ਔਰਤ ਨੇ ਆਪਣੇ ਪੇਕੇ ਪਿੰਡ ਦਾ ਨਾਂ ਦੱਸ ਕੇ ਸੁਰਜੀਤ ਨੂੰ ਆਪਣੀ ਜੱਫੀ ਵਿਚ ਲੈ ਕੇ ਏਨਾ ਹੀ ਕਿਹਾ, 'ਕੀ ਅਸੀਂ ਵੀ ਕਦੀ ਆਪਣਾ ਪਿੰਡ ਦੇਖਣ ਓਧਰ ਆ ਸਕਦੇ ਹਾਂ?' ਉਸ ਦੇ ਬੋਲਾਂ ਵਿਚ ਲਾਚਾਰੀ ਸੀ।"

ਲਹਿੰਦੇ ਪੰਜਾਬ ਦੇ ਲੋਕਾਂ ਬਾਰੇ ਲੇਖਕ ਦੀ ਟਿੱਪਣੀ ਗੌਲਣਜੋਗ ਹੈ: "ਸਮੁੱਚੇ ਤੌਰ 'ਤੇ ਪਿੰਡਾਂ ਵਿਚ ਨਿੱਘ ਹੈ, ਖਲੂਸ ਹੈ, ਅਪਣੱਤ ਹੈ। ਭਾਰਤੋਂ ਆਏ ਸਾਡੇ ਲੋਕਾਂ ਲਈ ਹੋਰ ਵੀ ਵੱਧ, ਜਿਨ੍ਹਾਂ ਦੀ ਖੁੱਲ੍ਹਦਿਲੀ ਤੇ ਉਦਾਰਤਾ ਦੇ ਕਿੱਸੇ ਦੱਸਣ ਵਾਲੀ ਪੀੜ੍ਹੀ ਹਾਲੀ ਤਕ ਜ਼ਿੰਦਾ ਹੈ। ਤੁਰੇ ਜਾਂਦੇ ਰਾਹੀ ਨੂੰ ਬਾਹੋਂ ਫੜ ਕੇ ਰੋਕ ਲੈਣਾ ਤੇ ਸਲਾਮ ਕਹਿ ਕੇ ਇਹ ਪੁੱਛਣਾ ਕਿ ਕਿੱਥੋਂ ਆਇਆ ਹੈਂ, ਆਮ ਜਿਹੀ ਗੱਲ ਹੈ।..ਮਰਦ ਲੋਕ ਤਾਂ ਜੱਫੀਆਂ ਪਾ ਕੇ ਮਿਲਦੇ ਹਨ। ਇਹੋ ਜਿਹੀਆਂ ਜੱਫੀਆਂ ਜਿਨ੍ਹਾਂ ਵਿਚ ਉਹ ਢਿੱਲ ਨਹੀਂ ਆਉਣ ਦਿੰਦੇ। ਜਿਵੇਂ ਕੋਈ ਵਿਛੜੇ ਵੀਰਾਂ ਨੂੰ ਮਿਲਿਆ ਕਰਦਾ ਹੈ।"

ਪੰਜਾਬੀ ਭਾਸ਼ਾ ਦੇ ਭਵਿੱਖ ਬਾਰੇ ਲੇਖਕ ਦੇ ਵਿਚਾਰ ਬੜੇ ਖੜਕਵੇਂ ਹਨ: "ਜਾਪਦਾ ਕੁਝ ਏਸ ਤਰ੍ਹਾਂ ਹੈ ਕਿ (ਪਾਕਿਸਤਾਨ ਵਿਚ) ਪੰਜਾਬੀ ਦੀ ਪੜ੍ਹਾਈ ਫ਼ਰਾਂਸੀਸੀ, ਜਰਮਨ, ਚੀਨੀ, ਜਾਂ



ਸਪੈਨਿਸ਼ ਪੜ੍ਹਨ ਵਾਂਗ ਉਚੇਰੀ ਵਿੱਦਿਆ ਦਾ ਅੰਗ ਤਾਂ ਬਣੇਗੀ ਪਰ ਇਸ ਨੂੰ ਹੇਠਲੀ ਪੱਧਰ ਉੱਤੇ ਕੋਈ ਸਥਾਨ ਨਹੀਂ ਮਿਲਣ ਲੱਗਾ। ਇਸ ਨੂੰ ਓਧਰਲੇ ਮੁਸਲਮਾਨਾਂ ਨੇ ਏਧਰ ਦੇ ਹਿੰਦੂਆਂ ਨਾਲੋਂ ਵੱਧ ਨੁਕਸਾਨ ਪਹੁੰਚਾਇਆ ਹੈ। ਓਧਰ ਪੰਜਾਬੀ ਨੂੰ ਉਰਦੂ ਫਾਰਸੀ ਨੇ ਖਾ ਜਾਣਾ ਹੈ ਤੇ ਏਧਰ ਹਿੰਦੀ ਸੰਸਕ੍ਰਿਤ ਨੇ।"

ਆਓ ਹੁਣ ਕੁਝ ਝਲਕੀਆਂ ਵਿਦੇਸ਼ ਦੀਆਂ ਵੀ ਦੇਖ ਲਵੋ: "ਬੈਂਗਕਾਕ ਨਾਚ ਗਾਣੇ ਨਾਲੋਂ ਬਹੁਤਾ ਜਿਸਮਾਂ ਦੀ ਖੇਡ ਲਈ ਪ੍ਰਸਿੱਧ ਹੈ।...ਕੁੜੀ ਨੇ ਏਧਰ ਓਧਰ ਜਮ੍ਹਾਂ ਹੋਈ ਝੱਗ ਮੇਰੀ ਪਿੱਠ ਉੱਤੇ ਸੁੱਟਣੀ ਸ਼ੁਰੂ ਕਰ ਦਿੱਤੀ।..ਛਾਂਵਾਂ ਫੇਰਨ ਨਾਲ ਜਿਸਮ ਉੱਤੇ ਪਈ ਝੱਗ ਹੋਰ ਵੀ ਫੁੱਲਵੀਂ ਤੇ ਦੁਧੀਆ ਹੋ ਗਈ। ਫੇਰ ਇਹ ਕੁੜੀ ਛਾਲ ਜਿਹੀ ਮਾਰ ਮੇਰੇ ਮੂਧੇ ਪਏ ਜਿਸਮ ਉੱਤੇ ਮੇਰੇ ਵਾਂਗ ਹੀ ਉਲਟੀ ਲੇਟ ਕੇ ਆਪਣਾ ਜਿਸਮ ਮੇਰੇ ਜਿਸਮ ਉੱਤੇ ਘਿਸਾਉਣ ਲੱਗੀ।.."

"ਰੋਮ ਨਿਰਮਾਣ ਕਲਾ ਅਤੇ ਠੱਗੀ ਠੋਰੀ ਲਈ ਜਾਣਿਆ ਜਾਂਦਾ ਹੈ।..ਜਿਉਂ ਹੀ ਗੱਡੀ ਰੋਮ ਦੀਆਂ ਇਮਾਰਤਾਂ ਤੋਂ ਬਾਹਰ ਨਿਕਲੀ ਪਿੰਡਾਂ ਵਿਚ ਘਿਰੇ ਖ਼ੂਬਸੂਰਤ ਭੋਂ-ਦ੍ਰਿਸ਼ਾਂ ਨੇ ਮੇਰਾ ਮਨ ਮੋਹ ਲਿਆ।..ਪਿੰਡਾਂ ਵਾਲੇ ਮੁਸਾਫਰਾਂ ਦੇ ਨਕਸ਼ ਖਾਲਸ ਰੋਮਨ ਸਨ।..ਮੈਂ ਬਾਹਰ ਨਿਗਾਹ ਮਾਰੀ ਤਾਂ ਮੱਕੀ ਦੇ ਟਾਂਡਿਆਂ ਨਾਲ ਲੱਗੀਆਂ ਛੱਲੀਆਂ ਸੂਤ ਕੱਤ ਰਹੀਆਂ ਸਨ।ਪੰਜਾਬ ਨਾਲੋਂ ਵੀ ਸੁੰਦਰ ਵਾਯੂਮੰਡਲ।"

"ਪੈਰਿਸ ਦੀ ਰਾਤ ਵੇਲੇ ਦੀ ਸੈਰ ਖ਼ਾਸ ਆਕਰਸ਼ਣ ਦਾ ਕਾਰਨ ਬਣੀ ਹੋਈ ਹੈ।..ਪੈਰਿਸ ਦੀ ਇਕ ਮੇਮ ਨੇ ਸਾਡਾ ਧਿਆਨ ਖਿੱਚ ਲਿਆ।..ਉਸ ਨੇ ਸਾਨੂੰ ਪੈਰਿਸ ਦਿਖਾਣਾ ਮੰਨ ਲਿਆ।..ਉਹ ਕਿਸੇ ਸਮੇਂ ਪੰਜਾਬ ਹੋ ਕੇ ਗਈ ਸੀ।...'ਜਦੋਂ ਮੈਂ ਤੁਹਾਡੇ ਦੇਸ਼ ਗਈ ਸਾਂ, ਮੈਂ ਤੁਹਾਡੇ ਲੋਕਾਂ ਦੀ ਕੁਝ ਨਹੀਂ ਸੀ ਲੱਗਦੀ। ਉਹ ਮੈਨੂੰ ਫੁੱਲ ਵਾਂਗ ਚੁੱਕੀ ਫਿਰਦੇ ਰਹੇ। ਗੋਲਡਨ ਟੈਂਪਲ, ਜਲ੍ਹਿਆਂ ਵਾਲਾ ਬਾਗ਼ ਤੇ ਦੁਰਗਿਆਨਾ ਮੰਦਰ। ਉਹਨਾਂ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਬਾਹਰੋਂ ਆਇਆ ਬੰਦਾ ਦੁਖੀ ਨਾ ਜਾਵੇ। ਅਸੀਂ ਇਸ ਤਰ੍ਹਾਂ ਨਹੀਂ ਕਰਦੇ। ਮੈਂ ਤੁਹਾਡੇ ਲੋਕਾਂ ਦਾ ਕੁਝ ਦੇਣਾ ਹੈ..'"।

"ਨੀਦਰਲੈਂਡ ਨਿਰਾ ਦੁੱਧ ਘਿਓ ਦਾ ਦੇਸ਼ ਨਹੀਂ।ਇਥੇ ਜਗਤ ਪ੍ਰਸਿੱਧ ਕਲਾਕਾਰ ਪਿਕਾਸੋ ਦੇ ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਚਿੱਤਰਾਂ ਦੇ ਮੂਲ ਮਿਲਦੇ ਹਨ।..ਫੁੱਲਾਂ ਤੇ ਫਲਾਂ ਦਾ ਗੜ੍ਹ ਹੈ। ਉੱਥੋਂ ਦੇ ਵਾਸੀਆਂ ਨੂੰ ਫੁੱਲਾਂ ਦਾ ਬੜਾ ਸ਼ੌਕ ਹੈ। ਜੋ ਪਦਵੀ ਆਪਣੇ ਦੇਸ਼ ਵਿਚ ਗੁਲਾਬ ਨੂੰ ਪ੍ਰਾਪਤ ਹੈ ਉਹੀਓ ਪਦਵੀ ਨੀਦਰਲੈਂਡ ਵਿਚ ਟਿਊਲਿਪ ਦੀ ਹੈ।..ਇਸ ਧਰਤੀ ਦੇ ਖੇਤਾਂ, ਫੁੱਲਾਂ ਤੇ ਹਰਿਆਵਲ ਦਾ ਆਪਣਾ ਹੀ ਮਜ਼ਾ ਸੀ।..ਖੇਤਾਂ ਵਿਚ ਅਨੇਕਾਂ ਗਾਈਆਂ ਚਰ ਰਹੀਆਂ ਸਨ।..ਉਹਨਾਂ ਦੇ ਲੇਵੇ ਦੁੱਧ ਨਾਲ ਆਕੜੇ ਹੋਏ ਸਨ ਤੇ ਦੁੱਧ ਦੇ ਤੁਪਕੇ ਧਰਤੀ 'ਤੇ ਗਿਰ ਰਹੇ ਸਨ।"

"ਕੁਵੈਤ ਵਿਚ ਮਾਲਦੀਵ ਵਾਂਗ ਇਸਲਾਮ ਤੋਂ ਬਿਨਾਂ ਕਿਸੇ ਹੋਰ ਧਰਮ ਦੀ ਪਾਲਣਾ ਤੇ ਸ਼ਰਾਬ ਦਾ ਸੇਵਨ ਸਖਤ ਮਨ੍ਹਾ ਹੈ।..ਕੁਵੈਤ ਵਿਚ ਪੈਟਰੋਲ ਦੇ ਸਾਗਰ ਰੂਪੀ ਖੂਹ ਹਨ।ਇੱਥੋਂ ਦੁਨੀਆਂ ਭਰ ਨੂੰ ਪੈਟਰੋਲ ਜਾਂਦਾ ਹੈ ਤੇ ਸਾਰੀ ਦੁਨੀਆਂ ਤੋਂ ਪੈਸਾ ਆਉਂਦਾ ਹੈ। ਮਾਲਕਾਂ ਦੇ ਘਰ ਏਅਰ ਕੰਡੀਸ਼ਨਡ ਹਨ ਤੇ ਕਾਰਾਂ ਦੇ ਰਿੰਮ ਗੋਲਡਨ ਤੇ ਕੱਪ ਸੋਨੇ ਦੇ।ਅੰਨ੍ਹਾਂ ਪੈਸਾ!..ਮੈਂ ਬਹੁਤ ਰੇਤਾ ਵੇਖਿਆ ਹੈ।..ਪਰ ਪਾਣੀ ਦੀ ਘਾਟ ਤੋਂ ਪੈਦਾ ਹੋਏ ਤਰਲੇ ਕੁਵੈਤ ਵਿਚ ਹੀ ਵੇਖਣ ਨੂੰ ਮਿਲੇ।..ਪੌਦੇ ਇਵੇਂ ਜਿਵੇਂ ਪਾਣੀ ਲਈ ਸਹਿਕ ਰਹੇ ਹੋਣ।ਤੋਬਾ!"

"ਜਰਮਨੀ ਵਿਚ ਮੇਰੀ ਦਿਲਚਸਪੀ ਮੇਰੇ ਹਮਜਮਾਤੀ ਮਾਮੇ ਸਵਰਨ ਸਿੰਘ ਭੰਗੂ ਕਾਰਨ ਹੈ।..ਹੈਮਬਰਗ ਜਰਮਨੀ ਦਾ ਪ੍ਰਸਿੱਧ ਸ਼ਹਿਰ ਹੈ।..ਪੈਦਲ ਤੁਰਨ ਵਾਲਿਆਂ ਦੇ ਰਾਹ ਵੱਖਰੇ ਹਨ।..ਪੈਦਲ ਤੁਰ ਰਿਹਾ ਬੰਦਾ ਰੱਬ ਹੈ। ਉਸ ਨੂੰ ਝਰੀਟ ਵੀ ਲੱਗ ਜਾਵੇ ਤੂਫਾਨ ਖੜ੍ਹਾ ਕਰ ਸਕਦਾ ਹੈ। ਸਾਈਕਲ ਵਾਲਾ ਛੋਟਾ ਰੱਬ।..ਜਰਮਨ ਲੋਕ ਤੁਰ ਫਿਰ ਕੇ ਮੇਲਾ ਦੇਖਣ ਦੇ ਸ਼ੌਕੀਨ ਹਨ।..ਯੂਰਪੀ ਜੀਵਨ ਵਿਚ ਗੁਆਂਢੀ ਹੁੰਦੇ ਹੀ ਨਹੀਂ।.. ਸਵਰਨ ਮਾਮੇ ਦਾ ਛੋਟਾ ਪੁੱਤਰ ਪਿੰਕੂ ਆਉਣ ਵਾਲੀ ਪੀੜ੍ਹੀ ਦਾ ਪ੍ਰਤੀਨਿਧ

ਹੈ।..ਉਸ ਨੂੰ ਜਰਮਨ ਮਾਂ ਮਿਲਣ ਦੀ ਕੋਈ ਖੁਸ਼ੀ ਨਹੀਂ ਸੀ। ਜਿਹੜੀ ਮਾਂ ਦੀ ਬੋਲੀ ਸਮਝ ਨਾ ਆਵੇ ਉਹ ਕਿਹੋ ਜਿਹੀ ਮਾਂ ਹੋ ਸਕਦੀ ਸੀ? ਪਿੰਕੂ ਦੀ ਮਾਂ ਬੋਲੀ ਪੰਜਾਬੀ ਸੀ ਤੇ ਐਂਡਰੀਆ ਦੀ ਜਰਮਨ।..ਪਿੰਕੂ ਕੋਲ ਹਵਾ ਤਾਂ ਸੀ, ਮਿੱਟੀ ਉੱਕਾ ਹੀ ਨਹੀਂ।"

"ਬੀ.ਸੀ. ਵਾਲਾ ਰਵਿੰਦਰ ਰਵੀ ਮੇਰੇ ਵਾਂਗ ਹੀ ਸਹਿਜੇ ਸਹਿਜੇ ਬੁਢਾਪੇ ਵੱਲ ਵਧ ਰਿਹਾ ਸੀ।..ਉਹ ਟੈਰੇਸ ਰਹਿੰਦਾ ਹੈ..ਤੇ ਵੈਨਕੂਵਰ ਤਕ ਪੈਰ ਪਸਾਰੇ ਹੋਏ ਹਨ.. ਰਵਿੰਦਰ ਰਵੀ ਉੱਥੋਂ ਤਕ ਕਾਰ ਚਲਾਉਂਦਾ ਗਿਆ ਜਿੱਥੇ ਤਕ ਸੜਕ ਜਾਂਦੀ ਸੀ।..ਇੱਥੇ ਜਾ ਕੇ ਰਵੀ ਦੀ ਘਰ ਵਾਲੀ ਨੇ ਪੱਲੇ ਬੰਨ੍ਹੀਆਂ ਪਰਾਉਂਠੀਆਂ ਅੰਬ ਦੇ ਅਚਾਰ ਨਾਲ ਵਰਤਾਈਆਂ। ਪਰਾਉਂਠੀਆਂ ਨਾਨ ਵਰਗੀਆਂ ਸੁਆਦੀ ਸਨ ਤੇ ਅੰਬ ਦੀ ਗੁੱਠਲੀ ਮੁਰਗੇ ਦੀ ਲੱਤ ਵਰਗੀ।.."

"ਬੂਟਾ ਸਿੰਘ ਨੇ ਦੱਸਿਆ ਕਿ ਜਦ ਉਹ ਆਪਣੀ ਮਾਂ ਨਾਲ ਇੱਥੇ ਆਇਆ ਸੀ ਤਾਂ..ਉਹ ਸ਼ਹਿਰ ਦੇ ਇਕ ਹਲਵਾਈ ਨਾਲ ਲੱਡੂ, ਜਲੇਬੀਆਂ, ਬਰਫ਼ੀ ਤੇ ਪਿੰਨੀਆਂ ਬਣਾਉਣ ਲੱਗਿਆ।ਦੋ ਕੁ ਸਾਲ ਵਿਚ ਉਸ ਨੂੰ ਹਰ ਤਰ੍ਹਾਂ ਦੀ ਮਠਿਆਈ ਬਣਾਉਣ ਦਾ ਵੱਲ ਆ ਗਿਆ।.. ਬੂਟੇ ਹਲਵਾਈ ਦਾ ਕੰਮ ਜ਼ੋਰਾਂ 'ਤੇ ਹੈ।..ਉਸ ਨੇ ਵੱਡੀ ਸੜਕ ਦੇ ਕੰਢੇ ਦਸ ਏਕੜ ਦਾ ਇਕ ਫਾਰਮ ਹਾਊਸ ਖਰੀਦ ਲਿਆ ਸੀ..ਫਰੈਜ਼ਨੋ ਵਿਚ ਅਨਾਜੀ ਫਸਲਾਂ ਨਾਲੋਂ ਬਾਗ਼ਬਾਨੀ ਵੱਲ ਵਧੇਰੇ ਧਿਆਨ ਦਿੱਤਾ ਜਾਂਦਾ ਹੈ।..ਚਰਨਜੀਤ ਬਾਠ ਆਧੁਨਿਕ ਜ਼ਿਮੀਂਦਾਰ ਹੈ ਤੇ ਉਸ ਦੀ ਖੇਤੀ ਵਿਗਿਆਨਕ।..ਸ਼ੁਰੂ ਸ਼ੁਰੂ ਵਿਚ ਫਰੈਜ਼ਨੋ ਦੇ ਬਾਗ਼ਾਂ ਵਿਚੋਂ ਅੰਗੂਰ ਤੋੜਦਿਆਂ ਤੇ ਸਾਂਭਦਿਆਂ ਉਸ ਨੇ ਪੰਜਾਂ ਸਾਲਾਂ ਵਿਚ ਹੀ ਉੱਥੋਂ ਦੇ ਸਾਰੇ ਗੁਰ ਸਿੱਖ ਲਏ ਤੇ ਅੰਗੂਰਾਂ ਦਾ ਕਾਸ਼ਤਕਾਰ ਬਣ ਗਿਆ।...ਉਸ ਦੇ ਮਿਲਾਪੜੇ ਸੁਭਾਉ ਦੀ ਵੱਡੀ ਖ਼ੂਬੀ ਉਸ ਦੇ ਅੰਦਰ ਦਾ ਨਿੱਘ ਹੈ ਜਿਸ ਨੇ ਇਸ ਤਰ੍ਹਾਂ ਲਿਆ ਕੇ ਵਸਾਏ ਕਿਸੇ ਸੱਜਣ ਰਿਸ਼ਤੇਦਾਰ ਨੂੰ ਆਪਣੇ ਨਾਲੋਂ ਟੁੱਟਣ ਨਹੀਂ ਦਿੱਤਾ।...ਪਿਛਲਾ ਸ਼ਬਦ ਬੋਲ ਉਹ (ਐਲ ਏ ਦੀ ਗੋਰੀ) ਖੁੱਲ੍ਹ ਕੇ ਹੱਸੀ। ਖੁੱਲ੍ਹਾ-ਡੁੱਲ੍ਹਾ ਚਰ੍ਹੀਆਂ ਵਰਗਾ ਹਾਸਾ! ਪੰਜਾਬੀਆਂ ਵਾਲਾ।..ਉਸ ਦੀ ਮਾਂ ਦਾ ਨਾਨਾ ਪੰਜਾਬੀ ਸੀ।.. ਉਸ ਦੀ ਨਾਨੀ ਹੁਣ ਸਿੱਖਾਂ ਬਾਰੇ ਪਹਿਲਾਂ ਵਾਲੇ ਉਤਸ਼ਾਹ ਨਾਲ ਗੱਲ ਨਹੀਂ ਸੀ ਕਰਦੀ। ਐਲ ਸੈਂਟਰੋ ਦੇ ਸਿੱਖ ਗੁਰਦੁਆਰਿਆਂ ਪਿੱਛੇ ਲੜਨ ਲੱਗ ਪਏ ਸਨ।"

ਇਕ ਸਫਲ ਕਾਲਮ ਨਵੀਸ ਵਜੋਂ ਗੁਲਜ਼ਾਰ ਸਿੰਘ ਸੰਧੂ ਪੰਜਾਬੀ ਦਾ ਖੁਸ਼ਵੰਤ ਸਿੰਘ ਹੈ, ਬਤੌਰ ਸੰਪਾਦਕ 'ਪੰਜਾਬੀ ਟ੍ਰਿਬਿਊਨ' ਨੂੰ ਆਪਣੇ ਪੈਰਾਂ ਉੱਤੇ ਖੜ੍ਹਨਾ ਸਿਖਾਉਣ ਵਾਲਾ ਪ੍ਰੌਢ ਪੱਤਰਕਾਰ ਅਤੇ 'ਦੇਸ਼ ਸੇਵਕ' ਦਾ ਮੋਢੀ ਸੰਪਾਦਕ। ਰੈੱਡ ਕਰਾਸ ਦੇ ਸਕੱਤਰ ਅਤੇ ਪੰਜਾਬੀ ਯੂਨੀਵਰਸਿਟੀ ਦੇ ਪੱਤਰਕਾਰੀ ਵਿਭਾਗ ਦੇ ਮੁਖੀ ਵਜੋਂ ਵੀ ਇਸ ਵਿਦਵਾਨ ਹਸਤੀ ਦੀਆਂ ਪ੍ਰਾਪਤੀਆਂ ਗੌਲਣਯੋਗ ਹਨ। ਦਸ ਸਾਲ ਦਾ ਲਾਰਾ ਲਾ ਕੇ ਤੇ ਸੈਂਟਰ ਸਰਕਾਰ ਦੀ ਸਰਵਿਸ ਛੁਡਵਾ ਕੇ ਲੇਖਕ ਨੂੰ 'ਪੰਜਾਬੀ ਟ੍ਰਿਬਿਊਨ' ਵਿਚ ਸੰਪਾਦਕ ਵਜੋਂ ਕਿਵੇਂ ਲਿਆਂਦਾ ਗਿਆ ਪਰ ਤਿੰਨ ਕੁ ਸਾਲਾਂ ਬਾਅਦ ਇਹ ਅਹੁਦਾ ਕਿਉਂ ਛੱਡਣਾ ਪਿਆ। 'ਦੇਸ਼ ਸੇਵਕ' ਵਿਚ ਨਿਭਾਈ ਲਗ ਪਗ ਔਨਰੇਰੀ ਸੇਵਾ ਵਰਗੀ ਐਡੀਟਰੀ ਕਿਉਂ ਲੇਖਕ ਲਈ ਅੰਤਾਂ ਦੀ ਮਾਣਯੋਗ ਹੈ। ਇੰਝ ਪਾਠਕ ਦੇ ਸਨਮੁੱਖ ਬੜੀ ਅਪਣੱਤ ਨਾਲ ਕੀਤੀਆਂ ਅਜਿਹੀਆਂ ਖੁੱਲ੍ਹੀਆਂ ਤੇ ਭਾਵਪੂਰਤ ਗੱਲਾਂ ਸਮੇਤ ਹੋਰ ਵੀ ਬੜੇ ਦਿਲਚਸਪ ਟੋਟਕੇ ਸੁਣਾਉਂਦੀ ਇਸ ਪੁਸਤਕ ਵਿਚ ਬਹੁਤ ਕੁਝ ਹੈ, ਜਿਸ ਦਾ ਅਸਲੀ ਲੁਤਫ਼ ਤਾਂ ਇਸ ਮੁੱਲਵਾਨ ਜੀਵਨ ਗਾਥਾ ਨੂੰ ਆਪ ਪੜ੍ਹ ਕੇ ਹੀ ਉਠਾਇਆ ਜਾ ਸਕਦਾ ਹੈ।00

***(avtarsinghbilling@gmail.com)***





## ਬੰਜਰ ਧਰਤੀ (ਨਾਵਲ) ਬਲਬੀਰ ਪਰਵਾਨਾ

ਬਲਬੀਰ ਪਰਵਾਨਾ ਬਹੁ ਵਿਧਾਈ ਲੇਖਕ ਹੈ ਜਿਹੜਾ ਸਮਕਾਲੀ ਪੰਜਾਬੀ ਨਾਵਲ ਜਗਤ ਵਿਚ ਆਪਣੇ ਵੱਖਰੀ ਆਭਾ ਵਾਲੇ ਨਾਵਲਾਂ ਨਾਲ ਵਿਸ਼ੇਸ਼ ਸਥਾਨ ਰੱਖਦਾ ਹੈ। ਹੱਥਲੇ ਨਾਵਲ 'ਬੰਜਰ ਧਰਤੀ' ਸਮੇਤ ਉਹ ਨੌਂ ਨਾਵਲਾਂ ਦਾ ਰਚੇਤਾ ਬਣ ਗਿਆ ਹੈ। ਉਸਦੇ ਨਾਵਲਾਂ ਦਾ ਵਿਸ਼ੇਗਤ ਤਾਣਾ-ਬਾਣਾ ਪੂੰਜੀਵਾਦੀ ਚਕਾਚੌਂਧ ਤੇ ਕਾਰਪੋਰੇਟ ਵਰਤਾਰੇ ਦੀ ਮਾਰ ਸਹਿ ਰਹੇ ਸਮਾਜ ਦੇ ਵੱਖ-ਵੱਖ ਵਰਗ ਅਤੇ ਇਸਦੇ ਵਿਰੋਧ ਵਿਚ ਲੱਗੀਆਂ ਖੱਬੀਆਂ ਧਿਰਾਂ ਦੀਆਂ ਵਿਚਾਰਧਾਰਕ ਖੂਬੀਆਂ ਤੇ ਕਮੀਆਂ ਦੁਆਲੇ ਬੁਣਿਆ ਹੁੰਦਾ ਹੈ। ਇਹ ਵਰਤਾਰਾ ਇੰਨਾ ਬਹੁਪਰਤੀ ਹੈ ਕਿ ਅਨੇਕਾਂ ਰਚਨਾਵਾਂ ਰਚੀਆਂ ਜਾਣ ਦੇ ਬਾਵਜੂਦ ਕਿਸੇ ਨਾ ਕਿਸੇ ਪੱਖ ਤੋਂ ਅਣਛੋਹਿਆ ਰਹਿ ਜਾਂਦਾ ਹੈ। ਹੱਥਲਾ ਨਾਵਲ ਇਸੇ ਵਰਤਾਰੇ ਕਾਰਨ ਅਣਦਿਸਦਾ ਦੁਖਾਂਤ ਭੋਗ ਰਹੇ ਨੌਜਵਾਨ ਵਰਗ ਦੀਆਂ ਅਕਾਂਖਿਆਵਾਂ ਪਿੱਛੇ ਕਾਰਜਸ਼ੀਲ ਪੂੰਜੀਵਾਦ ਦੇ ਚਿਹਰੇ ਨੂੰ ਨੰਗਾ ਕਰਦਾ ਹੈ।

ਇਸ ਦੌਰ ਦਾ ਸਭ ਤੋਂ ਅਹਿਮ ਲੱਛਣ ਭੁਲਾਂਦਰਾ ਹੈ। ਇਹ ਦੌਰ ਮਨੁੱਖ ਤੇ ਸਮਾਜ ਦੇ ਵਿਕਾਸ ਦਾ ਭੁਲਾਂਦਰਾ ਸਿਰਜ ਕੇ ਅਸਲ ਵਿਚ ਉਸਨੂੰ ਅਣਦਿਸਦੀ ਤਬਾਹੀ ਵੱਲ ਧੱਕ ਰਿਹਾ ਹੈ। ਨਾਵਲ ਵਿਚ ਪੂੰਜੀਵਾਦ ਦੇ ਇਸ ਭੁਲਾਂਦਰੇ ਦੀ ਅਨੇਕਾਂ ਥਾਂ ਪੇਸ਼ਕਾਰੀ ਹੋਈ ਮਿਲਦੀ ਹੈ। ਨਸ਼ੇ ਦੇ ਆਦੀ ਬਲਵੰਤ ਤੇ ਉਸ ਵਰਗੇ ਹੋਰ ਨੌਜਵਾਨ ਅਜਿਹਾ ਹੀ ਭੁਲਾਂਦਰਾ ਸਿਰਜਣ ਲਈ ਜਿੰਮ ਵਿਚ ਜਾਂਦੇ ਹਨ। ਪਿੰਡ ਦੇ ਖੇਡ ਗਰਾਊਂਡ ਵਿਚ ਖੇਡਣ ਤੇ ਜਿੰਮ ਜਾਣ ਦੀ ਥਾਂ ਸ਼ਹਿਰਾਂ ਵਿਚ ਖੁੱਲ੍ਹੀਆਂ ਅਤਿ ਆਧੁਨਿਕ ਮਸ਼ੀਨਾਂ ਵਾਲੀਆਂ ਜਿੰਮਾਂ ਵਿਚ ਜਾਂਦੇ ਹਨ। ਇਹ ਇਕ ਤਰ੍ਹਾਂ ਦਾ ਉਲਟ ਮੇਲ ਜੋੜ ਹੈ। ਜਿੰਮ ਇਕ ਅਜਿਹਾ ਭੁਲਾਂਦਰਾ ਹੈ ਜਿਸ ਦੀ ਆੜ ਵਿਚ ਉਹ ਨਸ਼ੇ ਤੇ ਹੋਰ ਅਨੈਤਿਕ ਕੰਮ ਕਰਦੇ ਹਨ। ਪੂੰਜੀਵਾਦ ਨੇ ਅਜਿਹੇ ਅਨੇਕਾਂ ਮੌਕੇ ਪੈਦਾ ਕੀਤੇ ਜਿਸ ਨਾਲ ਭੁਲਾਂਦਰਾ ਸਿਰਜ ਕੇ ਆਪਣੇ ਅਨੈਤਿਕ ਕੰਮਾਂ ਨੂੰ ਸਮਾਜ ਦੀ ਨਜ਼ਰ ਵਿਚ ਨੈਤਿਕ ਸਿੱਧ ਕੀਤਾ ਜਾ ਸਕੇ। ਪੀ.ਸੀ.ਓ., ਬਿਊਟੀ ਪਾਰਲਰ, ਬੌਡੀ ਮਸਾਜ ਸੈਂਟਰ ਆਦਿ ਅਨੇਕਾਂ ਕਿਸਮ ਦੇ ਭੁਲਾਂਦਰੇ ਹਨ ਜਿਨ੍ਹਾਂ ਦੀ ਆੜ ਵਿਚ ਦੋ ਨੰਬਰ ਦੇ ਕੰਮ ਕੀਤੇ ਜਾਂਦੇ ਹਨ।

ਨਾਵਲ ਦਾ ਇਕ ਹੋਰ ਪਾਸਾਰ ਸਿਆਸੀ ਪੱਖ ਤੋਂ ਆ ਰਹੇ ਨਿਘਾਰ ਨਾਲ ਜੁੜਿਆ ਹੋਇਆ ਹੈ। ਜੱਥੇਦਾਰ ਗੁਰਮੁਖ ਸਿੰਘ ਵਰਗੇ ਵਿਅਕਤੀ ਆਪਣੇ ਅਹੁਦਿਆਂ ਦੀ ਸਲਾਮਤੀ ਲਈ ਤਾਰੇ ਵਰਗੇ ਵਿਅਕਤੀਆਂ ਨੂੰ ਅਹੁਦਿਆਂ ਦਾ ਲਾਲਚ ਦੇ ਕੇ ਆਪਣੇ ਪਿਛਲੱਗ ਬਣਾਈ ਰੱਖਦੇ ਹਨ। ਆਪਣਾ ਸਵਾਰਥ ਪੂਰਾ ਹੋਣ ਉਪਰੰਤ ਉਹਨਾਂ ਨਾਲ ਕੋਈ ਸਰੋਕਾਰ ਨਹੀਂ ਰੱਖਦੇ। ਸਿਆਸਤ ਦੀ ਇਸ ਛਤਰੀ ਹੇਠ ਉਹ ਭ੍ਰਿਸ਼ਟ ਢੰਗਾਂ ਨਾਲ ਆਪਣਾ ਕਾਰੋਬਾਰ ਵਧਾਉਂਦੇ ਹਨ। ਪੂੰਜੀ ਵਿਚ ਹੋ ਰਿਹਾ ਵਾਧਾ ਸਿਆਸਤ ਦੀ ਭੁੱਖ ਵਧਾ ਦਿੰਦਾ ਹੈ। ਸਿਆਸੀ ਪਾਰਟੀਆਂ ਵਿਚ ਵੀ ਸੱਤਾ ਹਾਸਲ ਕਰਕੇ ਪੂੰਜੀ ਇਕੱਤਰ ਕਰਨ ਦੀ ਦੌੜ ਲੱਗੀ ਹੋਈ ਹੈ। ਉਹਨਾਂ ਦੇ ਅਜਿਹੇ ਨਕਸ਼ੇ ਕਦਮਾਂ 'ਤੇ ਚੱਲਦਿਆਂ ਪਿੰਡ ਪੱਧਰ ਦੀ ਰਾਜਨੀਤੀ ਵਿਚ ਵੀ ਭ੍ਰਿਸ਼ਟਾਚਾਰ ਵਧ ਰਿਹਾ ਹੈ। ਪਿੰਡਾਂ ਦੀ ਭਲਾਈ ਲਈ ਆਉਂਦੀਆਂ ਗਰਾਂਟਾਂ ਨੂੰ ਖੁਰਦ-ਬੁਰਦ ਕਰਨ ਵਾਲੇ ਪੰਚ ਸਰਪੰਚ ਇਹਨਾਂ ਹੀ ਸਿਆਸੀ ਪਾਰਟੀਆਂ ਦੇ ਹੱਥ ਠੋਕੇ ਹੁੰਦੇ ਹਨ। ਬਲਬੀਰ ਪਰਵਾਨਾ ਨੇ ਸਿਆਸਤ ਦੇ ਇਸ ਚਲਣ ਨੂੰ ਬਾਖੂਬੀ ਉਘਾੜਿਆ ਹੈ।

ਨੌਜਵਾਨ ਪੀੜ੍ਹੀ ਵਿਚ ਵਿਦੇਸ਼ ਜਾਣ ਦੀ ਵਧ ਰਹੀ ਲਲਕ ਕਿਰਤ ਤੋਂ ਬੇਮੁਖ ਹੋਣ ਨਾਲ ਅੰਤਰ ਸੰਬੰਧਤ ਹੈ। ਨੌਜਵਾਨ ਪੀੜ੍ਹੀ ਕਿਰਤ ਤੋਂ ਟੁੱਟ ਕੇ ਵਿਦੇਸ਼ੀ ਜੀਵਨ ਜਾਚ ਦੀ ਮੁਰੀਦ

ਬਣਨ ਵਿਚ ਹੀ ਆਪਣੀ ਵਡਿਆਈ ਸਮਝਦੀ ਹੈ। ਇਸਦੇ ਸਿੱਟੇ ਵਜੋਂ ਉਹਨਾਂ ਦੇ ਕੰਮਾਂ ਨੂੰ ਸਾਂਭਣ ਲਈ ਪੰਜਾਬ ਵਿਚ ਯੂ.ਪੀ., ਬਿਹਾਰ ਤੋਂ ਆਉਣ ਵਾਲੇ ਮਜ਼ਦੂਰਾਂ ਦੀ ਗਿਣਤੀ ਵਧਣ ਲੱਗ ਪਈ ਹੈ। ਕਿਰਤ ਤੋਂ ਵਿਹਲੀ ਹੋਈ ਨੌਜਵਾਨ ਪੀੜ੍ਹੀ ਨਸ਼ਿਆਂ ਤੇ ਹੋਰ ਦੈਹਿਕ ਰੁਚੀਆਂ ਵਿਚ ਖਚਿਤ ਹੋ ਰਹੀ ਹੈ। ਧੜਾ-ਧੜ ਖੁਲ੍ਹ ਰਹੇ ਆਈਲੈਟਸ ਸੈਂਟਰ ਅਤੇ ਸਟੱਡੀ ਵੀਜ਼ਾ ਲਗਵਾ ਕੇ ਬਾਹਰ ਜਾ ਰਿਹਾ ਨੌਜਵਾਨ ਵਰਗ ਅਸਲ ਵਿਚ ਇਹ ਵੀ ਪੂੰਜੀਵਾਦ ਦੇ ਭੁਲਾਂਦਰੇ ਦਾ ਹੀ ਸ਼ਿਕਾਰ ਹਨ। ਮੋਟੀਆਂ ਫੀਸਾਂ ਦੇ ਰੂਪ ਵਿਚ ਬਹੁਤ ਸਾਰਾ ਪੈਸਾ ਵਿਦੇਸ਼ਾਂ ਵਿਚ ਜਾ ਰਿਹਾ ਹੈ। ਬਰੇਨ ਦੇ ਨਾਲ-ਨਾਲ ਮਨੀ ਵੀ ਡਰੇਨ ਹੋ ਰਹੀ ਹੈ। ਵਿਦੇਸ਼ ਵਿਚ ਪੱਕਾ ਹੋਣ ਲਈ ਹਰ ਤਰ੍ਹਾਂ ਦੇ ਨੈਤਿਕ-ਅਨੈਤਿਕ ਢੰਗ ਤਰੀਕੇ ਵਰਤੇ ਜਾਣ ਲੱਗੇ ਹਨ। ਨਾਵਲ ਵਿਚੋਂ ਸਪਸ਼ਟ ਹੁੰਦਾ ਹੈ ਕਿ ਵਿਦੇਸ਼ ਜਾਣ ਲਈ ਬਲਜੀਤ ਦਾ ਵਿਆਹ ਉਸਦੇ ਸਕੇ ਚਾਚੇ ਸੱਤੇ ਨਾਲ ਕੀਤਾ ਜਾਂਦਾ ਹੈ ਜਿਹੜੀ ਕਿ ਅਸਲ ਵਿਚ ਉਸਦੀ ਹੀ ਔਲਾਦ ਹੈ। ਅਜਿਹੀਆਂ ਕਦਰਾਂ-ਕੀਮਤਾਂ ਵਾਲਾ ਸਮਾਜ ਸਥਿਰ ਨਹੀਂ ਰਹਿ ਸਕਦਾ। ਉਸ ਵਿਚ ਗੜਬੜੀ ਫੈਲਣੀ ਲਾਜ਼ਮੀ ਹੈ।

ਇਸ ਦੌਰ ਵਿਚ ਹਰ ਵਰਗ ਦੀ ਔਰਤ ਦੁਖਾਂਤ ਦੀ ਭਾਗੀ ਬਣਦੀ ਹੈ। ਵਿਸ਼ਵੀਕਰਨ ਨੇ ਔਰਤ ਨੂੰ ਸੁਤੰਤਰਤਾ ਦਾ ਭੁਲਾਂਦਰਾ ਸਿਰਜ ਕੇ ਉਸਦੀ ਗੁਲਾਮੀ ਅਤੇ ਸਰੀਰਕ ਲੁੱਟ ਲਈ ਰਾਹ ਪੱਧਰਾ ਕੀਤਾ ਹੈ। ਰੁਮਾਲੋ, ਸ਼ਰਨੋ ਅਤੇ ਪਦਮਾ ਦਲਿਤ ਔਰਤ ਦੀ ਲੁੱਟ ਦੀਆਂ ਪ੍ਰਤੀਕ ਬਣ ਕੇ ਉਭਰਦੀਆਂ ਹਨ ਜਿਨ੍ਹਾਂ ਨੂੰ ਤੇਜਿੰਦਰਪਾਲ ਅਤੇ ਬਲਵੰਤ ਵਰਗੇ ਆਪਣੀਆਂ ਕਠਪੁਤਲੀਆਂ ਵਾਂਗ ਵਰਤਦੇ ਹਨ। ਦੂਜੇ ਪਾਸੇ ਬਲਜੀਤ, ਰਾਜਬੀਰ ਵਰਗੀਆਂ ਹਨ ਜਿਹੜੀਆਂ ਆਪਣੇ ਸਵਾਰਥ ਕਾਰਨ ਵੱਧ ਤੋਂ ਵੱਧ ਸੰਬੰਧ ਬਣਾਉਣ ਵੱਲ ਰੁਚਿਤ ਰਹਿੰਦੀਆਂ ਹਨ। ਇਸ ਦੌਰ ਨੇ ਔਰਤ ਨੂੰ ਚੇਤਨਾ ਵੀ ਦਿੱਤੀ ਹੈ। ਚੰਗੇ-ਬੁਰੇ ਦੀ ਪਛਾਣ ਦੀ ਸੋਝੀ ਕਰਵਾਈ ਹੈ। ਲਵਲੀਨ ਤੇ ਸਵੀਟੀ ਅਜਿਹੀ ਹੀ ਚੇਤਨਾ ਵਾਲੀਆਂ ਹਨ। ਲਵਲੀਨ ਬਲਵੰਤ ਵੱਲੋਂ ਵਸਤੂ ਵਾਂਗ ਵਰਤੇ ਜਾਣ ਦੀ ਥਾਂ ਵਿਆਹ ਬੰਧਨ ਵਿਚ ਬੱਝ ਕੇ ਸਥਿਰਤਾ ਚਾਹੁੰਦੀ ਹੈ। ਸਥਿਰਤਾ ਨਾ ਮਿਲਣ ਕਾਰਨ ਉਹ ਬਲਵੰਤ ਤੋਂ ਦੂਰ ਹੋ ਜਾਂਦੀ ਹੈ। ਬਲਵੰਤ ਉਸਨੂੰ ਸੰਬੰਧਾਂ ਦਾ ਡਰਾਵਾ ਕੇ ਦੁਬਾਰਾ ਕਾਬੂ ਕਰਨਾ ਚਾਹੁੰਦਾ ਹੈ ਪਰ ਉਸਦਾ ਇਹ ਆਖਣਾ ਕਿ, "ਮੈਂ ਡਰ ਡਰ ਕੇ ਕਦੀ ਨਹੀਂ ਜੀਵੀ" ਉਸਦੀ ਨਵੀਨ ਚੇਤਨਾ ਦਾ ਪ੍ਰਮਾਣ ਹੈ। ਬਲਵੰਤ ਦੇ ਘਰੇ ਕੰਮ ਕਰਦੀ ਸਵੀਟੀ ਵੀ ਇਸ ਸਮਰਪਣ ਤੋਂ ਇਨਕਾਰੀ ਹੋ ਜਾਂਦੀ ਹੈ। ਉਸਦਾ ਇਹ ਕਹਿਣਾ:"ਮੈਂ ਰਾਜੀ ਨੀ, ਜਿਹੜੀ ਮੁਕਲਾਵੇ ਆਈਆਂ ਵਾਂਗ ਨਿਖਰ-ਨਿਖਰ ਕੇ ਆਉਂਦੀ ਐ...ਨਾ ਆਪ ਨੂੰ ਸ਼ਰਮ, ਨਾ ਘਰਦਿਆਂ ਨੂੰ...ਨਾ ਤੁਹਾਡੀ ਬਲਜੀਤ ਵਰਗੀ ਹਾਂ, ਜਿਸਨੇ ਨਾ ਡਰਾਇਵਰ ਛੱਡਿਆ, ਨਾ ਕੋਈ ਪੁਲਸੀਆ..." ਵਸਤ ਵਾਂਗ ਵਰਤੇ ਜਾਣ ਤੋਂ ਇਨਕਾਰੀ ਹੋਣ ਦਾ ਪ੍ਰਮਾਣ ਹੈ। ਇਸ ਰਾਹੀਂ ਪਰਵਾਨਾ ਨੇ ਇਸ ਦੌਰ ਦੀ ਨਾਰੀ ਦੀ ਨਾਬਰੀ ਦਾ ਪ੍ਰਵਚਨ ਸਿਰਜਣ ਦਾ ਉਪਰਾਲਾ ਕੀਤਾ ਹੈ।

ਨਾਵਲ ਵਿਚ ਸਭ ਤੋਂ ਅਹਿਮ ਪਾਸਾਰ ਮਨੁੱਖ ਦੀਆਂ ਵਧਦੀਆਂ ਕਾਮੁਕ ਰੁਚੀਆਂ ਨਾਲ ਸੰਬੰਧਤ ਹੈ। ਸਮਾਜ ਤੇ ਸਭਿਆਚਾਰਕ ਵਿਗਿਆਨੀਆਂ ਨੇ ਸਮਾਜ ਤੇ ਸਭਿਆਚਾਰ ਦੀ ਸ਼ੁੱਧਤਾ, ਬਿਹਤਰੀ ਤੇ ਸਾਵੇਂ ਵਿਕਾਸ ਲਈ ਨਿਯਮਾਂ ਦੇ ਰੂਪ ਵਿਚ ਕੁਝ ਹੱਦਬੰਦੀਆਂ ਤਹਿ ਕੀਤੀਆਂ ਸਨ ਜਿਨ੍ਹਾਂ ਨੂੰ ਟੈਬੂ (Tabu) ਕਿਹਾ ਜਾਂਦਾ ਹੈ। ਕੁਝ ਟੈਬੂ ਕਾਮੁਕ ਸੰਬੰਧਾਂ ਬਾਰੇ ਵੀ ਹਨ। ਪਿਛਲੇ ਕੁਝ ਦਹਾਕਿਆਂ ਤੋਂ ਸਮਾਜ ਵਿਚ ਫੈਲ ਰਹੀ ਅਫ਼ਰਾ-ਤਫ਼ਰੀ ਵਿਚੋਂ ਸਪੱਸ਼ਟ ਹੁੰਦਾ ਹੈ ਕਿ ਇਹ ਟੈਬੂ ਟੁੱਟ ਰਹੇ ਹਨ। ਨਾਵਲ ਵਿਚ ਬਲਵੰਤ ਤੇ ਰਾਜੀ ਦੇ ਸੰਬੰਧ ਅਜਿਹੇ ਹੀ ਹਨ। ਸਮਾਜ ਤੇ ਘਰ ਦਿਆਂ ਦੀ ਨਜ਼ਰ ਵਿਚ ਭੈਣ ਭਰਾ ਦੇ ਰਿਸ਼ਤੇ ਦਾ ਕਵੱਚ ਪਾ ਕੇ ਰੱਖਦੇ ਹੋਏ ਉਹ ਇਕ ਦੂਜੇ ਨੂੰ ਭੋਗਦੇ, ਵਰਤਦੇ ਹਨ। ਪੂੰਜੀ ਦੀ ਚਮਕ ਵਿਅਕਤੀ ਨੂੰ ਕੁਝ ਵੀ ਹੋਰ ਨਹੀਂ ਦੇਖਣ ਦਿੰਦੀ। ਰਾਜੀ ਬਲਵੰਤ ਤੋਂ ਕਿਸੇ ਨਾ ਕਿਸੇ ਢੰਗ ਨਾਲ ਪੈਸੇ ਬਟੋਰਨ ਦੇ ਬਦਲੇ ਆਪਣੀ ਦੇਹ ਦੀ ਵਰਤੋਂ ਕਰਦੀ



ਹੈ। ਮਿੰਦੋ ਦੇ ਆਪਣੇ ਦਿਉਰ ਸੱਤੇ ਨਾਲ ਅਤੇ ਭਈਏ ਰਾਮੂ ਨਾਲ ਸੰਬੰਧਾਂ ਪਿੱਛੇ ਭਾਵੇਂ ਸਰੀਰਕ ਅਸੰਤੁਸ਼ਟੀ ਕੰਮ ਕਰਦੀ ਹੈ ਪਰ ਇਸ ਵਿਚ ਵੀ ਪੂੰਜੀ ਇਕ ਕਾਰਨ ਬਣਦੀ ਹੈ। ਰਾਮੂ ਮਿੰਦੋ ਦੀ ਸੰਤੁਸ਼ਟੀ ਕਰਵਾਉਣ ਬਦਲੇ ਉਸਤੋਂ ਪੈਸੇ ਮੰਗਦਾ ਰਹਿੰਦਾ ਹੈ।

ਨਾਵਲ ਦਾ ਸਮੁੱਚਾ ਬਿਰਤਾਂਤਕੀ ਸੰਗਠਨ ਬਹੁਤ ਸੰਘਣਾ ਹੈ। ਨਾਵਲਕਾਰ ਬਿਰਤਾਂਤਕਾਰ ਵਜੋਂ ਨਾਵਲ ਦੀ ਕਥਾ ਬਿਆਨ ਕਰਦਾ ਹੈ। ਇੱਕਾ ਦੁੱਕਾ ਥਾਵਾਂ 'ਤੇ ਗੈਰ ਬਿਰਤਾਂਤਕ ਅੰਸ਼ ਅਤੇ ਘਟਨਾਵਾਂ ਦੀ ਬਾਰੰਬਾਰਤਾ ਦੇਖਣ ਨੂੰ ਮਿਲਦੀ ਹੈ। ਜਿਵੇਂ ਅੱਠਵੇਂ ਕਾਂਡ ਵਿਚ ਚੱਲਦੀ ਕਥਾ ਨੂੰ ਰੋਕ ਕੇ ਭਈਆਂ ਬਾਰੇ ਬਿਰਤਾਂਤ ਦਿੱਤਾ ਗਿਆ ਹੈ। ਇਸੇ ਹੀ ਕਾਂਡ ਵਿਚ ਸੁਖਬੀਰ ਤੇ ਬਲਜੀਤ ਦੀ ਮੁਲਾਕਾਤ ਨੂੰ ਰੋਕ ਕੇ ਪਿੰਡ ਦੇ ਨੌਜਵਾਨਾਂ ਦੀ ਬਲਜੀਤ ਬਾਰੇ ਕਾਮੁਕ ਧਾਰਨਾ ਨੂੰ ਪੇਸ਼ ਕੀਤਾ ਗਿਆ ਹੈ। ਕੁੱਲ ਮਿਲਾ ਕੇ ਨਾਵਲ ਦਾ ਸੰਗਠਨ ਰੋਚਿਕ ਹੈ, ਪੜ੍ਹਨ ਸਮੇਂ ਪਾਠਕ ਉਕਤਾਉਂਦਾ ਨਹੀਂ। ਘਟਨਾਵਾਂ ਨਾਵਲ ਦੇ ਮੁਖ ਪਾਤਰਾਂ ਦੇ ਕਾਰਜਾਂ ਵਿਚੋਂ ਹੀ ਆਪਣੀ ਲਗਾਤਾਰਤਾ ਵਿਚ ਉਗੜਦੀਆਂ ਹਨ। ਨਾਵਲ ਦਾ ਸਿਰਲੇਖ ਦੋਹਰੇ ਅਰਥਾਂ ਦਾ ਧਾਰਨੀ ਹੈ। ਇਕ ਪਾਸੇ ਤਾਂ ਵਾਤਾਵਰਣਕ ਵਿਗਾੜ ਅਤੇ ਲੁੱਟ ਖਸੁੱਟ ਕਾਰਨ ਬੰਜਰ ਹੋ ਰਹੀ ਪੰਜਾਬ ਦੀ ਧਰਤੀ ਦੇ ਰੂਪ ਵਿਚ ਅਤੇ ਦੂਜੇ ਪਾਸੇ ਨਸ਼ਿਆਂ ਤੇ ਹੋਰ ਅਲਾਮਤਾਂ ਕਾਰਨ ਨਿਪੁੰਸਕਤਾ ਵੱਲ ਵਧ ਰਹੇ ਪੰਜਾਬ ਦੇ ਨੌਜਵਾਨਾਂ ਦੀ ਬਰਬਾਦੀ ਦਾ ਚਿਹਨ ਹੈ। ਦੋਨੋਂ ਪੱਖ ਪੰਜਾਬ ਲਈ ਖਤਰਨਾਕ ਹਨ।

ਉਕਤ ਵਿਸ਼ਾਗਤ ਪਾਸਾਰਾਂ ਤਹਿਤ ਬਲਬੀਰ ਪਰਵਾਨਾ ਪੂੰਜੀਵਾਦ ਦੇ ਕਾਰਪੋਰੇਟੀ ਵਰਤਾਰੇ ਨੂੰ ਇਸ ਨਾਵਲ ਵਿਚ ਮੁਖ ਦੋਸ਼ੀ ਧਿਰ ਵਜੋਂ ਉਭਾਰਦਾ ਹੈ। ਇਸ ਵਰਤਾਰੇ ਦਾ ਮੁਕਾਬਲਾ ਕਰਨ ਲਈ ਸਮਾਜ ਵਿਚ ਸੁੰਗੜ ਰਹੀ ਚੇਤਨਾ ਦੇ ਦੁਖਾਂਤ ਨੂੰ ਪਿੱਠ ਭੂਮੀ ਵਜੋਂ ਉਸਾਰਦਾ ਹੈ। ਚੇਤਨਾ ਦੀ ਇਸ ਅਣਹੋਂਦ ਨਾਲ ਪੂੰਜੀਵਾਦ ਦੀ ਉਮਰ ਹੋਰ ਲੰਬੀ ਹੁੰਦੀ ਜਾ ਰਹੀ ਹੈ ਤੇ ਨਿਮਨ ਵਰਗਾਂ ਦੀ ਲੁੱਟ ਹੋਰ ਵਧ ਰਹੀ ਹੈ।

**-ਹਰਿੰਦਰ ਸਿੰਘ**

## ਕਿਆਮਤ (ਨਾਵਲ) ਹਰਮਹਿੰਦਰ ਚਹਿਲ

ਹਰਮਹਿੰਦਰ ਚਹਿਲ ਅਮਰੀਕਾ ਵੱਸਦਾ ਪੰਜਾਬੀ ਗਲਪਕਾਰ ਹੈ। ਉਸਨੇ ਛੇ ਕਹਾਣੀ ਸੰਗ੍ਰਿਹ ਪੰਜਾਬੀ ਸਾਹਿਤ ਨੂੰ ਪ੍ਰਦਾਨ ਕੀਤੇ ਹਨ ਪਰ ਪੰਜਾਬੀ ਕਹਾਣੀ ਵਿਚ ਉਹ 'ਖੋਜ' ਵਰਗੀ ਕਹਾਣੀ ਨਾਲ ਯਾਦ ਕੀਤਾ ਜਾਂਦਾ ਹੈ। ਨਾਵਲ ਦੇ ਖੇਤਰ ਵਿਚ ਉਸਨੇ 'ਬਲੀ' ਅਤੇ 'ਹੋਣੀ' ਵਰਗੇ ਨਾਵਲ ਲਿਖ ਕੇ ਆਪਣੀ ਗਲਪੀ ਸਮਰੱਥਾ ਦਾ ਸਬੂਤ ਦਿੱਤਾ ਹੈ। ਇਹ ਨਾਵਲ ਪੰਜਾਬ ਸੰਕਟ ਨਾਲ ਭਿੱਜੀ ਸੰਵੇਦਨਾ ਦਾ ਪ੍ਰਗਟਾਵਾ ਕਰਦੇ ਹੋਏ ਪੰਜਾਬੀਆਂ ਦੇ ਨੌਵੇਂ ਦਹਾਕੇ ਦੀ ਪਰਵਾਸੀਕਰਨ ਦੀ ਪ੍ਰਕਿਰਿਆ ਦਾ ਭਲੀਭਾਂਤ ਬਿਰਤਾਂਤ ਸਿਰਜਦੇ ਹਨ। 'ਆਫੀਆ ਸਦੀਕੀ ਦਾ ਜੇਹਾਦ' ਅਤੇ 'ਭੰਵਰ' ਵਰਗੇ ਨਾਵਲਾਂ ਨਾਲ ਚਹਿਲ ਨੇ ਪੰਜਾਬੀ ਨਾਵਲ ਦਾ ਕੈਨਵਸ ਵੱਡਾ ਕੀਤਾ ਹੈ। ਲੇਖਕ ਕੋਲ ਸੂਚਨਾ ਅਤੇ ਗਿਆਨ ਦਾ ਵੱਡਾ ਭੰਡਾਰ ਹੈ ਜਿਸਨੂੰ ਨਾਵਲੀ ਬਿਰਤਾਂਤ ਵਿਚ ਢਾਲਣ ਦੀ ਪ੍ਰਤਿਭਾ ਵੀ ਹੈ। ਇਸੇ ਬਲਬੂਤੇ ਉਹ ਗਲੋਬਲੀ ਸਰੋਕਾਰਾਂ ਨੂੰ ਨਾਵਲੀ ਸੰਗਠਨ ਵਿਚ ਬੰਨ੍ਹਣ ਦਾ ਉਦਮ ਕਰ ਲੈਂਦਾ ਹੈ। ਇਸ ਉਦਮ ਨੂੰ ਉਸਨੇ ਵਿਚਾਰ ਅਧੀਨ ਨਾਵਲ 'ਕਿਆਮਤ' ( ਪੰਨੇ 143, ਮੁੱਲ 150 ਰੁਪਏ, ਸੰਗਮ ਪਬਲੀਕੇਸ਼ਨ, ਸਮਾਣਾ) ਦੀ ਸਿਰਜਣਾ ਨਾਲ ਮੁੜ ਪਾਠਕਾਂ ਅੱਗੇ ਪੇਸ਼ ਕੀਤਾ ਹੈ। ਇਕ ਤਰ੍ਹਾਂ ਨਾਲ ਕਿਆਮਤ ਨਾਵਲ ਚਹਿਲ ਦੇ ਪਹਿਲੇ ਨਾਵਲ 'ਆਫੀਆ ਸਦੀਕੀ ਦਾ ਜਿਹਾਦ' ਦਾ ਅਗਲਾ ਅਧਿਆਇ ਜਾਪਦਾ ਹੈ। 'ਆਫੀਆ ਸਦੀਕੀ ਦਾ ਜਿਹਾਦ' ਵਿਚ ਜਿੱਥੇ ਲੇਖਕ ਨੇ ਅਲ ਕਾਇਦਾ ਦੇ ਅਫਗਾਨਿਸਤਾਨ ਵਿਚ ਦਹਿਸ਼ਤੀ ਕਾਰਿਆਂ ਦਾ ਜ਼ਿਕਰ ਕਰਕੇ ਨੌਜਵਾਨਾਂ ਨੂੰ ਅੱਤਵਾਦੀ ਗਤੀਵਿਧੀਆਂ ਵਿਚ ਵਰਤਣ ਦੇ 'ਹਿਟਲਰਸ਼ਾਹੀ' ਕਾਰਨਾਮਿਆਂ ਦਾ ਰੌਚਕ ਵੇਰਵਾ ਦਿੱਤਾ ਹੈ, ਉੱਥੇ 'ਕਿਆਮਤ' ਨਾਵਲ ਦੀ ਬਿਰਤਾਂਤਕ ਲੋਕੇਲ ਇਰਾਕ ਅਤੇ ਸੀਰੀਆ ਦਾ ਇਲਾਕਾ ਹੈ, ਜਿੱਥੇ ਇਸਲਾਮਿਕ

ਪਾਠਕਾਂ ਅਤੇ ਆਲੋਚਕਾਂ ਦਾ ਧਿਆਨ ਖਿੱਚ ਚੁੱਕਿਆ ਹੈ। ਵਿਚਾਰਅਧੀਨ ਕਹਾਣੀ ਸੰਗ੍ਰਿਹ ਉਸਦੀ ਤੀਜੀ ਕਥਾ ਪੋਥੀ ਹੈ। ਇਸ ਪੁਸਤਕ ਵਿਚ ਲੇਖਕ ਦੀਆਂ ਨੌਂ ਕਹਾਣੀਆਂ ਦਰਜ ਹਨ ਜਿਨ੍ਹਾਂ ਨੂੰ ਪੜ੍ਹਦਿਆਂ ਜੀਉਣ ਦੇ ਸਮਾਂ ਸਾਪੇਖਕ ਮਸਲੇ ਸੱਚ ਅਤੇ ਬਾਕੀ ਸਭ ਕੁਝ ਝੂਠ ਸਿੱਧ ਕੀਤਾ ਗਿਆ ਹੈ। ਸਮਕਾਲੀ ਕਹਾਣੀ ਵੀ ਇਸੇ ਧਾਰਨਾ 'ਤੇ ਖੜ੍ਹੀ ਹੈ, ਜਿਸ ਵਿਚ ਸੱਚ ਉਹ ਹੈ ਜੋ ਮਨੁੱਖ ਨੂੰ ਸਥਿਤੀਆਂ ਪ੍ਰਦਾਨ ਕਰਦੀਆਂ ਹਨ। ਕੋਈ ਵੀ ਸੱਚ ਅੰਤਿਮ ਨਹੀਂ ਅਤੇ ਹਰ ਕਿਸੇ ਦਾ ਆਪਣਾ ਸੱਚ ਹੈ ਜੋ ਕਿ ਦੂਜੇ ਤੋਂ ਭਿੰਨ ਹੀ ਨਹੀਂ ਸਗੋਂ ਵਿਰੋਧੀ ਵੀ ਹੋ ਸਕਦਾ ਹੈ। ਸੱਚ ਦੀ ਇਹ ਬਹੁਵੰਨਤਾ ਹੀ ਸਮਕਾਲੀ ਕਹਾਣੀ ਨੂੰ ਸੰਵਾਦਮੁਖੀ ਬਣਾਉਂਦੀ ਹੈ।

ਜਤਿੰਦਰ ਹਾਂਸ ਦੀਆਂ ਇਸ ਪੁਸਤਕ ਵਿਚਲੀਆਂ ਕਹਾਣੀਆਂ ਅੰਦਰ ਸਹਿਜ ਸੁਭਾਵਕ ਦਿਸਦੇ ਸਮਾਜਕ ਵਰਤਾਰਿਆਂ ਪਿਛਲੇ ਸੱਚ ਨੂੰ ਖ਼ੂਬਸੂਰਤੀ ਨਾਲ ਰੂਪਮਾਨ ਕੀਤਾ ਮਿਲਦਾ ਹੈ। ਸਾਧਾਰਣ ਜੀਵਨ ਦੀ ਅਸਾਧਾਰਨਤਾ ਹੀ ਉਸਦੇ ਕਥਾ ਬਿੰਬਾਂ ਦਾ ਰਚਨਾ ਆਧਾਰ ਹੈ। ਲੇਖਕ ਆਪਣੀ ਦਿੱਬ ਦ੍ਰਿਸ਼ਟੀ ਨਾਲ ਸਮਾਜਕ ਬੇਤਰਤੀਬੀਆਂ ਨੂੰ ਪਛਾਨਣ ਅਤੇ ਇਨ੍ਹਾਂ ਨੂੰ ਢੁਕਵੇਂ ਕਲਾ ਬਿੰਬਾਂ ਵਿਚ ਪੇਸ਼ ਕਰਨ ਦੇ ਸਮਰੱਥ ਹੈ। ਇਹੀ ਉਸਦੀ ਕਥਾ ਵਿਸ਼ੇਸ਼ਤਾ ਹੈ। ਲੇਖਕ 'ਡ ਖਾਲੀ ਨਹੀਂ ਹੁੰਦਾ' ਕਹਾਣੀ ਵਿਚ ਜਿੰਦੂ ਨਾਂ ਦੇ ਸਰਕਾਰੀ ਸਕੂਲ ਦੇ ਗ਼ਰੀਬ ਵਿਦਿਆਰਥੀ ਦੀ ਕਾਬਲੀਅਤ ਨੂੰ ਪਛਾਣ ਕੇ ਸਿੱਖਿਆ ਪ੍ਰਬੰਧ ਦੇ ਰੋਜ਼ਮੱਰਾ ਤਰਕਹੀਣ ਅਭਿਆਸ 'ਤੇ ਪ੍ਰਸ਼ਨ ਚਿੰਨ੍ਹ ਖੜ੍ਹੇ ਕਰਦਾ ਹੈ। ਸਕੂਲ ਵਿਚ ਜਿੰਦੂ ਸ਼ਰਾਰਤੀ ਅਤੇ ਬੇਪਰਵਾਹ ਕਿਸਮ ਦਾ ਵਿਦਿਆਰਥੀ ਹੈ ਜਿਸਦੀ ਇਸੇ ਕਾਬਲੀਅਤ ਨੂੰ ਕਹਾਣੀ ਦਾ ਉੱਤਮ ਪੁਰਖੀ ਪਾਤਰ, ਜੋ ਕਿ ਸਰਕਾਰੀ ਸਕੂਲ ਦਾ ਆਦਰਸ਼ਕ ਅਧਿਆਪਕ ਹੈ, ਰਵਾਇਤੀ ਪੜ੍ਹਾਈ ਦੀ ਥਾਂ ਨਾਟਕੀ ਗਤੀਵਿਧੀਆਂ ਵਿਚ ਭਾਗੀਦਾਰ ਬਣਾ ਕੇ ਉਸਦੀ ਪ੍ਰਤਿਭਾ ਨੂੰ ਤਰਾਸ਼ਦਾ ਹੈ। ਕਹਾਣੀ ਵਿਚ 'ਸਮਾਨਤਾ ਦਿਵਸ' ਇਕ ਵਿਅੰਗ ਭਰੇ ਮੋਟਿਫ਼ ਵਜੋਂ ਕਾਰਜਸ਼ੀਲ ਹੁੰਦਾ ਹੈ ਜਿਸ ਦੁਆਰਾ ਸਮਾਜਕ ਅਸਮਾਨਤਾ, ਸਿੱਖਿਆ ਦੀ ਅਸਮਾਨਤਾ ਅਤੇ ਅਧਿਆਪਕਾਂ ਦੀ ਅਸਮਾਨਤਾ ਜਿਹੇ ਕਰੂਰ ਵਰਤਾਰਿਆਂ ਨੂੰ ਪੇਸ਼ ਕੀਤਾ ਗਿਆ ਹੈ। ਪੁਸਤਕ ਦੀ ਇਹ ਕਹਾਣੀ ਵਿਦਿਆ ਪ੍ਰਬੰਧ ਦੇ ਸਦੀਆਂ ਤੋਂ ਤੁਰੇ ਆ ਰਹੇ ਖੜੋਤ ਭਰੇ ਵਰਤਾਰੇ ਨੂੰ ਭੇਦਦੀ ਹੋਈ ਅਨੇਕਾਂ ਮਸਲਿਆਂ ਨੂੰ ਸੰਬੋਧਤ ਹੁੰਦੀ ਹੈ। ਪੁਸਤਕ ਦੀਆਂ ਕੁਝ ਕਹਾਣੀਆਂ ਵਿਚ ਜਤਿੰਦਰ ਹਾਂਸ ਔਰਤ ਮਨ ਦੀਆਂ ਕੁੰਦਰਾਂ 'ਤੇ ਵੀ ਭਰਵੀਂ ਝਾਤ ਮਾਰਦਾ ਹੈ। ਸਮਕਾਲੀ ਕਹਾਣੀ ਦਾ ਇਕ ਪਾਸਾਰ ਪਾਰ ਜੈਂਡਰ ਕਥਾ ਦ੍ਰਿਸ਼ਟੀ ਹੈ ਜਿਸ ਤਹਿਤ ਮਰਦ ਕਥਾਕਾਰਾਂ ਵੱਲੋਂ ਨਾਰੀ ਦ੍ਰਿਸ਼ਟੀ ਤੋਂ ਉੱਤਮ ਕਹਾਣੀਆਂ ਦੀ ਸਿਰਜਣਾ ਕੀਤੀ ਗਈ ਹੈ। ਹਾਂਸ ਇਸ ਪੱਖੋਂ ਵਿਸ਼ੇਸ਼ ਧਿਆਨ ਖਿੱਚਦਾ ਹੈ। ਇਸ ਸੰਗ੍ਰਿਹ ਦੀ ਕਹਾਣੀ 'ਲੁਤਰੋ' ਵਿਚ ਇਕ ਬਜ਼ੁਰਗ ਔਰਤ ਪਾਤਰ ਦੀ ਮਨੋਬਚਨੀ ਦੁਆਰਾ ਬਜ਼ੁਰਗਾਂ ਦੀ ਪਛਾਣ ਦੇ ਸੰਕਟ ਦੇ ਨਾਲ ਨਾਲ ਨਿਮਨ ਵਰਗੀ ਕੰਮਕਾਜੀ ਔਰਤਾਂ ਦੀ ਸੰਵੇਦਨਾ ਨੂੰ ਪੇਸ਼ ਕੀਤਾ ਗਿਆ ਹੈ। ਮੁੱਖ ਪਾਤਰ ਬਜ਼ੁਰਗ ਔਰਤ ਦਾ ਪੁੱਤਰ ਅਤੇ ਨੂੰਹ ਆਸਟਰੇਲੀਆ ਵਿਖੇ ਸੈਟਲ ਹਨ, ਪਰ ਉਹ ਇੱਥੇ ਆਪਣੀ ਇਕੱਲਤਾ ਨਾਲ ਜੂਝਦੀ ਹੈ। ਉਹ ਆਪਣੀ ਤਲਾਕਸ਼ੁਦਾ ਨੌਕਰਾਣੀ ਮੁੱਕੋ ਨਾਲ ਗੱਲਾਂਬਾਤਾਂ ਕਰਦੀ ਹੈ, ਜਿਸਦੇ ਲਈ ਜ਼ਿੰਦਗੀ ਹੱਸਣ ਖੇਡਣ ਅਤੇ ਬੇਪਰਵਾਹੀ ਵਾਲੀ ਮਨੋ ਸਥਿਤੀ ਦਾ ਦੂਜਾ ਨਾਮ ਹੈ। ਮੁੱਕੋ ਵਰਗੀ ਕਥਾ ਪਾਤਰ ਉਲੀਕਣਾ ਲੇਖਕ ਦੀ ਅਹਿਮ ਪ੍ਰਾਪਤੀ ਹੈ ਜੋ ਕਿ ਦਮਿਤ ਔਰਤਾਂ ਦੀ ਰਵਾਇਤੀ ਹਾਸ਼ੀਅਤ ਵਾਲੀ ਰੋਣ ਧੋਣ ਦੀ ਪੇਸ਼ਕਾਰੀ ਤੋਂ ਮੁਕਤ ਹੈ। ਇਹ ਕਹਾਣੀ ਔਰਤ ਦੀ ਬਿਖਮ ਅਤੇ ਵਿਰੋਧੀ ਸਥਿਤੀਆਂ ਵਿਚ ਵੀ ਖੁੱਲ੍ਹ ਕੇ ਜੀਣ ਥੀਣ ਦੀ ਅਭਿਲਾਸ਼ਾ ਨੂੰ ਚਿਤਰਦੀ ਹੈ। ਮਰਦਾਵੀਂ ਸੱਤਾ ਵਾਲੀਆਂ ਸਮਾਜਕ ਬਣਤਰਾਂ ਵਿਚ ਅਜਿਹੀ ਹੋਣਾ ਹੀ ਨਾਬਰੀ ਹੈ। ਨਾਰੀ ਸੰਵੇਦਨਾ ਨਾਲ ਜੁੜੀ ਲੇਖਕ ਦੀ ਭਾਵਪੂਰਤ ਕਹਾਣੀ 'ਗਹਿਣਾ' ਹੈ, ਜਿਸ ਵਿਚ ਗਹਿਣਿਆਂ ਲਈ ਤਰਸੇਵਾਂ ਭੋਗਦੀ ਔਰਤ ਦੀ ਮਨੋ ਵੇਦਨਾ ਦਾ ਪ੍ਰਗਟਾਵਾ ਹੈ। ਮਨਬਚਨੀ ਵਿਚ ਪੇਸ਼ ਇਹ ਕਹਾਣੀ ਬਚਪਨ, ਜਵਾਨੀ ਅਤੇ ਬੁਢਾਪੇ ਵਿਚ ਔਰਤ ਦੀ ਹਾਸ਼ੀਅਤ ਸਥਿਤੀ ਦਾ



ਬਿਰਤਾਂਤ ਹੈ ਜਿਸਦੀ ਪੇਸ਼ਕਾਰੀ ਕਰਦਿਆਂ ਲੇਖਕ ਔਰਤ ਦੇ ਅਵਚੇਤਨ ਨੂੰ ਪਰਿਭਾਸ਼ਤ ਕਰਨ ਦਾ ਯਤਨ ਕਰਦਾ ਹੈ। ਪਿੱਤਰ ਸੱਤਾ ਦੀਆਂ ਅਣਦਿਸਦੀਆਂ ਗੁਲਾਮ ਬਣਤਰਾਂ ਵਿਚ ਔਰਤ ਦੀ ਸਥਿਤੀ ਨੂੰ ਯਥਾਯੋਗ ਰੱਖਣ ਲਈ ਮਰਦ ਖੇਮੇ ਵੱਲੋਂ ਘੜੇ ਗਏ ਅਨੇਕਾਂ ਬੋਲ ਵੀ ਕਹਾਣੀ ਵਿਚ ਉਭਰਦੇ ਹਨ, ਜਿਨ੍ਹਾਂ ਵਿਚ 'ਔਰਤ ਦਾ ਅਸਲੀ ਗਹਿਣਾ ਉਸਦਾ ਪਤੀ ਹੋਣਾ', 'ਔਰਤ ਦੀ ਇੱਜ਼ਤ ਹੀ ਉਸਦਾ ਗਹਿਣਾ ਹੋਣੀ' ਅਤੇ 'ਪਿਤਾ,ਪਤੀ ਅਤੇ ਪੁੱਤਰ ਹੀ ਉਸਦੀ ਪਛਾਣ ਹੋਣੇ' ਘੜੇ ਗਏ ਹਨ। ਕਹਾਣੀ ਵਿਚ ਉਤਮ ਪੁਰਖੀ ਔਰਤ ਪਾਤਰ ਦਾ ਘੜੀ ਮੁੜੀ 'ਬੂ ਕਹਿ ਕੇ ਨਿਕਲ ਜਾਵਾਂ' ਵਾਲਾ ਤਖੱਲਸ ਪੁਰਸ਼ ਪ੍ਰਧਾਨ ਸਮਾਜਕ ਪ੍ਰਬੰਧ ਵਿਚੋਂ ਬਾਹਰ ਨਿਕਲਣ ਦੀ ਮੋਨ ਹੋਈ ਤਮੰਨਾ ਦਾ ਇਕ ਚਿੰਨ੍ਹ ਹੈ। 'ਰਸ ਰੰਗ' ਕਹਾਣੀ ਵੀ ਔਰਤ ਦੀਆਂ ਦੇਹੀ ਅਤੇ ਮਾਨਸਿਕ ਲੋੜਾਂ ਦੀ ਕਹਾਣੀ ਹੈ। ਕਹਾਣੀ ਵਿਚ ਜੈਲੋ ਵਰਗੀ ਔਰਤ ਪਾਤਰ ਰਖੇਲ ਜਿਹੀ ਸਮਾਜਕ ਤੋਹਮਤ ਵਿਚੋਂ ਲੰਘਦੀ ਵੀ ਦਲੇਰ ਮਾਨਸਿਕਤਾ ਅਤੇ ਆਜ਼ਾਦ ਬਿਰਤੀ ਦਾ ਪ੍ਰਗਟਾਵਾ ਕਰਦੀ ਹੈ। ਇਸੇ ਦੇ ਸਮਾਨਅੰਤਰ ਵਿਆਹ ਸੰਸਥਾ ਵਿਚ ਬੱਝੀ ਅਮਨ ਆਪਣੇ ਪਤੀ ਦੇ 'ਠੰਡੇ' ਸੁਭਾਅ ਕਰਕੇ ਉਸ ਕੋਲੋਂ ਤਲਾਕ ਲੈ ਲੈਂਦੀ ਹੈ ਜਦ ਕਿ ਵਿਆਹ ਸੰਸਥਾ ਨੂੰ ਸਰੀਰਕ ਮਿਲਾਪ ਨਾਲੋਂ ਰੂਹਾਂ ਦੇ ਮਿਲਾਪ ਦਾ ਧਾਰਣੀ ਸਮਝਣ ਵਾਲਾ ਉਸਦਾ ਪਤੀ ਬੇਗਾਨਗੀ ਦੇ ਅਹਿਸਾਸ ਦਾ ਸ਼ਿਕਾਰ ਰਹਿੰਦਾ ਹੈ। ਇਹ ਬੇਗਾਨਗੀ ਪਰਿਵਾਰ ਤਕ ਫੈਲ ਜਾਂਦੀ ਹੈ ਜਿਸਨੂੰ ਖਤਮ ਕਰਨ ਲਈ ਉਸਦੇ ਪਿਤਾ ਦੀ ਰਖੇਲ ਜੈਲੋ ਹਿੰਮਤੀ ਕਦਮ ਚੁੱਕਦੀ ਹੈ। ਕਹਾਣੀ ਦਾ ਤੱਤਸਾਰ ਮਰਦ ਅਤੇ ਔਰਤ ਦੀ ਇਕ ਦੂਜੇ ਪ੍ਰਤੀ ਰਵਾਇਤੀ ਮਾਨਸਿਕਤਾ ਤੋਂ ਪਾਰ ਜਾਣ ਨਾਲ ਜੁੜਿਆ ਹੈ । ਕਹਾਣੀ ਵਿਚ ਅਨੇਕਾਂ ਮੁੱਦਿਆਂ 'ਤੇ ਔਰਤ ਤੇ ਮਰਦ ਵੱਖੋ ਵੱਖਰੇ ਗ੍ਰਿਹਾਂ ਦੇ ਵਸਨੀਕਾਂ ਵਾਂਗ ਵਿਹਾਰ ਕਰਦੇ ਪੇਸ਼ ਹੋਏ ਹਨ, ਜੋ ਕਿ ਯਥਾਰਥਕ ਤੌਰ 'ਤੇ ਵੀ ਪ੍ਰਮਾਣਿਕ ਹੈ। ਉਤਮ ਪੁਰਖੀ ਪਾਤਰ ਆਪਣੇ ਸੰਬੋਧਨ ਵਿਚ ਕਈ ਥਾਵਾਂ 'ਤੇ ਔਰਤ ਦੀ ਮਾਨਸਿਕਤਾ ਪੇਸ਼ ਕਰਦਾ ਬੋਲਦਾ ਹੈ,

*"ਅਸਲ 'ਚ ਤੀਵੀਂ ਤਾਂ ਬੰਦੇ ਅੰਦਰਲੇ ਸ਼ੈਤਾਨ ਨੂੰ ਪਿਆਰ ਕਰਦੀ ਹੈ।"*

*"ਊ ਤਾਂ ਤੀਮੀਂ ਦੇਵਤਾ ਭਾਲਦੀ ਆ ਪਰ ਪਿਆਰ ਮਰਦ ਅੰਦਰਲੇ ਰਾਖਸ਼ ਨੂੰ ਕਰਦੀ ਆ।"*

ਅਜਿਹੇ ਤੱਤ ਸਾਰ ਹੋਰ ਵੀ ਕਈ ਕਹਾਣੀਆਂ ਅੰਦਰ ਉਭਰਵੇਂ ਰੂਪ ਵਿਚ ਮਿਲਦੇ ਹਨ। 'ਅੱਧੇ ਸੌ ਦਾ ਨੋਟ 'ਕਹਾਣੀ ਵਿਚ ਪਰਵਾਸ ਹੰਢਾ ਰਹੀ ਬਜ਼ੁਰਗ ਔਰਤ ਦੀ ਮਨਬਚਨੀ ਪੇਸ਼ ਹੋਈ ਹੈ ਜੋ ਕਿ ਪਰਵਾਸੀ ਪੂੰਜੀ ਦੇ ਗਲੈਮਰ ਦੀ ਚਕਾਚੌਂਧ ਅਤੇ ਪੰਜਾਬ ਵਿਚ ਸਮਾਜਕ ਰੁਤਬੇ ਦੀ ਬਹਾਲੀ ਨੂੰ ਬਰਕਰਾਰ ਰੱਖਣ ਲਈ ਪਰਵਾਸੀ ਪੰਜਾਬੀਆਂ ਦੀ ਗੁਲਾਮੀ ਵੀ ਸਹਿੰਦੀ ਹੈ ਅਤੇ ਮਾਨਸਿਕ ਉਬਾਲ ਵੀ ਪੇਸ਼ ਕਰਦੀ ਹੈ। ਕਹਾਣੀ ਅੰਦਰ ਔਰਤ ਮਨ ਦੀ ਥਾਹ ਦੇ ਨਾਲ ਨਾਲ ਪੰਜਾਬੀ ਸਮਾਜ ਦੇ ਮੂਲਵਾਸੀ ਅਤੇ ਪਰਵਾਸੀ ਦ੍ਰਿਸ਼ ਖ਼ੂਬਸੂਰਤੀ ਨਾਲ ਪੇਸ਼ ਹੋਏ ਹਨ। ਬੁੱਢੇ ਦਰੱਖਤ ਜਦੋਂ ਆਪਣੇ ਦੇਸ਼ ਤੋਂ ਦੂਜੇ ਦੇਸ਼ ਵਿਚ ਜੜ੍ਹਾਂ ਲਾਉਣ ਦਾ ਤਰੱਦਦ ਕਰਦੇ ਹਨ ਤਾਂ ਉਨ੍ਹਾਂ ਨਾਲ ਜ਼ਿੰਦਗੀ ਦਾ ਤਣਾਅ, ਦਵੰਦ ਅਤੇ ਦੋਫਾੜ ਮਨੋਸਥਿਤੀ ਵਰਗੇ ਲੱਛਣ ਵੀ ਅੰਗ ਸੰਗ ਰਹਿੰਦੇ ਹਨ। ਕਥਾਕਾਰ ਇਨ੍ਹਾਂ ਤਣਾਵਾਂ ਨੂੰ ਔਰਤ ਦੇ ਨਜ਼ਰੀਏ ਤੋਂ ਪ੍ਰਸਤੁਤ ਕਰਕੇ ਪਰਵਾਸ ਅਤੇ ਆਵਾਸ ਵਿਚ ਝੂਲਦੀ ਪੰਜਾਬੀ ਮਨੋ ਵੇਦਨਾ ਨੂੰ ਪ੍ਰਸਤੁਤ ਕਰਦਾ ਹੈ। ਪਰਵਾਸੀ ਚੇਤਨਾ ਦਾ ਇਕ ਵੱਖਰਾ ਪਾਸਾਰ ਇਸ ਕਹਾਣੀ ਅੰਦਰ ਪੇਸ਼ ਹੋਇਆ ਹੈ। ਪੁਸਤਕ ਦੀ ਇਕ ਕਹਾਣੀ 'ਲਵ ਜੇਹਾਦ' ਵਿਚ ਮਧਵਰਗੀ ਔਰਤ ਦੇ ਬੇਔਲਾਦ ਹੋਣ ਅਤੇ ਪਰਿਵਾਰਕ ਤਾਹਨੇ ਮਿਹਣਿਆਂ ਕਰਕੇ ਜੀਵਨ ਤੋਂ ਉਪਰਾਮ ਹੋਣ ਦਾ ਪ੍ਰਵਚਨ ਹੈ। ਮੁੱਖ ਪਾਤਰਾ ਫੇਸਬੁੱਕੀ ਦੋਸਤ ਕਮਲ ਵਿਚੋਂ ਸੰਪੂਰਨ ਮਰਦ ਦੀ ਇੱਛਾ ਰੱਖਦੀ ਉਸਨੂੰ ਮਿਲਦੀ ਹੈ ਪਰ ਕਮਲ ਨਾਲ ਮਿਲਣ 'ਤੇ ਉਹ ਉਸਨੂੰ ਪਿਆਰ ਦੀ ਥਾਂ ਕਾਮ ਦਾ ਭੁੱਖਾ ਵਿਅਕਤੀ ਜਾਪਦਾ ਹੈ। 'ਲਵ' ਪ੍ਰਤੀ 'ਜੇਹਾਦ' ਦਾ ਇਹ ਰੂਪ ਕਹਾਣੀ ਅੰਦਰ ਤਣਾਅ ਦੇ ਰੂਪ ਵਿਚ ਪਸਰਿਆ ਹੋਇਆ ਹੈ। ਅਜਿਹੇ ਤਣਾਅ ਦਾ ਇਕ ਪਾਸਾਰ 'ਵਿਸ਼ਵ ਸੁੰਦਰੀ' ਕਹਾਣੀ

ਅੰਦਰ ਹੈ ਜਿੱਥੇ ਮਧਵਰਗੀ ਆਦਰਸ਼ ਵਿਚ ਲਿਪਟਿਆ ਅਧਿਆਪਕ ਪਾਤਰ 'ਦੁਨੀਆ' ਤੋਂ ਚੋਰੀ ਆਪਣੀ ਸੁੰਦਰ ਪ੍ਰੇਮਿਕਾ ਨਾਲ ਪਿਆਰ ਲੀਲ੍ਹਾ ਹੰਢਾਉਂਦਾ ਹੈ। ਕਹਾਣੀ ਵਿਚ ਰਾਜਬੀਰ ਨਾਂ ਦੀ ਪ੍ਰੇਮਿਕਾ ਅਤੇ ਪ੍ਰੇਮੀ ਅਧਿਆਪਕ ਦੀਆਂ ਮਨੋ ਤਰੰਗਾਂ ਇਕੋ ਵੇਲੇ ਹਾਜ਼ਰ ਨਾਜ਼ਰ ਰੱਖ ਕੇ ਲੇਖਕ ਨੇ ਕਲਾਤਮਿਕ ਰਚਨਾ ਪ੍ਰਸਤੁਤ ਕੀਤੀ ਹੈ। 'ਅੰਨ ਬ੍ਰਹਮ ਹੈ' ਕਹਾਣੀ ਵਿਚ ਲੇਖਕ ਨੇ ਆਰਥਿਕ ਅਸਮਾਨਤਾ ਭੋਗਦੇ ਨਿਮਨ ਵਰਗਾਂ ਦਾ ਮਨੋਵਿਗਿਆਨ ਪੇਸ਼ ਕਰਦਿਆਂ ਸਮਾਜਕ ਵਿਵਸਥਾ ਦੀਆਂ ਅਨੇਕਾਂ ਕਾਣਾਂ 'ਤੇ ਉਂਗਲ ਧਰੀ ਹੈ। ਕੁਲ ਮਿਲਾ ਕੇ ਜਤਿੰਦਰ ਹਾਂਸ ਦੀ ਇਹ ਪੁਸਤਕ ਸਮਕਾਲੀ ਕਹਾਣੀ ਅੰਦਰ ਉਸਦਾ ਅਹਿਮ ਮੁਕਾਮ ਬਣਾਉਣ ਦੇ ਸਮਰੱਥ ਹੈ। ਹਰ ਕਹਾਣੀਕਾਰ ਦੀ ਤੀਜੀ ਪੁਸਤਕ ਉਸਦੀ ਸਿਰਜਣਾ ਦਾ ਅਹਿਮ ਵਰਤਾਰਾ ਹੁੰਦੀ ਹੈ। ਇੱਥੇ ਪੁੱਜ ਕੇ ਸਾਧਾਰਣ ਲੇਖਕ ਜਾਂ ਤਾਂ ਦੁਹਰਾਅ ਹੰਢਾਉਂਦੇ ਹਨ ਜਾਂ ਸਿਰਜਣਾ ਦੇ ਸੋਮੇ ਸੁੱਕ ਜਾਂਦੇ ਹਨ। ਹਾਂਸ ਇਨ੍ਹਾਂ ਚੁਣੌਤੀਆਂ ਤੋਂ ਪਾਰ ਲੰਘ ਗਿਆ ਹੈ। ਪੁਸਤਕ ਲਈ ਜਤਿੰਦਰ ਹਾਂਸ ਨੂੰ ਸ਼ੁਭਕਾਮਨਾਵਾਂ। **-ਜੇ ਬੀ ਸੇਖੋਂ**

## ਚੜ੍ਹਦੇ ਸੂਰਜ ਦੀ ਲਾਲੀ (ਕਹਾਣੀ ਸੰਗ੍ਰਹਿ) ਮੁਖ਼ਤਿਆਰ ਸਿੰਘ

ਪਿਛਲੇ ਲਗਪਗ ਚਾਰ ਦਹਾਕਿਆਂ ਤੋਂ ਪੰਜਾਬੀ ਗਲਪ ਸਾਹਿਤ ਨੂੰ ਅੱਠ ਗਲਪ ਪੁਸਤਕਾਂ ਦੇਣ ਵਾਲਾ ਮੁਖ਼ਤਿਆਰ ਸਿੰਘ ਹੁਣ 'ਚੜ੍ਹਦੇ ਸੂਰਜ ਦੀ ਲਾਲੀ'(ਪੰਨੇ 127, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਲੈ ਕੇ ਹਾਜ਼ਰ ਹੋਇਆ ਹੈ। ਇਸ ਕਹਾਣੀ ਸੰਗ੍ਰਹਿ ਵਿਚ ਕੁੱਲ ਦਸ ਕਹਾਣੀਆਂ ਹਨ। ਇਹਨਾਂ ਕਹਾਣੀਆਂ ਵਿਚ ਲੋਕ ਗੀਤਾਂ ਵਰਗੀ ਧੁਨੀ ਸਮੋਈ ਹੈ। ਇਸ ਸੰਗ੍ਰਹਿ ਦਾ ਸਿਰਲੇਖ ਵੀ ਸ਼ਾਇਦ ਇਸ ਲੋਕ ਬੋਲੀ ਦੇ ਆਧਾਰ ਉੱਤੇ ਰੱਖਿਆ ਗਿਆ ਹੋਵੇ: "ਰੂਪ ਕੁਆਰੀ ਦਾ ਦਿਨ ਚੜ੍ਹਦੇ ਦੀ ਲਾਲੀ"।

ਪੰਜਾਬੀ ਜਨ-ਜੀਵਨ ਵਿਚ ਰਚੇ-ਮਿਚੇ ਲੋਕ ਗੀਤ ਪੰਜਾਬੀ ਜੀਵਨ ਦੀ ਸਹੀ ਤਰਜਮਾਨੀ ਕਰਦੇ ਹਨ। ਮੁਖ਼ਤਿਆਰ ਸਿੰਘ ਵੀ ਅਜਿਹੀ ਲੋਕਧਾਰਕ-ਸਭਿਆਚਾਰਕ ਦ੍ਰਿਸ਼ਟੀ ਨੂੰ ਆਪਣੀ ਕਥਾ ਦੀ ਉਸਾਰੀ ਲਈ ਵਰਤਦਾ ਹੈ। ਔਰਤ-ਮਰਦ ਚਰਿੱਤਰ ਦੇ ਵਸਤੂਗਤ ਪਹਿਲੂਆਂ ਨੂੰ ਉਘਾੜਨ ਲਈ ਉਸਨੇ ਜ਼ਿਆਦਾਤਰ ਏਸੇ ਤਕਨੀਕ ਦਾ ਇਸਤੇਮਾਲ ਕੀਤਾ ਹੈ। 'ਧੀਏ ਤੂੰ ਵੀ?' ਕਹਾਣੀ ਵਿਚ ਇਸ ਦ੍ਰਿਸ਼ਟੀ ਦੀ ਭਰਪੂਰ ਵਰਤੋਂ ਹੋਈ ਹੈ। ਕਹਾਣੀ ਵਿਚ ਚਿਤਰਿਆ ਮੁੱਖ-ਪਾਤਰ ਕਰਮੀ ਤੇ ਉਸਦੀ ਭੈਣ ਜਗੀਰੋ ਦਾ ਜੀਵਨ-ਚਰਿੱਤਰ ਪੰਜਾਬੀ ਲੋਕ ਗੀਤਾਂ ਵਿਚ ਚਿਤਰੀ ਗਈ ਉਸ ਨਾਰੀ ਸਮਾਨ ਜਾਪਦਾ ਹੈ, ਜੋ ਸਰਲ ਜੀਵਨ-ਸ਼ੈਲੀ ਦੀ ਧਾਰਨੀ ਹੈ। ਵਿਆਹੁਤਾ ਧਰਮ ਦੀ ਪਾਲਕ ਹੈ। ਸਹਿਜਤਾ ਉਸਦਾ ਮੀਰੀ ਗੁਣ ਹੈ। ਨਟਖਟਤਾ ਜਿਸਦੇ ਅੰਗ-ਸੰਗ ਰਹਿੰਦੀ ਹੈ। ਅਜਿਹੀ ਨਾਰੀ ਨੂੰ ਪੰਜਾਬੀ ਲੋਕ ਗੀਤਾਂ ਨੇ ਵਡਿਆਇਆ ਹੈ ਤੇ ਪੰਜਾਬੀ ਭਾਈਚਾਰੇ ਨੇ ਉਸ ਤੋਂ ਆਪਣਾ ਸਭ ਕੁਝ ਨਿਛਾਵਰ ਕੀਤਾ ਹੈ। ਮੁਖ਼ਤਿਆਰ ਸਿੰਘ ਨੇ ਕਥਾ-ਬਿਰਤਾਂਤ ਵਿਚ ਜ਼ਮੀਂਨ ਦਾ ਵਾਰਿਸ ਹੋਣ ਵਾਲੇ ਆਰਥਿਕ ਪਹਿਲੂ ਨੂੰ ਜੋੜ ਕੇ ਕਹਾਣੀ ਨੂੰ ਗੰਢ ਮਾਰ ਦਿੱਤੀ ਹੈ। ਇਹ ਗੰਢ ਹੀ ਇਸਦਾ ਪਲਾਟ ਹੈ। ਜਿਸਦੀ ਇਕ ਤੰਦ ਵਿਚ ਕਰਮੀ ਤੇ ਭਿੰਦੇ ਨਾਮੀ ਪਾਤਰਾਂ ਦੀ ਆਪਸੀ ਪ੍ਰੇਮ ਦੀ ਖਿੱਚ,"ਤੈਨੂੰ ਚੰਨ ਦੇ ਬਹਾਨੇ ਵੇਖਾਂ, ਕੋਠੇ ਚੜ੍ਹ ਮਿੱਤਰਾ" ਵਾਲੀ ਲੋਕ ਬੋਲੀ ਰਾਹੀਂ ਦਰਸਾਈ ਗਈ ਹੈ। ।ਪਰ ਕਹਾਣੀ ਦੀ ਬਿਰਤਾਂਤਕ ਚਾਲ ਇਹਨਾਂ ਤਿੰਨ ਬੋਲੀਆਂ 'ਚੋਂ ਸਾਕਾਰ ਹੋ ਜਾਂਦੀ ਹੈ।ਪਹਿਲੀ, "ਵਗਦੀ ਸੀ ਰਾਵੀ ਵਿਚ ਘੁੱਗੀਆਂ ਦਾ ਜੋੜਾ ਵੇ, ਚੰਨ ਜੇਹੇ ਢੋਲਾ ਲੰਮਾ ਪੈ ਗਿਆ ਵਿਛੋੜਾ ਵੇ"।ਦੂਸਰੀ,"ਮੇਰਾ ਯਾਰ ਚੰਬੇ ਦੀ ਮਾਲਾ, ਦਿਲ ਵਿਚ ਰਹੇ ਮਹਿਕਦਾ"।ਤੀਸਰੀ,"ਧਾਰੀ ਬੰਨ੍ਹ ਸੁਰਮਾ ਨਾ ਪਾਈਏ, ਧੀਏ ਘਰ ਮਾਪਿਆਂ ਦੇ"। ਲੋਕ ਮਾਨਸਿਕਤਾ ਕੁਝ ਰੋਕਾਂ ਸਹਿਤ ਲੋਕਾਂ ਨੂੰ ਭਾਵੁਕ ਪੂਰਤੀ ਦੀ ਖੁੱਲ੍ਹਾ -ਸੱਦਾ ਦਿੰਦੀ ਹੈ। ਮੁਖ਼ਤਿਆਰ ਸਿੰਘ ਨੇ ਇਸ ਲੋਕ ਧਾਰਨਾ ਦੇ ਤੱਤ-ਸਾਰ ਦੀ ਵਰਤੋਂ ਕੀਤੀ ਹੈ।ਕਰਮੀ, ਜਗੀਰੋ, ਭਿੰਦੇ ਤੇ ਕਰਮੀ ਦੇ ਮਾਪਿਆਂ ਦੇ ਜੀਵਨ-ਚਰਿੱਤਰ



ਨੂੰ ਇਸ ਪ੍ਰਸੰਗ 'ਚ ਵੇਖਿਆ ਜਾ ਸਕਦਾ ਹੈ। ਕਹਾਣੀ ਦੇ ਅੰਤ ਵਿਚ ਜਦੋਂ ਕਰਮੀ ਆਪਣੀ ਧੀ ਦੇ ਮੋਢਿਆਂ ਉੱਤੋਂ ਦੀ ਬਾਂਹ ਪਾ ਕੇ ਪਿਛਾਂਹ ਦੀ ਉਸਨੂੰ ਆਪਣੇ ਨਾਲ ਲਾਉਂਦੀ ਹੋਈ "ਧੀਏ ਤੂੰ ਵੀ..." ਵਾਲਾ ਬੋਲ ਅਲਾਪਦੀ ਹੈ ਤਾਂ ਇਹ ਬੋਲ ਉਦੋਂ ਪੰਜਾਬ ਦੀ ਲੋਕਧਾਰਾ ਦੀ ਨਿਭਦੀ ਸਭਿਆਚਾਰਕ ਭੂਮਿਕਾ ਬਣ ਜਾਂਦੇ ਹਨ।

'ਹੋਰ ਕਿੰਨਾ ਕੁ ਚਿਰ' ਕਹਾਣੀ ਦੀ ਸ਼ਕੁੰਤਲਾ ਵੀ ਅਜਿਹੀ ਸੋਚ ਕਰਕੇ ਮੌਨ ਹੋ ਜਾਂਦੀ ਹੈ। ਅਤੇ ਰਾਜ ਉਸਦੀ ਅਜਿਹੀ ਮੌਨ ਅਵਸਥਾ ਤੋਂ ਤੰਗ ਆ ਕੇ ਉਸਨੂੰ ਛੱਡਦਾ ਨਹੀਂ ਸਗੋਂ ਉਸਦੇ ਅਖੀਰ ਦੀ ਉਡੀਕ ਤਕ ਉਸਦੀ ਸੇਵਾ ਕਰਨ ਲਈ ਵਚਨਬੱਧ ਵਿਖਾਈ ਦਿੰਦਾ ਹੈ। ਰਾਜ ਦਾ ਭੈੜਾ ਚਰਿੱਤਰ ਉਸਦੀ ਅਜਿਹੀ ਵਚਨਬੱਧਤਾ ਲਈ ਬਾਧਕ ਤੱਤ ਬਣਨਾ ਚਾਹੀਦਾ ਸੀ, ਪਰ ਲੋਕ ਸੰਸਕਾਰਕ ਡਰ ਉਸਨੂੰ ਬਣਨ ਨਹੀਂ ਦਿੰਦਾ।ਸ਼ਰੀਕੇ ਦੀਆਂ ਲੂਤੀਆਂ ਤੇ ਖ਼ੂਨ ਦੇ ਰਿਸ਼ਤੇ ਦੀਆਂ ਭੁੱਬਾਂ ਨੂੰ ਬਗ਼ਲਗੀਰ ਕਰ ਕੇ ਸਿਰਜੀ 'ਚਿਹਰੇ' ਨਾਮਕ ਕਹਾਣੀ ਵੀ ਪੰਜਾਬ ਦੀ ਲੋਕਧਾਰਾ ਦੀ ਸਭਿਆਚਾਰਕ ਭੂਮਿਕਾ ਦੇ ਪ੍ਰਸੰਗ ਵਿਚ ਪਰਿਵਾਰਕ ਰਿਸ਼ਤਿਆਂ ਨੂੰ ਸਾਂਭਣ ਦੇ ਉਦੇਸ਼ ਨੂੰ ਸਨਮੁੱਖ ਰੱਖਦੀ ਹੈ। ਨਿੰਦਰ ਤੇ ਜੀਤਾ ਨਾਮੀ ਦੋ ਸਕੇ ਭਰਾਵਾਂ ਦੇ ਆਪਸੀ ਕੌੜੇ ਸੰਬੰਧਾਂ ਨੂੰ ਸਿਰਜਦੀ ਇਸ ਕਹਾਣੀ ਵਿਚ ਕੌੜ ਪੈਦਾ ਕਰਨ ਵਾਲਾ ਮੂਲ ਤੱਤ ਆਰਥਿਕਤਾ ਵਾਲਾ ਹੈ। ਨਿੰਦਰ ਸ਼ਹਿਰ'ਚ ਕਲਰਕੀ ਕਰਦਾ ਹੈ ਪਰ ਉਸਦਾ ਗੁਜ਼ਾਰਾ ਔਖਾ ਹੈ। ਜੀਤਾ ਪਿੰਡ 'ਚ ਖੇਤੀ ਕਰਦਾ ਹੈ। ਔਖਾ ਉਹ ਵੀ ਬਹੁਤ ਹੈ। ਨਿੰਦਰ ਜੀਤੇ ਕੋਲੋਂ ਅੱਧੀ ਜ਼ਮੀਨ ਦਾ ਠੇਕੇ ਦਾ ਹਿੱਸਾ ਮੰਗਦਾ ਹੈ ਪਰ ਜੀਤਾ ਉਸਨੂੰ ਬਘਿਆੜ ਵਾਂਗ ਪੈਂਦਾ ਹੈ। ਨਹੀਂ ਦਿੰਦਾ। ਉਹਨਾਂ ਦੀ ਇਹ ਆਪਸੀ ਖਿੱਚੋਤਾਣ ਹੀ ਇਸ ਕਹਾਣੀ ਨੂੰ ਜਨਮ ਦਿੰਦੀ ਹੈ। ਉਹਨਾਂ ਦੇ ਬਾਪੂ ਦੇ ਸਸਕਾਰ ਤੋਂ ਬਾਅਦ ਪਏ ਭੋਗ ਉੱਤੇ ਬੋਲੇ ਨਿੰਦਰ ਦੇ ਭਰਾਤਰੀ ਭਾਵ ਵਾਲੇ ਬੋਲ ਇਸ ਖਿੱਚੋਤਾਣ ਨੂੰ ਖਤਮ ਕਰਨ ਲਈ ਸਹਾਈ ਹੁੰਦੇ ਹਨ। ਉਸਦੇ ਬੋਲ ਸਾਰੀ ਸੰਗਤ ਨੂੰ ਖੁਸ਼ ਕਰ ਦਿੰਦੇ ਹਨ। ਭਰਾ ਜੀਤੇ ਤੇ ਸੰਗਤ ਦੀ ਖੁਸ਼ੀ ਦਾ ਇਜ਼ਹਾਰ ਲੋਕ ਪ੍ਰਵਾਨਗੀ ਦਾ ਪਰਤੌ ਹੀ ਹੈ। ਪੰਜਾਬ ਵਿਚ ਅੱਤਵਾਦ ਦੌਰਾਨ ਪੱਸਰੇ ਡਰ ਤੇ ਸਹਿਮ ਨੂੰ ਪੇਸ਼ ਕਰਦੀ 'ਲੈਚੀਆਂ' ਨਾਮਕ ਕਹਾਣੀ ਦਾ ਮੁੱਖ-ਪਾਤਰ 'ਬਾਬਾ ਜੀ' ਵੀ ਭਾਈਚਾਰਕ ਸਾਂਝ ਬਣਾਈ ਰੱਖਣ ਵਾਲਾ ਨਮੂਨੇ ਦਾ ਪਾਤਰ ਸਾਬਤ ਹੁੰਦਾ ਹੈ।

'ਖੋਲ਼ੇ' ਨਾਮਕ ਕਹਾਣੀ ਵਿਚ ਫੌਜੀ ਤੇ ਨੰਬਰਦਾਰ ਦੇ ਆਪਸੀ ਸੰਬੰਧ ਵੀ ਅਜਿਹੀ ਹੀ ਸਭਿਆਚਾਰਕ ਸਾਂਝ ਦੀ ਸੁੰਦਰ ਮਿਸਾਲ ਬਣਦੇ ਹਨ। ਐਪਰ ਉਹਨਾਂ ਦੇ ਆਪਸੀ ਸੰਬੰਧਾਂ ਵਿਚਕਾਰ ਨੰਬਰਦਾਰ ਦਾ ਪੌਣਾ ਕੀਲਾ ਸ਼ਹਿਰਾਂ ਨੇੜਲੇ ਪਿੰਡਾਂ ਦੀਆਂ ਸਸਤੇ ਭਾਅ ਵਿਕੀਆਂ ਜ਼ਮੀਨਾਂ ਦੇ ਮਹਿੰਗੇ ਹੋਣ ਦੀ ਆਰਥਿਕ ਕਨਸੋਅ ਵੀ ਦਿੰਦਾ ਹੈ।ਅਜਿਹੀ ਕਨਸੋਅ ਦਾ ਵਿਸਤਾਰਪੂਰਵਕ ਗਲਪ-ਸਿਰਜਣ 'ਜਬ੍ਹਾੜੇ' ਕਹਾਣੀ ਵਿਚ ਹੋਇਆ ਹੈ। ਬੰਤ ਸਿੰਘ ਬਰਾੜ, ਪੰਨਾ ਲਾਲ ਗੁਲਾਟੀ ਤੇ ਮੁਹੰਮਦ ਅਨਸਾਰੀ ਪਾਤਰਾਂ ਦੀ ਸਾਂਝ-ਭਿਆਲੀ ਰਾਹੀਂ ਉਸਰੀ ਇਹ ਕਹਾਣੀ ਸ਼ਹਿਰਾਂ ਨੇੜੇ ਵਸਦੀਆਂ ਮਹਿੰਗੀਆਂ ਤੇ ਸਸਤੀਆਂ ਬਸਤੀਆਂ ਦੇ ਉੱਸਰਨ ਦੀ ਵਸਤੂਗਤ ਪ੍ਰਕ੍ਰਿਆ ਨੂੰ ਸਾਹਵੇਂ ਲਿਆਉਂਦੀ ਹੈ। ਜਿਸ ਵਿਚ ਕਈ ਧਿਰਾਂ ਕਾਰਜ ਕਰਦੀਆਂ ਹਨ-ਮੰਤਰੀ, ਸਰਕਾਰੀ ਅਹਿਲਕਾਰ, ਕਲੋਨੀ ਮਾਲਕ,ਸਰਦਾਰ ਗਿੱਲ ਵਰਗੇ ਵੱਡੀ ਢੇਰੀ ਦੇ ਜ਼ਿਮੀਂਦਾਰ ਤੇ ਹੋਰ ਥੋੜ੍ਹੀਆਂ ਜ਼ਮੀਨਾਂ ਦੇ ਮਾਲਕ ਕਿਸਾਨ ਆਦਿ। ਵੱਡੇ -ਛੋਟੇ ਕਿਸਾਨਾਂ ਦੀ ਜ਼ਮੀਨ ਹਥਿਆਉਣ ਲਈ ਵਤਰੇ ਜਾਂਦੇ ਹੱਥਕੰਡਿਆਂ ਨੂੰ ਢੁਕਵੀਂ ਪ੍ਰਤੀਕ-ਸਿਰਜਣਾ ਰਾਹੀਂ ਸਾਕਾਰ ਕਰਦੀ ਇਹ ਕਹਾਣੀ ਦੱਸ ਪਾਉਂਦੀ ਹੈ ਕਿ ਆਮ ਵਿਅਕਤੀ ਦੀ ਹੋਣੀ ਨੂੰ ਦੁਖਾਂਤਕ ਬਣਾਉਣ ਵਾਲੇ ਕਾਰਕ ਪੰਜਾਬੀ ਸਮਾਜਚਾਰੇ ਵਿਚ ਹੀ ਮੌਜੂਦ ਹਨ, ਤੇ ਇਹਨਾਂ ਦੀ ਤਲਾਸ਼ ਆਰਥਿਕ-ਰਾਜਨੀਤਕ ਤੇ ਸਮਾਜਕ-ਸਭਿਆਚਾਰਕ ਵਰਤਾਰਿਆਂ ਦੀ ਪੁਣ-ਛਾਣ ਵਿਚੋਂ ਸਹਿਜੇ ਹੀ ਕੀਤੀ ਜਾ ਸਕਦੀ ਹੈ। 'ਹੰਝੂ' ਨਾਮਕ ਕਹਾਣੀ ਦੇ ਮਜ਼ਦੂਰ-ਪਾਤਰ ਦੀ ਦੁਖਾਂਤਕ ਹੋਣੀ ਦਾ ਜ਼ਿੰਮੇਵਾਰ ਕਾਰਕ ਵੀ ਰਾਜਸੀ ਵਰਤਾਰਾ ਹੀ ਬਣਦਾ ਹੈ।

ਤੇ ਅਜਿਹਾ ਵਰਤਾਰਾ 'ਬੋਲੀ ਜਾਣ ਦਿਓ' ਕਹਾਣੀ ਵਿਚਲੇ ਪਾਖਰ ਸਿੰਘ ਵਰਗੇ ਵਿਅਕਤੀਆਂ ਦੀ ਹੱਕ-ਸੱਚ ਦੀ ਗੱਲ ਸੁਣਨ ਨੂੰ ਤਿਆਰ ਨਹੀਂ ਹੈ। ਅਜਿਹੇ ਵਰਤਾਰੇ ਨੇ ਹੀ 'ਚੜ੍ਹਦੇ ਸੂਰਜ ਦੀ ਲਾਲੀ' ਵਿਚ ਜਗਜੀਤ ਸਿੰਘ ਵਰਗੇ ਬੰਦਿਆਂ ਨੂੰ ਪੈਦਾ ਕਰਕੇ ਪੰਜਾਬ ਅੰਦਰ ਦਹਿਸ਼ਤਗਰਦੀ ਦੀ ਲਹਿਰ ਚਲਾਈ ਅਤੇ ਅਪਰੇਸ਼ਨ ਬਿਲਿਊ ਸਟਾਰ ਵਰਗੇ ਹਮਲਿਆਂ ਰਾਹੀਂ ਪੰਜਾਬ ਅੰਦਰ ਦੁਖਾਤ ਪੈਦਾ ਕੀਤਾ। ਇਸ ਕਹਾਣੀ ਵਿਚ ਸੰਨ ਚੁਰਾਸੀ ਤੇ ਅੱਜੋਕੇ ਗੈਂਗਸਟਰਾਂ ਵੱਲੋਂ ਖਰਾਬ ਕੀਤੇ ਜਾਂਦੇ ਪੰਜਾਬ ਦੇ ਮਾਹੌਲ ਨੂੰ ਮੁਖ਼ਤਿਆਰ ਸਿੰਘ ਨੇ ਆਲੋਚਨਾਤਮਕ ਯਥਾਰਥਵਾਦ ਦੀ ਦ੍ਰਿਸ਼ਟੀ ਰਾਹੀਂ ਛਾਣ ਕੇ ਮੁੜ ਪੁਣਿਆ ਹੈ। ਮੁਖ਼ਤਿਆਰ ਸਿੰਘ ਪ੍ਰਤੀਕਾਤਮਕ ਕਥਾ-ਸ਼ੈਲੀ ਰਾਹੀਂ ਇਕਹਿਰੇ ਪਰ ਭਾਵਪੂਰਤ ਕਥਾ ਬਿਰਤਾਂਤ ਨੂੰ ਸਿਰਜਣ ਵਿਚ ਮਾਹਿਰ ਹੈ। ਉਹ ਵਰਤਮਾਨ ਸਮਾਜਕ ਯਥਾਰਥ ਦੇ ਵਿਵੇਕ ਨੂੰ ਪੂਰੀ ਸ਼ਿੱਦਤ ਨਾਲ ਪਕੜਦਾ ਹੈ। ਏਥੋਂ ਤਕ ਕਿ 'ਓਏ ਮੈਂ ਵਿਦ...ਵਾ...' ਕਹਾਣੀ ਵਿਚ ਉਸਨੇ ਯੂਨੀਵਰਸਿਟੀਆਂ ਦੇ ਪ੍ਰੋਫ਼ੈਸਰਾਂ ਦੇ ਬੌਧਿਕ ਦਿਵਾਲੀਏਪਨ ਦੇ ਨਾਲ ਨਾਲ ਉਹਨਾਂ ਦੀ ਸ਼ਿਸ਼ਟਾਚਾਰਕ ਗ਼ਰੀਬੀ ਨੂੰ ਵੀ ਸਾਕਾਰ ਕਰਨ ਵਿਚ ਕੋਈ ਕਸਰ ਨਹੀਂ ਛੱਡੀ।

ਕੁੱਲ ਮਿਲਾ ਕੇ ਕਹਾਣੀਆਂ ਪੜ੍ਹਨ, ਮਾਨਣ ਤੇ ਗੌਲਣ ਯੋਗ ਹਨ। **–ਚੰਦਰ ਮੋਹਨ**

## ਸੰਦਲੀ ਚੁਗਾਠ (ਨਜ਼ਮਾਂ ਤੇ ਗ਼ਜ਼ਲਾਂ) ਮੁਸ਼ਤਾਕ

ਇੰਗਲੈਂਡ ਵਸੇਂਦਾ ਸ਼ਾਇਰ ਮੁਸ਼ਤਾਕ ਪੰਜਾਬੀ ਕਵਿਤਾ ਤੇ ਪੰਜਾਬੀ ਗ਼ਜ਼ਲ ਦਾ ਮਾਣ ਕਰਨ ਯੋਗ ਹਸਤਾਖ਼ਰ ਹੈ। ਇਹ ਸ਼ਾਇਰ ਕੁੱਲ ਅੱਠ ਕਾਵਿ-ਸੰਗ੍ਰਹਿਆਂ ਦੇ ਨਾਲ 'ਤਨਹਾਈਆਂ' ਤੇ 'ਰੁਸਵਾਈਆਂ' ਨਾਵਾਂ ਵਾਲੇ ਦੋ ਗ਼ਜ਼ਲ-ਸੰਗ੍ਰਹਿਆਂ ਦੀ ਸਿਰਜਣਾ ਕਰ ਚੁੱਕਿਆ ਹੈ। 'ਸੰਦਲੀ ਚੁਗਾਠ'(ਪੰਨੇ 146, ਮੁੱਲ 150 ਰੁਪਏ, ਐਸਥੈਟਿਕਸ ਪਬਲੀਕੇਸ਼ਨਜ਼, ਲੁਧਿਆਣਾ) ਉਸਦਾ ਗ਼ਜ਼ਲਾਂ ਤੇ ਕਵਿਤਾਵਾਂ ਦਾ ਸੱਜਰਾ ਸੰਗ੍ਰਹਿ ਹੈ।

ਹੱਥਲੇ ਸੰਗ੍ਰਹਿ ਵਿਚ ਮੁਸ਼ਤਾਕ ਨੇ ਸ਼ਾਇਰ ਵਜੋਂ ਪੁਖਤਗੀ ਦਾ ਸਬੂਤ ਦਿੰਦਿਆਂ ਸਮਕਾਲੀ ਵਰਤਾਰੇ ਨੂੰ ਪਰਿਪੱਕ ਵਿਚਾਰਧਾਰਕ ਪਹੁੰਚ ਨਾਲ ਗੋਇਆ ਹੈ। ਕਾਵਿ ਸਿਰਜਣ ਲਈ ਵਰਤੀਆਂ ਉਸ ਦੀਆਂ ਤਸ਼ਬੀਹਾਂ ਉਸਨੂੰ ਦੂਸਰੇ ਪੰਜਾਬੀ ਕਵੀਆਂ ਨਾਲੋਂ ਵੱਖਰਤਾ ਪ੍ਰਦਾਨ ਕਰਦੀਆਂ ਹਨ। ਮਿਸਾਲ ਦੇ ਤੌਰ ਉੱਤੇ ਇਸ ਸੰਗ੍ਰਹਿ ਦੀ 'ਈਬੋਲਾ' ਨਾਂ ਦੀ ਪਹਿਲੀ ਕਵਿਤਾ ਵੇਖੀ ਜਾ ਸਕਦੀ ਹੈ। ਇਸ ਕਵਿਤਾ ਦੀ ਸਿਰਜਣਾ ਦਾ ਸਾਰਾ ਕਲਾਤਮਕ ਦਾਰੋਮਦਾਰ ਮਨੁੱਖ ਜਾਤੀ ਲਈ ਮਾਰੂ ਈਬੋਲਾ ਨਾਂ ਦੇ ਇਕ ਵਾਇਰਸ ਨੂੰ ਬਣਾਇਆ ਗਿਆ ਹੈ। ਈਬੋਲਾ ਨਾਂ ਦਾ ਇਹ ਵਾਇਰਸ ਜਿਵੇਂ ਮਨੁੱਖ ਦੀ ਮੌਤ ਦਾ ਕਾਰਨ ਬਣਦਾ ਹੈ, ਐਨ ਉਸੇ ਰੂਪ 'ਚ ਮੁਸ਼ਤਾਕ ਨੇ ਹਿੰਦੁਸਤਾਨ ਨੂੰ ਇਕ ਜੀਵੰਤ ਇਕਾਈ ਸਮਝ ਕੇ ਮਰ ਰਿਹਾ ਵਿਖਾਇਆ ਹੈ-ਰਾਜਨੀਤਕ, ਆਰਥਿਕ, ਸਮਾਜਕ, ਸਭਿਆਚਾਰਕ, ਬੌਧਿਕ ਆਦਿ ਪੱਖਾਂ ਤੋਂ। ਉਸ ਨੂੰ ਅਜਿਹੇ ਡਾਕਟਰ ਦੀ ਭਾਲ ਹੈ ਜੋ ਈਬੋਲਾ ਨਾਂ ਦੀ ਬੀਮਾਰੀ ਦਾ ਇਲਾਜ ਕਰ ਸਕੇ।

'ਈਬੋਲਾ' ਨਾਂ ਦੀ ਕਵਿਤਾ ਹੱਥਲੇ ਸੰਗ੍ਰਹਿ ਦਾ ਇਕ ਤਰ੍ਹਾਂ ਨਾਲ ਪ੍ਰਵੇਸ਼-ਦੁਆਰ ਹੀ ਹੈ। ਸੰਗ੍ਰਹਿ ਵਿਚਲੀਆਂ ਅਗਲੀਆਂ ਕਵਿਤਾਵਾਂ ਏਸੇ ਕਵਿਤਾ ਦੀ ਵਸਤੂ-ਧੁਨੀ ਦਾ ਵਿਸਤਾਰ ਹੀ ਹਨ। ਜਿਵੇਂ, 'ਕਲਮ ਦੀ ਅੱਖ' ਵਿਚ ਕਵੀ ਇਸ ਪੱਖ ਤੋਂ ਸੁਚੇਤ ਹੈ ਕਿ ਅੱਜੋਕੇ ਸੰਪਰਦਾਇਕ ਵਰਤਾਰੇ 'ਚੋਂ ਉਪਜੇ ਦੁਖਾਂਤ ਨੂੰ ਭਾਸ਼ਾ ਰਾਹੀਂ ਬਿਆਨ ਕਰਨਾ ਔਖਾ ਹੋ ਰਿਹਾ ਹੈ। ਅਜਿਹੇ ਦਰਦਨਾਕ ਮਾਹੌਲ ਵਿਚ ਇਕ ਆਮ ਬੰਦਾ ਤਾਂ ਕੀ, ਬੁੱਧੀਜੀਵ ਵੀ ਬੇਵਸ ਜਾਪਦਾ ਹੈ। ਦਹਿਸ਼ਤ ਤੇ ਵਹਿਸ਼ਤ ਦੇ ਮਾਹੌਲ ਖਿਲਾਫ਼ ਜੇ ਕੋਈ ਆਵਾਜ਼ ਉਠਾਉਂਦਾ ਹੈ ਤਾਂ ਉਸਦਾ ਹਸ਼ਰ 'ਜ਼ਿੱਦ' ਨਾਮੀ ਕਵਿਤਾ ਵਿਚ ਦਰਜ ਵਿਅਕਤੀ ਦੇ ਦੁਖਾਂਤ ਭੋਗਣ ਵਾਂਗ ਨਿਕਲਦਾ ਹੈ। ਮੁਸ਼ਤਾਕ ਦੀ ਕਲਮ ਸਰਕਾਰੀ ਤੇ ਗੈਰ-ਸਰਕਾਰੀ ਰਾਜਸੀ ਅਵਚੇਤਨ ਨੂੰ ਪਛਾਣਦੀ ਹੋਈ ਇਸਨੂੰ ਪੂਰੀ ਪੁਖ਼ਤਗੀ ਨਾਲ



ਜ਼ੁਬਾਨ ਦਿੰਦੀ ਹੈ। 'ਠੰਡੀ ਤੱਤੀ ਹਵਾ' ਨਾਂ ਦੀ ਕਵਿਤਾ ਵਿਚ ਉਹ ਇਸ ਸੱਚ ਨੂੰ ਸਾਹਵੇਂ ਲਿਆਉਂਦਾ ਹੈ ਕਿ ਰਾਜਨੀਤੱਗਾਂ ਕੋਲ ਤਾਂ ਆਮ ਲੋਕਾਈ ਦੇ ਸਵਾਲਾਂ ਨੂੰ ਸੁਣਨ ਲਈ ਵਕਤ ਨਹੀਂ, ਜਵਾਬ ਦੇਣੇ ਤਾਂ ਦੂਰ ਦੀ ਗੱਲ ਹੈ ।ਅਜਿਹੇ ਹਾਲਾਤ ਵਿਚ ਕਵੀ ਜਨ ਸਾਧਾਰਨ ਨੂੰ ਸਵਾਲਾਂ ਦੇ ਜਵਾਬ ਢੂੰਡਣ ਲਈ ਉਤਸ਼ਾਹਤ ਕਰਦਾ ਹੈ:

*ਚੁਰਾਸੀ ਦੇ ਖ਼ੂਨ ਦੀ ਲਿਸ਼ਕ ਵਿਚ/ ਪੰਜ ਸੱਤ ਸਾਲ ਪਹਿਲਾਂ ਦੇ*
*ਤੀਹ ਹਜ਼ਾਰ ਪੰਜਾਬੀਆਂ ਦੇ/ ਖ਼ੂਨ ਦੀ ਖ਼ੁਸ਼ਬੋ ਵੀ / ਤਰਦੀ ਨਜ਼ਰ ਆ ਜਾਵੇਗੀ।*
*ਸਾਰੇ ਸਵਾਲਾਂ ਦੇ ਜਵਾਬ/ ਅਸਮਾਨ'ਚ ਬੱਦਲਾਂ ਵਾਂਗ/ ਖਿੱਲਰ ਜਾਣਗੇ!*

ਖ਼ਾਮੋਸ਼ ਤੇ ਬੇਸਮਝੀ ਵਾਲੇ ਅੱਜੋਕੇ ਦੌਰ ਨੂੰ ਕੁਰੇਦਦੀ ਹੋਈ ਮੁਸ਼ਤਾਕ ਦੀ ਕਵਿਤਾ ਸਵਾਲ ਕਰਦੀ ਹੈ ਕਿ ਆਮ ਜਨਤਾ ਆਲੇ-ਦੁਆਲੇ ਦੇ ਚੀਕ-ਚਿਹਾੜੇ ਨੂੰ ਸਮਝਣੋਂ ਕਿਉਂ ਅਸਮਰੱਥ ਹੋ ਰਹੀ ਹੈ। ਲੋਕਾਂ ਦੇ ਗ਼ਮਾਂ ਨੂੰ ਆਪਣਾ ਗ਼ਮ ਸਮਝਣ ਵਾਲਾ ਕਵੀ ਮੁਸ਼ਤਾਕ ਅਜਿਹੇ ਸਾਰੇ ਪ੍ਰਪੰਚ ਨੂੰ ਮੋਨੋਲਾਗ ਵਾਲੀ ਕਾਵਿਕ ਵਿਧੀ ਸਹਾਰੇ ਬੜੀ ਪ੍ਰਬੀਨਤਾ ਨਾਲ ਉਲੀਕਦਾ ਹੈ:

*ਕੋਈ ਗੁਲਾਬੀ ਪੱਤੀ /ਮੇਰੇ ਝੁਲਸੇ ਹੋਏ ਪੋਟਿਆਂ ਨੂੰ/ਸੰਦਲੀ ਛੋਹ ਨਹੀਂ ਦਿੰਦੀ!*
*ਸੀਨੇ 'ਚੋਂ ਨਿਕਲੀ ਹਰ ਚੀਖ਼/ਤੜਪ ਤੜਪ ਕੇ ਬੇਸੁਰਤ ਹੋ ਜਾਂਦੀ ਹੈ।...*
*ਕਿੰਨਾ ਚੰਗਾ ਹੋਵੇ/ ਓ ਮੇਰੇ ਰੱਬਾ! ਅੱਜ / ਦਿਲ ਦੇ ਵੀਰਾਨ ਰੇਤਲੇ ਟਿੱਲੇ'ਤੇ*
*ਮਿੱਠੀ ਜਿਹੀ, ਕੰਵਾਰੀ ਸੰਦਲੀ ਜਿਹੀ/ ਭਿੱਜੀ-ਭਿੱਜੀ ਬਾਰਿਸ਼ ਵਹਿ ਪਵੇ!*

ਪ੍ਰਗਤੀਵਾਦੀ ਕਾਵਿ-ਚੇਤਨਾ ਵਾਲਾ ਕਵੀ ਮੁਸ਼ਤਾਕ ਜਿੱਥੇ ਕਰੂਰ ਰਾਜਸੀ ਵਰਤਾਰੇ ਨੂੰ ਆਪਣੀ ਰਚਨਾ ਦਾ ਅਹਿਮ ਅੰਗ ਬਣਾਉਂਦਾ ਹੈ ਉੱਥੇ ਉਹ ਰੱਬ ਨਾਮ ਦੇ ਵਰਤਾਰੇ ਨੂੰ ਮਨੁੱਖਤਾ ਦੇ ਪ੍ਰਸੰਗ ਵਿਚ ਚਿਤਰਦਿਆਂ ਜਨ ਸਾਧਾਰਨ ਦੇ ਮਸਤਕ ਵਿਚ ਇਸ ਪ੍ਰਤਿ ਸੰਦੇਹ ਵੀ ਪੈਦਾ ਕਰਦਾ ਹੈ। 'ਫ਼ਰਕ', 'ਰੁਬਾਈ', 'ਕਤਆ', 'ਦਿਲ ਦੀ ਮੂਰਤੀ' ਤੇ 'ਈਬੋਲਾ' ਸਿਰਲੇਖਾਂ ਵਾਲੀਆਂ ਕਵਿਤਾਵਾਂ ਵਿਚ ਉਹ ਮਨੁੱਖ ਸਿਰਜਿਤ ਰੱਬ ਉੱਤੇ ਬੜੀਆਂ ਸੁਹਣੀਆਂ ਤਨਜ਼ਾਂ ਕੱਸਦਾ ਹੈ। ਮੁਸ਼ਤਾਕ ਦਾ ਫੈਲਸੂਫ਼ੀਅਨ ਅੰਦਾਜ਼ ਉਸਦੀ ਸ਼ਾਇਰੀ ਦਾ ਵਿਸ਼ੇਸ਼ ਰੰਗ ਹੈ। ਏਸੇ ਰੰਗ ਤਹਿਤ ਉਸਨੇ ਖ਼ੁਦੀ ਨੂੰ ਪਛਾਨਣ ਦਾ ਸਬਕ ਦਿੱਤਾ ਹੈ, ਪਿਆਰ ਨੂੰ ਪਰਿਭਾਸ਼ਤ ਕੀਤਾ ਹੈ,ਦੋਸਤ ਤੇ ਦੁਸ਼ਮਣ ਦੀ ਪਛਾਣ ਕੀਤੀ ਹੈ ਅਤੇ ਵਕਤ ਦੇ ਪ੍ਰਕ੍ਰਿਤਕ ਸੱਚ ਨੂੰ ਸਾਹਵੇਂ ਲਿਆਂਦਾ ਹੈ।

ਮੁਸ਼ਤਾਕ ਦੀਆਂ ਕਵਿਤਾਵਾਂ ਵਾਂਗ ਹੀ ਉਸ ਦੀਆਂ ਗ਼ਜ਼ਲਾਂ ਦੇ ਸ਼ਿਅਰ ਵੀ ਬੜੇ ਮੁੱਲਵਾਨ ਹਨ। ਉਹ ਪੁਰਾਣੀ ਗ਼ਜ਼ਲ ਪਰੰਪਰਾ ਦੇ ਭਾਸ਼ਾਈ ਚਿਹਨਾਂ ਦੀ ਵਰਤੋਂ ਨਵੀਂ ਜ਼ਿੰਦਗੀ ਦੇ ਬੂਹੇ ਦੀ ਸੰਦਲੀ ਚੁਗਾਠ ਨੂੰ ਬਣਾਉਣ ਲਈ ਕਰਦਾ ਹੈ:

*ਜਾਮ,ਸੁਰਾਹੀ ਤਾਂ ਸਿਰਫ ਨੇ ਬਹਾਨੇ ਹੁੰਦੇ*
*ਮੈਂ ਤੇ ਸ਼ਿਅਰਾਂ' ਚ ਖ਼ਾਬ ਸਜਾ ਦਿੰਦਾ ਹਾਂ ....*
*ਸਾਰੀ ਉਮਰ ਅਸਾਂ ਜੋ ਤੱਕਿਆ, ਪੜ੍ਹਿਆ ਜੋ ਕਿਤਾਬੀਂ*
*ਇਕੋ ਜਿਹੇ ਹੀ ਲੱਗੇ, ਮੰਦਰ ਮਸਜਿਦ 'ਤੇ ਮੈਖ਼ਾਨੇ*

ਮੁਸ਼ਤਾਕ ਸਮੂਹ ਦਾ ਕਵੀ ਹੈ। ਸਮੂਹਕਤਾ ਵਾਲੀ ਸੋਚ ਉਸਦੇ ਸ਼ਿਅਰਾਂ ਵਿਚ ਵਿਦਮਾਨ ਹੈ। ਸੂਚਨਾ ਤਕਨਾਲੌਜੀ ਦੇ ਅੱਜੋਕੇ ਦੌਰ ਨੇ ਜਦ ਸਮਾਜ ਵਿਚ ਖਾਮੋਸ਼ੀਆਂ ਦੇ ਰੇਗਿਸਤਾਨ ਪੈਦਾ ਕਰ ਦਿੱਤੇ ਹਨ,ਤਾਂ ਸ਼ਾਇਰ ਮੁਸ਼ਤਾਕ ਉਹਨਾਂ ਦੇ ਚੜ੍ਹਦੇ ਡੁੱਬਦੇ ਸੂਰਜ ਨੂੰ ਸਲਾਮ ਕਰਨ ਲਈ ਦੋ ਤਾਰ ਦਾ ਸਾਜ ਅਰਥਾਤ "ਦੁਤਾਰਾ"ਵਜਾਉਣ ਦਾ ਅਭਿਲਾਸ਼ੀ ਹੈ। ਮੁਸ਼ਤਾਕ ਅਜਿਹੀ ਲੋਕ-ਪਰੰਪਰਾ ਵੱਲ ਮੁੜਦਾ ਹੈ ਜਦੋਂ ਸਮਾਜਕ ਤੇ ਸਭਿਆਚਾਰਕ ਕ੍ਰਾਂਤੀਆਂ ਲਿਆਉਣ ਲਈ ਅਜਿਹੇ ਸਾਜ਼ਾਂ ਦੀ ਵਰਤੋਂ ਲੋਕਾਈ ਆਮ ਹੀ ਕਰਦੀ ਸੀ:

*ਖ਼ਾਮੋਸ਼ੀ ਦੇ ਜੰਗਲ ਅੰਦਰ ਕਦੇ ਕਦਾਈਂ*
*ਵੱਜਦਾ ਰਵ੍ਹੇ ਦੁਤਾਰਾ ਮਿੱਤਰਾ ਚੰਗਾ ਏ।*

ਵਿਸ਼ਵੀਕਰਨ ਦੇ ਪ੍ਰਸੰਗ ਵਿਚ ਪੰਜਾਬੀ ਵਿਰਸੇ ਪ੍ਰਤਿ ਮੋਹ ਅਤੇ ਚਿੰਤਾ ਦੇ ਝਲਕਾਰੇ ਅਨੇਕਾਂ ਸ਼ਿਅਰਾਂ ਵਿਚੋਂ ਮਿਲ ਜਾਂਦੇ ਹਨ:

*ਡਿਸਕੋ ਦੇ ਸ਼ੋਰ ਵਿਚ, ਗੌਣ ਹੋਇਆ ਗੁੰਮ ਹੈ*
*ਵੰਝਲੀ,ਮਧਾਣੀਆਂ ਤੇ ਚਰਖ਼ੇ ਪੁਰਾਣਿਆਂ ਦਾ....*
*ਵਿਹੜਾ ਜੋ ਗਿੱਧਿਆਂ'ਚ ਸੀ ਹਿਲਦਾ ਕਦੇ*
*ਅੱਜ ਭੂੰਡਾਂ ਦੇ ਖੱਖਰ ਨੇ,ਉਸ ਮਕਾਨ ਵਿਚ....*
*ਜਿਸ ਪਿੱਪਲ ਦੀ ਛਾਵੇਂ ਸੀ ਮਿਲਿਆ ਕਰਦੇ*
*ਪੰਚਾਂ ਉਹ ਵੀ 'ਮੁਸ਼ਤਾਕ', ਪੁਟਵਾ ਦਿੱਤਾ ਹੈ ....*

ਉਪਰੋਕਤ ਸ਼ਿਅਰਾਂ ਵਿਚ ਮੁਸ਼ਤਾਕ ਨੇ ਅਨੇਕਾਂ ਪ੍ਰਤੀਕਾਂ ਨੂੰ ਖਪਤ ਕਲਚਰ ਦੇ ਮਾਰੂ ਪ੍ਰਭਾਵ ਦੇ ਪ੍ਰਸੰਗ ਅਧੀਨ ਵਰਤਦਿਆਂ ਵਿਰਾਸਤੀ ਸੋਚ ਵੱਲ ਮੁੜਨ ਦਾ ਫਲਸਫਾ ਪੇਸ਼ ਕੀਤਾ ਹੈ। ਮੁਸ਼ਤਾਕ ਨੇ ਏਸੇ ਵਿਰਾਸਤੀ ਸੋਚ ਦੇ ਅੰਤਰਗਤ ਮੀਰ ਤਕੀ ਮੀਰ,ਮਿਰਜ਼ਾ ਗ਼ਾਲਿਬ,ਵਾਰਿਸ ਸ਼ਾਹ ਤੇ ਡਾ.ਜਗਤਾਰ ਵਰਗੇ ਸ਼ਾਇਰਾਂ ਨੂੰ ਯਾਦ ਕੀਤਾ ਹੈ।ਕੇਵਲ ਯਾਦ ਹੀ ਨਹੀਂ ਕੀਤਾ,ਸਗੋਂ ਉਹਨਾਂ ਦੀ ਵਿਚਾਰਧਾਰਕ ਸੋਚ ਨੂੰ ਅੰਗੀਕਾਰ ਕਰਕੇ ਸੱਤਿਅਮ,ਸ਼ਿਵਮ ਤੇ ਸੁੰਦਰਮ ਭਾਵਾਂ ਦੇ ਸੁਮੇਲ ਵਾਲੀ ਸ਼ਾਇਰੀ ਦਾ ਨਮੂਨਾ ਵੀ ਪੇਸ਼ ਕੀਤਾ ਹੈ।ਮੁਸ਼ਤਾਕ ਦਾ ਦ੍ਰਿਸ਼ਟੀਕੋਣ ਉਸਦੇ ਸ਼ਿਅਰਾਂ ਵਿਚ ਭਲੀ ਭਾਂਤ ਪ੍ਰਗਟ ਹੁੰਦਾ ਹੈ:

*ਦਿਲ 'ਤੇ ਜੋ ਵੀ ਗੁਜ਼ਰੀ, ਲਿਖੀ ਸ਼ੇਅਰ ਅੰਦਰ*
*ਕੋਸ਼ਿਸ਼ ਕੀਤੀ ਨਹੀਂ, ਛਿਪਣ ਛਪਾਣ ਦੇ ਲਈ....*
*ਚਾਰ ਚੁਫ਼ੇਰੇ ਉੱਠਦਾ ਹੈ ਨਫ਼ਰਤਾਂ ਦਾ ਧੂੰਆਂ*
*ਕਲਮਕਾਰੋ! ਆਓ ਕਰੀਏ,ਪਿਆਰ ਦੀ ਗੱਲ ....*

ਮੁਸ਼ਤਾਕ ਨੇ ਕਲਾ ਨੂੰ ਆਪਣੇ ਅੰਦਰ ਇਸ ਤਰ੍ਹਾਂ ਸਮੋਇਆ ਹੈ ਕਿ ਕਲਾ ਉਸਦੀ ਜ਼ਿੰਦਗੀ ਬਣ ਕੇ ਉਸ ਦੀਆਂ ਗ਼ਜ਼ਲਾਂ ਤੇ ਨਜ਼ਮਾਂ ਵਿਚ ਲਹਿਰਾ ਰਹੀ ਹੈ।ਮੁਸ਼ਤਾਕ ਦੀਆਂ ਗ਼ਜ਼ਲਾਂ ਨੂੰ ਗ਼ਜ਼ਲ ਦੀ ਪ੍ਰਕਿਰਤੀ ਦੇ ਸੰਦਰਭ ਵਿਚ ਰੱਖ ਕੇ ਪੜ੍ਹਦਿਆਂ ਰਦੀਫ਼,ਕਾਫ਼ੀਆ ਤੇ ਤੋਲ ਵਿਚ ਤੁਲਦੇ ਹੋਏ ਗ਼ਜ਼ਲ ਦੇ ਸ਼ਿਅਰਾਂ ਵਿਚ ਹੀਰੇ ਦੀਆਂ ਕਣੀਆਂ ਵਾਂਗ ਚਮਕਦੇ ਬਹੁਤ ਸਾਰੇ ਭਾਸ਼ਾਈ ਵਾਕੰਸ਼ ਨਜ਼ਰੀਂ ਪੈਂਦੇ ਹਨ।ਜਿਵੇਂ, ਯਾਦਾਂਦਾ ਮਕਬਰਾ, ਖ਼ਾਬਾਂ ਦੀ ਦਾਸਤਾਂ, ਰਿਸ਼ਵਤਾਂ ਦੇ ਕਾਰਖਾਨੇ, ਦਿਲ ਦਾ ਰਿਸ਼ਤਾ, ਬਗ਼ਾਵਤ ਦਾ ਇਰਾਦਾ, ਦਿਲ ਦੀ ਅਰਜ਼ੋਈ, ਯਾਦ ਦਾ ਦੀਵਾ, ਜਮਹੂਰੀਅਤ ਦੀ ਖੇਡ, ਰੀਝਾਂ ਦੀ ਧੂਣੀ, ਦਿਲ ਦਾ ਨੂਠਾ, ਕਿਸਮਤ ਦੇ ਵਰਕੇ, ਗ਼ਮ ਦੀ ਕਾਲਖ, ਦਿਲ ਦਾ ਹੁਜਰਾ, ਮੁਕੱਦਰ ਦਾ ਰਾਵਣ, ਇਸ਼ਕ ਦੀ ਕਬਰ ਆਦਿ।ਅਜਿਹੇ ਸ਼ਬਦ-ਜੋੜੇ ਮੁਸ਼ਤਾਕ ਦੀ ਗ਼ਜ਼ਲ ਦੇ ਮਖ਼ਸੂਸ ਰੰਗ ਹਨ।ਉਸਦੀ ਵਿਚਾਰਧਾਰਕ ਪ੍ਰਤੀਬੱਧਤਾ ਦੇ ਪੈਮਾਨੇ ਹਨ।ਟਕੋਰ, ਚੋਟ, ਇਕਰਾਰ ਤੇ ਤਕਰਾਰ ਵਰਗੀਆਂ ਕਾਵਿਕ ਜੁਗਤਾਂ ਦੇ ਜਲੌਅ ਨੂੰ ਜਲਾਲ ਕਰਨ ਦਾ ਸਾਧਨ ਹਨ।

ਮੁਸ਼ਤਾਕ ਮੂਲ ਰੂਪ ਵਿਚ ਗ਼ਜ਼ਲ ਦਾ ਸ਼ਾਇਰ ਹੈ। ਨਜ਼ਮ ਲਿਖਣ ਵੇਲੇ ਵੀ ਗ਼ਜ਼ਲ ਦੀ ਸਿਨਫ਼ ਉਸਦੇ ਅੰਗ-ਸੰਗ ਵਿਚਰ ਰਹੀ ਹੁੰਦੀ ਹੈ।ਗ਼ਜ਼ਲ ਦੇ ਸ਼ਿਅਰ ਰਮਜ਼ ਅਥਵਾ ਤਨਜ਼ ਭਰਪੂਰ ਹਨ।ਰਮਜ਼ਾਂ ਕਰੂਰ ਸਮਾਜਕ ਯਥਾਰਥ ਦੀਆਂ ਗੁੰਝਲਾਂ ਦਾ ਪ੍ਰਗਟਾਅ ਹਨ।ਰਮਜ਼ ਦੀ ਸਮਝ ਮੁਸ਼ਤਾਕ ਦੀ ਗ਼ਜ਼ਲ ਦੀ ਸਮਝ ਹੈ।ਤਨਜ਼ ਭਰਪੂਰ ਕੁਝ ਸ਼ਿਅਰ ਇਸ ਪ੍ਰਕਾਰ ਹਨ:

*ਤੇਰੇ ਸਾਹਮਣੇ ਜੋ ਸ਼ਖ਼ਸ ਖੜਾ ਦਿੱਸਦਾ ਹੈ*
*ਇਹਨੂੰ ਅਕਲ ਨੇ, ਬੇਵਕੂਫ਼ ਬਣਾ ਦਿੱਤਾ ਹੈ ....*
*ਕਰੋੜਾਂ ਜਿਦ੍ਹਾ ਬਜਟ ਸੀ, ਤੇ ਖ਼ਬਰ ਸੀ ਅਖ਼ਬਾਰ ਦੀ*
*ਸੜਕ ਉਹ ਫਾਈਲਾਂ'ਚ ਹੈ, ਸ਼ਹਿਰ ਤਾਂ ਆਈ ਨਹੀਂ....*
*ਦੋ ਜੋੜੀਆਂ ਹਲ਼ ਵਗਦੇ ਸੀ, ਖੇਤ ਸੀ ਰੰਗ ਬਰੰਗੇ*



*ਸਾਂਭ ਲਏ ਨੇ ਖੇਤ ਉਹ ਸਾਰੇ, ਸ਼ਹਿਰ ਦੇ ਚਾਰ ਅਮੀਰਾਂ*
*ਵਰਕਾ ਵਰਕਾ ਫੋਲ ਵੇਖੀ,ਜ਼ਿੰਦਗਾਨੀ ਦੀ ਕਿਤਾਬ*
*ਨਜ਼ਰ ਆਇਆ ਨਾ ਕਿਤੇ ਚਿਹਰਾ ਜਿਨੂੰ ਆਪਣਾ ਕਹਾਂ*

ਉਪਰੋਕਤ ਸ਼ਿਅਰਾਂ ਵਾਂਗ ਅਨੇਕਾਂ ਵਿਸ਼ਿਆਂ ਨੂੰ ਛੋਂਹਦੇ ਸ਼ਿਅਰਾਂ ਦੀ ਇਕ ਲੰਮੀ ਸੂਚੀ ਤਿਆਰ ਕੀਤੀ ਜਾ ਸਕਦੀ ਹੈ। ਪਰ ਮੁਸ਼ਤਾਕ ਦੀ ਗ਼ਜ਼ਲ ਤੇ ਨਜ਼ਮ ਦੇ ਸਾਰੇ ਸੁਆਦਲੇ ਪੱਖਾਂ ਨੂੰ ਮਾਨਣ ਲਈ 'ਸੰਦਲੀ ਚੁਗਾਠ' ਨੂੰ ਪੜ੍ਹਨਾ ਜ਼ਰੂਰੀ ਹੈ। **-ਚੰਦਰ ਮੋਹਨ**

## ਪਤੰਦਰ (ਨਾਵਲ) ਗੁਰਪ੍ਰੀਤ ਸਹਿਜੀ

ਗੁਰਪ੍ਰੀਤ ਸਹਿਜੀ ਆਪਣੇ ਨਾਵਲਾਂ ਵਿਚ ਲੁਕਵੇਂ ਯਥਾਰਥ ਦੀ ਪੇਸ਼ਕਾਰੀ ਕਾਰਨ ਪਾਠਕਾਂ ਦਾ ਧਿਆਨ ਖਿੱਚਣ ਵਾਲਾ ਨਾਵਲਕਾਰ ਹੈ। ਇਸੇ ਕਾਰਨ ਉਸਦੇ ਹੱਥਲੇ ਨਾਵਲ (ਪਤੰਦਰ, ਪੰਨੇ 191, ਮੁੱਲ 200 ਰੁਪਏ, ਕੈਲੀਬਰ ਪਬਲੀਕੇਸ਼ਨਜ਼, ਪਟਿਆਲਾ) ਨੂੰ ਗੁਰਪਾਲ ਸਿੰਘ ਸੰਧੂ ਨੇ ਪੂਰਵ ਧਾਰਨਾਵਾਂ ਤੋਂ ਮੁਕਤ ਯਥਾਰਥ ਦੀ ਪੇਸ਼ਕਾਰੀ ਵਾਲਾ ਨਾਵਲ ਕਿਹਾ ਹੈ। ਪਰੰਤੂ ਨਾਵਲ ਦਾ ਪਾਠ ਕਰਨ ਉਪਰੰਤ ਉਸ ਵਿਚ ਸਮਕਾਲੀ ਨਾਵਲ ਨਾਲੋਂ ਜਾਂ ਪੂਰਵ ਧਾਰਨਾਵਾਂ ਦੀ ਪੇਸ਼ਕਾਰੀ ਦੇ ਪੱਖ ਤੋਂ ਅਜਿਹੀ ਕੋਈ ਵੱਖਰਤਾ ਨਜ਼ਰ ਨਹੀਂ ਆਉਂਦੀ।

ਨਾਵਲ ਦੀ ਕਹਾਣੀ ਗੂੜ੍ਹ ਮਾਲਵੇ ਦੇ ਪਿੰਡ ਵਿਚ ਵਾਪਰਦਾ ਸਾਧਾਰਨ ਯਥਾਰਥ ਹੈ। ਖਿੰਡਵੇਂ ਰੂਪ ਵਿਚ ਇਕ ਕਹਾਣੀ ਰਾਹੀਂ ਅਨੇਕਾਂ ਸਮੱਸਿਆਵਾਂ ਨੂੰ ਛੂਹਣ ਦੀ ਕੋਸ਼ਿਸ਼ ਕੀਤੀ ਗਈ ਹੈ। ਯਥਾਰਥ ਦੀ ਪੇਸ਼ਕਾਰੀ ਪੱਖੋਂ ਇਹ ਸਮੱਸਿਆਵਾਂ ਵੀ ਨਿਵੇਕਲੀਆਂ ਹੋਣ ਦੀ ਥਾਂ ਆਮ ਹਨ। ਸਮੇਂ ਦੇ ਵਿਕਾਸ ਪੜਾਅ ਦੌਰਾਨ ਪੰਜਾਬੀ ਨਾਵਲ ਵਿਚ ਮਿਲਦਾ ਬਦਲਾਵ ਵਿਸ਼ੇ ਪੱਖੋਂ ਬਹੁਤ ਘੱਟ ਸਗੋਂ ਪੇਸ਼ਕਾਰੀ ਪੱਖੋਂ ਵਧੇਰੇ ਦੇਖਣ ਨੂੰ ਮਿਲਦਾ ਹੈ। ਇਹੀ ਕਾਰਨ ਹੈ ਕਿ ਨਾਵਲ ਵਿਚ ਉਹਨਾਂ ਹੀ ਵਿਸ਼ਿਆਂ ਦਾ ਦੁਹਰਾਓ ਹੋ ਰਿਹਾ ਹੈ। ਇਹ ਦੁਹਰਾਓ ਦੀ ਪੇਸ਼ਕਾਰੀ ਵਿਚ ਥੋੜ੍ਹਾ-ਬਹੁਤਾ ਫਰਕ ਪੈ ਜਾਂਦਾ ਹੈ। ਗੁਰਪ੍ਰੀਤ ਸਹਿਜੀ ਵੀ ਅਜਿਹਾ ਹੀ ਕਰਦਾ ਹੈ। ਕਿਸਾਨੀ ਦੀ ਆਪਣੀ ਜ਼ਮੀਨ ਨਾਲ ਜੁੜੀਆਂ ਸਮੱਸਿਆਵਾਂ ਦੇ ਨਾਲ-ਨਾਲ ਉਸਦੀਆਂ ਪਰਿਵਾਰਕ ਤੇ ਨੈਤਿਕ ਸਮੱਸਿਆਵਾਂ ਦੀ ਪੇਸ਼ਕਾਰੀ ਪੰਜਾਬੀ ਨਾਵਲ ਵਿਚ ਲੰਬੇ ਸਮੇਂ ਤੋਂ ਦੇਖੀ ਜਾ ਸਕਦੀ ਹੈ। ਇਸ ਨਾਵਲ ਵਿਚ ਵਿਆਹ ਪ੍ਰਣਾਲੀ ਦੀਆਂ ਘਾਟਾਂ-ਕਮਜ਼ੋਰੀਆਂ, ਕਾਮ ਸੰਬੰਧ, ਨਿੱਜੀ ਦੁਸ਼ਮਣੀਆਂ, ਪਿੰਡ ਪੱਧਰ ਦੀ ਰਾਜਨੀਤੀ, ਧਰਮ ਤੇ ਜਾਤ ਪਾਤ ਆਦਿ ਪੱਖ ਤੋਂ ਪੇਂਡੂ ਯਥਾਰਥ ਦੀ ਤਸਵੀਰਕਸ਼ੀ ਕੀਤੀ ਗਈ ਮਿਲਦੀ ਹੈ।

ਕਿਸਾਨੀ ਵਿਚ ਆਪਣੀ ਆਰਥਿਕਤਾ ਦੇ ਨਾਲ-ਨਾਲ ਰਿਸ਼ਤਿਆਂ ਦੀ ਗੁੰਝਲ ਸਾਜੀ ਤੇ ਉਸਦੀ ਧੀ ਨਾਲ ਵਾਪਰਦੇ ਦੁਖਾਂਤ ਵਿਚੋਂ ਦੇਖੀ ਜਾ ਸਕਦੀ ਹੈ। ਸਾਜੀ ਕਰਜ਼ਾ ਚੁੱਕ ਕੇ ਆਪਣੀ ਪਹੁੰਚ ਤੋਂ ਬਾਹਰੀ ਹੋ ਕੇ ਧੀ ਦਾ ਵਿਆਹ ਕਰਦਾ ਹੈ ਪਰ ਫਿਰ ਵੀ ਸਹੁਰਿਆਂ ਵੱਲੋਂ ਦੁਰਕਾਰੇ ਜਾਣ ਕਾਰਕੇ ਉਸਦੀ ਧੀ ਘਰ ਬੈਠੀ ਰਹਿੰਦੀ ਹੈ। ਕਿਸਾਨੀ ਸਮਾਜ ਵਿਚ ਮੁੰਡੇ ਨੂੰ ਕੁੜੀ ਨਾਲੋਂ ਵਧੇਰੇ ਅਹਿਮੀਅਤ ਦਿੱਤੀ ਜਾਂਦੀ ਹੈ ਪਰ ਸਾਜੀ ਦੀ ਧੀ ਦੇ ਮੁੰਡਾ ਹੋਣ ਉਪਰੰਤ ਵੀ ਉਸਦੇ ਸਹੁਰੇ ਉਸਨੂੰ ਅਪਨਾਉਣ ਤੋਂ ਇਨਕਾਰ ਕਰ ਦਿੰਦੇ ਹਨ। ਇਸ ਤੋਂ ਨਿਰਾਸ਼ ਹੋਇਆ ਸਾਜੀ ਆਪਣੀ ਧੀ ਦੇ ਮੁੰਡੇ ਨੂੰ ਮਰਵਾ ਕੇ ਆਪਣੀ ਮਾਨਸਿਕ ਸੰਤੁਸ਼ਟੀ ਭਾਲਦਾ ਹੈ।

ਪੰਜਾਬੀਆਂ ਦੇ ਕਿਰਤ ਤੋਂ ਮੂੰਹ ਮੋੜਨ ਨਾਲ ਬਿਹਾਰੀ ਮਜ਼ਦੂਰਾਂ ਨੇ ਪੰਜਾਬੀਆਂ ਦੇ ਘਰਾਂ ਤੇ ਖੇਤੀ ਦੇ ਕੰਮ ਸਾਂਭ ਲਏ ਹਨ। ਇਸ ਨਾਲ ਜਿੱਥੇ ਪੰਜਾਬ ਦੇ ਦਲਿਤ ਵਰਗ ਨਾਲ ਉਹਨਾਂ ਦੇ ਟਕਰਾਓ ਦੀ ਸਥਿਤੀ ਬਣ ਗਈ ਹੈ ਉੱਥੇ ਬਿਹਾਰੀ ਮਜ਼ਦੂਰਾਂ ਦੇ ਕਿਸਾਨੀ ਪਰਿਵਾਰਾਂ ਦੀਆਂ ਔਰਤਾਂ ਨਾਲ ਕਾਮ ਸੰਬੰਧ ਵੀ ਬਣਨੇ ਸ਼ੁਰੂ ਹੋ ਗਏ। ਨਾਵਲ ਵਿਚ ਮੁੰਦਰੀ ਦੇ ਮੀਤਾਂ ਨਾਲ ਅਜਿਹੇ ਹੀ ਸੰਬੰਧ ਬਣੇ ਹੋਏ ਹਨ। ਇਹ ਸੰਬੰਧ ਅੱਗੇ ਜਾ ਕੇ ਲੜਾਈ ਤੇ ਕਤਲੋ-ਗਾਰਤ ਦਾ ਕਾਰਨ ਬਣਦੇ

ਹਨ। ਜਿੰਦਰ ਤੇ ਮੁਨਸ਼ੀ ਦੀ ਆਪਸੀ ਲੜਾਈ ਦਾ ਕਾਰਨ ਵੀ ਇਹ ਸੰਬੰਧ ਹਨ। ਸਿੱਟੇ ਵਜੋਂ ਮੁਨਸ਼ੀ ਜਿੰਦਰ ਦਾ ਕਤਲ ਕਰ ਦਿੰਦਾ ਹੈ। ਨਾਵਲ ਦੇ ਅੰਤ ਵਿਚ ਜੁਗਤੀ ਮੁਨਸ਼ੀ ਨੂੰ ਮਾਰ ਕੇ ਜਿੰਦਰ ਦੀ ਮੌਤ ਦਾ ਬਦਲਾ ਲੈਂਦਾ ਹੈ। ਪੰਜਾਬੀ ਸਮਾਜ ਵਿਚ ਅਜਿਹੀ ਗੁੰਝਲਦਾਰ ਸਥਿਤੀ ਬਣਨ ਦੇ ਪਿੱਛੇ ਸਰਮਾਏਦਾਰੀ ਦੀ ਲੋਟੂ ਬਿਰਤੀ ਕਾਰਜਸ਼ੀਲ ਹੈ ਜਿਸ ਨਾਲ ਪੰਜਾਬ ਦੀ ਆਰਥਿਕਤਾ ਤੇ ਸਮਾਜਕ ਤਾਣਾ-ਬਾਣਾ ਉਲਝ ਰਿਹਾ ਹੈ, ਨਾਵਲ ਇਸ ਬਾਰੇ ਖਾਮੋਸ਼ ਰਹਿੰਦਾ ਹੈ।

ਨਾਵਲ ਵਿਚ ਪਿੰਡ ਦੇ ਦਲਿਤਾਂ ਤੇ ਜੱਟਾਂ ਵਿਚਕਾਰ ਦਿਹਾੜੀ ਦੇ ਮਸਲੇ ਨੂੰ ਲੈ ਕੇ ਟਕਰਾਓ ਪੇਸ਼ ਹੋਇਆ ਹੈ। ਪਿੰਡ ਦੇ ਦਲਿਤ ਮਜ਼ਦੂਰ ਜੱਟਾਂ ਦੇ ਖੇਤਾਂ ਵਿਚ ਕੰਮ ਕਰਨ ਦੀ ਥਾਂ ਸ਼ਹਿਰ ਵਿਚ ਜਾ ਕੇ ਦਿਹਾੜੀ ਕਰਨ ਨੂੰ ਵਧੇਰੇ ਤਰਜੀਹ ਦਿੰਦੇ ਹਨ। ਦਲਿਤਾਂ ਦੀ ਜੀਵਨ ਜਾਚ ਤੇ ਰਹਿਣ ਸਹਿਣ ਵਿਚ ਤਬਦੀਲੀ ਆਉਣ ਨਾਲ ਨਵੇਂ ਮੁੰਡੇ ਦਿਹਾੜੀ ਜਾਣ ਦੀ ਥਾਂ ਕੋਈ ਹੋਰ ਕੰਮ ਕਰਨਾ ਪਸੰਦ ਕਰਦੇ ਹਨ। ਉਹਨਾਂ ਦੇ ਘਰਾਂ ਵਿਚ ਟੀ.ਵੀ. ਫਰਿੱਜ ਤੇ ਮੋਬਾਇਲ ਫੋਨ ਦੀਆਂ ਸਹੂਲਤਾਂ ਵੇਖ ਕੇ ਪਿੰਡ ਦੇ ਜ਼ਿਮੀਂਦਾਰਾਂ ਨੂੰ ਗੁੱਸਾ ਆਉਂਦਾ ਹੈ। ਪਰ ਦਲਿਤਾਂ ਦੀ ਨਵੀਂ ਪੀੜ੍ਹੀ ਵਿਚ ਆ ਰਹੀ ਚੇਤਨਾ ਕਾਰਨ ਉਹ ਜੱਟਾਂ ਦੇ ਦਿਹਾੜੀ ਜਾਣ ਤੋਂ ਇਨਕਾਰੀ ਹੋ ਜਾਂਦੇ ਹਨ। ਜੱਟ ਉਹਨਾਂ ਨੂੰ ਆਪਣੇ ਖੇਤਾਂ ਵਿਚ ਆਉਣ-ਜਾਣ ਤੇ ਪੱਠੇ ਵੱਢਣ ਤੋਂ ਰੋਕ ਦਿੰਦੇ ਹਨ ਤੇ ਉਹ ਜੱਟਾਂ ਨੂੰ ਆਪਣੇ ਵਿਹੜੇ ਆਉਣ ਤੋਂ ਰੋਕ ਦਿੰਦੇ ਹਨ। ਨਾਵਲਕਾਰ ਨੇ ਇਸ ਮਸਲੇ ਦੀ ਪੇਸ਼ਕਾਰੀ ਦਲਿਤ ਪੱਖ ਤੋਂ ਕਰਨ ਦੀ ਥਾਂ ਜੱਟ ਦੇ ਹਮਦਰਦ ਵਜੋਂ ਕੀਤੀ ਹੈ।

ਨਾਵਲ ਵਿਚ ਪਿੰਡ ਪੱਧਰ ਦੀ ਸਿਆਸਤ ਦਾ ਜੋ ਦ੍ਰਿਸ਼ ਉਲੀਕਿਆ ਗਿਆ ਹੈ ਉਹ ਕੁਝ ਪੱਖਾਂ ਤੋਂ ਤਾਂ ਯਥਾਰਥਕ ਜਾਪਦਾ ਹੈ ਪਰੰਤੂ ਕੁਝ ਪੱਖਾਂ ਤੋਂ ਯਥਾਰਥ ਤੋਂ ਬਾਹਰੀ ਪੇਸ਼ਕਾਰੀ ਹੋ ਨਿਬੜਦਾ ਹੈ। ਪਿੰਡ ਪੱਧਰ 'ਤੇ ਸਰਪੰਚੀ ਦੀ ਸਿਆਸਤ ਵਿਚ ਭਾਈ ਭਤੀਜਾਵਾਦ ਦੇ ਨਾਲ-ਨਾਲ ਮੁੱਖ ਖਿਆਲ ਲੋਕਾਂ ਨੂੰ ਆਪਣੀਆਂ ਵੋਟ ਪਰਚੀਆਂ ਵਜੋਂ ਵਰਤਣ ਦਾ ਰਖਿਆ ਜਾਂਦਾ ਹੈ। ਚਰਨੇ ਵਰਗੇ ਸਿਆਸਤ ਵਿਚ ਆਪਣੀ ਚੌਧਰ ਬਣਾਈ ਰੱਖਣ ਲਈ ਪਿੰਡ ਦੇ ਲੜਾਈ-ਝਗੜਿਆਂ ਦਾ ਨਿਬੇੜਾ ਕਰਾਉਣ ਦੀ ਥਾਂ ਦੋਹਾਂ ਧਿਰਾਂ ਨੂੰ ਲਾਰਾ-ਲੱਪਾ ਲਾਈ ਰੱਖਦੇ ਹਨ। ਜਿਵੇਂ ਨਾਵਲ ਵਿਚ ਚਰਨਾ ਸਾਜੀ ਦੀ ਕੁੜੀ ਦਾ ਵਸੇਬਾ ਕਰਾਉਣ ਲਈ ਦੋਹਾਂ ਧਿਰਾਂ ਨੂੰ ਲਾਰਾ ਲਾ ਕੇ ਆਪਣਾ ਸਵਾਰਥ ਸਿੱਧ ਕਰਦਾ ਹੈ। ਉਹ ਡਾਕਟਰ ਨੂੰ ਅਜਿਹੀ ਰਿਪੋਰਟ ਤਿਆਰ ਕਰਨ ਲਈ ਆਖਦਾ ਜਿਸ ਨਾਲ ਦੋਹਾਂ ਧਿਰਾਂ ਦਾ ਮਸਲਾ ਹੋਰ ਉਲਝ ਜਾਵੇ। ਆਪਣੇ ਇਸੇ ਚਰਿੱਤਰ ਕਾਰਨ ਉਹ ਸਾਜੀ ਤੇ ਪ੍ਰੀਤੂ ਤੋਂ ਮੋਟਰ ਲਗਵਾਉਣ ਬਦਲੇ ਪੈਸੇ ਹੜੱਪ ਲੈਂਦਾ ਹੈ। ਚਰਨੇ ਨੂੰ ਸਿਆਸਤ ਦਾ ਅਜਿਹਾ ਰੰਗ ਚੜ੍ਹਦਾ ਹੈ ਕਿ ਇਸ ਸਿਆਸਤ ਦੀ ਭੇਟ ਆਪਣੀ ਮਾਂ ਨੂੰ ਵੀ ਚੜ੍ਹਾ ਦਿੰਦਾ ਹੈ। ਆਪਣੀ ਮਾਂ ਦਾ ਇਲਾਜ ਕਰਾਉਣਾ ਤਾਂ ਦੂਰ ਦੀ ਗੱਲ ਸਗੋਂ ਉਸਦੀ ਮੌਤ ਨੂੰ ਵੀ ਨਜ਼ਰ ਅੰਦਾਜ਼ ਕਰਕੇ ਆਪਣੀ ਸਿਆਸਤ ਨੂੰ ਪ੍ਰਮੁੱਖ ਰੱਖਦਾ ਹੈ। ਇੰਝ ਨਾਵਲਕਾਰ ਵੱਲੋਂ ਪੇਸ਼ ਬਿਰਤਾਂਤ ਯਥਾਰਥਕ ਨਹੀਂ ਜਾਪਦਾ।

ਚਰਨਾ ਆਪਣੀ ਮਰ ਚੁੱਕੀ ਮਾਂ ਨੂੰ ਬਨਾਉਟੀ ਸਾਹ ਮਸ਼ੀਨ ਅਤੇ ਗੁਲੂਕੋਜ਼ ਲਾ ਕੇ ਕਈ ਦਿਨ ਜਿਉਂਦੇ ਹੋਣ ਦਾ ਭੁਲੇਖਾ ਪਾਈ ਰੱਖਦਾ ਹੈ। ਦੇਹ ਵਿਚੋਂ ਆਉਂਦੀ ਬਦਬੂ ਨੂੰ ਦੂਰ ਕਰਨ ਲਈ ਅਤਰ ਛਿੜਕਦਾ ਹੈ। ਬੇਸ਼ੱਕ ਸਿਆਸਤ ਮਨੁੱਖ ਨੂੰ ਰਿਸ਼ਤਿਆਂ ਤੋਂ ਨਿਰਮੋਹਾ ਕਰ ਦਿੰਦੀ ਹੈ ਪਰ ਇਸ ਨਾਵਲ ਵਿਚ ਸਿਆਸਤ ਦੇ ਇਸ ਕਿਰਦਾਰ ਨੂੰ ਉਭਾਰਦਾ ਯਥਾਰਥ ਗੂੜ੍ਹ ਮਾਲਵੇ ਦੇ ਪਿੰਡਾਂ ਦਾ ਯਥਾਰਥ ਨਹੀਂ ਹੋ ਸਕਦਾ।

ਨਾਵਲ ਦਾ ਕਲਾਤਮਕ ਪੱਖ ਇਸਦੀ ਭਾਸ਼ਾ ਕਾਰਨ ਜਰੂਰ ਵੱਖਰਾ ਕਿਹਾ ਜਾ ਸਕਦਾ ਹੈ। ਨਾਵਲਕਾਰ ਨੇ ਪਾਤਰਾਂ ਦੁਆਰਾ ਬੋਲੀ ਜਾਣ ਵਾਲੀ ਭਾਸ਼ਾ ਨੂੰ ਉਸੇ ਠੇਠ ਉਪਭਾਸ਼ਾਈ ਲਹਿਜੇ ਵਿਚ ਪੇਸ਼ ਕੀਤਾ ਹੈ। ਪਰ ਉਪਭਾਸ਼ਾਈ ਸ਼ਬਦਾਂ ਦੇ ਬੋਲਣ ਦੀ ਥਾਂ ਉਹਨਾਂ ਨੂੰ ਉਸੇ ਤਰ੍ਹਾਂ ਲਿਖਤ ਵਿਚੋਂ



ਪੜ੍ਹਨ ਸਮੇਂ ਥੋੜ੍ਹੀ ਜਿਹੀ ਔਕੜ ਆਉਂਦੀ ਹੈ। ਗੂੜ੍ਹ ਮਾਲਵੇ ਦੀ ਇਸ ਉਪਭਾਸ਼ਾ ਨੂੰ ਬੋਲਣ ਵਾਲੇ ਪਾਠਕ ਤਾਂ ਇਸ ਦਾ ਭਾਸ਼ਾਈ ਆਨੰਦ ਮਾਣ ਲੈਣਗੇ ਪਰ ਹੋਰ ਖਿੱਤੇ ਦੇ ਪਾਠਕਾਂ ਲਈ ਇਸਦੀ ਭਾਸ਼ਾ ਨੂੰ ਮਾਨਣਾ ਮੁਸ਼ਕਲ ਹੋਵੇਗਾ।

**-ਹਰਿੰਦਰ ਸਿੰਘ**

## ਪ੍ਰਾਪਤ ਪੁਸਤਕਾਂ

**ਗਿਆਰਾਂ ਰੰਗ** (ਕਹਾਣੀ-ਸੰਗ੍ਰਹਿ) ਸੁਕੀਰਤ
ਪੰਨੇ 127, ਮੁੱਲ 250 ਰੁਪਏ, ਨਵਯੁਗ ਪਬਲਿਸ਼ਰਜ਼ , ਹੌਜ਼ ਖਾਸ, ਨਵੀਂ ਦਿੱਲੀ-16

**ਤੂੰ ਘਰ ਚਲਾ ਜਾ** (ਪਾਕਿਸਤਾਨੀ ਪੰਜਾਬੀ ਕਹਾਣੀਆਂ) ਮਕਸੂਦ ਸਾਕਿਕਬ
ਪੰਨੇ 111, ਮੁੱਲ 125 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ

**ਸ਼ਰ੍ਹੇ ਆਮ** (ਕਹਾਣੀ-ਸੰਗ੍ਰਹਿ) ਕਿਰਪਾਲ ਕਜ਼ਾਕ
ਪੰਨੇ 128, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਮੁਰਗਾਬੀਆਂ** (ਕਹਾਣੀ-ਸੰਗ੍ਰਹਿ) ਗੁਰਮੀਤ ਪਨਾਗ
ਪੰਨੇ 142, ਮੁੱਲ 250 ਰੁਪਏ,10 ਪੌਂਡ, 15$ਐਸਥੈਟਿਕਸ ਪਬਲੀਕੇਸ਼ਨਜ਼, ਲੁਧਿਆਣਾ

**ਜੇਠੂ** (ਨਾਵਲ) ਹਰਜੀਤ ਅਟਵਾਲ
ਪੰਨੇ 335, ਮੁੱਲ 350 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ

**ਖਾਂਡਵ ਦਾਹ** (ਨਾਵਲ) ਬਲਬੀਰ ਪਰਵਾਨਾ
ਪੰਨੇ 127, ਮੁੱਲ 195 ਰੁਪਏ, ਲੋਕਗੀਤ ਪ੍ਰਕਾਸ਼ਨ, ਫੇਜ਼ 9, ਐੱਸ ਏ ਐੱਸ ਨਗਰ

**ਜੰਡਾ ਵੇ ਜੰਡੋਰਿਆ** (ਨਾਵਲ) ਭੂਰਾ ਸਿੰਘ ਕਲੇਰ
ਪੰਨੇ 120, ਸਹਾਇਤਾ ਰਾਸ਼ੀ 200 ਰੁਪਏ, ਲੋਕ ਰੰਗ ਪ੍ਰਕਾਸ਼ਨ, ਬਰਨਾਲਾ

**ਉਨੀਂਦੀ ਅੱਖ ਦਾ ਸੁਪਨਾ** (ਨਾਵਲ) ਹਰਜੀਤ ਕੌਰ ਵਿਰਕ
ਪੰਨੇ 128, ਮੁੱਲ 195 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ

**ਹਨੇਰੇ ਰਾਹਾਂ 'ਤੇ** (ਨਾਵਲ) ਬਲਵੰਤ ਸਿੰਘ ਮੁਸਾਫਿਰ
ਪੰਨੇ 148, ਮੁੱਲ 195 ਰੁਪਏ, ਗੋਰਕੀ ਪ੍ਰਕਾਸ਼ਨ, ਲੁਧਿਆਣਾ

**ਆਪਣੇ ਲੋਕ** (ਨਾਵਲ) ਅਜ਼ੀਜ਼ ਸਰੋਏ
ਪੰਨੇ 144, ਮੁੱਲ 200 ਰੁਪਏ, ਕੈਲੀਬਰ ਪਬਲੀਕੇਸ਼ਨ, ਪਟਿਆਲਾ

**ਜ਼ਿੰਦਗੀ ਦੀ ਸਵੇਰ** (ਨਾਵਲ) ਸੰਤਵੀਰ
ਪੰਨੇ 128, ਮੁੱਲ 200 ਰੁਪਏ, ਤਰਲੋਚਨ ਪਬਲਿਸ਼ਰਜ਼, ਸੈਕਟਰ 15-ਡੀ,ਚੰਡੀਗੜ੍ਹ

**ਪਤੰਦਰ** (ਨਾਵਲ) ਗੁਰਪ੍ਰੀਤ ਸਹਿਜੀ
ਪੰਨੇ 191, ਮੁੱਲ 200 ਰੁਪਏ, ਕੈਲੀਬਰ ਪਬਲੀਕੇਸ਼ਨ, ਪਟਿਆਲਾ

**ਬਲੌਰਾ** (ਨਾਵਲ) ਗੁਰਪ੍ਰੀਤ ਸਹਿਜੀ
ਪੰਨੇ 112, ਮੁੱਲ 120 ਰੁਪਏ, ਅਦਬੀ ਪਰਵਾਜ਼ ਪ੍ਰਕਾਸ਼ਨ, ਮਾਨਸਾ

**ਦਰ ਦੀਵਾਰਾਂ ਤੇ ਸਿਆਸੀ ਦੰਦ-ਕਥਾ** (ਕਾਵਿ ਨਾਟਕ: ਅਤੇ ਰੰਗਮੰਚੀ ਵੇਰਵੇ) ਰਵਿੰਦਰ ਰਵੀ
ਪੰਨੇ 304, ਮੁੱਲ 550 ਰੁਪਏ, ਨੈਸ਼ਨਲ ਬੁਕ ਸ਼ਾਪ, ਚਾਂਦਨੀ ਚੌਕ, ਦਿੱਲੀ-6

**ਪੰਜਾਬ ਦੀ ਨਕਸਲਵਾੜੀ ਲਹਿਰ** (ਵਾਰਤਕ) ਬਲਬੀਰ ਪਰਵਾਨਾ
ਪੰਨੇ 136, ਮੁੱਲ 200 ਰੁਪਏ, ਲੋਕਗੀਤ ਪ੍ਰਕਾਸ਼ਨ, ਫੇਜ਼ 9, ਐੱਸ ਏ ਐੱਸ ਨਗਰ

**ਰੂਹ 'ਚ ਰਚੇ ਰਚੇਤਾ** (ਸ਼ਬਦ ਚਿਤਰ) ਸੀ. ਮਾਰਕੰਡਾ
ਪੰਨੇ 96, ਮੁੱਲ 150 ਰੁਪਏ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ

**ਬੰਤ ਸਿੰਘ ਦੀ ਬਾਤ** (ਬੰਤ ਸਿੰਘ ਝੱਬਰ ਦੀ ਜੀਵਨ ਗਾਥਾ) ਨਿਰੂਪਮਾ ਦੱਤ, ਅਨੁਵਾਦ: ਮੰਗਤ ਰਾਮ
ਪੰਨੇ 159, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਪਾਸ਼ੇ ਦਾ ਮੁੰਡਾ** (ਵਾਰਤਕ) ਰਾਮ ਸਿੰਘ
ਪੰਨੇ 200, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਔਰਤ ਨੂੰ ਹੀ ਗਾਲ੍ਹਾਂ ਕਿਉਂ** (ਲੇਖ ਸੰਗ੍ਰਹਿ) ਸੁਖਵਿੰਦਰ ਕੌਰ ਫਰੀਦਕੋਟ
ਪੰਨੇ 104, ਮੁੱਲ 120 ਰੁਪਏ, ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਬਠਿੰਡਾ

**ਚਿੰਤਨਸ਼ੀਲ ਕਰਮਯੋਗੀ** (ਧਿਆਨ ਸਿੰਘ ਸ਼ਾਹ ਸਿਕੰਦਰ ਦੀ ਜੀਵਨੀ) ਜੁਗਿੰਦਰ ਸਿੰਘ ਫੁੱਲ
ਪੰਨੇ 96, ਮੁੱਲ 100 ਰੁਪਏ, ਸਾਤਵਿਕ ਬੁਕਸ, ਸਿਟੀ ਸੈਂਟਰ, ਅੰਮ੍ਰਿਤਸਰ

**ਦੂਨ ਵੈਲੀ 'ਚ ਵਿਚਰਦਿਆਂ** (ਸਫਰਨਾਮਾ) ਧਰਮ ਸਿੰਘ ਕੰਮੇਆਣਾ
ਪੰਨੇ 79, ਮੁੱਲ 200 ਰੁਪਏ, ਸਨਾਵਰ ਪਬਲੀਕੇਸ਼ਨਜ਼, ਆਜ਼ਾਦ ਨਗਰ, ਪਟਿਆਲਾ

**ਪੰਧ ਮੋਚਦੇ ਪਾਂਧੀ** (ਕਨੇਡਾ ਦਾ ਸਫਰਨਾਮਾ) ਹਰਮੋਹਿੰਦਰ ਸਿੰਘ ਹਰਜੀ
ਪੰਨੇ 110, ਮੁੱਲ 250 ਰੁਪਏ, ਨੈਸ਼ਨਲ ਬੁਕ ਸ਼ਾਪ, ਚਾਂਦਨੀ ਚੌਕ, ਦਿੱਲੀ-6

**ਆਪਨੜੇ ਗਿਰੀਵਾਨ ਮਹਿ** (ਦੋਹਾਵਲੀ) ਗੁਰਦਿਆਲ ਦਲਾਲ
ਪੰਨੇ 128, ਮੁੱਲ 200 ਰੁਪਏ, ਤਰਲੋਚਨ ਪਬਲਿਸ਼ਰਜ਼, ਸੈਕਟਰ 15-ਡੀ,ਚੰਡੀਗੜ੍ਹ

**ਸ਼ਬਦ-ਬਾਣ** (ਦੋਹੇ) ਜਹਰਮਿੰਦਰ ਸਿੰਘ ਕੋਹਾਰਵਾਲਾ
ਪੰਨੇ 98, ਮੁੱਲ 100 ਰੁਪਏ, ਸਪਤਰਿਸ਼ੀ ਪਬਲੀਕੇਸ਼ਨਜ਼,24/9 ਇੰਡਸਟਰੀਅਲ ਏਰੀਆ-2, ਚੰਡੀਗੜ੍ਹ

**ਸੁਪਨਿਆਂ ਦਾ ਪਿੱਛਾ ਕਰਦਿਆਂ** (ਕਾਵਿ-ਸੰਗ੍ਰਹਿ) ਮਲਵਿੰਦਰ
ਪੰਨੇ 132, ਮੁੱਲ 390 ਰੁਪਏ, ਮਨਪ੍ਰੀਤ ਪ੍ਰਕਾਸ਼ਨ, ਗੀਤਾ ਕਾਲੋਨੀ, ਦਿੱਲੀ

**ਸੰਨ ਸੰਤਾਲ਼ੀ** (ਪੰਜਾਬ ਦੇ ਉਜਾੜੇ ਦੀ ਸ਼ਾਇਰੀ) ਸੰਪਾਦਕ ਅਮਰਜੀਤ ਚੰਦਨ
ਪੰਨੇ 199, ਮੁੱਲ 350 ਰੁਪਏ, ਨਵਯੁਗ ਪਬਲਿਸ਼ਰਜ਼ , ਹੌਜ਼ ਖਾਸ, ਨਵੀਂ ਦਿੱਲੀ-16

**ਆਵਾਜ਼ਾਂ ਗੁਫਤਗੂ 'ਚ ਨੇ...**(ਕਾਵਿ-ਸੰਗ੍ਰਹਿ) ਤਰਸੇਮ
ਪੰਨੇ 140, ਮੁੱਲ 275 ਰੁਪਏ, ਨਵਯੁਗ ਪਬਲਿਸ਼ਰਜ਼ , ਹੌਜ਼ ਖਾਸ, ਨਵੀਂ ਦਿੱਲੀ-16

**ਅਜੇ ਵਕਤ ਨਹੀਂ ਆਇਆ** (ਕਾਵਿ ਸੰਗ੍ਰਹਿ) ਡਾ. ਰਵਿੰਦਰ
ਪੰਨੇ 100, ਮੁੱਲ 195 ਰੁਪਏ, ਲੋਕਗੀਤ ਪ੍ਰਕਾਸ਼ਨ, ਫੇਜ਼ 9, ਐੱਸ ਏ ਐੱਸ ਨਗਰ

**ਬੂਹੇ ਵਿਚਲੀ ਚੁੱਪ** (ਕਾਵਿ ਸੰਗ੍ਰਹਿ) ਇੰਦਰੇਸ਼ਮੀਤ
ਪੰਨੇ 96, ਮੁੱਲ 195 ਰੁਪਏ, ਲੋਕਗੀਤ ਪ੍ਰਕਾਸ਼ਨ, ਫੇਜ਼ 9, ਐੱਸ ਏ ਐੱਸ ਨਗਰ

**ਹਰਫਾਂ ਦੀ ਹਾਜ਼ਰੀ** (ਕਾਵਿ ਸੰਗ੍ਰਹਿ) ਮਲਕੀਤ ਜੌੜਾ
ਪੰਨੇ 86, ਮੁੱਲ 195 ਰੁਪਏ, ਲੋਕਗੀਤ ਪ੍ਰਕਾਸ਼ਨ, ਫੇਜ਼ 9, ਐੱਸ ਏ ਐੱਸ ਨਗਰ

**ਕੋਈ ਸੁਣਦਾ ਹੈ** (ਕਵਿਤਾਵਾਂ) ਤਨਵੀਰ
ਪੰਨੇ 88, ਮੁੱਲ 130 ਰੁਪਏ, ਕੈਲੀਬਰ ਪਬਲੀਕੇਸ਼ਨਜ਼, ਪਟਿਆਲਾ

**ਖੂਹਾਂ ਦੇ ਖਲਾਅ** (ਕਾਵਿ ਸੰਗ੍ਰਹਿ) ਰਮੇਸ਼ ਕੁਮਾਰ
ਪੰਨੇ 103, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਅੱਧੇ ਪੌਣੇ ਝੂਠ** (ਸਵੈਜੀਵਨੀ) ਦੇਵਿੰਦਰ ਬੀਬੀਪੁਰੀਆ
ਪੰਨੇ 116, ਮੁੱਲ 175 ਰੁਪਏ, ਗਰੇਸ਼ੀਅਸ ਬੁਕਸ, ਅਰਬਨ ਐਸਟੇਟ-1, ਪਟਿਆਲਾ

**ਮੇਰੀ ਮਾਂ** (ਗੀਤ ਸੰਗ੍ਰਹਿ) ਰਾਮ ਸਿੰਘ ਚਤਾਮਲੀ
ਪੰਨੇ 103, ਮੁੱਲ 250 ਰੁਪਏ, ਸਨਾਵਰ ਪਬਲੀਕੇਸ਼ਨਜ਼, ਆਜ਼ਾਦ ਨਗਰ, ਪਟਿਆਲਾ

**ਅੱਖਰਾਂ ਦੀ ਮੀਟਿੰਗ** (ਬਾਲ-ਕਵਿਤਾਵਾਂ) ਮਹਿੰਦਰ ਸਿੰਘ ਮਾਨੂੰਪੁਰੀ
ਪੰਨੇ 48, ਮੁੱਲ 125 ਰੁਪਏ, ਐਵਿਸ ਪਬਲੀਕੇਸ਼ਨਜ਼, ਚਾਂਦਨੀ ਚੌਖ, ਦਿੱਲੀ

**ਇਨਾਯਾ** (ਬਾਲ-ਕਵਿਤਾਵਾਂ) ਧਰਮ ਸਿੰਘ ਕੰਮੇਆਣਾ
ਪੰਨੇ 39, ਮੁੱਲ 100 ਰੁਪਏ, ਸਨਾਵਰ ਪਬਲੀਕੇਸ਼ਨਜ਼, ਆਜ਼ਾਦ ਨਗਰ, ਪਟਿਆਲਾ

**ਨਿਆਣਪੁਨਾ** (ਬਚਪਨ ਦੀਆਂ ਯਾਦਾਂ) ਧਰਮ ਸਿੰਘ ਕੰਮੇਆਣਾ
ਪੰਨੇ 30, ਮੁੱਲ 100 ਰੁਪਏ, ਸਨਾਵਰ ਪਬਲੀਕੇਸ਼ਨਜ਼, ਆਜ਼ਾਦ ਨਗਰ, ਪਟਿਆਲਾ

**ਮਿਹਨਤ ਦਾ ਫਲ** (ਬਾਲ-ਨਾਵਲ) ਧਰਮ ਸਿੰਘ ਕੰਮੇਆਣਾ
ਪੰਨੇ 30, ਮੁੱਲ 100 ਰੁਪਏ, ਸਨਾਵਰ ਪਬਲੀਕੇਸ਼ਨਜ਼, ਆਜ਼ਾਦ ਨਗਰ, ਪਟਿਆਲਾ

---

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: 1 ਜਨਵਰੀ, 2019

---



ਢਾਹਾਂ ਸਾਹਿਤ ਇਨਾਮ

THE DHAHAN PRIZE
For Punjabi Literature

ڈھاہاں ساہت انعام

**ਬਰਜਿੰਦਰ ਢਾਹਾਂ ਅਤੇ ਪਰਿਵਾਰ ਦੇ ਮਾਇਕ ਉਦਮ ਸਦਕਾ**
**ਕੈਨੇਡਾ-ਇੰਡੀਆ ਐਜੂਕੇਸ਼ਨ ਸੁਸਾਇਟੀ ਵੈਨਕੂਵਰ ਵੱਲੋਂ**
**ਸਾਲ 2013 ਵਿਚ ਸ਼ੁਰੂ ਕੀਤਾ ਗਿਆ**
**ਪੰਜਾਬੀ ਸਾਹਿਤ ਲਈ ਸਭ ਤੋਂ ਵੱਡਾ ਕੌਮਾਂਤਰੀ ਸਨਮਾਨ**

# ਢਾਹਾਂ ਇਨਾਮ

**ਹਰ ਸਾਲ ਗੁਰਮੁਖੀ ਜਾਂ ਸ਼ਾਹਮੁਖੀ ਵਿਚ ਛਪੀ**
**ਉਤਮ ਗਲਪ ਰਚਨਾ ਨੂੰ**

**25 ਹਜ਼ਾਰ ਕੈਨੇਡੀਅਨ ਡਾਲਰ ਦਾ ਪਹਿਲਾ ਇਨਾਮ**
**ਅਤੇ ਦਸ ਦਸ ਹਜ਼ਾਰ ਦੇ ਦੂਜੇ ਸਥਾਨ ਦੇ ਦੋ ਹੋਰ ਇਨਾਮ**

**ਸਾਲ 2019 ਦੇ 'ਢਾਹਾਂ ਇਨਾਮ' ਲਈ ਨਾਮਜ਼ਦਗੀਆਂ**
**31 ਮਾਰਚ 2019 ਤਕ ਭਰੀਆਂ ਜਾ ਸਕਦੀਆਂ ਹਨ**

**ਲੇਖਕ ਖੁਦ ਜਾਂ ਉਸ ਦੀ ਪ੍ਰਵਾਨਗੀ ਨਾਲ ਕੋਈ ਵੀ ਹੋਰ**
**ਵਿਅਕਤੀ ਸਾਲ 2018 ਵਿਚ ਛਪੇ ਨਾਵਲ ਜਾਂ ਕਹਾਣੀ ਸੰਗ੍ਰਹਿ**
**ਨੂੰ ਨਾਮਜ਼ਦ ਕਰ ਸਕਦਾ ਹੈ**

**ਨਾਮਜ਼ਦਗੀ ਭਰਨ ਲਈ ਪੁਸਤਕ ਦੀਆਂ ਤਿੰਨ ਕਾਪੀਆਂ**

**The Dhahan Prize, # 1058-2560 Shell Road**
**Richmond, BC V6X 0B8 Canada**

**ਉਪਰ ਭੇਜਣੀਆਂ ਜ਼ਰੂਰੀ ਹਨ। ਇਸ ਦੇ ਨਾਲ ਕਿਤਾਬ ਦਾ ਇਲੈਕਟ੍ਰਾਨਿਕ ਰੂਪ**
**admin@dhahanprize.com ਨੂੰ ਈਮੇਲ ਕਰਨਾ ਹੋਵੇਗਾ**

**ਹੋਰ ਜਾਣਕਾਰੀ ਇਸੇ ਪਤੇ ਉਤੇ ਈ-ਮੇਲ ਰਾਹੀਂ ਜਾਂ 1-604-322-5330**
**ਉਤੇ ਟੈਲੀਫੋਨ ਰਾਹੀਂ ਲਈ ਜਾ ਸਕਦੀ ਹੈ।**

**SIRJANA** Literary Punjabi Quarterly Chandigarh
No. 191 ISSN 2455-1058 January-March 2019
Registered with the Registrar of Newspapers for India vide R.N. 10215/65

ਕਨੇਡਾ ਵਸਦੇ ਸਮਰੱਥ ਨੌਜਵਾਨ ਕਹਾਣੀਕਾਰ
ਹਰਪ੍ਰੀਤ ਸੇਖਾ
ਦਾ ਢਾਹਾਂ ਇਨਾਮ ਜੇਤੂ ਕਹਾਣੀ ਸੰਗ੍ਰਹਿ




ਹਰਪ੍ਰੀਤ ਸੇਖਾ ਦੀਆਂ ਕਹਾਣੀਆਂ ਵਿਚ ਕੈਨੇਡੀਅਨ ਸਮਾਜ, ਮਾਹੌਲ ਤੇ ਪਾਤਰਾਂ ਦਾ ਦਖਲ ਬੜਾ ਸਹਿਜ ਸੁਭਾਵਕ ਹੈ, ਨਾਲ ਹੀ ਇਨ੍ਹਾਂ ਅੰਦਰ ਪੰਜਾਬ ਬੋਲਦਾ ਸੁਣਾਈ ਦਿੰਦਾ ਹੈ। ਇਨ੍ਹਾਂ ਕਹਾਣੀਆਂ ਦਾ ਮਿਜ਼ਾਜ ਪੰਜਾਬ ਦੀ ਅਖੌਤੀ ਮੜਕ ਨਾਲ ਜੁੜੀਆਂ ਮਿਥਾਂ ਦੇ ਤੂੰਬੇ ਉਡਾਉਂਦਾ ਪਾਠਕ ਨੂੰ ਝੰਜੋੜ ਸੁੱਟਦਾ ਹੈ। 'ਪ੍ਰਿਜ਼ਮ' ਵਿਚੋਂ ਹਰਪ੍ਰੀਤ ਸੇਖਾ ਦੇ ਪਰਵਾਸੀ ਹੋਏ ਪੰਜਾਬ ਅਤੇ ਪਿੱਛਾ ਕਰ ਰਹੇ ਪੰਜਾਬ ਦੇ ਰੰਗ ਬਹੁਤ ਗੂੜ੍ਹੇ ਦਿਸਦੇ ਹਨ।

ਪੰਨੇ 123 ਸੁੰਦਰ ਦਿੱਖ ਮੁੱਲ 175 ਰੁਪਏ

**ਗਰੇਸ਼ੀਅਸ ਬੁੱਕਸ,** ਪਟਿਆਲਾ